# ਜੁਝਾਰਵਾਦੀ ਪੰਜਾਬੀ ਕਾਵਿ: ਸ਼ੈਲੀ ਵਿਗਿਆਨਕ ਅਧਿਐਨ
# (ਲਾਲ ਸਿੰਘ ਦਿਲ ਅਤੇ ਪਾਸ਼ ਦੇ ਵਿਸ਼ੇਸ਼ ਸੰਦਰਭ ਵਿੱਚ)

## Jujharwadi Punjabi Kaav: Shelly Vigeyanak Adheyan (Lal Singh Dil ate Pash De Vishesh Sandarabh Vich)

Thesis Submitted for the Award of the Degree of

**DOCTOR OF PHILOSOPHY**

**in**

**Punjabi**

**By**
**Avtar Singh**
**Registration Number: 41500050**

**Supervised By:**

**Dr. Sona (23036)**
**Punjabi (Assistant Professor)**
**Lovely Professional University**

**LOVELY PROFESSIONAL UNIVERSITY, PUNJAB**
**2024**

# JUJHARWADI PUNJABI KAAV: SHELLY VIGEYANAK ADHEYAN (LAL SINGH DIL ATE PASH DE VISHESH SANDARABH VICH)

Thesis Submitted for the Award of the Degree of

**DOCTOR OF PHILOSOPHY**

**in**

**Punjabi**

**By**

**Avtar Singh**

**Registration Number: 41500050**

**Supervised By:**

**Dr. Sona (23036)**
**Punjabi (Assistant Professor)**
**Lovely Professional University**

Transforming Education Transforming India

**LOVELY PROFESSIONAL UNIVERSITY, PUNJAB**
**2024**

# ਘੋਸ਼ਣਾ-ਪੱਤਰ

ਮੈਂ ਅਵਤਾਰ ਸਿੰਘ  ਬਿਆਨ ਕਰਦਾ ਹਾਂ ਕਿ ਮੇਰੇ ਵੱਲੋਂ  **"ਜੁਝਾਰਵਾਦੀ ਪੰਜਾਬੀ ਕਾਵਿ: ਸ਼ੈਲੀ ਵਿਗਿਆਨਕ ਅਧਿਐਨ (ਲਾਲ ਸਿੰਘ ਦਿਲ ਅਤੇ ਪਾਸ਼ ਦੇ ਵਿਸ਼ੇਸ਼ ਸੰਦਰਭ ਵਿੱਚ)"**  ਉੱਪਰ ਪੀ.ਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਖੋਜ-ਪ੍ਰਬੰਧ ਮੇਰੇ ਦੁਆਰਾ ਕੀਤਾ ਹੋਇਆ ਮੌਲਿਕ ਖੋਜ-ਕਾਰਜ ਹੈ ਅਤੇ ਇਸ ਖੋਜ-ਪ੍ਰਬੰਧ **"ਜੁਝਾਰਵਾਦੀ ਪੰਜਾਬੀ ਕਾਵਿ: ਸ਼ੈਲੀ ਵਿਗਿਆਨਕ ਅਧਿਐਨ (ਲਾਲ ਸਿੰਘ ਦਿਲ ਅਤੇ ਪਾਸ਼ ਦੇ ਵਿਸ਼ੇਸ਼ ਸੰਦਰਭ ਵਿੱਚ)"**  ਨੂੰ ਪਹਿਲਾਂ ਕਿਸੇ ਡਿਗਰੀ ਜਾਂ ਡਿਪਲੋਮਾ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

Avtar Singh

ਅਵਤਾਰ ਸਿੰਘ
ਖੋਜਾਰਥੀ
ਰਜਿ. ਨੰਬਰ 41500050
ਸਕੂਲ ਆਫ ਲਿਬਰਲ ਐਂਡ ਕਰੀਏਟਿਵ ਆਰਟਸ (ਸੋਸ਼ਲ ਸਾਇੰਸਿਜ਼ ਐਂਡ  ਲੈਂਗੁਏਜ਼ਿਜ)
ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)
ਮਿਤੀ: 28.12. 2024

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਅਵਤਾਰ ਸਿੰਘ ਦੁਆਰਾ **"ਜੁਝਾਰਵਾਦੀ ਪੰਜਾਬੀ ਕਾਵਿ: ਸ਼ੈਲੀ ਵਿਗਿਆਨਕ ਅਧਿਐਨ (ਲਾਲ ਸਿੰਘ ਦਿਲ ਅਤੇ ਪਾਸ਼ ਦੇ ਵਿਸ਼ੇਸ਼ ਸੰਦਰਭ ਵਿੱਚ)"** ਵਿਸ਼ੇ ਉੱਤੇ ਪੀ.ਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਕੀਤਾ ਗਿਆ ਖੋਜ-ਕਾਰਜ ਮੇਰੀ ਨਿਗਰਾਨੀ ਅਧੀਨ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਹੈ। ਇਸ ਖੋਜ-ਪ੍ਰਬੰਧ ਨੂੰ ਪਹਿਲਾਂ ਕਿਸੇ ਡਿਗਰੀ/ਡਿਪਲੋਮਾ ਲਈ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਪ੍ਰਬੰਧ ਨੂੰ ਪੀ.ਐੱਚ.ਡੀ. ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ
ਸਕੂਲ ਆਫ ਲਿਬਰਲ ਐਂਡ ਕਰੀਏਟਿਵ ਆਰਟਸ (ਸੋਸ਼ਲ ਸਾਇੰਸਿਜ਼ ਐਂਡ ਲੈਂਗੁਏਜ਼ਿਜ)
ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

## Graphical Abstract Submission Form

**Title of Graphical abstract:** ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ: ਸ਼ੈਲੀ ਵਿਗਿਆਨਕ ਅਧਿਐਨ

Lal Singh Dil ate Pash Kaav : Shelly Vigeyanak Adheyan

**Authors name:** Avtar Singh, Dr. Sona


**Name of Scholar:** Avtar Singh **Registration No.** 41500050

**Program Name:** Ph.D. (Punjabi) **Name/UID of Supervisor:** Dr. Sona (23036)

**Summary of graphical abstract:**

1. ਸ਼ੈਲੀ ਵਿਗਿਆਨ ਸਾਹਿਤ ਦੇ ਲੁਕੇ ਹੋਏ ਅਰਥ ਪਸਾਰਾਂ ਦੀ ਵਿਆਖਿਆ ਕਰਦਾ ਹੈ ।
2. ਕਿਰਤ ਵਿਚਲੇ ਸੁਹਜ ਤੱਤਾਂ ਨੂੰ ਰੂਪਮਾਨ ਕਰਦਾ ਹੈ।
3. ਸ਼ਬਦ ਸਿਰਜਣਾ ਦੇ ਨਾਲ ਨਾਲ ਸ਼ਬਦ ਜੋੜਾਂ, ਧੁਨੀਆਂ ਦੀ ਠੀਕ ਵਰਤੋਂ, ਨਵੇਂ ਸ਼ਬਦਾਂ ਦੀ ਸਿਰਜਣਾ ਨੂੰ ਵੀ ਮੱਧੇ ਨਜ਼ਰ ਰੱਖਿਆ ਹੈ। ਕਿਉਂਕਿ ਸ਼ੈਲੀ ਵਿਗਿਆਨ ਸਿਧਾਂਤਕ ਪੱਖ ਵਿਚ ਜਦੋਂ ਭਾਸ਼ਕ ਇਕਾਈਆਂ ਦੇ ਜ਼ਰੀਏ ਸ਼ਬਦ ਸਿਰਜਣਾ, ਧੁਨੀਆਂ ਦੀ ਵਰਤੋਂ ਨੂੰ ਵੇਖਿਆ ਜਾਂਦਾ ਹੈ ।
4. ਵਿਚਲਨ ਦਾ ਪੱਧਰ ਜਿਸ ਨੂੰ ਅੱਗੋਂ ਦੋ ਭਾਗਾਂ ਵਿਚ ਵੰਡਿਆ ਹੈ (1) ਨਵੇਂ ਸ਼ਬਦਾਂ ਦੁਆਰਾ ਵਿਚਲਨ ਅਤੇ (2) ਪ੍ਰਚਲਿਤ ਸ਼ਬਦਾਂ ਦੀ ਰੂਪ ਤਬਦੀਲੀ ਦੁਆਰਾ ਵਿਚਲਨ।
5. ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਵਲੋਂ ਆਪਣੇ ਅਪਣਾਏ ਪ੍ਰਤੀਮਾਨਕ ਰੂਪ ਨੂੰ ਛੱਡ ਕੇ ਦੂਜੇ ਰੂਪ ਨੂੰ ਅਪਣਾਉਣ ਤੇ ਵਿਪਥਨ ਰਾਹੀਂ ਅਗਰਭੂਮਿਤ ਹੋਈ ਸ਼ਬਦਾਵਲੀ ਨੂੰ ਲਿਆ ਹੈ।
6. ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਵਲੋਂ ਸਮਾਨੰਤਰਤਾ ਦੇ ਪੱਧਰ 'ਤੇ ਵੀ ਅਗਰਭੂਮਿਤ ਹੋਈ ਸ਼ਬਦਾਵਲੀ ਨੂੰ ਲਿਆ ਹੈ।
7. ਇਸ ਵਿਚ ਵਿਰਲਤਾ ਦੇ ਪੱਧਰ ਅਤੇ ਵੱਖ ਵੱਖ ਵਰਤੀਆਂ ਗਈਆਂ ਸ਼ੈਲੀਆਂ ਨੂੰ ਵੀ ਲਿਆ ਹੈ।

**Graphical Abstract:**




**Lal Singh Dil ate Pash Kaav : Shelly Vigeyanak Adheyan**

**Name and Signature of all authors:** Avtar Singh **Supervisor :** Dr. Sona (23036)

# ਐਬਸਟ੍ਰੈਕਟ

ਖੋਜ-ਪ੍ਰਬੰਧ ਦਾ ਮੁੱਖ ਆਧਾਰ ਸ਼ੈਲੀ ਵਿਗਿਆਨ ਕਿਸੇ ਸਾਹਿਤ ਕਿਰਤ ਦੇ ਉਨ੍ਹਾਂ ਪ੍ਰਕਾਰਜੀ ਤੱਤਾਂ ਦਾ ਅਧਿਐਨ ਕਰਦਾ ਹੈ ਜੋ ਉਸਨੂੰ ਹੋਰਨਾਂ ਸਾਹਿਤਕ ਕਿਰਤਾਂ ਤੋਂ ਵੱਖਰਾ ਸਿੱਧ ਕਰਨ ਦਾ ਕਾਰਨ ਬਣਦੇ ਹਨ। ਹੱਥਲੇ ਖੋਜ-ਕਾਰਜ ਵਿਚ **ਜੁਝਾਰਵਾਦੀ ਪੰਜਾਬੀ ਕਾਵਿ: ਸ਼ੈਲੀ ਵਿਗਿਆਨਿਕ ਅਧਿਐਨ (ਲਾਲ ਸਿੰਘ ਦਿਲ ਅਤੇ ਪਾਸ਼ ਦੇ ਵਿਸ਼ੇਸ਼ ਸੰਦਰਭ ਵਿੱਚ)** ਅਧਿਐਨ ਕਰਨ ਦਾ ਯਤਨ ਕੀਤਾ ਹੈ। ਮੈਂ ਆਪਣੇ ਅਧਿਐਨ ਵਿਚ ਹੱਥਲੇ ਖੋਜ-ਪ੍ਰਬੰਧ ਵਿਚ ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ ਅਤੇ ਜੁਝਾਰਵਾਦੀ ਕਾਵਿ: ਇਤਿਹਾਸਕ ਅਤੇ ਸਿਧਾਂਤਕ ਅਧਿਐਨ ਦੇ ਅੰਤਰਗਤ ਸਭ ਤੋਂ ਪਹਿਲਾਂ ਭਾਸ਼ਾ ਦੇ ਵਿਚਾਰਾਂ, ਭਾਵਾਂ ਅਤੇ ਪ੍ਰਭਾਵਾਂ ਦੇ ਪ੍ਰਗਟਾਵੇ ਦਾ ਮਾਧਿਅਮ ਸਮਝਦੇ ਹੋਏ ਸਾਹਿਤ ਅਤੇ ਭਾਸ਼ਾ ਨੂੰ ਜੋੜਨ ਵਾਲੀ ਕੜੀ ਸ਼ੈਲੀ ਬਾਰੇ ਪ੍ਰਾਚੀਨ ਕਾਲ ਤੋਂ ਹੀ ਹੁੰਦੀ ਆ ਰਹੀ ਚਰਚਾ ਨੂੰ ਰੂਪ ਮਾਨ ਕੀਤਾ ਗਿਆ ਹੈ। ਸ਼ੈਲੀ ਲਈ ਭਾਰਤੀ ਕਾਵਿ ਸ਼ਾਸਤਰ ਵਿੱਚ ਰੀਤੀ ਅਤੇ ਪੱਛਮੀ-ਕਾਵਿ ਸ਼ਾਸਤਰ ਵਿੱਚ ਸਟਾਇਲ (Style) ਸ਼ਬਦ ਪ੍ਰਚਲਿਤ ਰਹੇ ਹਨ ਭਾਰਤੀ ਤੇ ਪੱਛਮੀ ਵਿਦਵਾਨਾਂ ਵਿੱਚ ਸ਼ੈਲੀ ਬਾਰੇ ਵੱਖ-ਵੱਖ ਪਰਿਭਾਸ਼ਾਵਾਂ ਰਹੀਆ ਹਨ। ਭਾਵੇਂ ਕੁਝ ਵਿਦਵਾਨਾਂ ਵਿੱਚ ਸ਼ੈਲੀ ਸੰਬੰਧੀ ਇਕ ਮੱਤ ਨਹੀਂ ਪਾਇਆ ਗਿਆ ਪਰ ਫਿਰ ਵੀ ਸਾਰਿਆ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸ਼ੈਲੀ ਲਿਖਣ ਢੰਗ ਹੈ। ਭਾਵ ਇਹ ਇਕ ਅਜਿਹੀ ਸੁਹਜਮਈ ਕਲਾ ਹੈ ਜੋ ਸਾਹਿਤਕ ਰਚਨਾ ਨੂੰ ਉਤਕ੍ਰਿਸ਼ਟਤਾ ਅਤੇ ਵਿਸ਼ੇਸ਼ਤਾ ਪ੍ਰਦਾਨ ਕਰਦੀ ਹੈ।

ਸਾਡਾ ਅਧਿਐਨ ਅਜਿਹੀ ਹੀ ਪ੍ਰਕਿਰਤੀ ਦਾ ਧਾਰਨੀ ਹੈ। ਜੁਝਾਰਵਾਦੀ ਕਾਵਿ ਆਧੁਨਿਕ ਪੰਜਾਬੀ ਕਾਵਿ ਵਿਚ ਇਤਿਹਾਸਕ ਅਤੇ ਸਿਧਾਂਤਕ ਅਧਿਐਨ ਦੇ ਕਾਲ-ਕ੍ਰਮ ਅਨੁਸਾਰ ਰਹੱਸਵਾਦੀ, ਰੁਮਾਂਸਵਾਦੀ, ਪ੍ਰਗਤੀਵਾਦੀ ਤੇ ਪ੍ਰਯੋਗਸ਼ੀਲ ਕਾਵਿ-ਧਾਰਾਵਾਂ ਤੋਂ ਬਾਅਦ ਜੁਝਾਰਵਾਦੀ ਕਾਵਿ ਦਾ ਸਥਾਨ ਆਉਂਦਾ ਹੈ। ਪੰਜਾਬ ਵਿਚ ਰਾਜਸੀ ਲਹਿਰ ਦੇ ਪਤਨ ਤੋਂ ਬਾਅਦ ਵੀ ਜੁਝਾਰਵਾਦੀ ਕਾਵਿ-ਧਾਰਾ ਦੀ ਵਰਗ ਸੰਘਰਸ਼ ਰਾਹੀਂ ਹਥਿਆਰਬੰਦ ਇਨਕਲਾਬ ਦੀ ਧਾਰਨਾ ਸ਼ੈਲੀ ਵਿਗਿਆਨਕ ਦ੍ਰਿਸ਼ਟੀ ਨੂੰ ਸਾਹਮਣੇ ਰੱਖਦੇ ਹੋਏ ਅਗਰਭੂਮਣ ਦੇ ਪ੍ਰਮੁੱਖ ਪੱਧਰ ਵਿਚਲਨ ਦੁਆਰਾ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਦੀਆਂ

ਕਵਿਤਾਵਾਂ ਨੂੰ ਸਮਝਣ ਦੀ ਕੋਸ਼ਿਸ ਕੀਤੀ ਗਈ ਹੈ। ਵਿਚਲਨ ਨੂੰ ਅਸੀਂ ਅੱਗੋਂ ਭਾਸ਼ਿਕ ਇਕਾਈਆਂ ਦੁਆਰਾ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਕਾਵਿ ਰਚਨਾਵਾਂ ਤੇ ਆਧਾਰਿਤ ਵੱਖਰੇ-ਵੱਖਰੇ ਵਿਸ਼ਿਆਂ ਨੂੰ ਚੋਣਵੇਂ ਰੂਪ ਵਿਚ ਬਿਆਨ ਕੀਤਾ ਗਿਆ ਹੈ। ਉਦਾਹਰਣ ਵਜੋਂ: ਕ੍ਰਾਂਤੀ, ਜਾਤ-ਪਾਤ ਵਿਰੋਧ, ਵਿਦਰੋਹ, ਇਤਿਹਾਸਕ-ਮਿਥਿਹਾਸਕ ਤੱਥ, ਆਰਥਿਕ, ਸਮਾਜਿਕ, ਧਾਰਮਿਕ ਬਰਾਬਰਤਾ ਆਦਿ ਹਨ। ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਕਾਵਿ ਸੰਗ੍ਰਹਿ ਤੇ ਆਧਾਰਿਤ ਵੱਖਰੇ-ਵੱਖਰੇ ਵਿਸ਼ਿਆਂ ਨੂੰ ਭਾਸ਼ਕ ਇਕਾਈ ਧੁਨੀ ਦੁਆਰਾ ਸਭ ਤੋਂ ਪਹਿਲਾਂ ਵਿਉਂਤਬੱਧ ਕੀਤਾ ਹੈ। ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਕਾਵਿ ਦੇ ਵਿਸ਼ਾ-ਪੱਖ ਵਿਚ ਸਾਨੂੰ ਧੁਨੀ ਪੱਧਰ ਦੇ ਚਾਰੇ ਰੂਪ ਮਿਲਦੇ ਹਨ। ਜਿਵੇਂ ਕਿ ਧੁਨੀ ਬਦਲ ਦੁਆਰਾ ਵਿਚਲਨ, ਅਵਤਾਰ ਸਿੰਘ ਪਾਸ਼ ਇਕ ਕਵਿਤਾ ਵਿਚ ਇਸ ਸ਼ਬਦ ਲਈ ਪਹਿਲਾ ਗੂੰਜ ਸ਼ਬਦ ਦੀ ਵਰਤੋਂ ਕਰਦਾ ਹੈ, ‘ਜ’ ਧੁਨੀ ਦਾ ਬਦਲਾਅ ਰੂਪ ‘ਝ’ ਵਿਚ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ‘ਚਾਰ ਕੂਟਾਂ ਸ਼ਬਦ ਅਸੀ ਰੋਜ਼ਾਨਾਮਈ ਜ਼ਿੰਦਗੀ ਵਿਚ ਕਈ ਵਾਰ ਵਰਤਦੇ ਹਾਂ, ਪਰ ਅਵਤਾਰ ਸਿੰਘ ਪਾਸ਼ ਇਕ ਨਵੀਂ ਧੁਨੀ ਵਰਤ ਕੇ ਨਵੇਂ ਸ਼ਬਦ ਦੀ ਸਿਰਜਨਾ ਕਰ ਲੈਂਦਾ ਹੈ, ਜਿਹੜੀ ਅਰਥ ਪੱਖੋਂ ਤੋਂ ਇਕ ਸਮਾਨ ਹੈ ਚੌਹਾਂ-ਕੂਟਾਂ ‘ਰ’ ਧੁਨੀ ਦਾ ਬਦਲਾਅ ‘ਹਾਂ’ ਵਿਅੰਜਨ ਧੁਨੀ ਵਿਚ ਕਰ ਦਿੱਤਾ ਗਿਆ ਹੈ। ਲਾਲ ਸਿੰਘ ਦਿਲ ਨੇ ਹਨ੍ਹੇਰਾ (ਅੰਨ੍ਹੇਰਾ) ਹ, ਅ, ਜਿਵੇਂ (ਜਿਉਂ) ਏ, ਉ, ਵਿਅੰਜਨ ਧੁਨੀ ਵਿਚ ਬਦਲ ਦਿੱਤਾ ਗਿਆ ਹੈ। ਧੁਨੀ ਲੋਪ ਦੁਆਰਾ ਵਿਚਲਨ, ਧੁਨੀ ਵਾਧੇ ਦੁਆਰਾ ਵਿਚਲਨ ਅਤੇ ਧੁਨੀ ਘਾਟੇ ਦੁਆਰਾ ਵਿਚਲਨ ਆਦਿ। ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਦੇ ਉਪਰੋਕਤ ਕਾਵਿ ਟੋਟਿਆਂ ਨੂੰ ਵਿਚਾਰਦੇ ਹੋਏ ‘ਵਿਚ’ ਸ਼ਬਦ ਲਈ ‘ਚ’ ‘ਉੱਤੇ’ ਸ਼ਬਦ ਲਈ ‘ਤੇ’ ‘ਭੈਅ’ ਸ਼ਬਦ ਲਈ ‘ਭੈ’, ‘ਮਾਤਾ’ ਸ਼ਬਦ ਲਈ ‘ਮਾਂ’, ‘ਪਿਉ’ ਸ਼ਬਦ ਲਈ ‘ਪੇ’, ‘ਭੌਂਇ’ ਸ਼ਬਦ ਲਈ ‘ਭੌਂ, ਆਦਿ ਵਿਚ ਵਿਅੰਜਨ ਤੇ ਸਵਰ ਲੋਪ ਕਰ ਦਿੱਤੇ ਹਨ।

ਇਸ ਤੋਂ ਬਾਅਦ ਅਸੀਂ ਵਿਚਲਨ ਨੂੰ ਸ਼ਬਦ ਪੱਧਰ ਉੱਪਰ ਦੇਖਿਆ ਅਤੇ ਵਿਚਾਰਿਆ ਹੈ। ਸ਼ਬਦ ਪੱਧਰ ਉੱਪਰ ਵਿਚਲਨ ਦੇ ਦੋ ਰੂਪ ਉਭਰਦੇ ਹਨ (1) ਨਵੇਂ ਸ਼ਬਦਾਂ ਦੁਆਰਾ ਵਿਚਲਨ ਅਤੇ (2) ਪ੍ਰਚਲਿਤ

ਸ਼ਬਦਾਂ ਦੀ ਰੂਪ ਤਬਦੀਲੀ ਦੁਆਰਾ ਵਿਚਲਨ। ਉਦਾਹਰਣ ਵਜੋਂ: ਕਿਸਾਨ ਸ਼ਬਦ ਤੋਂ (ਕਿਰਸਾਨ), ਲਿਆ ਸ਼ਬਦ ਤੋਂ (ਲੀਤਾ) ਮੇਰੇ ਤੋਂ ਸ਼ਬਦ ਤੋਂ (ਮੈਥੋਂ) ਆਵਾਜ਼ ਸ਼ਬਦ ਤੋਂ (ਟੈਂ ਟੈਂ) ਆਦਿ ਸ਼ਬਦਾਵਲੀ ਦੀ ਸਿਰਜਣਾ ਦੁਆਰਾ ਕਾਵਿ ਰਚਨਾਵਾਂ ਨੂੰ ਉਭਾਰਿਆ ਹੈ। ਇਸ ਤੋਂ ਇਲਾਵਾ ਪ੍ਰਚੱਲਿਤ ਸ਼ਬਦਾਂ ਦੀ ਰੂਪ ਤਬਦੀਲੀ ਰਾਹੀਂ ਵਿਚਲਨ ਦੇ ਪੱਖ ਤੋਂ ਪਰੰਪਰਾ, ਪਰਵੇਸ਼, ਸ਼ਬਦ ਵਿਚ 'ਪ' ਦੇ ਪੈਰ 'ਚ 'ਰ' ਪਾ ਕੇ ਅਜੇਹੇ ਸ਼ਬਦ ਵਿਚੋਂ 'ਅ' ਕੱਟ ਕੇ ਜਾਵੋਗੇ ਸ਼ਬਦ ਵਿਚ 'ਵੋ' ਦੀ ਥਾਂ 'ਓ' ਸਾਡਾ ਸ਼ਬਦ ਵਿਚ 'ਅ' ਨੂੰ ਅਗੇਤਰ ਵਜੋਂ ਵਰਤ ਕੇ ਅਣ-ਪੜ੍ਹ ਸ਼ਬਦ ਨਾਲ 'ੜ੍ਹੀ' ਵਰਤ ਕੇ ਬਾਵਾਂ ਸ਼ਬਦ ਵਿਚ 'ਵਾਂ' ਦੀ ਥਾਂ 'ਹਾਂ' ਸ਼ਬਦ ਵਰਤ ਸੋਹਣਾ ਸ਼ਬਦ ਵਿਚ 'ਸੋ' ਦੀ ਥਾਂ 'ਸੁ' ਸ਼ਬਦ ਆਦਿ ਵਰਤ ਕੇ ਰੂਪ ਬਦਲਿਆ ਹੈ। ਦਾਇਰੇ ਸ਼ਬਦ ਤੋਂ (ਦਾਇਰ) ਅੱਗੇ ਤੋਂ (ਅੱਗਿਓਂ) ਆਦਿ ਸ਼ਬਦਾਵਲੀ ਨੂੰ ਰੂਪ ਪਰਿਵਤਰਨ ਵਜੋਂ ਵਰਤਿਆ ਹੈ। ਜਿਹੜੀ ਪਾਠਕ ਵਰਗ ਨੂੰ ਸਭ ਤੋਂ ਪਹਿਲਾਂ ਅਗਰਭੂਮਿਤ ਕਰਦੀ ਸ਼ਬਦਾਵਲੀ ਵਜੋਂ ਉਭਰਦੀ ਹੈ। ਅਰਥ ਪੱਧਰ ਤੇ ਵਿਚਲਨ ਨੂੰ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਵਿਚਾਰਿਆ ਗਿਆ ਹੈ। ਜਿੰਨ੍ਹਾਂ ਵਿਚੋਂ ਧੁਨੀ ਪੱਧਰ, ਸ਼ਬਦ ਪੱਧਰ, ਰੂਪ ਪੱਧਰ, ਵਾਕ ਪੱਧਰ, ਅਰਥ ਪੱਧਰ ਅਤੇ ਲਿਖਤ ਪੱਧਰ ਉੱਤੇ ਵਿਪਥਨ ਪਾਠ ਭਾਸ਼ਾ ਵਿਚ ਕਿਸੇ ਵੀ ਰੂਪ ਵਿਚ ਕਵੀ/ਰਚਨਾਕਾਰ ਦੀ ਸ਼ੈਲੀ ਦੁਆਰਾ ਉਭਰਕੇ ਸਾਹਮਣੇ ਆਇਆ ਹੈ। । ਜਿਵੇਂ ਕਿ ਲਾਲ ਸਿੰਘ ਦਿਲ ਤੇ ਅਵਤਾਰ ਸਿੰਘ ਪਾਸ਼ 'ਅਸਾਥੋਂ', 'ਵਿਚ', 'ਪੱਲੂਆਂ', 'ਉੱਤੇ', ਆਦਿ ਸ਼ਬਦਾਂ ਨੂੰ 'ਸਾਥੋਂ, 'ਚ, ਪੱਲੂ, 'ਤੇ ਵਿਅੰਜਨ ਧੁਨੀਆਂ ਰਾਹੀਂ ਅਗਰਭੂਮਿਤ ਕਰਦੇ ਹਨ।

ਇਸੇ ਤਰ੍ਹਾਂ ਸ਼ਬਦ ਪੱਧਰ ਤੇ ਵਿਪਥਨ ਵਿੱਚ ਇਕ ਸ਼ਬਦ ਰਾਹੀਂ ਵੱਖੋ-ਵੱਖਰੇ ਸਮਾਨਰਥੀ ਸ਼ਬਦਾਂ ਨੂੰ ਵਰਤਿਆ ਹੈ ਜੋ ਦੋਨੋਂ ਕਵੀਆਂ ਦਾ ਇਕ ਵੱਖਰੀ ਕਿਸਮ ਦਾ ਸ਼ੈਲੀ ਪ੍ਰਭਾਵ ਹੈ। ਇਸੇ ਤਰ੍ਹਾਂ ਰੂਪ ਪੱਧਰ ਅਤੇ ਵਾਕ ਨੂੰ ਲਿਆ ਹੈ। ਮਿਸ਼ਾਲ ਵਜੋਂ ਅਵਤਾਰ ਸਿੰਘ ਪਾਸ਼ ਨੇ ਗਿੜਗਿੜਾਉਣਾ, ਚੀਕਣਾ, ਬੋਲਣਾ, ਬਕਣਾ ਸ਼ਬਦਾਂ ਨੂੰ ਵੱਖਰਾ ਕਰਕੇ ਸ਼ਬਦ ਪੱਧਰ ਉੱਤੇ ਵਿਪਥਨ ਦੇ ਆਧਾਰ ਤੇ ਅਗਰਭੂਮਿਤ ਕੀਤਾ ਹੈ। ਲਾਲ ਸਿੰਘ ਦਿਲ ਨੇ ਵੀ ਲੱਕੜ ਅਤੇ ਬਾਲਣ ਦੋਨੋਂ ਸ਼ਬਦਾ ਨੂੰ ਵੱਖਰਾ ਕਰਕੇ ਸ਼ਬਦ ਪੱਧਰ ਉੱਤੇ ਵਿਪਥਨ ਦੇ ਆਧਾਰ ਤੇ ਅਗਰਭੂਮਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਵੇਂ ਕਿ ਲਾਲ

ਸਿੰਘ ਦਿਲ ਨੇ ਪਾਸੇ, ਅਲੱਗ, ਵੱਖਰੇ ਲਈ (ਲਾਂਭੇ) ਭਰ ਜਵਾਨੀ ਲਈ (ਚੜਦੀ ਉਮਰੇ) ਔਖੇ ਲਈ (ਡਾਢਾ) ਅਤੇ ਅਵਤਾਰ ਸਿੰਘ ਪਾਸ਼ ਨੇ ਸ਼ਾਂਤੀ, ਆਨੰਦ, ਖੁਸ਼ੀ ਲਈ (ਚੈਨ) ਚਾਹਤ, ਇੱਛਾ ਲਈ (ਖ਼ਾਹਸ਼) ਦੁਆ, ਦਾਤ ਦੇਣ ਲਈ (ਦਾਦ) ਆਦਿ ਸ਼ਬਦ ਕਵੀਆਂ ਨੇ ਵਰਤੇ ਹਨ ਜੋ ਸਿੱਧੇ ਅਰਥਾਂ ਦੀ ਥਾਂ ਭਾਵ ਪੂਰਤ ਅਰਥ ਦਿੰਦੇ ਹਨ। ਲਿਖਤ ਪੱਧਰ ਉੱਤੇ ਦੋਨੋਂ ਕਵੀਆਂ ਨੇ ਵਿਸ਼ਰਾਮ ਚਿੰਨ੍ਹਾਂ ਨੂੰ ਵੀ ਲਿਆ ਹੈ ਜਾਂ ਦੋ ਜੁੱਟ ਸ਼ਬਦਾਂ ਨੂੰ ਜੋੜਨੀਂ ਦੀ ਵਰਤੋਂ ਆਦਿ ਅਤੇ ਵਿਸ਼ਰਾਮ ਚਿੰਨ੍ਹਾਂ ਵਿਚ, ਬਿੰਦੀ, ਕਾਮਾ, ਡੰਡੀ, ਪ੍ਰਸ਼ਨੋਤਰੀ ਆਦਿ ਨੂੰ ਵੇਖਣ ਦਾ ਯਤਨ ਕੀਤਾ ਹੈ ਜੋ ਕਵੀਆਂ ਨੇ ਇਕ ਵੱਖਰਾ ਸ਼ੈਲੀਗਤ ਪ੍ਰਭਾਵ ਸਿਰਜਿਆ ਹੈ, ਜਿਸ ਦੁਆਰਾ ਸਮਾਨੰਤਰਤਾ ਪੱਧਰ ਤੋਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਦੀਆਂ ਕਵਿਤਾਵਾਂ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਗਿਆ ਹੈ। ਸ਼ਬਦ ਪੱਧਰ ਦੀ ਸਮਾਨੰਤਰਤਾ ਨੂੰ ਅੱਗੋਂ ਦੋ ਹਿੱਸਿਆ ਵਿਚ ਵੰਡ ਕੇ ਸਮਝਣ ਦਾ ਯਤਨ ਕੀਤਾ ਹੈ। ਜਿਵੇਂ ਸ਼ਬਦ ਪੱਧਰ ਦੀ ਸਮਤਾ ਸਮਾਨੰਤਰਤਾ ਅਤੇ ਸ਼ਬਦ ਪੱਧਰ ਦੀ ਵਿਰੋਧੀ ਸਮਾਨੰਤਰਤਾ ਸ਼ਬਦ ਪੱਧਰ ਦੀ ਸਮਤਾ ਸਮਾਨੰਤਰਤਾ ਨੂੰ ਲਗਾਤਾਰ ਦੁਹਰਾਉ ਵਾਲੀ ਸਮਾਨੰਤਰਤਾ ਆਦਿ ਦੁਹਰਾਉ ਵਾਲੀ ਸਮਾਨੰਤਰਤਾ, ਤੀਹਰੀ ਸ਼ਬਦ ਬਣਤਰ ਸਮਾਨੰਤਰਤਾ ਅਤੇ ਅੰਤ ਦੁਹਰਾਉ ਵਾਲੀ ਸਮਾਨੰਤਰਤਾ ਨੂੰ ਸਮਝਿਆ ਹੈ। ਜੋ ਕਵੀਆਂ ਦੀ ਵੱਖਰੇ ਅੰਦਾਜ਼ ਵਾਲੀ ਸਮਤਾ ਅਤੇ ਵਿਰੋਧੀ ਸ਼ੈਲੀ ਨੂੰ ਸਾਡੇ ਸਾਹਮਣੇ ਉਜਾਗਰ ਕਰਦੀ ਹੈ। ਜਿਹੜੀ ਅਗਰਭੂਮਣ ਤੱਤ ਵਿਰਲਤਾ ਨੂੰ ਉਭਾਰਦੀ ਹੈ। ਇਸ ਨੂੰ ਦੋ ਪੱਧਰਾਂ ਰਾਹੀਂ ਪਰਖਿਆ ਹੈ। ਪਹਿਲਾ ਅਰਥ ਪੱਧਰ ਉੱਤੇ ਵਿਰਲਤਾ ਦੂਸਰਾ ਸਮਾਸ ਪੱਧਰ ਉੱਤੇ ਵਿਰਲਤਾ ਅਰਥ ਪੱਧਰ ਉੱਤੇ ਵਿਰਲਤਾ ਜਿਸ ਵਿਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਕਵਿਤਾਵਾਂ ਤੋਂ ਉਹ ਅਰਥ ਲਏ ਹਨ ਜੋ ਰਚਨਾ ਵਿਚ ਸਿਰਫ਼ ਇਕ ਵਾਰ ਹੀ ਆਉਂਦੇ ਹਨ ਅਤੇ ਉਹ ਪ੍ਰਤੀਕ ਵਰਤੇ ਹਨ ਜੋ ਸਾਨੂੰ ਪੰਜਾਬੀ ਸਾਹਿਤ ਜਗਤ ਵਿਚ ਕਿਤੇ ਵੀ ਨਹੀਂ ਲੱਭਦੇ ਹਨ।

ਇਸ ਤੋਂ ਇਲਾਵਾ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਆਪਣੇ ਕਾਵਿ ਰੂਪ ਵਿਚ ਵੱਖਰੀਆਂ-ਵੱਖਰੀਆਂ ਸ਼ੈਲੀਆਂ ਰਾਹੀਂ ਆਪਣੇ ਭਾਵਾਂ, ਵਿਚਾਰਾਂ ਅਤੇ ਜਜ਼ਬਾਤਾਂ ਨੂੰ ਸ਼ਾਇਰਾਨਾਂ ਅੰਦਾਜ਼ ਦੇ ਕਲਾਤਮਿਕ ਰੂਪ ਦੇ ਪੱਖ ਤੋਂ ਸਿਰਿਜਆ ਹੈ। ਜਿਵੇਂ ਬਿੰਬਮਈ ਸ਼ੈਲੀ , ਅਲੰਕਾਰ ਸ਼ੈਲੀ, ਮਾਰਕਸਵਾਦੀ

ਸ਼ੈਲੀ, ਪ੍ਰਸ਼ਨੋਤਰੀ ਸ਼ੈਲੀ, ਸੰਬੋਧਨੀ ਸ਼ੈਲੀ, ਵਿਅੰਗਾਤਮਕ ਸ਼ੈਲੀ , ਯਥਾਰਥਵਾਦੀ ਸ਼ੈਲੀ, ਮਨਬਚਨੀ ਸ਼ੈਲੀ , ਵਿਦਰੋਹੀ ਸ਼ੈਲੀ , ਮਾਨਵਵਾਦੀ ਸ਼ੈਲੀ, ਨਸੀਹਤਵਾਦੀ ਸ਼ੈਲੀ ਦੀ ਵਰਤੋਂ ਕੀਤੀ ਹੈ, ਜਿਸ ਕਰਕੇ ਹੱਥਲਾ ਖੋਜ-ਪ੍ਰਬੰਧ ਜੁਝਾਰਵਾਦੀ ਪੰਜਾਬੀ ਕਾਵਿ: ਸ਼ੈਲੀ ਵਿਗਿਆਨਿਕ ਅਧਿਐਨ (ਲਾਲ ਸਿੰਘ ਦਿਲ ਅਤੇ ਪਾਸ਼ ਦੇ ਵਿਸ਼ੇਸ਼ ਸੰਦਰਭ ਵਿੱਚ) ਵਿਸ਼ਲੇਸ਼ਣ ਕਰਨਾ ਸਮੇਂ ਦੀ ਲੋੜ ਸੀ। ਸੋ ਆਸ ਹੈ ਕਿ ਇਹ ਖੋਜ-ਪ੍ਰਬੰਧ ਭਵਿੱਖਤ ਖੋਜ-ਵਿਦਿਆਰਥੀਆਂ ਲਈ ਮਾਰਗ-ਦਰਸ਼ਨ, ਪ੍ਰੇਰਨਾ ਸ੍ਰੋਤ ਅਤੇ ਮੀਲ ਪੱਥਰ ਸਾਬਿਤ ਹੋਵੇਗਾ।

# ਸਮਰਪਿਤ

ਸ੍ਰੀਮਤੀ ਸਰਬਜੀਤ ਕੌਰ (ਲੈਕਚਰਾਰ ਗਣਿਤ)

ਜੀਵਨ ਸਾਥਣ ਜੋ ਹਰ ਮੁਸ਼ਕਲ ਦੀ ਘੜੀ ਵਿੱਚ

ਤੱਤੀ ਰੇਤਾ ਦੇ ਪਾਂਧੀ ਹਮਸਫਰ ਦੌਰਾਨ

ਖੜੀ ਹੈ ਚਟਾਨ ਵਾਂਗ।

## ਸ਼ੁਕਰਾਨਾ

ਸ਼ਬਦ ਅਕਸਰ ਬਹੁਤ ਕਮਜ਼ੋਰ ਹੁੰਦੇ ਹਨ ਜੋ ਕਿਸੇ ਦੇ ਪਰਉਪਕਾਰੀ ਪ੍ਰਤੀ ਰਿਣੀ ਹੋਣ ਦੀਆਂ ਅੰਦਰੂਨੀ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਹੁੰਦੇ ਹਨ। ਇਹੀ ਮੁਸ਼ਕਲ ਮੈਨੂੰ ਸ਼ੁਕਰਗੁਜ਼ਾਰੀ ਦੀ ਡੂੰਘੀ ਭਾਵਨਾ ਨੂੰ ਲਿਖਣ ਵਿੱਚ ਮਹਿਸੂਸ ਹੋਈ ਹੈ। “ਸਿਆਹੀ ਦੀਆਂ ਬੂੰਦਾਂ ਸ਼ਬਦ ਬਣਾਉਂਦੀਆਂ ਹਨ, ਲੱਖਾਂ ਸੋਚਦੇ ਹਨ" ਪਰ ਕਿਸੇ ਵੀ ਸਕਾਰਾਤਮਕ ਅਤੇ ਉਸਾਰੂ ਸਬੰਧਾਂ `ਤੇ ਸੋਚਣ ਦੀ ਕੋਸ਼ਿਸ਼ ਕਰਨ ਲਈ ਸਾਨੂੰ ਸਾਡੇ ਅਧਿਆਪਕਾਂ ਦੇ ਗਿਆਨਵਾਨ ਮਾਰਗਦਰਸ਼ਨ ਦੀ ਲੋੜ ਹੁੰਦੀ ਹੈ। ਇਹ ਇੱਕ ਅਜਿਹੀ ਸੇਧ ਹੈ ਜੋ ਮੈਨੂੰ ਮੇਰੇ ਪਰਮ ਸਤਿਕਾਰਯੋਗ ਤੇ ਸੂਝਵਾਨ ਗੁਰੂ ਡਾ. ਸੋਨਾ ਸਹਾਇਕ ਪ੍ਰੋਫੈਸਰ ਤੋਂ ਮਿਲੀ ਹੈ, ਜਿੰਨਾਂ ਦਾ ਧੰਨਵਾਦ ਮੇਰੀਆਂ ਅਥਾਹ ਭਾਵਨਾਵਾਂ ਨਾਲ ਭਰਿਆ ਹੋਇਆ ਹੈ। ਮੈਂ ਉਨਾਂ ਦੇ ਕੀਮਤੀ ਅਤੇ ਸ਼ਾਨਦਾਰ ਮਾਰਗਦਰਸ਼ਨ, ਜਾਂਚ ਦੇ ਹਰ ਪੜਾਅ `ਤੇ ਮੇਰੀ ਮਦਦ ਕਰਨ ਅਤੇ ਮਾਰਗਦਰਸ਼ਨ ਕਰਨ ਲਈ ਉਨਾਂ ਦੀ ਤਤਪਰਤਾ ਅਤੇ ਸਭ ਤੋਂ ਵੱਧ ਉਸ ਦੇ ਚੰਗੇ ਵਿਵਹਾਰ ਲਈ ਆਪਣੇ ਗਾਈਡ ਹੋਣ ਦਾ ਧੰਨਵਾਦ ਕਰਦਾ ਹਾਂ। ਮੇਰੀ ਖੋਜ ਕਾਰਜ ਦੌਰਾਨ ਉਹ ਮੇਰੇ ਲਈ ਪ੍ਰੇਰਨਾ ਦਾ ਸਰੋਤ ਸਾਬਤ ਹੋਏ ਹਨ। ਉਨਾਂ ਦਾ ਵਿਦਿਆਰਥੀ ਹੋਣਾ ਅਤੇ ਉਨਾਂ ਦੇ ਮਾਰਗਦਰਸ਼ਨ ਵਿੱਚ ਕੰਮ ਕਰਨਾ ਮੇਰੇ ਲਈ ਗਹਿਰਾ ਸਨਮਾਨ ਅਤੇ ਮਾਣ ਹੈ।

ਮੈਂ ਧੰਨਵਾਦੀ ਹਾਂ ਆਰ.ਡੀ.ਸੀ.ਮੈਂਬਰਾਂ ਦਾ ਜਿਨ੍ਹਾਂ ਨੇ ਮੈਨੂੰ ਇਸ ਖੋਜ ਵਿਸ਼ੇ ਸਬੰਧੀ ਸਮੇਂ-ਸਮੇਂ ਯੋਗ ਅਗਵਾਈ ਪ੍ਰਦਾਨ ਕੀਤੀ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਕੇ ਖੋਜ ਕਰਨ ਦੀ ਇਜਾਜ਼ਤ ਦਿੱਤੀ।

ਮੈਂ ਉਚੇਚੇ ਤੌਰ ‘ਤੇ ਸ਼ੁਕਰਗੁਜ਼ਾਰ ਹਾਂ ਡਾ.ਪਵਿੱਤਰ ਪ੍ਰਕਾਸ਼ ਸਿੰਘ, ਡਾ.ਕਿਰਨਦੀਪ ਸਿੰਘ, ਡਾ. ਹਰਪ੍ਰੀਤ ਸਿੰਘ , ਡਾ. ਸਤਵੰਤ ਸਿੰਘ, ਡਾ. ਯਾਦਵਿੰਦਰ ਕੌਰ ਜੀ ਹੋਰਾਂ ਦਾ ਜਿਨ੍ਹਾਂ ਸਮੇਂ-ਸਮੇਂ ਤੇ ਇਸ ਖੋਜ ਕਾਰਜ ਦੌਰਾਨ ਮੇਰਾ ਮਾਰਗਦਰਸ਼ਨ ਕੀਤਾ। ਮੈਂ ਸਦਾ ਹੀ ਰਿਣੀ ਰਹਾਂਗਾ ਆਪਣੇ ਮਾਤਾ ਸ਼੍ਰੀਮਤੀ ਦਲਬੀਰ ਕੌਰ ਅਤੇ ਪਿਤਾ ਸਵ. ਸ. ਸੁਰਜੀਤ ਸਿੰਘ ਜੀ ਅਤੇ ਤਾਇਆ ਸ. ਕਰਤਾਰ ਸਿੰਘ ਜੀ ਜਿਨ੍ਹਾਂ ਦੇ ਅਸ਼ੀਰਵਾਦ ਤੇ ਹੱਲਾਸ਼ੇਰੀ ਸਦਕਾ ਮੈਂ ਆਪਣੇ ਖੋਜ ਕਾਰਜ ਨੂੰ ਪੂਰਾ ਕੀਤਾ। ਮੈਂ ਧੰਨਵਾਦੀ ਹਾਂ ਆਪਣੀ ਪੁੱਤਰੀ ਹਰਸਿਮਰਨ ਕੌਰ ਅਤੇ ਪੁੱਤਰ ਮਨਪ੍ਰੀਤ ਸਿੰਘ ਦਾ ਜਿਨ੍ਹਾਂ ਨੇ ਮੈਨੂੰ ਘਰੇਲੂ ਰੁਝੇਵਿਆਂ ਤੋਂ ਮੁਕਤ ਕਰਕੇ ਇਸ ਖੋਜ-ਕਾਰਜ ਦੀ ਆਰੰਭਤਾ ਤੋਂ ਲੈ ਕੇ ਸੰਪੂਰਨਤਾ ਤੱਕ ਮੇਰਾ ਸਾਥ ਦਿੱਤਾ। ਮੈਂ ਧੰਨਵਾਦੀ ਹਾਂ ਅਪਣੇ ਭਰਾਵਾਂ

ਜਗਤਾਰ, ਮੁਖਤਾਰ, ਸੁਖਵਿੰਦਰ, ਸੁੱਖਰਾਜ ਅਤੇ ਲਖਵਿੰਦਰ ਸਿੰਘ, ਦਵਿੰਦਰ ਸਿੰਘ (ਐਮ.ਸੀ.), ਤਜਿੰਦਰ ਸਿੰਘ  ਦਾ ਜਿਨ੍ਹਾਂ ਨੇ ਮੇਰੇ ਖੋਜ ਕਾਰਜ ਲਈ ਹੌਸਲਾ ਅਫ਼ਜਾਈ ਕੀਤੀ।

ਮੈਂ ਬਹੁਤ ਹੀ ਧੰਨਵਾਦੀ ਹਾਂ ਸਤਿਕਾਰਯੋਗ ਅਤੇ ਮਾਣਯੋਗ ਲੇਖਕਾਂ ਦਾ  ਡਾ. ਰਾਜਿੰਦਰਪਾਲ ਸਿੰਘ ਬਰਾੜ, ਡਾ. ਭੀਮ ਇੰਦਰ ਸਿੰਘ, ਡਾ. ਸੁਦਰਸ਼ਨ ਗਾਸ਼ੋ, ਡਾ. ਕਰਮਜੀਤ ਸਿੰਘ, ਕਵਿ ਮਦਨ ਵੀਰਾ, ਸ. ਮੋਹਨਜੀਤ,  ਜਿਲ੍ਹਾ  ਭਾਸ਼ਾ ਅਫਸਰ ਜਸਵੰਤ ਰਾਏ (ਡਾ.),  ਪ੍ਰਿੰਸੀਪਲ ਅਰਮਨਪ੍ਰੀਤ ਸਿੰਘ (ਡਾ.) ਪ੍ਰਿੰਸੀਪਲ ਡਾ. ਪਰਮਜੀਤ ਸਿੰਘ, ਪ੍ਰਿੰਸੀਪਲ ਦਰਸ਼ਨ ਕੁਮਾਰ ਸ਼ਰਮਾ, ਲੈਕਚਰਾਰ ਸੰਦੀਪ ਸੂਦ, ਰਣਜੀਤ ਸਿੰਘ ਬਸਣ ਜਿੰਨ੍ਹਾਂ ਨੇ ਖੋਜ ਪ੍ਰਬੰਧ ਲਈ ਯੋਗ ਅਗਵਾਈ  ਕੀਤੀ ਅਤੇ ਕਿਤਾਬਾਂ ਪ੍ਰਦਾਨ ਕਰਨ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ।

ਉਚੇਚੇ ਤੌਰ ‘ਤੇ ਧੰਨਵਾਦਯੋਗ ਸ਼ਖਸੀਅਤ ਜਿਨ੍ਹਾ ਦਾ ਨਾਂ ਲੈਣਾ ਬਣਦਾ ਹੈ, ਉਹ ਸ. ਹਰਜਿੰਦਰ ਸਿੰਘ ਹੈਰੀ ਜੀ ਜਿਨ੍ਹਾਂ ਨੇ ਮੇਰੇ ਗਾਈਡ ਅਧਿਆਪਕ ਵਾਂਗ ਹੀ ਮੈਨੂੰ ਖੋਜ-ਕਾਰਜ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਇਆ ਤੇ ਸਮੇਂ-ਸਮੇਂ ‘ਤੇ ਮੈਨੂੰ ਸੰਪੂਰਨ ਸਹਿਯੋਗ ਦਿੱਤਾ।

ਇਸ ਦੇ ਨਾਲ ਹੀ ਮੈਂ ਧੰਨਵਾਦੀ ਹਾਂ ਮੇਰੇ ਪੀ.ਐੱਚ.ਡੀ. ਦੇ ਖੋਜਾਰਥੀ ਸਾਥੀਆਂ ਡਾ.ਨਾਇਬ ਸਿੰਘ, ਹੈਡਮਾਸਟਰ ਡਾ. ਸਾਧੂ ਸਿੰਘ, ਡਾ. ਸ਼ਵਿੰਦਰ ਸਿੰਘ, ਜਸਵੀਰ ਸਿੰਘ, ਜੋਬਨਜੀਤ ਸਿੰਘ, ਅਸ਼ੋਕ ਕੁਮਾਰ, ਜਿਨ੍ਹਾਂ ਦੀ ਖੁਸ਼ਨੁਮਾ ਸੰਗਤ ਵਿੰਚ ਰਹਿ ਕੇ ਮੈਨੂੰ ਬੇਹੱਦ ਖੁਸ਼ੀ ਤੇ ਆਪਣੇਪਨ ਦਾ ਅਹਿਸਾਸ ਹੋਇਆ। ਮੈਂ ਧੰਨਵਾਦੀ ਹਾਂ “ਨਿਊ ਆਰੀਆ ਕਮਰਸ਼ੀਅਲ ਕਾਲਜ”, ਕੋਤਵਾਲੀ ਬਜਾਰ, ਹੁਸ਼ਿਆਰਪੁਰ ਦਾ ਜਿੰਨ੍ਹਾਂ ਨੇ ਇਸ ਖੋਜ ਕਾਰਜ ਦੀ ਟਾਈਪ ਸੈਟਿੰਗ ਕੀਤੀ ਅਤੇ ਇਸ ਨੂੰ ਇੱਕ ਪ੍ਰਭਾਵਸ਼ਾਲੀ  ਕਿਤਾਬ ਦਾ ਰੂਪ ਦੇ ਕੇ ਇਸ ਖੋਜ ਪ੍ਰਬੰਧ ਨੂੰ ਮੁਕੰਮਲ ਕੀਤਾ।

ਉਪਰੋਕਤ ਸੁਘੜ ਵਿਦਵਾਨਾਂ, ਪਰਿਵਾਰਕ ਮੈਂਬਰਾਂ, ਸ਼ੁਭ-ਚਿੰਤਕਾਂ ਤੇ ਅਜੀਜ਼ ਦੋਸਤਾਂ ਦੀ ਰਲੀ-ਮਿਲੀ ਪ੍ਰੇਰਨਾ ਤੇ ਰਹਿਨੁਮਾਈ ਦਾ ਸਿੱਟਾ ਇਹ ਖੋਜ-ਪ੍ਰਬੰਧ ਆਪਣੇ ਮੁਕੰਮਲ ਰੂਪ ਤੁਹਾਡੇ ਸਾਹਮਣੇ ਹੈ।

# ਤਤਕਰਾ


**ਭੂਮਿਕਾ** 1 - 4

**ਅਧਿਆਇ ਪਹਿਲਾ**

**ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ**

1.1 ਜਾਣ-ਪਛਾਣ 5 - 16

1.2 ਖੋਜ ਦੇ ਉਦੇਸ਼ 16 - 16

1.3 ਖੋਜ-ਵਿਧੀਆਂ 17 - 18

1.4 ਖੋਜ ਨਾਲ ਸੰਬੰਧਿਤ ਪਹਿਲਾਂ ਹੋ ਚੁੱਕਿਆ ਕਾਰਜ 18 - 50

1.5 ਜੁਝਾਰਵਾਦ: ਇਤਿਹਾਸਕ ਪੱਖ 50 - 58

1.6 ਸ਼ੈਲੀ ਵਿਗਿਆਨ: ਇਤਿਹਾਸਕ ਪੱਖ 58 - 60

1.7 ਸ਼ੈਲੀ ਵਿਗਿਆਨ ਅਤੇ ਭਾਸ਼ਾ ਵਿਗਿਆਨ ਦਾ ਸੰਬੰਧ 60 - 60

1.8 ਸ਼ੈਲੀ ਵਿਗਿਆਨ ਦੇ ਪਿਤਾਮਾ : ਚਾਰਲਸ ਬੇਲੀ 60 - 61

1.9 ਸ਼ੈਲੀ ਵਿਗਿਆਨ ਦੀਆਂ ਪਰਿਭਾਸ਼ਾਵਾਂ 61 - 67

1.10 ਸ਼ੈਲੀ ਵਿਗਿਆਨ ਦੇ ਸਕੂਲ 67 - 75

1.11 ਸ਼ੈਲੀ ਵਿਗਿਆਨ ਮਾਡਲ ਦੇ ਆਧਾਰ 75 - 76

1.11.1 ਅਗਰਭੂਮਣ (Foregrounding) 77 - 81

1.11.1.1 ਵਿਚਲਨ (Deviation) 81 - 84

1.11.1.2 ਵਿਪਥਨ (Deflection) 84 - 86

1.11.1.3 ਸਮਾਨੰਤਰਤਾ (Parallism) 86 - 88

1.11.1.4 ਵਿਰਲਤਾ (Rareness) 88 - 91

**ਅਧਿਆਇ ਦੂਜਾ**

**ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ: ਵਿਚਲਨ ਪੱਧਰ**


2.1 ਵਿਚਲਨ ਪੱਧਰ 92 - 92

2.2 ਧੁਨੀ ਪੱਧਰ ਉਤੇ ਵਿਚਲਨ 92 - 93

2.3 ਧੁਨੀ ਬਦਲਾਅ ਦੁਆਰਾ ਵਿਚਲਨ 93 - 96

2.4 ਧੁਨੀ ਅਲੋਪ ਦੁਆਰਾ ਵਿਚਲਨ 96 - 99

2.5 ਧੁਨੀ ਵਾਧੇ ਰਾਹੀਂ ਵਿਚਲਨ 100 - 100

2.6 ਧੁਨੀ ਘਾਟੇ ਰਾਹੀਂ ਵਿਚਲਨ 100 - 102

2.7 ਸ਼ਬਦ ਪੱਧਰ ਉੱਤੇ ਵਿਚਲਨ 103 - 103

2.7.1 ਨਵੇਂ ਸ਼ਬਦਾਂ ਦੀ ਸ੍ਰੇਣੀ 103 - 107

2.7.2 ਪ੍ਰਚਲਿਤ ਸ਼ਬਦਾਂ ਦੇ ਰੂਪ ਪਰਿਵਰਤਨ ਦੁਆਰਾ ਵਿਚਲਨ 107 - 112

2.8 ਅਰਥ ਪੱਧਰ ਉੱਤੇ ਵਿਚਲਨ 112 - 121


**ਅਧਿਆਇ ਤੀਜਾ**

**ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ : ਵਿਪਥਨ ਦਾ ਪੱਧਰ**


3.1 ਵਿਪਥਨ ਦਾ ਪੱਧਰ 122 - 125

3.2 ਧੁਨੀ ਪੱਧਰ ਉਤੇ ਵਿਪਥਨ 125 - 131

3.3 ਸ਼ਬਦ ਪੱਧਰ ਉਤੇ ਵਿਪਥਨ 131 - 139

3.4 ਅਰਥ ਪੱਧਰ ਉਤੇ ਵਿਪਥਨ 139 - 141

3.5 ਲਿਖਤ ਪੱਧਰ ਉਤੇ ਵਿਪਥਨ 142 - 142

3.5.1 ਜੋੜਨੀ ਤੋਂ ਬਿਨਾ ਅਤੇ ਜੋੜਨੀ ਵਾਲੇ ਸਮਾਸ ਰਾਹੀਂ ਵਿਪਥਨ 142 - 145

3.5.2 ਡੈਸ਼ ਦੀ ਵਰਤੋਂ ਰਾਹੀਂ ਵਿਪਥਨ 145 - 145

3.5.3 ਡਾਟਸ ਰਾਹੀਂ ਵਿਪਥਨ 145 - 146

**ਅਧਿਆਇ ਚੌਥਾ**

**ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ: ਸਮਾਨੰਤਰਤਾ ਦਾ ਪੱਧਰ**

4.1 ਸਮਾਨੰਤਰਤਾ ਦਾ ਪੱਧਰ 147 - 148

4.2 ਸਮਤਾ ਪੱਖੀ ਸਮਾਨੰਤਰਤਾ 148 - 157

4.2.1 ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ 157 - 163

4.2.2 ਮੱਧ ਸਥਿਤੀ ਸਮਤਾ ਪੱਖੀ ਸਮਾਨੰਤਰਤਾ 163 - 164

4.2.3 ਅੰਤ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ 165 - 168

4.2.4 ਤੀਹਰੀ ਸ਼ਬਦ ਬਣਤਰ ਸਮਤਾ ਪੱਖੀ ਸਮਾਨੰਤਰਤਾ 168 - 170

4.3 ਵਿਰੋਧ ਪੱਖੀ ਸਮਾਨੰਤਰਤਾ 170 - 175

**ਅਧਿਆਇ ਪੰਜਵਾਂ**

**ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ : ਵਿਰਲਤਾ ਦਾ ਪੱਧਰ**

5.1 ਵਿਰਲਤਾ ਦਾ ਪੱਧਰ 176 - 178

5.2 ਅਰਥ ਪੱਧਰ ਤੇ ਵਿਰਲਤਾ 178 - 188

5.3 ਸਮਾਸ ਪੱਧਰ ਤੇ ਵਿਰਲਤਾ 188 - 189

5.4 ਨਵੇਂ ਸਮਾਸ ਸ਼ਬਦਾਂ ਰਾਹੀਂ ਵਿਰਲਤਾ 190 - 197

5.5 ਦੋ ਸਮ ਸ਼ਬਦੀ ਜੋੜਨੀ ਵਾਲੇ ਸਮਾਸ ਸ਼ਬਦਾਂ ਵਿੱਚ ਵਿਰਲਤਾ 197 - 198

5.6 ਜੋੜਨੀ ਤੋਂ ਬਿਨਾ ਸਮਾਸੀ ਸ਼ਬਦਾਂ ਵਿਚ ਵਿਰਲਤਾ 198 - 200

5.7 ਸਧਾਰਣ ਸ਼ਬਦਾਂ ਰਾਹੀਂ ਸਮਾਸ ਵਿਰਲਤਾ 200 - 202

5.8 ਨਵੇਂ ਸ਼ਬਦਾਂ ਦੀ ਸੂਚੀ 202 - 203

**ਅਧਿਆਇ ਛੇਵਾਂ**

**ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ : ਵਿਭਿੰਨ ਸ਼ੈਲੀਆਂ**


| | | |
|---|---|---|
| 6.1 | ਬਿੰਬਮਈ ਸ਼ੈਲੀ | 204 - 210 |
| 6.2 | ਅਲੰਕਾਰ ਸ਼ੈਲੀ | 210 - 213 |
| 6.3 | ਮਾਰਕਸਵਾਦੀ ਸ਼ੈਲੀ | 213 - 216 |
| 6.4 | ਪ੍ਰਸ਼ਨੋਤਰੀ ਸ਼ੈਲੀ | 216 - 219 |
| 6.5 | ਸੰਬੋਧਨੀ ਸ਼ੈਲੀ | 219 - 224 |
| 6.6 | ਵਿਅੰਗਾਤਮਕ ਸ਼ੈਲੀ | 224 - 227 |
| 6.7 | ਯਥਾਰਥਵਾਦੀ ਸ਼ੈਲੀ | 227 - 229 |
| 6.8 | ਮਨਬਚਨੀ ਸ਼ੈਲੀ | 229 - 231 |
| 6.9 | ਵਿਦਰੋਹੀ ਸ਼ੈਲੀ | 232 - 238 |
| 6.10 | ਮਾਨਵਵਾਦੀ ਸ਼ੈਲੀ | 238 - 243 |
| 6.11 | ਨਸੀਹਤਵਾਦੀ ਸ਼ੈਲੀ | 243 - 244 |
| **ਸਿੱਟੇ ਤੇ ਸਥਾਪਨਾਵਾਂ** | | 245 - 252 |
| **ਸਹਾਇਕ ਪੁਸਤਕ-ਸੂਚੀ** | | 253 - 259 |

# ਭੂਮਿਕਾ

ਭਾਸ਼ਾ ਮਨੁੱਖ ਦੁਆਰਾ ਲੱਭਿਆ ਗਿਆ ਸੰਚਾਰ ਦਾ ਸਰਵੋਤਮ ਸਾਧਨ ਹੈ। ਭਾਸ਼ਾ ਬੁਲਾਰੇ ਅਤੇ ਲੇਖਕ ਆਪਣੇ ਭਾਵਾਂ ਦੀ ਅਭਿਵਿਅਕਤੀ, ਭਾਸ਼ਾ ਦੇ ਮਾਧਿਅਮ ਰਾਹੀਂ ਕਰਦੇ ਹਨ। ਭਾਸ਼ਾ ਦੇ ਮਾਧਿਅਮ ਰਾਹੀਂ ਮਨੁੱਖੀ ਸਮਾਜ ਦੀ ਸਿਰਜਣਾ ਕਰਨੀ ਆਸਾਨ ਹੋਈ ਹੈ। ਸਾਹਿਤਕਾਰ ਆਪਣੇ ਭਾਵਾਂ ਅਤੇ ਵਿਚਾਰਾਂ ਦਾ ਸਧਾਰਨ ਪ੍ਰਗਟਾਵਾ ਕਰਕੇ ਸੰਤੁਸ਼ਟ ਨਹੀਂ ਹੁੰਦਾ ਹੈ। ਉਸਦੀ ਇਸੇ ਬਿਰਤੀ ਵਿਚੋਂ ਹੀ ਸਾਹਿਤ ਭਾਸ਼ਾ ਦਾ ਜਨਮ ਹੁੰਦਾ ਹੈ। ਭਾਸ਼ਾ ਅਤੇ ਸਾਹਿਤ ਵਿਚਲਾ ਸੰਬੰਧ ਅਟੁੱਟ ਹੈ। ਸਾਹਿਤਕਾਰ ਭਾਸ਼ਾ ਦੀ ਯੋਗ ਵਰਤੋਂ ਕਰਕੇ ਹੀ ਰਚਨਾਵਾਂ ਦੀ ਸਿਰਜਣਾ ਕਰਦਾ ਹੈ। ਭਾਸ਼ਾ ਅਤੇ ਸਾਹਿਤ ਨੂੰ ਜੋੜਨ ਵਾਲੀ ਕੜੀ ਨੂੰ ਸ਼ੈਲੀ ਕਿਹਾ ਜਾਂਦਾ ਹੈ ਪਰ ਜਿੱਥੇ ਭਾਸ਼ਾ ਵਿਗਿਆਨ ਵਿਹਾਰ ਭਾਸ਼ਾ ਅਤੇ ਸਾਹਿਤ ਭਾਸ਼ਾ ਵਿਚ ਵੱਖਰਤਾ ਕਰਦਾ ਹੋਇਆ ਭਾਸ਼ਾ ਦੀ ਪ੍ਰਕਾਰਜਸ਼ੀਲਤਾ ਨੂੰ ਪ੍ਰਕਾਸ਼ਮਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ, ਉੱਥੇ ਸ਼ੈਲੀ ਵਿਗਿਆਨ ਸਾਹਿਤ ਸਿਰਜਣਾ ਵਿਚ ਭਾਸ਼ਾ ਦੇ ਅਤਿ ਸੁਚੇਤ ਤੇ ਜਟਿਲ ਪ੍ਰਯੋਗ ਸੰਬੰਧੀ ਵੱਖ-ਵੱਖ ਸਾਹਿਤਕ ਵਿਧਾਵਾਂ/ਰੂਪਾਂ ਉੱਪਰ ਧਿਆਨ ਕੇਂਦਰਿਤ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਕਹਿ ਸਕਦੇ ਹਾਂ ਕਿ ਸ਼ੈਲੀ ਵਿਗਿਆਨ ਸਾਹਿਤ ਰਚਨਾ ਦੀ ਸ਼ਬਦ ਬਣਤਰ ਅਤੇ ਛੋਟੀਆਂ-ਛੋਟੀਆਂ ਘਟਨਾਵਾਂ, ਸਥਿਤੀਆਂ-ਪ੍ਰਸਥਿਤੀਆਂ ਦੇ ਵਿਸਥਾਰਾਂ ਨੂੰ ਆਪਣੀ ਦ੍ਰਿਸ਼ਟੀ ਦਾ ਕੇਂਦਰ ਬਣਾਉਂਦਾ ਹੋਇਆ ਰਚਨਾ ਦੀ ਕਲਾਤਮਿਕ ਸੁੰਦਰਤਾ ਨੂੰ ਉਭਾਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਅਧਿਐਨ ਦੇ ਅੰਤਰਗਤ ਸ਼ੈਲੀ ਵਿਗਿਆਨ ਇਹ ਦੇਖਣ ਦੀ ਕੋਸ਼ਿਸ਼ ਕਰਦਾ ਹੈ ਕਿ ਸਾਹਿਤ ਰਚਨਾ ਵਿਚ ਸੁਹਜਾਤਮਕ ਉਦੇਸ਼ ਦੀ ਪੂਰਤੀ ਹਿੱਤ ਭਾਸ਼ਾ ਦੀ ਵਰਤੋਂ ਕਿਸ ਕੁਸ਼ਲਤਾ ਸਹਿਤ ਕੀਤੀ ਗਈ ਹੈ। ਜਿਵੇਂ ਕਿ ਸ਼ੈਲੀ ਵਿਗਿਆਨ ਖਾਸ ਤਰ੍ਹਾਂ ਦੀ ਸ਼ਬਦ ਚੋਣ ਜਾਂ ਸ਼ਬਦ ਜੜ੍ਹਤ, ਵਿਸ਼ੇਸ਼ ਤਰ੍ਹਾਂ ਦਾ ਵਾਕ ਬੋਧ, ਵਾਕ ਰਚਨਾ, ਦਬਾਓ ਆਦਿ ਦੀ ਪਛਾਣ ਕਰਦਾ ਹੋਇਆ ਸਾਹਿਤਕ ਰਚਨਾ ਨੂੰ ਵਿਸ਼ੇਸ਼ ਦ੍ਰਿਸ਼ਟੀ ਦੁਆਰਾ ਉਭਾਰਨ ਦਾ ਯਤਨ ਕਰਦਾ ਹੈ।

ਸਾਹਿਤਕਾਰ ਜਦੋਂ ਕਿਸੇ ਸਾਹਿਤਕ ਕਿਰਤ ਦੀ ਸਿਰਜਣਾ ਕਰਦਾ ਹੈ ਤਾਂ ਉਹ ਭਾਸ਼ਾ ਦੀ ਵਿਸ਼ੇਸ਼ ਪ੍ਰਕਾਰ ਦੀ ਵਰਤੋਂ ਕਰਦਾ ਹੈ। ਉਸਦੀ ਇਹ ਵਿਸ਼ੇਸ਼ ਵਰਤੋਂ ਉਸਦੀ ਸ਼ੈਲੀ ਹੁੰਦੀ ਹੈ ਜੋ ਉਸਨੂੰ ਦੂਜੇ

ਸਾਹਿਤਕਾਰਾਂ ਨਾਲੋ ਵੱਖ ਕਰਦੀ ਹੈ। ਸ਼ੈਲੀ ਵਿਚਾਰ ਜਾਂ ਭਾਵ ਨੂੰ ਵਿਅਕਤ ਕਰਨ ਦਾ ਇਕ ਢੰਗ ਹੈ। ਸ਼ੈਲੀ ਰਚਨਾ ਦਾ ਉਹ ਉੱਚ ਸਿਧਾਂਤ ਹੈ ਜਿਸ ਦੁਆਰਾ ਲੇਖਕ ਆਪਣੇ ਵਿਸ਼ੇ ਦੀ ਗਹਿਰਾਈ ਵਿੱਚ ਉੱਤਰ ਕੇ ਆਪਣੇ ਵਿਸ਼ੇ ਦਾ ਪ੍ਰਗਟਾਵਾ ਕਰਦਾ ਹੈ ਪਰ ਜਦੋਂ ਕਿਸੇ ਸਾਹਿਤਕਾਰ ਦੀ ਰਚਨਾ ਜਾਂ ਕਿਰਤ ਦਾ ਭਾਸ਼ਾ ਦੇ ਪੱਖ ਤੋਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਉੱਥੇ ਸ਼ੈਲੀ ਵਿਗਿਆਨ ਵਿਧੀ ਕਿਰਿਆਸ਼ੀਲ ਹੁੰਦੀ ਹੈ। ਸ਼ੈਲੀ ਇਕ ਅਜਿਹੀ ਵਿਸ਼ਲੇਸ਼ਣ ਵਿਧੀ ਹੈ ਜਿਸ ਵਿੱਚ ਸ਼ੈਲੀ ਦਾ ਵਿਗਿਆਨਕ ਅਧਿਐਨ ਕੀਤਾ ਜਾਂਦਾ ਹੈ। ਇਹ ਵਿਧੀ ਸਾਹਿਤਕ ਕਿਰਤਾਂ ਦੀਆਂ ਭਾਸ਼ਾਈ ਇਕਾਈਆਂ ਦਾ ਕਲਾਤਮਕ ਢੰਗ ਨਾਲ ਵਿਸ਼ਲੇਸ਼ਣ ਅਤੇ ਸੰਸਲੇਸ਼ਣ ਕਰਦੀ ਹੈ। ਇਸ ਤਰ੍ਹਾਂ ਦੇ ਕਾਰਜਾਂ ਨਾਲ ਸਾਹਿਤਕ ਰਚਨਾਵਾਂ ਨੂੰ ਨਾ ਸਿਰਫ਼ ਅਸੀਂ ਉਹਨਾਂ ਦੀ ਤਹਿ ਨੂੰ ਹੀ ਨਹੀਂ ਸਮਝ ਸਕਦੇ, ਬਲਕਿ ਭਵਿੱਖ ਵਿਚ ਸਿਰਜੀਆਂ ਜਾਣ ਵਾਲੀਆਂ ਸਾਹਿਤਕ ਰਚਨਾਵਾਂ ਨੂੰ ਸਿਧਾਂਤਕ ਪੱਧਰ ਤੇ ਸਮਝਣ ਲਈ ਵਿਗਿਆਨਕ ਸਮਝ ਪੈਦਾ ਕਰਨ ਦਾ ਰਸਤਾ ਵੀ ਪੈਦਾ ਕਰ ਸਕਦੇ। ਹੱਥਲੇ ਖੋਜ-ਕਾਰਜ ਵਿਚ **ਜੁਝਾਰਵਾਦੀ ਪੰਜਾਬੀ ਕਾਵਿ: ਸ਼ੈਲੀ ਵਿਗਿਆਨਿਕ ਅਧਿਐਨ (ਲਾਲ ਸਿੰਘ ਦਿਲ ਅਤੇ ਪਾਸ਼ ਦੇ ਵਿਸ਼ੇਸ਼ ਸੰਦਰਭ ਵਿੱਚ)** ਹੈ। ਸਮੁੱਚੇ ਖੋਜ ਕਾਰਜ ਨੂੰ ਛੇ ਅਧਿਆਇਆਂ ਵਿਚ ਵੰਡਿਆ ਗਿਆ ਹੈ।

ਅਧਿਆਇ ਪਹਿਲਾ **ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ** ਇਸ ਖੋਜ ਦੇ ਅੰਤਰਗਤ ਸਭ ਤੋਂ ਪਹਿਲਾਂ ਜਾਣ-ਪਛਾਣ , ਖੋਜ ਦੇ ਉਦੇਸ਼, ਖੋਜ-ਵਿਧੀਆਂ, ਖੋਜ ਨਾਲ ਸੰਬੰਧਿਤ ਪਹਿਲਾਂ ਹੋ ਚੁੱਕਿਆ ਕਾਰਜ, ਜੁਝਾਰਵਾਦ: ਇਤਿਹਾਸਕ ਪੱਖ, ਸ਼ੈਲੀ ਵਿਗਿਆਨ: ਇਤਿਹਾਸਕ ਪੱਖ, ਸ਼ੈਲੀ ਵਿਗਿਆਨ ਅਤੇ ਭਾਸ਼ਾ ਵਿਗਿਆਨ ਦਾ ਸੰਬੰਧ, ਸ਼ੈਲੀ ਵਿਗਿਆਨ ਦੇ ਪਿਤਾਮਾ : ਚਾਰਲਸ ਬੇਲੀ, ਸ਼ੈਲੀ ਵਿਗਿਆਨ ਦੀਆਂ ਪਰਿਭਾਸ਼ਾਵਾਂ , ਸ਼ੈਲੀ ਵਿਗਿਆਨ ਦੇ ਸਕੂਲ , ਸ਼ੈਲੀ ਵਿਗਿਆਨ ਮਾਡਲ ਦੇ ਆਧਾਰ, ਅਗਰਭੂਮਣ (Foregrounding), ਵਿਚਲਨ (Deviation), ਵਿਪਥਨ (Deflection), ਸਮਾਨੰਤਰਤਾ (Parallism), ਵਿਰਲਤਾ (Rareness) ਆਦਿ ਦੀ ਸਿਧਾਂਤਕ ਚਰਚਾ ਕੀਤੀ ਗਈ ਹੈ।

ਅਧਿਆਇ ਦੂਜਾ **ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ: ਵਿਚਲਨ ਪੱਧਰ** ਹੈ, ਜਿਸ ਵਿਚ ਵਿਚਲਨ ਨੂੰ ਭਾਸ਼ਕ ਇਕਾਈਆਂ ਰਾਹੀਂ ਵੰਡ ਕੇ ਦੇਖਿਆ ਗਿਆ ਹੈ। ਵਿਚਲਨ ਪੱਧਰ ਨਾਲ ਜਾਣ-ਪਛਾਣ

ਕਰਾਉਂਦੇ ਹੋਏ ਧੁਨੀ ਪੱਧਰ ਉੱਤੇ ਵਿਚਲਨ, ਧੁਨੀ ਨੂੰ ਅੱਗੋਂ ਚਾਰ ਪੱਧਰਾਂ ਤੇ ਵੰਡਿਆ ਹੈ ਧੁਨੀ ਬਦਲ ਰਾਹੀਂ ਵਿਚਲਨ, ਧੁਨੀ ਅਲੋਪ ਰਾਹੀਂ ਵਿਚਲਨ, ਧੁਨੀ ਘਾਟੇ ਰਾਹੀਂ ਵਿਚਲਨ ਅਤੇ ਧੁਨੀ ਵਾਧੇ ਰਾਹੀਂ ਵਿਚਲਨ। ਇਸ ਤੋਂ ਬਾਅਦ ਸ਼ਬਦ ਪੱਧਰ ਉੱਤੇ ਵਿਚਲਨ ਅਤੇ ਜਿਸ ਨੂੰ ਅੱਗੋਂ ਦੋ ਭਾਗਾਂ ਵਿਚ ਵੰਡਿਆ ਹੈ। ਨਵੇਂ ਸ਼ਬਦਾਂ ਰਾਹੀਂ ਵਿਚਲਨ ਅਤੇ ਪ੍ਰਚਲਿਤ ਸ਼ਬਦਾਂ ਦੀ ਰੂਪ ਤਬਦੀਲੀ ਰਾਹੀਂ ਵਿਚਲਨ ਅਤੇ ਅਰਥ ਪੱਧਰ ਉੱਤੇ ਵਿਚਲਨ ਜਿਸ ਵਿਚ ਅਰਥਾਂ ਨੂੰ ਵਿਚਲਿਤ ਕਰਕੇ ਅਰਥਾਂ ਨੂੰ ਅਗਰਭੂਮਣ ਵਿਚ ਲਿਆਂਦਾ ਗਿਆ ਹੈ।

ਅਧਿਆਇ ਤੀਜਾ **ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ: ਵਿਪਥਨ ਦਾ ਪੱਧਰ** ਜੋ ਅਗਰਭੂਮਣ ਦਾ ਦੂਜਾ ਮਹੱਤਵਪੂਰਨ ਤੱਤ ਹੈ। ਇਸ ਨੂੰ ਭਾਸ਼ਕ ਇਕਾਈਆਂ ਰਾਹੀਂ ਵੰਡਿਆ ਗਿਆ ਹੈ, ਧੁਨੀ ਰਾਹੀਂ ਵਿਪਥਨ, ਸ਼ਬਦ ਪੱਧਰ ਰਾਹੀਂ ਵਿਪਥਨ, ਰੂਪ ਪੱਧਰ ਰਾਹੀਂ ਵਿਪਥਨ, ਵਾਕ ਪੱਧਰ ਰਾਹੀਂ ਵਿਪਥਨ, ਅਰਥ ਪੱਧਰ ਰਾਹੀਂ ਵਿਪਥਨ ਅਤੇ ਲਿਖਤ ਪੱਧਰ ਜਾਂ ਆਰਥੋਗ੍ਰਾਫਿਕ ਪੱਧਰ ਰਾਹੀਂ ਵਿਪਥਨ ਆਦਿ। ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਵਲੋਂ ਆਪਣੇ ਅਪਣਾਏ ਪ੍ਰਤੀਮਾਨਕ ਰੂਪ ਨੂੰ ਛੱਡ ਕੇ ਦੂਜੇ ਰੂਪ ਨੂੰ ਅਪਣਾਉਣ ਤੇ ਵਿਪਥਨ ਰਾਹੀਂ ਅਗਰਭੂਮਿਤ ਹੋਈ ਸ਼ਬਦਾਵਲੀ ਨੂੰ ਉਭਾਰਿਆ ਗਿਆ ਹੈ।

ਅਧਿਆਇ ਚੌਥਾ **ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ: ਸਮਾਨੰਤਰਤਾ ਦਾ ਪੱਧਰ** ਨਾਲ ਸੰਬੰਧਿਤ ਹੈ ਸਮਾਨੰਤਰਤਾ ਅਗਰਭੂਮਣ ਦਾ ਤੀਸਰਾ ਮਹੱਤਵਪੂਰਨ ਤੱਤ ਹੈ ਸਭ ਤੋਂ ਪਹਿਲਾ ਸਮਾਨੰਤਰਤਾ ਨੂੰ ਧੁਨੀ ਪੱਧਰ ਤੇ ਦੇਖਿਆ ਗਿਆ ਹੈ ਇਸ ਤੋਂ ਬਾਅਦ ਸ਼ਬਦ ਪੱਧਰ ਦੀ ਸਮਾਨੰਤਰਤਾ ਨੂੰ ਲਿਆ ਹੈ ਜਿਸ ਨੂੰ ਅੱਗੋਂ ਸ਼ਬਦ ਪੱਧਰ ਦੀ ਸਮਤਾ ਸਮਾਨੰਤਰਤਾ ਦੇ ਆਧਾਰਾਂ ਵਿਚ ਵੰਡਿਆ ਹੈ। ਸ਼ਬਦ ਪੱਧਰ ਦੀ ਸਮਤਾ ਸਮਾਨੰਤਰਤਾ ਨੂੰ ਚਾਰ ਪੱਧਰਾਂ ਤੇ ਲਗਾਤਾਰ ਦੁਹਰਾਉ ਵਾਲੀ ਸਾਧਾਰਣ ਸਮਾਨੰਤਰਤਾ, ਆਦਿ ਦੁਹਰਾਉ ਵਾਲੀ ਸਮਾਨੰਤਰਤਾ, ਮੱਧ ਸਥਿਤੀ ਸਮਤਾ ਪੱਖੀ ਸਮਾਨੰਤਰਤਾ, ਅੰਤ ਦੁਹਰਾਉ ਵਾਲੀ ਸਮਾਨੰਤਰਤਾ, ਤੀਹਰੀ ਸ਼ਬਦ ਬਣਤਰ ਸਮਾਨੰਤਰਤਾ ਦੇ ਆਧਾਰ ਤੇ ਵੰਡਿਆ ਹੈ। ਇਸ ਤੋਂ ਬਾਅਦ ਵਿਰੋਧੀ ਸ਼ਬਦ ਸਮਾਨੰਤਰਤਾ ਨੂੰ ਲਿਆ ਹੈ। ਅਰਥ ਪੱਧਰ ਦੀ ਸਮਾਨੰਤਰਤਾ ਅਤੇ ਲਿਖਤ ਪੱਧਰ ਦੀ ਸਮਾਨੰਤਰਤਾ ਨੂੰ ਸ਼ਾਮਿਲ ਕੀਤਾ ਹੈ,

ਅਧਿਆਇ ਪੰਜਵਾਂ **ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ: ਵਿਰਲਤਾ ਦਾ ਪੱਧਰ** ਇਹ ਸੈਲੀ ਵਿਗਿਆਨ ਦਾ ਚੌਥਾ ਮਹੱਤਵਪੂਰਨ ਤੱਤ ਹੈ। ਇਸ ਵਿਚ ਦੋ ਹੀ ਪੱਧਰਾਂ ਤੇ ਵਿਰਲਤਾ ਨੂੰ ਆਧਾਰ ਬਣਾਇਆ ਹੈ ਪਹਿਲਾ ਅਰਥ ਪੱਧਰ  ਦੀ ਵਿਰਲਤਾ ਦੂਜਾ ਸਮਾਸੀ ਰੂਪ ਵਿਚ ਵਿਰਲਤਾ ਕਿਉਂਕਿ ਜਿੱਥੇ ਉਨ੍ਹਾਂ ਦੇ ਸਿਰਜੇ ਸ਼ਬਦ ਅਤੇ ਪ੍ਰਤੀਕ ਕਿਤੇ ਨਹੀਂ ਮਿਲਦੇ ਉੱਥੇ ਉਨ੍ਹਾਂ ਦੁਆਰਾ ਸਿਰਜੇ ਸਮਾਸ ਵੀ ਕਿਤੇ ਨਹੀਂ ਮਿਲਦੇ ਇਸ ਕਰਕੇ ਇਸ ਖੋਜ-ਕਾਰਜ ਵਿਚ ਦੋ ਪੱਧਰਾਂ ਨੂੰ ਵਿਰਲਤਾ ਦੇ ਆਧਾਰ ‘ਤੇ ਦੇਖਿਆ ਹੈ, ਜਿਸ ਵਿਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਕਵਿਤਾਵਾਂ ਤੋਂ ਉਹ ਅਰਥ ਲਏ ਹਨ ਜੋ ਰਚਨਾ ਵਿਚ ਸਿਰਫ਼ ਇਕ ਵਾਰ ਹੀ ਆਉਂਦੇ ਹਨ

ਅਧਿਆਇ ਛੇਵਾਂ **ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ: ਵਿਭਿੰਨ ਸ਼ੈਲੀਆਂ** ਇਸ ਖੋਜ-ਕਾਰਜ ਦਾ ਛੇਵਾਂ ਅਧਿਆਇ ਵਿਚ ਸ਼ੈਲੀਆਂ ਨਾਲ ਸੰਬੰਧਿਤ ਅਧਿਐਨ ਕੀਤਾ ਗਿਆ ਹੈ ਇਸ ਵਿਚ ਵੱਖੋ-ਵੱਖਰੀਆਂ ਸ਼ੈਲੀਆਂ ਨੂੰ ਲਿਆ ਹੈ ਜਿਵੇਂ  ਬਿੰਬਮਈ ਸ਼ੈਲੀ , ਅਲੰਕਾਰ ਸ਼ੈਲੀ, ਮਾਰਕਸਵਾਦੀ ਸ਼ੈਲੀ, ਪ੍ਰਸ਼ਨੋਤਰੀ ਸ਼ੈਲੀ, ਸੰਬੋਧਨੀ ਸ਼ੈਲੀ, ਵਿਅੰਗਾਤਮਕ ਸ਼ੈਲੀ , ਯਥਾਰਥਵਾਦੀ ਸ਼ੈਲੀ,  ਮਨਬਚਨੀ ਸ਼ੈਲੀ , ਵਿਦਰੋਹੀ ਸ਼ੈਲੀ , ਮਾਨਵਵਾਦੀ ਸ਼ੈਲੀ, ਨਸੀਹਤਵਾਦੀ ਸ਼ੈਲੀ ਆਦਿ ਨੂੰ ਉਹਨਾਂ ਦੀਆਂ ਕਵਿਤਾਵਾਂ ਵਿਚ ਦੇਖਿਆ ਗਿਆ ਹੈ।

## ਅਧਿਆਇ ਪਹਿਲਾ

## ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ

**1.1 ਜਾਣ-ਪਛਾਣ:** ਭਾਸ਼ਾ ਮਨੁੱਖ ਦੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨ ਦਾ ਮਹੱਤਵਪੂਰਨ ਸਾਧਨ ਹੈ, ਜਿਸ ਦੁਆਰਾ ਮਨੁੱਖ ਲਿਖ ਕੇ ਜਾ ਬੋਲ ਕੇ ਆਪਣੇ ਮਨੋਭਾਵਾਂ ਦੀ ਅਭਿਵਿਅਕਤੀ ਕਰਦਾ ਹੈ। ਭਾਸ਼ਾ ਹੀ ਮਨੁੱਖ ਨੂੰ ਪਸ਼ੂ/ਜਾਨਵਰ ਜਗਤ ਤੋਂ ਨਿਖੇੜਦੀ ਹੈ। ਭਾਸ਼ਾ ਦੀ ਕੁਸ਼ਲਤਾ ਨਾਲ ਕੀਤੀ ਗਈ ਵਰਤੋਂ ਹੀ ਸਾਹਿਤਕਾਰ ਅਤੇ ਸਧਾਰਨ ਮਨੁੱਖ ਵਿਚ ਵੱਖਰਤਾ ਵੀ ਪੈਦਾ ਕਰਦੀ ਹੈ। ਸਾਹਿਤਕਾਰ ਆਪਣੇ ਭਾਵਾਂ ਦਾ ਸਾਦੇ ਢੰਗ ਨਾਲ ਪ੍ਰਗਟਾਵਾ ਕਰਨ ਦੀ ਥਾਂ ਅਨੇਕਾਂ ਪ੍ਰਕਾਰ ਦੇ ਰਸ ਅਤੇ ਅਲੰਕਾਰਾਂ ਦੀ ਵਰਤੋਂ ਕਰਕੇ ਭਾਸ਼ਾ ਨੂੰ ਹੋਰ ਸ਼ਿੰਗਾਰਦਾ ਹੈ । ਹਰੇਕ ਲੇਖਕ ਆਪਣੇ ਢੰਗ ਨਾਲ ਸਾਹਿਤ ਰਚਨਾ ਕਰਕੇ ਆਪਣੇ ਪਾਠਕਾਂ ਤੱਕ ਪਹੁੰਚਦਾ ਹੈ, ਸਾਹਿਤਕਾਰ ਦੁਆਰਾ ਵਰਿਤਆ ਵੱਖਰਾ ਢੰਗ ਹੀ ਉਸਦੀ ਸ਼ੈਲੀ ਹੈ। ਇਹ ਸ਼ੈਲੀ ਹੀ ਲੇਖਕ ਤੋਂ ਲੇਖਕ ਦੀ ਵੱਖਰਤਾ ਨੂੰ ਹੀ ਰੂਪਮਾਨ ਨਹੀਂ ਕਰਦੀ ਸਗੋਂ ਸਾਹਿਤ ਦੀ ਭਾਸ਼ਾ ਆਮ ਭਾਸ਼ਾ ਨਾਲੋਂ ਵੱਖਰਤਾ ਪ੍ਰਦਾਨ ਕਰਦੀ ਹੈ।

ਸ਼ੈਲੀ ਆਧੁਨਿਕ ਦੌਰ ਵਿਚ ਭਾਵੇਂ ਵਿਸ਼ੇਸ਼ ਸਥਾਨ ਰੱਖਦੀ ਹੈ ਪ੍ਰੰਤੂ ਭਾਰਤੀ ਸੰਸਕ੍ਰਿਤੀ ਵਿਚ ਇਸਦੀ ਵਰਤੋਂ ਬਹੁਤ ਪੁਰਾਣੀ ਹੈ। ਭਾਰਤੀ ਸੰਸਕ੍ਰਿਤੀ ਵਿਚ ਸ਼ੈਲੀ ਸ਼ਬਦ ਦੀ ਵਰਤੋਂ ਸਾਹਿਤ ਤੋਂ ਇਲਾਵਾ ਹੋਰ ਕਲਾਵਾਂ ਵਿੱਚ ਵੀ ਕੀਤੀ ਜਾਂਦੀ ਹੈ। ਸ਼ੈਲੀ ਸ਼ਬਦ ਦੀ ਵਿਉਂਤਬੰਦੀ ਸੰਸਕ੍ਰਿਤ ਦੇ 'ਸ਼ੀਲ' ਧਾਤੂ ਤੋਂ ਹੋਈ ਹੈ। ਜਿਸ ਦਾ ਅਰਥ ਕਿਸੇ ਕੰਮ ਨੂੰ ਵਿਸ਼ੇਸ਼ ਢੰਗ ਨਾਲ ਕਰਨ ਦੀ ਵਿਧੀ ਤੋਂ ਲਿਆ ਜਾਂਦਾ ਹੈ। ਇਹ ਸ਼ਬਦ ਲੈਟਿਨ ਭਾਸ਼ਾ ਦੇ ਸ਼ਬਦ 'ਸਟੀਲਸ' ਤੋਂ ਬਣਿਆ ਹੈ। ਸਟਾਈਲ ਸ਼ਬਦ ਤੋਂ ਪਹਿਲਾਂ ਉਸ ਖਾਸ ਔਜ਼ਾਰ ਦਾ ਅਰਥ ਦਿੰਦਾ ਹੈ, ਇਸ ਔਜ਼ਾਰ ਤੋਂ ਮੋਮ ਚੜੀ ਟਿੱਕੀ ਤੇ ਲਿਖਣ ਦਾ ਕੰਮ ਲਿਆ ਜਾਂਦਾ ਸੀ। 1577 ਈ: ਵਿੱਚ ਇਸ ਪਦ (ਸਤਰ) ਦਾ ਅਰਥ ਸੂਰਜ ਘੜੀ, 1631 ਈ: ਵਿੱਚ ਆਪ੍ਰੇਸ਼ਨ ਟੈਸਟ, 1662 ਈ: ਵਿੱਚ ਕਿਸੇ ਚੀਜ਼ ਨੂੰ ਪੁੱਟਣ ਵਾਲਾ ਔਜ਼ਾਰ, 1699 ਈ: ਵਿੱਚ ਹਥਿਆਰ, ਫਿਰ ਗ੍ਰਾਮੋਫੋਨ ਦੀ ਸੂਈ ਦਾ ਅਰਥ ਹੋ ਗਿਆ।

**ੳ) ਪੱਛਮੀ ਕਾਵਿ ਸ਼ਾਸਤਰ ਦੀ ਦ੍ਰਿਸ਼ਟੀ ਵਿੱਚ ਸ਼ੈਲੀ-ਵਿਗਿਆਨ:**

ਪੱਛਮੀ ਸਾਹਿਤ ਪ੍ਰੰਪਰਾ ਵਿੱਚ ਸ਼ੈਲੀ ਬਾਰੇ ਬਹੁਤ ਵਿਸਤ੍ਰਿਤ ਵਿਚਾਰ ਹੋਇਆ ਮਿਲਦਾ ਹੈ। ਪੱਛਮੀ ਸਾਹਿਤ ਪਰੰਪਰਾ ਵਿੱਚ ਇਸ ਦਾ ਆਰੰਭ ਪਲੈਟੋ ਤੇ ਅਰਸਤੂ ਤੋਂ ਹੋਇਆ ਮੰਨਿਆ ਜਾਂਦਾ ਹੈ। ਯੂਨਾਨ ਦੇ ਸਾਹਿਤ ਸਿਧਾਂਤ ਵਿਚ ਅਰਸਤੂ ਦਾ ਵਿਸ਼ੇਸ਼ ਸਥਾਨ ਸੀ। ਅਰਸਤੂ ਨੇ ਸ਼ੈਲੀ ਦੇ ਵਿਸ਼ੈ-ਵਸਤੂ ਦੇ ਅਨੁਕੂਲ ਹੋਣ ਤੇ ਜ਼ੋਰ ਦਿੱਤਾ ਸੀ। ਉਸ ਨੇ ਆਪਣੀਆਂ ਦੋ ਪੁਸਤਕਾਂ Rhetrica ਅਤੇ Poetics ਵਿੱਚ ਭਾਸ਼ਣ ਅਤੇ ਸਾਹਿਤ ਦੋਵਾਂ ਦੇ ਸੰਦਰਭ ਵਿੱਚ ਸ਼ੈਲੀ ਦੀ ਚਰਚਾ ਕੀਤੀ। ਡਾ.ਗੁਰਚਰਨ ਸਿੰਘ ਅਰਸ਼ੀ ਆਪਣੀ ਪੁਸਤਕ ***ਪੱਛਮੀ ਕਾਵਿ ਸ਼ਾਸ਼ਤਰ*** ਵਿੱਚ ਪੱਛਮੀ ਕਾਵਿ ਸ਼ਾਸ਼ਤਰ ਨੂੰ ਸੁਕਰਾਤ ਨਾਲ ਜੋੜਦੇ ਹੋਏ ਲਿਖਦੇ ਹਨ ਕਿ ਪੱਛਮੀ ਕਾਵਿ-ਸ਼ਾਸ਼ਤ੍ਰ ਦੀ ਇੱਕ ਲੰਮੀ ਤੇ ਗੌਰਵਮਈ ਪਰੰਪਰਾ ਹੈ, ਜੋ ਸੁਕਰਾਤ ਦੇ ਸਮੇਂ ਤੋਂ ਲੈ ਕੇ ਅਜੋਕੇ ਸਮੇਂ ਤੱਕ ਨਿਰੰਤਰ ਕਾਇਮ ਹੈ। ਇਸਦਾ ਆਰੰਭ ਗੈਰਕੋ-ਰੋਮਨ ਕਾਵਿ- ਸ਼ਾਸ਼ਤਰ ਦੀ ਮਰਯਾਦਾ-ਸਥਾਪਤੀ ਨਾਲ ਹੁੰਦਾ ਹੈ। (9)

ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਦੇ ਵਿਹਾਰ*** ਵਿੱਚ ਲੋਨਜਾਈਨਸ ਦੇ ਹਵਾਲੇ ਅਨੁਸਾਰ:

> ਸ਼ੈਲੀ ਨਾਲ ਆਪਣੀ ਨੇੜਤਾ ਦੇ ਅਧਾਰ ਤੇ ਇਹ ਯੂਨਾਨੀ ਵਿਦਵਾਨ 3 ਵਰਗਾਂ ਵਿਚ ਵੰਡੇ ਜਾਂਦੇ ਹਨ: ਪਹਿਲੇ ਵਰਗ ਵਿੱਚ ਭਾਸ਼ਣ ਦੇ ਸੰਦਰਭ ਵਿੱਚ ਭਾਸ਼ਾ ਸ਼ੈਲੀ ਬਾਰੇ ਸਿਧਾਂਤ ਸਿਰਜਣ ਵਾਲੇ ਅਤੇ ਦੂਸਰੇ ਵਰਗ ਵਿੱਚ ਭਾਸ਼ਣ ਦੇ ਸੰਦਰਭ ਵਿੱਚ ਸ਼ੈਲੀ ਬਾਰੇ ਚਰਚਾ ਕਰਨ ਵਾਲੇ ਵਿਦਵਾਨ ਸ਼ਾਮਿਲ ਹਨ। ਤੀਸਰੇ ਵਿਦਵਾਨ ਨਿਰੋਲ ਸਾਹਿਤਕ ਸ਼ੈਲੀ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹਨ। ਇਹਨਾਂ ਵਿੱਚ ਦੇਮੇਤ੍ਰਿਆਸ ਦੀ ਪੁਸਤਕ ਪੇਰੀ ਹਰਮੇਨਿਆਸ ਸਭ ਤੋਂ ਮਹੱਤਵਪੂਰਨ ਹੈ। ਉਸ ਨੇ ਵਾਕ ਅਤੇ ਉਪਵਾਕ ਦੇ ਪੱਧਰ ਉੱਤੇ ਸ਼ੈਲੀ ਦੀ

ਚਰਚਾ ਕੀਤੀ ਅਤੇ ਸ਼ੈਲੀ ਦੀਆ ਕਿਸਮਾਂ ਦਾ ਵਿਸਥਾਰ ਪੂਰਵਕ ਵਿਵੇਚਨ ਕੀਤਾ। (14-15)

ਡਾ. ਸ਼ਸ਼ੀਭੂਸ਼ਨ ਸੀਤਾਂਸ਼ੂ ਆਪਣੀ ਪੁਸਤਕ ***ਸ਼ੈਲੀ ਵਿਗਿਆਨ-ਸਿਧਾਂਤ ਤੇ ਵਿਹਾਰ*** ਮਿਲਟਨਮਰੇ ਦੇ ਹਵਾਲੇ ਨਾਲ ਲਿਖਦੇ ਹਨ : ਸ਼ੈਲੀ ਵਿਅਕਤੀਤਵ ਸੰਵੇਦਨਾ ਦੀ ਖਾਸੀਅਤ ਹੈ । ਸ਼ੈਲੀ ਪ੍ਰਤਿਪਾਦਨ ਦੀ ਤਕਨੀਕ ਹੈ। ਸਾਹਿਤ ਦੀ ਜੋ ਸਭ ਤੋਂ ਉੱਚੀ ਪ੍ਰਾਪਤੀ ਦੇ ਤੌਰ ਤੇ ਰੱਖਿਆ ਹੈ ਉਸਨੂੰ ਸਰੋਤਾ ਜਾਂ ਪਾਠਕ ਪਾਸੋਂ ਉਹਨਾਂ ਦੇ ਨਜ਼ਰੀਏ ਤੋਂ ਲਿਆ ਜਾਣ ਵਾਲਾ ਅਰਥ ਮੰਨਿਆ ਜਾਂਦਾ ਹੈ। (26) ਜੂਸ ਅਨੁਸਾਰ: ਨਿੱਜੀ ਸ਼ੈਲੀ, ਜਨਤਕ ਸ਼ੈਲੀ, ਕਲਾਤਮਕ ਜਾਂ ਸਾਹਿਤਕ ਸ਼ੈਲੀ । ਇਹ ਸ਼ੈਲੀਆਂ ਵਿਅਕਤੀ ਦੇ ਸਮਾਜੀਕਰਣ ਦੇ ਵੱਖਰੇ-ਵੱਖਰੇ ਸਤਰਾਂ ਨੂੰ ਅਨੁਰੂਪਤਾ ਦੇਣ ਵਾਲੀਆਂ ਹਨ । (31)

**ਸ਼ੈਲੀ-ਵਿਗਿਆਨ ਕੀ ਹੈ ?**

ਸ਼ੈਲੀ ਵਿਗਿਆਨ ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ ਇਸ ਵਿੱਚ ਸਾਹਿਤਕਾਰ ਦੀ ਕ੍ਰਿਤ ਦਾ ਸ਼ੈਲੀ ਪੱਖ ਅਤੇ ਉਸ ਦਾ ਵਿਗਿਆਨਕ ਅਧਿਅਨ ਕੀਤਾ ਜਾਂਦਾ ਹੈ । ਇਸ ਪ੍ਰਕਾਰ ਸ਼ੈਲੀ-ਵਿਗਿਆਨ ਕਿਸੇ ਕ੍ਰਿਤ ਪਾਠ ਜਾਂ ਰਚਨਾ ਨੂੰ ਕੇਵਲ ਵੱਖਰੇ-ਵੱਖਰੇ ਖੰਡਾਂ ਵਿੱਚ ਵੰਡਣ ਵਾਲੇ ਬਿਊਰੇ ਦੀ ਪ੍ਰਣਾਲੀ ਬਣ ਕੇ ਨਹੀਂ ਰਹਿ ਜਾਂਦੀ ਸਗੋਂ ਪਾਠ ਦੀ ਸਮਝ ਲਈ ਭਾਸ਼ਾ ਦੀਆਂ ਬਰੀਕੀਆਂ ਨੂੰ ਸਮਝਣ ਲਈ ਪਾਠ ਦੀ ਤਹਿ ਤੱਕ ਜਾਂਦੀ ਹੈ, ਕਿਰਤ ਨੂੰ ਭਾਸ਼ਾਈ ਤੌਰ ਤੇ ਤੋੜਦੀ ਅਤੇ ਉਸ ਦਾ ਸੁਮੇਲ ਕਰਦੀ ਹੈ।

ਰੋਮਨ ਜੈਕੋਬਸਨ ਅਨੁਸਾਰ: ਸ਼ੈਲੀ ਵਿਗਿਆਨ ਦਾ ਸੰਬੰਧ ਭਾਸ਼ਾ ਵਿਗਿਆਨ ਨਾਲ ਹੈ ਪ੍ਰੰਤੂ ਜੈਕੋਬਸਨ ਨੇ ਕਾਵਿ ਦੀ ਭਾਸ਼ਾ ਦੇ ਅਧਿਐਨ ਨੂੰ ਭਾਸ਼ਾ-ਵਿਗਿਆਨ ਤੋਂ ਅਭਿੰਨ ਸਵੀਕਾਰ ਵੀ ਕੀਤਾ ਹੈ। ਇਸ ਪ੍ਰਕਾਰ ਕਈ ਵਿਦਵਾਨਾਂ ਦੇ ਸ਼ੈਲੀ ਦੇ ਅਰਥ ਦਾ ਸਬੰਧ ਇਕ ਪਾਸੇ ਭਾਸ਼ਾ ਵਿਗਿਆਨ ਤੇ ਦੂਜੇ ਪਾਸੇ ਕਾਵਿ ਸ਼ਾਸਤਰ ਨਾਲ ਜੋੜਿਆ ਹੈ। ਡਾ. ਸ਼ਸ਼ੀਭੂਸ਼ਨ ਸੀਤਾਂਸ਼ੂ ਆਪਣੀ ਪੁਸਤਕ ***ਸ਼ੈਲੀ ਵਿਗਿਆਨ-ਸਿਧਾਂਤ ਤੇ ਵਿਹਾਰ*** ਵਿੱਚ ਪਰਿਭਾਸ਼ਿਤ ਕਰਦੇ ਹਨ: ਸ਼ੈਲੀ-ਵਿਗਿਆਨ ਭਾਸ਼ਾ-ਵਿਗਿਆਨ ਤੋਂ ਭਿੰਨ ਹੈ।(51)

**ਅ) ਭਾਰਤੀ ਕਾਵਿ ਸ਼ਾਸਤਰ ਦੀ ਦ੍ਰਿਸ਼ਟੀ ਵਿੱਚ ਸ਼ੈਲੀ-ਵਿਗਿਆਨ:**

ਭਾਰਤੀ ਕਾਵਿ ਸਾਸ਼ਤਰ ਅਨੁਸਾਰ ਸ਼ੈਲੀ ਦੀ ਹੋਂਦ ਬਹੁਤ ਪੁਰਾਣੀ ਹੈ। ਸ਼ੈਲੀ ਸੰਬੰਧੀ ਪ੍ਰੀਭਾਸ਼ਾਵਾਂ ਹੇਠ ਲਿਖੇ ਅਨੁਸਾਰ ਹਨ ਡਾ.ਪ੍ਰੇਮ ਪ੍ਰਕਾਸ਼ ਧਾਲੀਵਾਲ ਆਪਣੀ ਪੁਸਤਕ ***ਭਾਰਤੀ ਕਾਵਿ ਸ਼ਾਸ਼ਤਰ*** ਵਿਚ ਰੀਤੀ ਸੰਪ੍ਰਦਾਇ ਬਾਰੇ ਲਿਖਦੇ ਹਨ:

> ਵਾਮਨ ਤੋਂ ਪਹਿਲਾਂ ਰੀਤੀ ਦੇ ਵਿਭਿੰਨ ਨਾਂ ਮਿਲਦੇ ਹਨ। ਪ੍ਰਵਿਰਤੀ, ਮਾਰਗ, ਪੰਥਾ ਆਦਿ ਸ਼ਬਦ ਰੀਤੀ ਲਈ ਹਨ। ਰੀਤੀ ਦਾ ਸੰਦਰਭ ਵਿਚ ਭਾਵ ਹੈ, ਗਤੀ, ਚਾਲ, ਰੂੜ੍ਹੀ ਪੱਧਤੀ, ਪ੍ਰਣਾਲੀ। ਆਧੁਨਿਕ ਆਲੋਚਨਾ ਦੀ ਬੋਲੀ ਵਿਚ ਰੀਤੀ ਨੂੰ ਹੀ ਸ਼ੈਲੀ ਆਖਿਆ ਜਾ ਸਕਦਾ ਹੈ। ਅੰਗਰੇਜੀ ਵਿਚ ਸਟਾਇਲ, ਰੀਤੀ ਦਾ ਹੀ ਪਰਿਆਇ ਹੈ। ਇਸ ਲਈ ਰੀਤੀ ਦਾ ਅਰਥ ਹੈ ਲੇਖਕ ਦੀ ਨਿੱਜੀ ਪ੍ਰਗਟਾ-ਸ਼ੈਲੀ, amode of expression. (145)

ਡਾ. ਗੁਰਚਰਨ ਸਿੰਘ ਅਰਸ਼ੀ ਆਪਣੀ ਪੁਸਤਕ ***ਸਮੀਖਿਆ-ਦ੍ਰਿਸ਼ਟੀਆਂ*** ਵਿਚ ਲਿਖਦੇ ਹਨ:

> ਸ਼ੈਲੀ-ਵਿਗਿਆਨ ਭਾਸ਼ਾ ਵਿਗਿਆਨ ਦਾ ਉਹ ਭਾਗ ਹੈ ਜਿਹੜਾ ਸਾਹਿਤ-ਰਚਨਾ ਵਿਚ ਭਾਸ਼ਾ ਦੇ ਅਤਿ ਸਚੇਤ ਅਤੇ ਜਟਿਲ ਪ੍ਰਯੋਗਾਂ ਵਿਚਲੀਆਂ ਵਿਵਿਧਤਾਵਾਂ ਉਤੇ ਧਿਆਨ ਕੇਂਦ੍ਰਿਤ ਕਰਦਾ ਹੈ। ਦੂਜੇ ਸ਼ਬਦਾਂ ਵਿਚ ਸ਼ੈਲੀ-ਵਿਗਿਆਨ ਸਾਹਿਤ ਰਚਨਾ ਦੀ ਸ਼ਾਬਦਿਕ ਬੁਣਤੀ ਦੇ ਅਤਿ ਛੋਟੇ-ਛੋਟੇ ਵਿਸਤਾਰਾਂ ਨੂੰ ਆਪਣੇ ਧਿਆਨ ਦਾ ਕੇਂਦਰ-ਬਿੰਦੂ ਬਣਾਉਂਦਾ ਹੋਇਆ ਉਸਦੇ ਕਲਾਤਮਕ ਸੌਂਦਰਯ ਨੂੰ ਉਭਾਰਦਾ ਹੈ। (136)

ਉਪਰੋਕਤ ਵਿਦਵਾਨਾਂ ਦੇ ਵਿਚਾਰ ਦੇ ਅਧਾਰ ’ਤੇ ਸ਼ੈਲੀ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਸ਼ੈਲੀ-ਵਿਗਿਆਨ ਸਾਹਿਤਕਾਰ ਦੀ ਕ੍ਰਿਤ ਦਾ ਵਿਗਿਆਨਕ ਅਧਿਐਨ ਹੈ। ਭਾਵ ਸਾਹਿਤ ਰਚਨਾ ਵਿਚ ਸਮੋਏ ਹੋਏ ਤੱਥਾਂ ਨੂੰ ਲੱਭ ਕੇ ਉਸਦਾ ਵਿਗਿਆਨਕ ਅਧਿਐਨ ਕਰਨਾ ਹੈ, ਤਾਂ ਕਿ ਕ੍ਰਿਤ ਦੀਆਂ ਬਰੀਕੀਆਂ ਨੂੰ

ਗੰਭੀਰਤਾ ਨਾਲ ਸਮਝਿਆ ਜਾ ਸਕੇ ਅਤੇ ਕ੍ਰਿਤ ਦੀ ਸੂਖਮਤਾ ਨਾਲ ਵਿਆਖਿਆ ਕੀਤੀ ਜਾ ਸਕੇ। ਲੇਖਕ ਆਪਣੀ ਸ਼ੈਲੀ ਰਾਹੀਂ ਹੀ ਆਪਣੀ ਗੱਲ ਨੂੰ ਪਾਠਕ ਤੱਕ ਵਧੀਆ ਢੰਗ ਨਾਲ ਪਹੁੰਚਾ ਸਕਦਾ ਹੈ। ਲੇਖਕ ਦੀ ਸ਼ੈਲੀ ਹੀ ਲੇਖਕ ਦੀ ਪਛਾਣ ਦਾ ਅਧਾਰ ਬਣਦੀ ਹੈ। ਸ਼ੈਲੀ ਹਰੇਕ ਲੇਖਕ ਦੀ ਵੱਖਰੀ-ਵੱਖਰੀ ਹੁੰਦੀ ਹੈ।

**ਖੋਜ-ਪ੍ਰਬੰਧ ਨਾਲ ਸਬੰਧਿਤ ਨਕਸਲਵਾਦੀ ਲਹਿਰ ਦੇ ਕਵੀ:**

ਪੰਜਾਬੀ ਸਾਹਿਤ ਦੇ ਵਿਕਾਸ ਕ੍ਰਮ ਵਿਚ ਬਹੁਤ ਸਾਰੇ ਉਤਾਰ ਚੜ੍ਹਾਅ ਆਏ ਬਹੁਤ ਸਾਰੀਆਂ ਵਿਚਾਰ ਧਾਰਾਵਾਂ ਚੱਲੀਆਂ ਜਿੰਨ੍ਹਾਂ ਵਿਚੋਂ ਨਕਸਲਬਾੜੀ ਅਤੇ ਜੁਝਾਰਵਾਦੀ ਵਿਚਾਰਧਾਰਾ ਹੱਥਲੇ ਵਿਸ਼ੇ ਨਾਲ ਸਿੱਧੇ ਤੌਰ ਤੇ ਸਬੰਧਿਤ ਹੈ। ਇਹਨਾ ਵਿਚਾਰਧਾਰਾਵਾਂ ਬਾਰੇ ਸੰਖੇਪ ਰੂਪ ਵਿਚ ਵਰਨਣ ਕੀਤਾ ਗਿਆ ਹੈ।

ਡਾ. ਗੁਰਇਕਬਾਲ ਸਿੰਘ ਆਪਣੀ ਪੁਸਤਕ ***ਨਕਸਲੀ ਪੰਜਾਬੀ ਕਵਿਤਾ ਆਲੋਚਨਾਤਮਕ ਅਧਿਐਨ*** ਵਿੱਚ ਜੇ.ਸੀ. ਜੌਹਰੀ ਦੀ ਪੁਸਤਕ ਨਕਸਲਾਈਟ ਪਾਲਟਿਕਸ ਇਨ ਇੰਡੀਆ ਦਾ ਹਵਾਲਾ ਦਿੰਦੇ ਹਨ ਕਿ: ਨਕਸਲਬਾੜੀ ਗੁਰੀਲਿਆਂ ਦਾ ਸਹੀ ਉਦੇਸ਼ ਆਰਥਿਕਤਾ ਦੇ ਖੇਤਰ ਤੱਕ ਹੀ ਸੀਮਿਤ ਨਹੀਂ ਸੀ, ਸਗੋਂ ਇਹ ਇੱਕ ਰਾਜਸੀ ਲਹਿਰ ਸੀ ਜਿਸ ਦਾ ਪ੍ਰਕਾਰਜ ਰਾਜਸੀ ਸੱਤਾ ਕਾਬੂ ਕਰਨਾ ਸੀ। (15)

ਡਾ. ਗੁਰਇਕਬਾਲ ਸਿੰਘ ਆਪਣੀ ਪੁਸਤਕ ***ਨਕਸਲੀ ਪੰਜਾਬੀ ਕਵਿਤਾ ਆਲੋਚਨਾਤਮਕ ਅਧਿਐਨ*** ਵਿੱਚ ਬਿਪਲਦਾਸ ਗੁਪਤਾ ਦੀ ਪੁਸਤਕ ਨਕਸਲਾਈਟ ਮੂਵਮੈਂਟ ਦਾ ਹਵਾਲਾ ਪੇਸ਼ ਕਰਦੇ ਹਨ:

> ਨਕਸਲਵਾਦ ਇੱਕ ਜਟਿਲ ਸਮਾਜਕ ਅਤੇ ਰਾਜਸੀ ਅਨੁਕਿਰਿਆ ਹੈ ਜਿਸ ਨੇ ਕਈ ਸੋਮਿਆਂ ਤੋਂ ਉਤਸ਼ਾਹ ਹਾਸਲ ਕੀਤਾ। ਨਕਸਲਵਾਦ ਕੇਵਲ ਇੱਕ ਅਜਿਹੀ ਲਹਿਰ ਹੀ ਨਹੀਂ ਸੀ ਜਿਹੜੀ ਵਿਨਾਸ਼ ਦਾ ਪ੍ਰਚਾਰ ਅਤੇ ਮਾਓਵਾਦੀ ਹੋਣ ਦਾ ਦਾਅਵਾ ਕਰਦੀ ਸੀ ਸਗੋਂ ਇਹ ਤਤਕਾਲਿਕ ਹਥਿਆਰਬੰਦ ਘੋਲ ਦੇ ਹੱਕ ਵਿੱਚ ਸੀ। (15)

ਉਪਰੋਕਤ ਪਰਿਭਾਸ਼ਾਵਾਂ ਤੋਂ ਸਿੱਧ ਹੁੰਦਾ ਹੈ ਕਿ ਨਕਸਲਵਾਦੀ ਲਹਿਰ ਦਾ ਜਨਮ ਪਹਿਲਾ ਚੀਨ, ਬੰਗਾਲ, ਭਾਰਤ ਦੇਸ਼ 1960 ਈ. ਅਤੇ ਫਿਰ ਪੰਜਾਬ ਵਿੱਚ 1968 ਈ: ਵਿੱਚ ਇਸ ਲਹਿਰ ਦਾ ਪ੍ਰਵੇਸ਼

ਹੋਇਆ, ਇਸ ਲਹਿਰ ਵਿੱਚ ਪੜ੍ਹੇ-ਲਿਖੇ  ਬੇਰੁਜ਼ਗਾਰ ਸਮਾਜਿਕ ਅਤੇ ਰਾਜਨੀਤੀ ਢਾਂਚੇ ਤੋਂ ਉਕਤਾਏ ਅਤੇ ਉਦਾਸ ਹੋਣ ਕਾਰਨ ਨਕਸਲਵਾਦੀ ਲਹਿਰ ਦਾ ਹਿੱਸਾ ਅਤੇ ਸਾਰਥੀ ਬਣੇ ਜਿਸ ਵਿੱਚੋਂ ਜੁਝਾਰਵਾਦੀ ਕਵਿਤਾ ਦੀ ਲਹਿਰ ਹੋਂਦ ਵਿੱਚ ਆਈ। ਜਿਸਦਾ ਬਿਉਰਾ ਇਸ ਤਰ੍ਹਾਂ ਹੈ :-

1 1849 ਪੰਜਾਬ ਅੰਗਰੇਜ਼ਾਂ ਅਧੀਨ ਹੋਇਆ।

2 1862-72 ਕੂਕਾ ਲਹਿਰ।

3 1907 ਪੱਗੜੀ ਸੰਭਾਲ ਜੱਟਾਂ ਲਹਿਰ।

4 1919-24 ਤੱਕ ਗੁਰਦੁਆਰਾ ਸੁਧਾਰ ਲਹਿਰ। (ਅਕਾਲੀ ਲਹਿਰ)

5 13 ਅਪ੍ਰੈਲ 1919 ਜਲ੍ਹਿਆ ਵਾਲਾ ਬਾਗ ਸਾਕਾ। (ਭਾਰਤ ਨੌਜਵਾਨ ਸਭਾ ਲਹਿਰ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਦਹਿਸ਼ਤ ਦਾ ਮੁਕਾਬਲਾ ਦਹਿਸ਼ਤ ਨਾਲ)

6 1928 ਸਾਈਮਨ ਕਮਿਸ਼ਨ ਦਾ ਬਾਈਕਾਟ

7 1948-52 ਲਾਲ ਕਮਿਊਨਿਸਟ ਪਾਰਟੀ

8 1968-71 ਸੀ.ਪੀ.ਆਈ.

ਉਪਰੋਕਤ ਧਾਰਨਾਵਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬੀ ਜੁਝਾਰਵਾਦੀ ਕਾਵਿ ਇਤਿਹਾਸ ਨੇ ਹੀ ਇਨਕਲਾਬੀ ਲਹਿਰ ਲੋਕ ਮਨਾਂ ਵਿੱਚ ਪੈਦਾ ਕੀਤੀ। ਇਨ੍ਹਾਂ ਲਹਿਰਾਂ ਦੇ ਪ੍ਰਭਾਵ ਹੇਠ ਸ਼ਹੀਦਾਂ ਦੇ ਜੀਵਨ ਗਥਾਵਾਂ ਅਤੇ ਕਥਾਵਾਂ ਦੇ ਸਦਕਾ ਹੀ ਪੰਜਾਬ ਦੇ ਜੁਝਾਰਵਾਦੀ ਕਵੀਆਂ ਦੀ ਪ੍ਰਵਿਰਤੀ ਨੇ ਜੁਝਾਰਵਾਦੀ ਕਵਿਤਾ ਲਿਖਣ ਵੱਲ ਨੂੰ ਪ੍ਰੇਰਿਆ। ਕਿਉਂਕਿ ਮਨੋਵਿਗਿਆਨਿਕ ਸਿਧਾਂਤ ਅਨੁਸਾਰ ਹਰ ਵਿਅਕਤੀ ਦੇ ਜੀਵਨ ਵਿੱਚ ਜੋ ਇਤਿਹਸਿਕ ਰਾਜਨੀਤਿਕ, ਭੂਗੋਲਿਕ ਸਥਿਤੀਆਂ, ਪ੍ਰਸ਼ਾਸ਼ਨੀ ਹੱਲ-ਚੱਲ, ਵਿਦਿਅਕ ਮਾਹੋਲ, ਬੇਰੁਜ਼ਗਾਰੀ ਕਹਿਣ ਦਾ ਭਾਵ ਹੈ ਕਿ ਵਿਅਕਤੀ ਦੇ ਆਲੇ ਦੁਆਲੇ ਦੇ ਪ੍ਰਭਾਵਾਂ ਨੇ ਹੀ ਵਿਅਕਤੀ ਦੇ ਮਨ ਦੇ ਵਿਕਾਸ ਵਿੱਚ ਜੋ ਅੰਦਰ-ਦਵੰਦ ਜੋ ਚੱਲਦਾ ਹੈ ਉਸਦੇ ਰਾਹੀ ਹੀ ਜੁਝਾਰਵਾਦੀ ਕਵੀ ਕ੍ਰਾਂਤੀਕਾਰੀ ਸੁਭਾਅ ਦੇ ਮਨੋਵੇਗ ਸਥਿਤੀ ਦੇ ਕਾਰਨ ਜੁਝਾਰਵਾਦੀ ਲਹਿਰ ਅਤੇ ਜੁਝਾਰਵਾਦੀ ਕਵਿਤਾ ਹੋਂਦ ਵਿੱਚ ਆਈ।

ਜੁਝਾਰਵਾਦੀ ਕਵੀ ਨਕਸਲੀ ਲਹਿਰ ਦੇ ਸ਼ਿਕਾਰ ਸਨ। ਨਕਸਲਵਾਦੀ ਕਵਿਤਾ ਨੇ ਹੀ ਵਿਦਰੋਹੀ ਕਵਿਤਾ, ਖਾੜਕੂਵਾਦੀ ਕਵਿਤਾ, ਜੁਝਾਰਵਾਦੀ ਕਵਿਤਾ ਲਿਖਣ ਲਈ ਕਵੀਆਂ ਨੂੰ ਪ੍ਰੇਰਿਤ ਕੀਤਾ।

**ਜੁਝਾਰਵਾਦ ਦਾ ਅਰਥ :-**

ਜੁਝਾਰਵਾਦ ਸਮਾਜਿਕ,ਰਾਜਨੀਤਿਕ,ਆਰਥਿਕ ਪਰਿਸਥਿਤੀਆਂ ਵਿਚੋਂ ਉਤਪੰਨ ਹੋਣ ਵਾਲਾ ਇੱਕ ਪ੍ਰਤਿਕਿਰਿਆ-ਮੂਲਕ ਉਭਾਰ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਜੁਝਾਰ ਤੋਂ ਭਾਵ ਨਕਸਲਬਾੜੀ ਰਾਜਸੀ ਲਹਿਰ ਦੇ ਪ੍ਰਭਾਵ ਅਧੀਨ ਉਤਪੰਨ ਹੋਈ ਉਸ ਸਾਹਿਤ ਧਾਰਾ ਤੋਂ ਹੈ ਜਿਸ ਵਿੱਚ ਮੁੱਖ ਰੂਪ ਵਿੱਚ ਹਥਿਆਰਬੰਦ ਇਨਕਲਾਬ ਦੀ ਗੱਲ ਕੀਤੀ ਜਾਂਦੀ ਹੈ।

**ਜੁਝਾਰਵਾਦੀ ਧਾਰਾ:-**

'ਜੁਝਾਰਵਾਦ' ਨੂੰ 'ਨਕਸਲਵਾਦ' ਵੀ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿੱਚ ਜਿਹੜਾ ਸਾਹਿਤ ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਲਿਖਿਆ ਗਿਆ,ਉਹ ਇਨਕਲਾਬੀ ਜਾਂ ਜੁਝਾਰੂ ਸਾਹਿਤ ਅਖਵਾਉਂਦਾ ਹੈ। ਇਹ ਸਾਹਿਤ ਖੱਬੇ ਪੱਖੀ ਪ੍ਰਵਿਰਤੀ ਦੇ ਪ੍ਰਭਾਵ ਥੱਲੇ ਹੋਂਦ ਵਿੱਚ ਆਇਆ। ਨਕਸਲਵਾਦੀ ਲਹਿਰ ਦਾ ਜਨਮ ਬੰਗਾਲ ਵਿੱਚ ਹੋਇਆ,ਪਰੰਤੂ ਪੰਜਾਬ ਵਿੱਚ ਇਸ ਲਹਿਰ ਦਾ ਪ੍ਰਵੇਸ਼ 1968 ਦੇ ਅੰਤਲੇ ਸਮੇਂ ਵਿੱਚ ਹੋਇਆ। ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਕਮਿਊਨਿਸਟ ਲਹਿਰ ਵਿੱਚ ਆਈ ਖੜੋਤ,1967 ਵਿਚ ਬਣੀਆਂ ਸਾਂਝੀਆਂ ਸਰਕਾਰਾਂ ਦੀ ਅਸਫਲਤਾ, ਕਮਿਊਨਿਸਟ ਪਾਰਟੀਆਂ ਦਾ ਪਾਰਲੀਮੈਂਟੀ ਰਾਹ ਅਖਤਿਆਰ ਕਰਨਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਹਰੀ ਕ੍ਰਾਂਤੀ ਦੀ ਨਾਕਾਮਯਾਬੀ, ਜਿਹਨਾਂ ਨੇ ਪੰਜਾਬ ਵਿੱਚ ਨਕਸਲਵਾਦੀ ਲਹਿਰ ਦੇ ਵਿਕਾਸ ਦਾ ਰਾਹ ਪੱਧਰਾ ਕੀਤਾ। ਇਸ ਲਹਿਰ ਦਾ ਪ੍ਰਭਾਵ ਆਧੁਨਿਕ ਪੰਜਾਬੀ ਸਾਹਿਤ ਦੇ ਵੱਖ ਵੱਖ ਰੂਪਾਂ ਜਿਵੇਂ ਕਵਿਤਾ, ਪੰਜਾਬੀ ਨਾਵਲ, ਨਿੱਕੀ ਕਹਾਣੀ ਅਤੇ ਨਾਟਕ ਉੱਪਰ ਪੈਣਾ ਸੁਭਾਵਕ ਸੀ।

**ਜੁਝਾਰਵਾਦੀ ਕਵਿਤਾ:-**

ਜੁਝਾਰਵਾਦੀ ਕਵਿਤਾ ਕੇਵਲ ਬੁਰਜ਼ੂਆ, ਸਿਆਸਤ, ਸਭਿਆਚਾਰਕ ਮੁੱਲਾਂ ਅਤੇ ਵਿਸ਼ਵਾਸ਼ਾਂ ਨੂੰ ਹੀ

ਚੁਣੌਤੀ ਨਹੀਂ ਦਿੰਦੀ ਸਗੋਂ ਉਹ ਬੁਰਜ਼ੂਆ ਸੁਹਜ ਸੁਆਦ ਨੂੰ ਵੀ ਗੰਭੀਰ ਚੁਣੌਤੀ ਪ੍ਰਦਾਨ ਕਰਦੀ ਹੈ। ਜਿਥੇ ਉਹ ਆਪਣੇ ਸਿਆਸੀ ਮਨੋਰਥ ਪ੍ਰਤੀ ਬੇਹੱਦ ਚੇਤੰਨ ਹਨ ਉਥੇ ਉਹ ਆਪਣੇ ਵਿਚਾਰਧਾਰਕ ਵਿਰੋਧੀਆਂ ਨਾਲ ਵੀ ਗੰਭੀਰ ਸੰਵਾਦ ਸਿਰਜਣ ਦਾ ਯਤਨ ਕਰਦੀ ਹੈ। ਉਹ ਆਪਣੇ ਤੋਂ ਪੂਰਵਲੀਆਂ ਕਾਵਿ-ਪ੍ਰਵਿਰਤੀਆਂ ਤੇ ਧਾਰਾਵਾਂ ਨਾਲ ਸੰਵਾਦ ਰਚਾਉਂਦੀ ਹੋਈ ਅਰਥ-ਵਿਹੂਣੀ ਸ਼ਬਦ ਘਾੜਤ, ਸਿਧਾਂਤਹੀਣ ਰੈਡੀਕਲਤਾ ਤੇ ਕਲਾਕਾਰ ਦੀ ਅਖੌਤੀ ਸੁਤੰਤਰਤਾ ਨੂੰ ਨਕਾਰਦੀ ਹੈ। ਇਸ ਤਰ੍ਹਾਂ ਉਹ ਆਪਣੀ ਸਾਹਿਤਕ ਪਰੰਪਰਾ ਵਿਚਲੀਆਂ ਕਮਜ਼ੋਰੀਆਂ ਤੇ ਕਮੀਆਂ ਨੂੰ ਰੱਦਣ ਦਾ ਸੰਦੇਸ਼ ਦਿੰਦੀ ਹੈ। ਜੁਝਾਰਵਾਦੀ ਕਵੀ ਗਰੀਬ ਕਿਸਾਨੀ ਤੇ ਦਲਿਤ ਵਰਗ ਦੇ ਤ੍ਰਾਸਦਿਕ ਜੀਵਨ ਯਥਾਰਥ ਨੂੰ ਕੇਵਲ ਚਿਤਰਦਾ ਹੀ ਨਹੀਂ ਸਗੋਂ ਇਨ੍ਹਾਂ ਦੇ ਸ਼ੋਸ਼ਣ ਤੇ ਦਮਨ ਲਈ ਜ਼ਿੰਮੇਵਾਰ ਸਿਆਸੀ ਸ਼ਕਤੀਆਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਇਸ ਲਹਿਰ ਦਾ ਪ੍ਰਭਾਵ ਆਧੁਨਿਕ ਪੰਜਾਬੀ ਕਵਿਤਾ ਉਪਰ ਪਿਆ। ਪੰਜਾਬ ਵਿੱਚ ਨਕਸਲੀ ਲਹਿਰ ਦਾ ਵਰਗ ਆਧਾਰ ਗ਼ਰੀਬ ਕਿਸਾਨੀ ਦਾ ਸੀ

**ਖੋਜ-ਪ੍ਰਬੰਧ ਦੇ ਵਿਸ਼ੇ ਨਾਲ ਸੰਬੰਧਤ ਜੁਝਾਰਵਾਦੀ ਕਵੀ:-**

- ਲਾਲ ਸਿੰਘ ਦਿਲ
- ਪਾਸ਼ (ਅਵਤਾਰ ਸਿੰਘ ਸੰਧੂ)

ਖੋਜ-ਪ੍ਰਬੰਧ ਦੇ ਵਿਸ਼ੇ ਨਾਲ ਸੰਬੰਧਤ ਜੁਝਾਰਵਾਦੀ ਪੰਜਾਬੀ ਕਵੀ ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ ਦਾ ਸ਼ੈਲੀ ਵਿਗਿਆਨਿਕ ਅਧਿਐਨ ਕੀਤਾ ਗਿਆ ਹੈ। ਲਾਲ ਸਿੰਘ ਦਿਲ ਅਤੇ ਪਾਸ਼ ਦੋਵੇਂ ਕਵੀ ਨਕਸਲਵਾਦੀ ਲਹਿਰ ਦੇ ਸਾਰਥੀ ਅਤੇ ਸਹਿਯੋਗੀ ਰਹੇ ਹਨ । ਨਕਸਲਵਾਦੀ ਸਮੇਂ ਇਹਨਾਂ ਜੁਝਾਰਵਾਦੀ ਕਵੀਆਂ ਨੇ ਸਮੇਂ ਦੇ ਜ਼ੁਰਮ, ਪਾਪ ਅਤੇ ਅਨਿਆਏ ਨੂੰ ਅੱਖੀ ਦੇਖ ਕੇ ਸਹਿਣ ਨਹੀਂ ਕਰ ਸਕੇ। ਉਹਨਾਂ ਨੇ ਸਮੇਂ ਦੀਆਂ ਚੀਸਾਂ ਨੂੰ ਆਪਣੇ ਸ਼ਬਦੀ-ਬਾਣ ਰਾਹੀਂ ਕਲਮਬੱਧ ਕੀਤਾ।

**ਖੋਜ-ਕਾਰਜ ਵਿਚ ਲਏ ਗਏ ਕਵੀਆਂ ਅਤੇ ਪੁਸਤਕਾਂ ਦਾ ਵੇਰਵਾ**

**ਲਾਲ ਸਿੰਘ ਦਿਲ (11 ਅਪ੍ਰੈਲ, 1943 - 14 ਅਗਸਤ, 2007) :-**

ਲਾਲ ਸਿੰਘ ਦਿਲ ਦਾ ਜਨਮ 11 ਅਪ੍ਰੈਲ, 1943 ਨੂੰ ਮਾਤਾ ਚਿੰਤ ਕੌਰ, ਪਿਤਾ ਰੌਣਕੀ ਰਾਮ, ਪਿੰਡ ਘੁੰਗਰਾਲੀ ਸਿੱਖਾਂ, ਜ਼ਿਲ੍ਹਾ ਲੁਧਿਆਣਾ, ਪੰਜਾਬ ਵਿੱਚ ਹੋਇਆ ਅਤੇ ਇਹਨਾਂ ਦੀ ਮੌਤ 14 ਅਗਸਤ, 2007 ਨੂੰ ਲੁਧਿਆਣੇ ਪੰਜਾਬ ਵਿਚ ਹੋਈ। ਲਾਲ ਸਿੰਘ ਦਿਲ ਨੇ ਬਰਤਾਨਵੀਂ ਸਰਕਾਰ ਦੇ ਵਿਰੁੱਧ ਆਵਾਜ਼ ਉਠਾਈ ਅਤੇ ਉਸ ਸਮੇਂ ਦੀ ਜੋ ਲੋਕਾਂ ਉਪਰ ਬੀਤੀ ਉਸ ਹਕੀਕਤ ਨੂੰ ਕਵਿਤਾਵਾਂ ਰਾਹੀਂ ਬਿਆਨ ਕੀਤਾ ਹੈ ਅਤੇ ਉਸ ਦੀਆਂ ਰਚਨਾਵਾਂ ਬਾਰੇ ਹੇਠ ਲਿਖਿਆ ਗਿਆ ਹੈ:-

| | | | | |
|---|---|---|---|---|
| 1) | ਸਤਲੁਜ ਦੀ ਹਵਾ | (ਕਵਿਤਾਵਾਂ = 38) | - | 1971 |
| 2) | ਬਹੁਤ ਸਾਰੇ ਸੂਰਜ | (ਕਵਿਤਾਵਾਂ = 35) | - | 1982 |
| 3) | ਸੱਥਰ | (ਕਵਿਤਾਵਾਂ = 64) | - | 1997 |
| 4) | ਨਾਗ ਲੋਕ | (ਤਿੰਨ ਕਾਵਿ ਸੰਗ੍ਰਹਿਾਂ) ਦਾ ਸੁਮੇਲ | - | 1998 |

ਉਪਰੋਕਤ ਰਚਨਾਵਾਂ ਦੇ ਵੇਰਵੇ ਅਨੁਸਾਰ ਖੋਜ-ਪ੍ਰਬੰਧ ਦੇ ਵਿਸ਼ੇ ਨਾਲ ਸੰਬਧਤ ਕਾਵਿ ਸੰਗ੍ਰਹਿ, ਸਤਲੁਜ ਦੀ ਹਵਾ, ਬਹੁਤ ਸਾਰੇ ਸੂਰਜ, ਸੱਥਰ, ਨਾਗ ਲੋਕ ਹਨ। ਇਸ ਤੋਂ ਇਲਾਵਾ ਕਵੀ ਦੀਆਂ ਹੋਰ ਰਚਨਾਵਾਂ ਵੀ ਹਨ ਜਿਵੇਂ: ਦਾਸਤਾਨ (ਸਵੈ ਜੀਵਨੀ) ਬਿੱਲਾ ਅੱਜ ਫਿਰ ਆਇਆ (ਲੰਬੀ ਬ੍ਰਿਤਾਂਤਕ ਕਵਿਤਾ) ਜੋ ਖੋਜ ਪ੍ਰਬੰਧ ਦੇ ਵਿਸ਼ੇ ਨਾਲ ਸਬੰਧਤ ਨਹੀਂ ਹਨ।

ਲਾਲ ਸਿੰਘ ਦਿਲ ਉਹ ਕਵੀ ਹੈ, ਜੋ ਨਿਸੰਗ ਹੋ ਕੇ ਸਮਾਜ ਦੇ ਠੇਕੇਦਾਰਾਂ ਨੂੰ ਵੰਗਾਰਦਾ ਹੈ ਅਤੇ ਸਪੱਸ਼ਟ ਤੌਰ ਤੇ ਕਹਿੰਦਾ ਹੈ ਕਿ ਸਮਾਜਕ ਢਾਂਚਾ ਸਹੀ ਨਹੀਂ ਹੈ ਅਤੇ ਲੋਕਾਂ ਦੀਆਂ ਆਸ਼ਾਵਾਂ ਠੀਕ ਤਰ੍ਹਾਂ ਨਾਲ ਪੂਰੀਆਂ ਨਹੀਂ ਹੋ ਰਹੀਆਂ। ਉਹ ਇਨਕਲਾਬੀ ਸੁਰ ਵਿੱਚ ਕਹਿੰਦਾ ਹੈ ਕਿ ਕੇਵਲ ਸ਼ਬਦਾਂ ਨਾਲ ਕੁੱਝ ਨਹੀਂ ਬਣਨਾ, ਕੁਝ ਕਰਨ ਦੀ ਲੋੜ ਜ਼ਰੂਰੀ ਹੈ 'ਕਾਵਿ ਸੰਗ੍ਰਹਿ ***ਸਤਲੁਜ ਦੀ ਹਵਾ*** ਕਵਿਤਾ ਸ਼ਬਦ ਵਿੱਚ ਇਨਕਲਾਬੀ ਵਿਦਰੋਹੀ ਸੁਰ ਵਿੱਚ ਸ਼ਰੇਆਮ ਆਵਾਮ, ਰਾਜਨੀਤਿਕ ਅਤੇ ਪ੍ਰਸ਼ਾਸ਼ਨੀ ਰਾਜਤੰਤਰ ਨੂੰ ਵੰਗਾਰਦੀ ਹੋਈ ਕਲਮ ਸ਼ਬਦਾਂ ਦੇ ਤਿੱਖੇ ਬਾਣ ਕੱਸ ਕੇ ਮਾਰਦੀ ਹੈ :-

ਸ਼ਬਦ ਤਾਂ ਕਹੇ ਜਾ ਚੁਕੇ ਹਨ

ਅਸਾਥੋਂ ਵੀ ਬਹੁਤ ਪਹਿਲਾਂ ਦੇ

ਤੇ ਅਸਾਥੋਂ ਵੀ ਬਹੁਤ ਪਿੱਛੋਂ ਦੇ

ਅਸਾਡੀ ਹਰ ਜ਼ਬਾਨ

ਜੇ ਹੋ ਸਕੇ ਤਾਂ ਕੱਟ ਲੈਣਾ

ਪਰ ਸ਼ਬਦ ਤਾਂ ਕਹੇ ਜਾ ਚੁੱਕੇ ਹਨ। (49)

ਲਾਲ ਸਿੰਘ ਦਿਲ ਮਜ਼ਦੂਰ ਅਤੇ ਨਿਮਨ ਵਰਗ ਜਾਤੀ ਹੋਣ ਦੇ ਕਾਰਨ ਉਸ ਨੇ ਵਰਣ ਵਿਵਸਥਾ ਦਾ ਸੰਤਾਪ ਆਪਣੇ ਪਿੰਡੇ ਤੇ ਹੰਡਾਇਆ ਅਤੇ ਤੱਤੀ ਰੇਤਾ ਦਾ ਪਾਂਧੀ ਹਮਸਫਰ ਬਣ ਕੇ ਗੁਜਰਿਆ। ਜਿਸ ਕਰਕੇ ਉਸ ਦੀਆਂ ਕਵਿਤਾਵਾਂ ਵਿੱਚ ਜਾਤ ਵਿਵਸਥਾ ਦਾ ਮੁਹਾਂਦਰਾ ਝਲਕ ਮਾਰਦਾ ਹੈ। ਉਸਦਾ ਕਾਵਿ ਸੰਗ੍ਰਿਹਿ ***ਸਤਲੁਜ ਦੀ ਹਵਾ*** (1971) ਕਵਿਤਾ ਜਾਤ-ਪਾਤ ਦੀ ਵਿਵਸਥਾ ਬਾਰੇ ਵਿੱਚ ਲਿਖਿਆ ਹੈ ਕਿ :-

ਮੈਨੂੰ ਪਿਆਰ ਕਰਦੀਏ

ਪਰ-ਜਾਤ ਕੁੜੀਏ

ਸਾਡੇ ਸਕੇ ਮੁਰਦੇ ਵੀ

ਇੱਕ ਥਾਂ ਤੇ ਨਹੀਂ ਜਲਾਉਂਦੇ (64)

**ਅਵਤਾਰ ਸਿੰਘ ਪਾਸ਼ (9 ਸਤੰਬਰ 1950 - 23 ਮਾਰਚ, 1988)**

ਅਵਤਾਰ ਪਾਸ਼ ਪੰਜਾਬੀ ਕਵੀਆਂ ਵਿਚੋਂ ਜੁਝਾਰਵਾਦੀ, ਨਕਸਲਵਾਦੀ ਅਤੇ ਦੇਸ਼ ਭਗਤੀ ਨਾਲ ਪਿਆਰ ਕਰਨ ਵਾਲੇ ਕਵੀ ਹਨ। ਪਾਸ਼ ਨੇ ਗਰੀਬਾਂ ਦੀ ਗਰੀਬੀ ਦੀ ਚੀਸ, ਭੁੱਖ ਪਿਆਸ, ਕੁਰਲਾਹਟ ਅਤੇ ਦਲਿਤ ਪੱਧਰ ਦੀ ਗੁਰਬਤ ਨੂੰ ਮਹਿਸੂਸ ਕੀਤਾ ਜਿਸ ਕਰਕੇ ਉਹਨਾਂ ਆਪਣੇ ਆਪ ਨੂੰ ਨਕਸਲਵਾਦੀ, ਜੁਝਾਰੀ ਲਹਿਰ ਵਿੱਚ ਆਪ ਕੁੱਦ ਕੇ ਆਪਣੀ ਜਾਨ ਖ਼ਤਰੇ ਵਿੱਚ ਪਾਈ ਅਤੇ ਆਪਣੇ ਪਰਿਵਾਰ ਨੂੰ ਵੀ ਨਕਸਲਵਾਦੀ ਭੱਠੀ ਵਿੱਚ ਝੋਕ ਕੇ ਕੁਰਬਾਨੀ ਦਿੱਤੀ। ਪਾਸ਼ ਦਾ ਜਨਮ 9 ਸਤੰਬਰ 1950 ਨੂੰ ਮਾਤਾ ਨਸੀਬ

ਕੌਰ ਅਤੇ ਪਿਤਾ ਸੋਹਣ ਸਿੰਘ ਸੰਧੂ ਦੇ ਘਰ ਵਿੱਚ ਹੋਇਆ। ਪਾਸ਼ ਦਾ ਅਸਲ ਨਾਮ ਅਵਤਾਰ ਸਿੰਘ ਸੰਧੂ ਸੀ। ਪਾਸ਼ ਦੀ ਮੌਤ 23 ਮਾਰਚ, 1988 ਨੂੰ ਜਲੰਧਰ ਵਿਖੇ ਹੋਈ। ਪਾਸ਼ ਨੇ ਦੇਸ਼ ਦੀ ਰਾਜਨੀਤਿਕ, ਸਮਾਜਿਕ ਵਿਵਸਥਾ, ਅਮਾਨਵੀ ਸਰੂਪ ਜੋ ਗ਼ਲਤ ਨੀਤੀਆਂ ਹੋ ਰਹੀਆਂ ਸਨ, ਉਹਨਾਂ ਦੇ ਵਿਰੁੱਧ ਜੁਝਾਰੂ ਕਵਿਤਾਵਾਂ ਦੀ ਰਚਨਾ ਕੀਤੀ।

ਪਾਸ਼ ਨੂੰ ਜੁਝਾਰਵਾਦੀ ਕਵਿਤਾ ਦੀ ਵਿਦਰੋਹੀ ਸੁਰ ਵਾਲਾ ਕਵੀ ਆਖਿਆ ਜਾਂਦਾ ਹੈ। ਉਸ ਦੀ ਕਵਿਤਾ ਵਿਚ ਵਿਸ਼ੇ ਅਤੇ ਰੂਪ ਪੱਖੋਂ ਵਿਦਰੋਹ ਸੀ। ਇਸੇ ਲਈ ਪਾਸ਼ ਨੇ ਆਪਣੇ ਵਿਚਾਰਾਂ ਨੂੰ ਪੂਰੀ ਸ਼ਿੱਦਤ ਨਾਲ ਬਿਆਨ ਕਰਨ ਲਈ ਨਵੇਂ ਕਾਵਿ ਰੂਪ ਦੀ ਵਰਤੋਂ ਕੀਤੀ। ਸ਼ਮਸ਼ੇਰ ਸਿੰਘ ਸੰਧੂ ਆਪਣੀ ਪੁਸਤਕ ***ਇਕ ਪਾਸ਼ ਇਹ ਵੀ ਹੈ*** ਵਿਚ ਲਿਖਦੇ ਹਨ :

> ਜੋ ਸਫਰ ਮੇਰੀ ਕਵਿਤਾ ਨੇ ਕੀਤਾ ਉਸੇ ਤਰ੍ਹਾਂ ਦਾ ਮੇਰੇ ਜੀਵਨ ਦਾ ਸਫ਼ਰ ਹੈ। ਮਾਰਕਸਵਾਦ ਬਾਰੇ ਮੁੱਢਲੀ ਸਿੱਖਿਆ ਸੀ.ਪੀ.ਆਈ. ਦੇ ਪਾਰਟੀ ਸਕੂਲਾਂ ਵਿੱਚੋਂ ਹਾਸਲ ਕੀਤੀ। ਜ਼ਿੰਦਗੀ ਬਾਰੇ ਪ੍ਰਗਤੀਸ਼ੀਲ ਨਜ਼ਰੀਆ ਹਾਸਲ ਕਰਨ ਦੇ ਬਾਵਜੂਦ ਜੇ ਮੈਨੂੰ 1970 ਦੇ ਸ਼ੁਰੂ ਵਿੱਚ ਨਕਸਲੀ ਕਾਮਰੇਡਾਂ ਨਾਲ ਮੇਲਜੋਲ ਰੱਖਣ ਕਰਕੇ ਜੇਲ੍ਹ ਨਾ ਹੋ ਗਈ ਹੁੰਦੀ ਤਾਂ ਹੁਣ ਮੈਂ ਮੁਹੱਬਤ ਜਾਂ ਹੱਦ ਦੇ ਨਿਗੂਣੇਪਣ ਆਦਿ ਵਿਸ਼ਿਆਂ ਉੱਤੇ ਲਿਖਣ ਵਾਲਾ ਕਵੀ ਹੋਣਾ ਸੀ। (165)

**ਪਾਸ਼ ਦੀਆਂ ਰਚਨਾਵਾਂ:-**

ਅਵਤਾਰ ਸਿੰਘ ਪਾਸ਼ ਪੰਜਾਬੀ ਸਾਹਿਤ ਦਾ ਸਿਰਮੌਰ ਸਾਹਿਤਕਾਰ ਹੈ ਜਿਸਨੇ ਪੰਜਾਬੀ ਸਾਹਿਤ ਜਗਤ ਵਿਚ ਆਪਣੀਆਂ ਰਚਨਾਵਾਂ ਕਾਰਨ ਵਿਸ਼ੇਸ਼ ਸਥਾਨ ਹਾਸਿਲ ਕੀਤਾ ਹੈ। ਉਸ ਦੀਆਂ ਰਚਨਾਵਾਂ ਬਾਰੇ ਹੇਠ ਲਿਖਿਆ ਗਿਆ ਹੈ:

| | | | | |
|---|---|---|---|---|
| 1) | ਲੋਹ ਕਥਾ | (ਕਵਿਤਾਵਾਂ 33) | - | 1970 |
| 2) | ਉੱਡਦੇ ਬਾਜ਼ਾਂ ਮਗਰ | (ਕਵਿਤਾਵਾਂ 37) | - | 1974 |

3) ਸਾਡੇ ਸਮਿਆਂ ਵਿੱਚ (ਕਵਿਤਾਵਾਂ 29) - 1978

4) ਖਿਲਰੇ ਹੋਏ ਵਰਕੇ (ਕਵਿਤਾਵਾਂ 39) - 1989

ਪਾਸ਼ ਨੇ ਆਪਣੀ ਕਵਿਤਾ ਵਿਚ ਨੇਤਾਵਾਂ ਉਪਰ ਸਿੱਧੀ ਚੋਟ ਕੀਤੀ ਅਤੇ ਕਿਹਾ ਕਿ ਉਹ ਆਪਣਾ ਸਮਾਜਿਕ ਕਰਤੱਵ ਠੀਕ ਤਰ੍ਹਾਂ ਨਾ ਨਿਭਾ ਕੇ ਲੋਕਾਂ ਨਾਲ ਧਰੋਹ ਕਰਦੇ ਹਨ। ਕਾਵਿ ਸੰਗ੍ਰਹਿ ***ਲੋਹ ਕਥਾ*** ਕਵਿਤਾ ਲੋਹਾ ਵਿੱਚ ਉਹ ਲਿਖਦੇ ਹਨ :-

ਤੁਸੀਂ ਲੋਹੇ ਦੀ ਕਾਰ ਝੂਟਦੇ ਹੋ।

ਮੇਰੇ ਕੋਲ ਲੋਹੇ ਦੀ ਬੰਦੂਕ ਹੈ।

ਮੈਂ ਲੋਹਾ ਖਾਧਾ ਹੈ।

ਤੁਸੀਂ ਲੋਹੇ ਦੀ ਗੱਲ ਕਰਦੇ ਹੋ।

ਲੋਹਾ ਜਦ ਪਿਘਲਦਾ ਹੈ

ਤਾਂ ਭਾਫ਼ ਨਹੀਂ ਨਿਕਲਦੀ।

ਜਦ ਕੁਠਾਲੀ ਚੁੱਕਣ ਵਾਲਿਆ ਦੇ ਦਿਲਾਂ 'ਚੋਂ

ਭਾਫ਼ ਨਿਕਲਦੀ ਹੈ

ਤਾਂ ਲੋਹਾ ਪਿਘਲ ਜਾਂਦਾ ਹੈ। (35-36)

## 1.2 ਖੋਜ ਦੇ ਉਦੇਸ਼

1) ਸ਼ੈਲੀ ਵਿਗਿਆਨ ਦੇ ਸਿਧਾਂਤਕ ਤੇ ਇਤਿਹਾਸਕ ਪੱਖ ਦਾ ਅਧਿਐਨ ਕੀਤਾ ਗਿਆ ਹੈ।

2) ਸ਼ੈਲੀ ਵਿਗਿਆਨਕ ਵਿਧੀ ਰਾਹੀਂ ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ ਅਧਿਐਨ ਕੀਤਾ ਗਿਆ ਹੈ।

3) ਜੁਝਾਰਵਾਦੀ ਵਿਚਾਰਧਾਰਾ ਬਾਰੇ ਜਾਣਿਆ ਗਿਆ ਹੈ।

4) ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ ਵਿੱਚ ਵਰਤੀਆਂ ਗਈਆਂ ਵਿਭਿੰਨ ਸ਼ੈਲੀਆਂ ਦਾ ਅਧਿਐਨ ਕੀਤਾ ਗਿਆ ਹੈ।

## 1.3 ਖੋਜ-ਵਿਧੀ (Methods of Research)

**ਸਾਹਿਤ ਖੇਤਰ ਵਿੱਚ ਖੋਜ-ਕਾਰਜ ਨੂੰ ਸਾਰਥਕ ਅਤੇ ਵਿਧੀ-ਪੂਰਵਕ ਬਣਾਉਣ ਲਈ ਖੋਜ ਵਿਧੀ ਜ਼ਰੂਰੀ ਹੈ ਖੋਜ ਵਿਦਿਆਰਥੀ ਦੁਆਰਾ ਪ੍ਰਾਪਤ ਸਮੱਗਰੀ ਨੂੰ ਅਧਾਰ ਬਣਾ ਕੇ ਪ੍ਰਸਤਾਵਿਤ ਖੋਜ-ਕਾਰਜ ਲਈ ਹੇਠ ਲਿਖੀਆਂ ਖੋਜ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ-**

- **ਇਤਿਹਾਸਕ ਖੋਜ-ਵਿਧੀ**
- **ਮਨੋਵਿਗਿਆਨਕ ਖੋਜ-ਵਿਧੀ**
- **ਸ਼ੈਲੀ ਵਿਗਿਆਨਕ ਖੋਜ-ਵਿਧੀ**

**ਸ਼ੈਲੀ ਵਿਗਿਆਨ ਵਿਧੀ ਰਾਹੀਂ ਭਾਸ਼ਾਈ ਪੱਖਾਂ ਨੂੰ ਦੇਖਿਆ ਗਿਆ ਹੈ ਜਿਸ ਵਿਚ ਧੁਨੀ ਪੱਧਰ, ਸ਼ਬਦ ਪੱਧਰ,ਵਾਕ ਪੱਧਰ, ਅਰਥ ਪੱਧਰ, ਪ੍ਰਵਚਨ ਪੱਧਰ ਤੇ ਲਿਖਤ ਪੱਧਰ ਆਦਿ। ਇਸ ਖੋਜ-ਕਾਰਜ ਲਈ ਇਤਿਹਾਸਕ ਖੋਜ ਵਿਧੀ ਵੀ ਵਰਤੀ ਗਈ ਹੈ ਜਿਸ ਵਿਚ ਸ਼ੈਲੀ ਵਿਗਿਆਨ ਅਤੇ ਜੁਝਾਰਵਾਦੀ ਕਾਵਿ ਦੇ ਇਤਿਹਾਸ ਨੂੰ ਜਾਣਿਆ ਗਿਆ ਹੈ ।**

**ਇਤਿਹਾਸਕ ਖੋਜ-ਵਿਧੀ (Historical Research Method):**

ਇਤਿਹਾਸਕ ਖੋਜ ਵਿਧੀ ਕਿਸੇ ਵੀ ਵਿਸ਼ੇ ਦਾ ਇਤਿਹਾਸ ਲਿਖਣ ਲਈ ਬਹੁਤ ਮਹੱਤਵਪੂਰਨ ਹੈ। ਇਸ ਖੋਜ-ਪ੍ਰਬੰਧ ਵਿਚ ਸ਼ੈਲੀ ਅਤੇ ਜੁਝਾਰਵਾਦ ਦਾ ਇਤਿਹਾਸਕ ਅਧਿਆਇ ਲਿਖਣ ਲਈ ਇਤਿਹਾਸਕ ਖੋਜ ਵਿਧੀ ਦੀ ਵਰਤੋਂ ਕੀਤੀ ਗਈ ਹੈ । ਇਸ ਖੋਜ ਵਿਧੀ ਦੀ ਸਹਾਇਤਾ ਤੋਂ ਬਿਨਾਂ ਸ਼ੈਲੀ ਵਿਗਿਆਨਿਕ ਪੱਖ 'ਤੇ ਖੋਜ ਸੰਪੂਰਨ ਨਹੀਂ ਹੋ ਸਕਦੀ। ਇਸ ਲਈ ਹੱਥਲੇ ਖੋਜ-ਕਾਰਜ ਨੂੰ ਵਿਗਿਆਨਿਕ ਅਤੇ ਵਿਧੀ ਪੂਰਕ ਢੰਗ ਨਾਲ ਨੇਪਰੇ ਚਾੜ੍ਹਨ ਲਈ ਇਤਿਹਾਸਕ ਵਿਧੀ ਤੋਂ ਸਹਾਇਤਾ ਲਈ ਹੈ ।

**ਮਨੋਵਿਗਿਆਨਕ ਖੋਜ ਵਿਧੀ (Psychological Research Method):**

ਮਨੋਵਿਗਿਆਨ ਤੋਂ ਭਾਵ ਮਨੁੱਖੀ ਮਨ ਦਾ ਵਿਗਿਆਨਿਕ ਅਧਿਐਨ ਕਰਨਾ ਹੈ। ਆਸਟਰੀਆ ਦੇ ਮਨੋਰੋਗਾ ਦੇ ਮਾਹਿਰ ਡਾ. ਸਿਗਮੰਡ ਫਰਾਇਡ (1856 ਈ: ਤੋਂ 1939 ਈ:) ਨੂੰ ਮਨੋਵਿਗਿਆਨ ਦਾ

ਪਿਤਾਮਾ ਮੰਨਿਆ ਜਾਂਦਾ ਹੈ। ਇਸ ਤੋਂ ਬਾਅਦ ਐਲਫਰੈਡ ਐਡਲਰ, ਸੀ. ਜੀ. ਜੁੰਗ, ਕਾਰੇਨ ਹੋਰਨੇ ਦੀਆਂ ਖੋਜਾਂ ਤੋਂ ਮਨੋਵਿਗਿਆਨ ਦੀ ਹਰੇਕ ਖੇਤਰ ਵਿਚ ਮਹੱਤਤਾ ਵੱਧ ਗਈ। ਪੰਜਾਬੀ ਕਵਿਤਾ ਦਾ ਵਿਸ਼ੇਸ਼ ਲੱਛਣ ਇਸ ਵਿਚ ਮਨੋਵਿਗਿਆਨਕ ਅੰਸ਼ ਦਾ ਵੱਧ ਚੜ੍ਹ ਕੇ ਪੇਸ਼ ਹੋਣ ਤੋਂ ਵੀ ਹੈ। ਲਾਲ ਸਿੰਘ ਦਿਲ ਅਤੇ ਪਾਸ਼ ਨੇ ਆਪਣੀਆਂ ਕਵਿਤਾਵਾਂ ਵਿਚ ਮਨੋਵਿਗਿਆਨਕਤਾ ਦਾ ਕਲਾਮਈ ਅਤਿ-ਸੂਖਮ ਪ੍ਰਦਰਸ਼ਨ ਕਰਦਾ ਹੈ। ਇਸੇ ਕਾਰਨ ਹੱਥਲੇ ਖੋਜ-ਕਾਰਜ ਵਿਚ ਮਨੋਵਿਗਿਆਨਕ ਪਹੁੰਚ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

**ਸ਼ੈਲੀ ਵਿਗਿਆਨਕ ਵਿਧੀ: (Stylistic Method)**

ਸ਼ੈਲੀ-ਵਿਗਿਆਨ ਤੋਂ ਭਾਵ ਕਿਸੇ ਵੀ ਲੇਖਕ ਜਾਂ ਸਾਹਿਤਕਾਰ ਦੀ ਰਚਨਾ ਵਿਚ ਸਮੋਏ ਹੋਏ ਤੱਥਾਂ ਨੂੰ ਲੱਭ ਕੇ ਉਸਦਾ ਵਿਗਿਆਨਿਕ ਅਧਿਐਨ ਕਰਨਾ ਹੈ। ਇਸ ਪ੍ਰਕਾਰ ਸ਼ੈਲੀ-ਵਿਗਿਆਨ ਕਿਸੇ ਰਚਨਾ ਨੂੰ ਕੇਵਲ ਵੱਖਰੇ-ਵੱਖਰੇ ਖੰਡਾਂ ਵਿੱਚ ਵੰਡਣ ਵਾਲੇ ਬਿਊਰੇ ਦੀ ਪ੍ਰਣਾਲੀ ਬਣ ਕੇ ਨਹੀਂ ਰਹਿ ਜਾਂਦੀ ਸਗੋਂ ਪਾਠ ਦੀ ਸਮਝ ਲਈ ਭਾਸ਼ਾ ਦੀਆਂ ਬਰੀਕੀਆਂ ਨੂੰ ਸਮਝਣ ਲਈ ਪਾਠ ਦੀ ਤਹਿ ਤੱਕ ਪਹੁੰਚ ਕਰਦੀ ਹੈ, ਕਿਰਤ ਨੂੰ ਭਾਸ਼ਾਈ ਤੌਰ ਤੇ ਤੋੜਦੀ, ਸੁਮੇਲ ਅਤੇ ਸੂਖਮ ਵਿਆਖਿਆ ਕਰਦੀ ਹੈ। ਇਹ ਪਾਠਗਤ ਰਚਨਾ ਦੇ ਸੁਮੇਲ ਨੂੰ ਬਣਾਈ ਰੱਖਦੀ ਹੈ। ਇਸ ਲਈ ਹੱਥਲੇ ਖੋਜ-ਕਾਰਜ ਨੂੰ ਵਿਗਿਆਨਿਕ ਅਤੇ ਵਿਧੀ ਪੂਰਕ ਢੰਗ ਨਾਲ ਨੇਪਰੇ ਚਾੜ੍ਹਨ ਲਈ ਸ਼ੈਲੀ ਵਿਗਿਆਨਿਕ ਵਿਧੀ ਤੋਂ ਸਹਾਇਤਾ ਲਈ ਗਈ ਹੈ।

**1.4 ਖੋਜ ਨਾਲ ਸਬੰਧਿਤ ਪਹਿਲਾਂ ਹੋ ਚੁੱਕਿਆ ਖੋਜ-ਕਾਰਜ (Review of Literature)** ਸ਼ੈਲੀ ਵਿਗਿਆਨ ਨਾਲ ਸੰਬੰਧਤ ਖੋਜ-ਕਾਰਜ ਹੇਠ ਲਿਖੇ ਅਨੁਸਾਰ ਹੈ –

**1.4.1 ਉਪਾਧੀ ਸਾਪੇਖ**

ਇਸ ਦੇ ਅੰਤਰਗਤ ਪੀਐੱਚ. ਡੀ ਦੀ ਡਿਗਰੀ ਪ੍ਰਾਪਤ ਕਰਨ ਹਿੱਤ ਪ੍ਰਸਤੁਤ ਖੋਜ-ਪ੍ਰਬੰਧ ਅਤੇ ਐੱਮ.ਫਿਲ ਦੀ ਡਿਗਰੀ ਪ੍ਰਾਪਤ ਕਰਨ ਹਿੱਤ ਖੋਜ-ਨਿਬੰਧ ਸ਼ਾਮਿਲ ਕੀਤੇ ਗਏ ਹਨ। ਉਪਾਧੀ ਸਾਪੇਖ ਖੋਜ-ਕਾਰਜ ਦੇ ਤਹਿਤ ਸ਼ੈਲੀ ਵਿਗਿਆਨ ਨਾਲ ਸੰਬੰਧਤ ਖੋਜ-ਪ੍ਰਬੰਧਾਂ ਨੂੰ ਸ਼ਾਮਿਲ ਕੀਤਾ ਹੈ ਜਿਵੇਂ:

**1.4.1.1 ਖੋਜ-ਪ੍ਰਬੰਧ**

ਪੀ.ਐੱਚ.ਡੀ ਦੀ ਡਿਗਰੀ ਲਈ ਪ੍ਰਸਤੁਤ ਕੀਤੇ ਗਏ ਖੋਜ-ਪ੍ਰਬੰਧਾਂ ਦਾ ਵੇਰਵਾ ਹੇਠਾਂ ਕਾਲ ਕ੍ਰਮ ਅਨੁਸਾਰ **ਹੈ।**

- **1985, ਪੰਜਾਬੀ ਕਾਵਿ ਦਾ ਸ਼ੈਲੀਗਤ ਅਧਿਐਨ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਲਾਲਾ ਧਨੀ ਰਾਮ ਚਾਤ੍ਰਿਕ ਦੇ ਪ੍ਰਸੰਗ ਵਿੱਚ, ਧਰਮ ਬੀਰ ਰਾਏ।** ਇਸ ਵਿੱਚ ਖੋਜਾਰਥੀ ਨੇ ਸ਼ੈਲੀਗਤ ਅਧਿਐਨ ਤਿੰਨ ਕਵੀਆਂ ਦੀਆਂ ਰਚਨਾਵਾਂ ਨੂੰ ਲੈ ਕੇ ਕੀਤਾ ਹੈ। ਜੋ ਸ਼ੈਲੀ ਵਿਗਿਆਨ ਦੇ ਆਧਾਰ ਤੇ ਨਹੀਂ ਸਗੋਂ ਸ਼ੈਲੀ ਕੀ ਹੈ ਦੇ ਆਧਾਰ ਤੇ ਕੀਤਾ ਗਿਆ ਹੈ। ਇਸ ਵਿੱਚ ਪਹਿਲਾਂ ਸ਼ੈਲੀ ਸ਼ਬਦ ਦੀ ਉਤਪੱਤੀ ਕਿਥੋਂ ਅਤੇ ਇਸ ਦਾ ਰੀਤੀ ਨਾਲ ਕੀ ਸੰਬੰਧ ਹੈ। ਆਦਿ ਬਾਰੇ ਦੱਸਣ ਤੋਂ ਬਾਅਦ ਪੱਛਮੀ ਦ੍ਰਿਸ਼ਟੀਕੋਣ ਨੂੰ ਆਧਾਰ ਬਣਾਇਆ ਹੈ। ਇਸ ਅਧਿਐਨ ਵਿੱਚ ਉਸਨੇ ਸ਼ੈਲੀ ਵਿਗਿਆਨ ਦੇ ਮੁੱਖ ਤੱਤਾਂ ਨੂੰ ਨਹੀਂ ਸਗੋਂ ਸ਼ੈਲੀ ਵਿਗਿਆਨ ਸੰਬੰਧੀ ਭਾਰਤੀ ਦ੍ਰਿਸ਼ਟੀਕੋਣ ਨੂੰ ਅਪਣਾਇਆ ਹੈ ਜਿਵੇਂ ਬਿੰਬ, ਪ੍ਰਤੀਕ, ਚਿੰਨ੍ਹ, ਮਿੱਥ, ਅਲੰਕਾਰ, ਛੰਦ ਆਦਿ। ਇਸ ਤਰ੍ਹਾਂ ਖੋਜਾਰਥੀ ਨੇ ਸ਼ੈਲੀਗਤ ਅਧਿਐਨ ਇਨ੍ਹਾਂ ਮਾਡਲਾਂ ਨੂੰ ਆਧਾਰ ਬਣਾ ਕੇ ਕੀਤਾ ਹੈ।
- **1991, ਬਲਵੰਤ ਗਾਰਗੀ ਦੇ ਨਾਟਕਾਂ ਦੀ ਭਾਵ-ਜੁਗਤ ਅਤੇ ਸ਼ੈਲੀ ਵਿਗਿਆਨ ਅਧਿਐਨ, ਦਵਿੰਦਰ ਸਿੰਘ,** ਇਸ ਖੋਜ-ਪ੍ਰਬੰਧ ਵਿੱਚ ਖੋਜਾਰਥੀ ਨੇ ਚਾਰ ਨਾਟਕ ਲਏ ਹਨ। ਜਿਸ ਵਿੱਚ ਲੋਹਾ-ਕੁੱਟ, ਕਣਕ ਦੀ ਬੱਲੀ, ਕੇਸਰੋ, ਧੂਣੀ ਦੀ ਅੱਗ, ਇਹ ਖੋਜ-ਕਾਰਜ ਵੀ ਸ਼ੈਲੀ ਕੀ ਹੈ ਤੋਂ ਹੀ ਸ਼ੁਰੂ ਕੀਤਾ ਗਿਆ ਹੈ। ਸ਼ੈਲੀ ਵਿਗਿਆਨਕ ਵਿਧੀ ਨੂੰ ਆਧਾਰ ਜ਼ਰੂਰ ਬਣਾਇਆ ਹੈ। ਪਰੰਤੂ ਸ਼ੈਲੀ ਵਿਗਿਆਨਕ ਮਾਡਲਾਂ ਰਾਹੀਂ ਇਹ ਅਧਿਐਨ ਨਹੀਂ ਹੋਇਆ। ਇਸ ਵਿੱਚ ਸੁਮੇਲਤਾ, ਵਕਰਉਕਤੀ, ਲੈਅ ਆਦਿ ਬਾਰੇ ਚਰਚਾ ਕੀਤੀ ਹੈ ਅਤੇ ਇਨ੍ਹਾਂ ਪੱਧਰਾਂ ਨੂੰ ਹੀ ਆਧਾਰ ਬਣਾ ਕਿ ਸ਼ੈਲੀ ਵਿਗਿਆਨਕ ਅਧਿਐਨ ਕੀਤਾ ਗਿਆ ਹੈ। ਚਾਰਾਂ ਨਾਟਕਾਂ ਵਿੱਚ ਤਿੰਨਾਂ ਪੱਧਰਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਜਿਨ੍ਹਾਂ ਨੂੰ ਬਾਅਦ ਵਿੱਚ ਭਾਵ-ਜੁਗਤ ਲਈ ਵੀ ਵਰਤਿਆ ਗਿਆ ਹੈ। ਖੋਜਾਰਥੀ

ਨੇ ਚਾਰ ਨਾਟਕਾਂ ਨੂੰ ਪਹਿਲਾਂ ਨਾਟਕ ਦੀ ਵਿਧੀ ਅਤੇ ਬਾਅਦ ਵਿੱਚ ਨਾਟਕ ਦੇ ਅੰਗਾਂ ਨੂੰ ਸ਼ੈਲੀ ਵਿਗਿਆਨਕ ਮਾਡਲਾਂ ਅਨੁਸਾਰ ਪਰਖਣ ਦੀ ਕੋਸ਼ਿਸ਼ ਕੀਤੀ ਹੈ।

- **1998, ਹਾਸ਼ਮ ਦੇ ਕਿਸਿਆਂ ਦਾ ਸ਼ੈਲੀ ਵਿਗਿਆਨਕ ਅਤੇ ਚਿੰਨ੍ਹ ਵਿਗਿਆਨਕ ਅਧਿਐਨ, ਸੁਖਜੀਤ ਕੌਰ,** ਇਹ ਖੋਜ-ਕਾਰਜ ਸ਼ੈਲੀ ਵਿਗਿਆਨ ਵਿਧੀਆਂ 'ਤੇ ਆਧਾਰਤ ਹੈ। ਖੋਜਾਰਥਣ ਨੇ ਸਭ ਤੋਂ ਪਹਿਲਾਂ ਸ਼ੈਲੀ ਵਿਗਿਆਨਕ ਮਾਡਲਾਂ ਬਾਰੇ ਜਾਣਕਾਰੀ ਦਿੱਤੀ ਹੈ। ਜਿਵੇਂ ਸੰਯੋਗਸ਼ੀਲਤਾ, ਪਰਾਹਨ, ਸਮਾਨੰਤਰਤਾ, ਛੰਦ, ਅਲੰਕਾਰ, ਰਸ ਆਦਿ ਦੇ ਆਧਾਰ ਤੇ ਸ਼ੈਲੀ ਦੇ ਗੁਣਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਹੈ ਤੇ ਸ਼ੈਲੀ ਵਿਗਿਆਨ ਕੀ ਹੈ ਸ਼ੈਲੀ ਵਿਗਿਆਨ ਦਾ ਵੱਖੋ-ਵੱਖਰੇ ਸਕੂਲਾਂ ਨਾਲ ਕੀ ਸੰਬੰਧ ਹੈ ਜਿਵੇਂ ਸੰਰਚਨਾਵਾਦੀ ਸਕੂਲ, ਫਰਾਂਸੀਸੀ ਸਕੂਲ, ਆਦਿ। ਅੱਗੇ ਸ਼ੈਲੀ ਵਿਗਿਆਨ ਦੇ ਮਾਡਲ ਸੰਯੋਗਸ਼ੀਲਤਾ ਬਾਰੇ ਵਿਚਾਰ ਪ੍ਰਗਟਾਏ ਹਨ ਅਤੇ ਉਸ ਨੂੰ ਦੋ ਭਾਗਾਂ ਸ਼ਾਬਦਿਕ ਸੰਯੋਗਸ਼ੀਲਤਾ ਅਤੇ ਵਿਆਕਰਨਕ ਸੰਯੋਗਸ਼ੀਲਤਾ ਵਿਚ ਵੰਡਿਆ ਹੈ। ਵਿਆਕਰਨਕ ਸੰਯੋਗਸ਼ੀਲਤਾ ਵਿੱਚ ਵਿਆਕਰਨ ਨੂੰ ਆਧਾਰ ਬਣਾਇਆ ਹੈ ਤੇ ਸ਼ਾਬਦਿਕ ਸੰਯੋਗਸ਼ੀਲਤਾ ਵਿੱਚ ਦੁਹਰਾ ਵਾਲੇ ਸ਼ਬਦ, ਸਮਾਨ ਅਰਥ ਵਾਲੇ ਸ਼ਬਦ, ਆਦਿ ਬਾਰੇ ਵਿਚਾਰ ਚਰਚਾ ਕੀਤੀ ਹੈ। ਇਸੇ ਤਰ੍ਹਾਂ ਉਸ ਨੇ ਵਾਕਾਂ ਨੂੰ ਵੀ ਵੰਡਿਆ ਹੈ। ਵਾਕ ਸੰਯੋਗਸ਼ੀਲਤਾ ਅਤੇ ਪਾਠ ਸੰਯੋਗਸ਼ੀਲਤਾ। ਪਰਾਹਨ ਸ਼ੈਲੀ ਵਿਗਿਆਨ ਦੇ ਪ੍ਰਮੁੱਖ ਮਾਡਲ ਅਗਰਭੂਮਣ ਦਾ ਮਹੱਤਵਪੂਰਨ ਤੱਤ ਹੈ। ਇਸ ਨੂੰ ਅੱਗੇ ਭਾਸ਼ਕ ਇਕਾਈਆਂ ਰਾਹੀਂ ਵੰਡਿਆ ਹੈ ਜਿਵੇਂ ਸ਼ਾਬਦਿਕ ਪਰਾਹਨ, ਵਿਆਕਰਨ ਪਰਾਹਨ, ਅੱਖਰ ਮੂਲਕ, ਪਰਾਹਨ, ਧੁਨੀਆਤਮਕ ਪਰਾਹਨ, ਅਰਥ ਮੂਲਕ ਪਰਾਹਨ, ਬੋਲੀ ਮੂਲਕ ਪਰਾਹਨ, ਰਜਿਸਟਰ ਦਾ ਪਰਾਹਨ, ਇਤਿਹਾਸਕ ਕਾਲ ਦਾ ਪਰਾਹਨ ਆਦਿ। ਸ਼ਾਬਦਿਕ ਪਰਾਹਨ ਨੂੰ ਅੱਗੋਂ ਹੋਰ ਭਾਗਾਂ ਵਿੱਚ ਵੰਡਿਆ ਹੈ। ਇਸੇ ਤਰ੍ਹਾਂ ਵਿਆਕਰਨ ਪਰਾਹਨ ਨੂੰ ਵੀ ਦੋ ਭਾਗਾਂ ਵਿੱਚ ਵੰਡਿਆ ਹੈ। ਜਿਸ ਵਿੱਚ ਧੁਨੀ ਪਰਾਹਨ ਨੂੰ ਅੱਗੋਂ ਵਰਣ ਲੋਪ, ਮੱਧ ਵਰਣ ਲੋਪ, ਅੰਤਿਮ ਧੁਨੀ ਦਾ ਪਰਾਹਨ ਆਦਿ ਭਾਗਾਂ ਵਿੱਚ ਵੰਡਿਆ ਹੈ। ਇਸੇ ਤਰ੍ਹਾਂ ਸਮਾਨੰਤਰਤਾ ਨੂੰ ਵੀ ਆਧਾਰ ਬਣਾਇਆ ਹੈ। ਆਧੁਨਿਕ ਸ਼ੈਲੀ

ਵਿਗਿਆਨ ਦੇ ਆਧਾਰ ਤੇ ਇਹ ਵੰਡ ਕੀਤੀ ਗਈ ਹੈ। ਆਧੁਨਿਕ ਸ਼ੈਲੀ ਵਿਗਿਆਨ ਨੂੰ ਆਧਾਰ ਬਣਾ ਕੇ ਕੀਤਾ ਗਿਆ ਇਹ ਅਧਿਐਨ ਮਹੱਤਵਪੂਰਨ ਹੈ।

- **1999, ਕੋਠੇ ਖੜਕ ਸਿੰਘ: ਸ਼ੈਲੀ ਵਿਗਿਆਨਕ ਅਧਿਐਨ, ਮੰਗਤ ਰਾਮ।** ਇਸ ਵਿੱਚ ਖੋਜਾਰਥੀ ਨੇ ਸ਼ੈਲੀ ਵਿਗਿਆਨ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਸ਼ੈਲੀ ਵਿਗਿਆਨ ਜਾਣ-ਪਛਾਣ, ਸ਼ੈਲੀ ਵਿਗਿਆਨ ਅਤੇ ਸ਼ੈਲੀ ਵਿਗਿਆਨ ਦੇ ਸਰੂਪ ਆਦਿ ਬਾਰੇ ਵਿਚਾਰ ਚਰਚਾ ਕੀਤੀ ਹੈ। ਅਧਿਐਨ ਵਿਧੀ ਦੇ ਆਧਾਰ ਤੇ ਅਧਿਆਇਆਂ ਨੂੰ ਕਈ ਭਾਗਾਂ ਵਿੱਚ ਵੰਡਿਆ ਹੈ ਅਤੇ ਆਧੁਨਿਕ ਸ਼ੈਲੀ ਵਿਗਿਆਨ ਦੇ ਮਾਡਲਾਂ ਨੂੰ ਇਸ ਵਿੱਚ ਲਿਆ ਹੈ। ਵਿਚਲਨ, ਵਿਪਥਨ, ਸਮਾਨੰਤਰਤਾ, ਵਿਰਲਤਾ ਨੂੰ ਅੱਗੋਂ ਭਾਸ਼ਕ ਇਕਾਈਆਂ ਰਾਹੀਂ ਪਰਖਿਆ ਗਿਆ ਹੈ। ਗਲਪ ਰੂਪ ਰਾਹੀਂ ਇਹ ਸ਼ੈਲੀ ਵਿਗਿਆਨਕ ਅਧਿਐਨ ਕੀਤਾ ਗਿਆ ਹੈ। ਕੋਠੇ ਖੜਕ ਸਿੰਘ 'ਸ਼ੈਲੀ ਵਿਗਿਆਨਕ ਅਧਿਐਨ ਮਹੱਤਵਪੂਰਨ ਹੈ ਕਿਉਂਕਿ ਇਸ ਵਿੱਚ ਆਧੁਨਿਕ ਸ਼ੈਲੀ ਵਿਗਿਆਨਕ ਵਿਧੀ ਨੂੰ ਆਧਾਰ ਬਣਾ ਕੇ ਹੀ ਅਧਿਐਨ ਕੀਤਾ ਗਿਆ ਹੈ ਜੋ ਆਧੁਨਿਕਤਾ ਨੂੰ ਹੀ ਮੱਧੇਨਜ਼ਰ ਰੱਖਦਾ ਹੈ।
- **2006, ਨਰਿੰਦਰ ਸਿੰਘ ਕਪੂਰ ਦੀ ਵਾਰਤਕ ਦਾ ਸ਼ੈਲੀ ਵਿਗਿਆਨਕ ਅਧਿਐਨ, ਰਾਜਿੰਦਰ ਸਿੰਘ ਸੇਖੋਂ.** ਇਸ ਵਿੱਚ ਖੋਜਾਰਥੀ ਨੇ ਸ਼ੈਲੀ ਵਿਗਿਆਨਕ ਵਿਧੀ ਰਾਹੀਂ ਨਰਿੰਦਰ ਕਪੂਰ ਦੀ ਵਾਰਤਕ ਨੂੰ ਆਧਾਰ ਵਜੋਂ ਅਪਣਾਇਆ ਹੈ। ਜਿਸ ਵਿੱਚ ਉਸਨੇ ਸ਼ੈਲੀ ਵਿਗਿਆਨ ਨੂੰ ਮੁੱਢਲੀ ਸਥਿਤੀ ਤੋਂ ਪੜ ਕੇ ਆਧੁਨਿਕ ਸ਼ੈਲੀ ਵਿਗਿਆਨ ਨੂੰ ਉਭਾਰਿਆ ਹੈ। ਯੂਨਾਨੀ ਸ਼ੈਲੀ ਚਿੰਤਨ, ਭਾਰਤੀ ਸੰਸਕ੍ਰਿਤ ਸ਼ੈਲੀ ਚਿੰਤਨ, ਮੱਧਕਾਲੀ ਪੱਛਮੀ ਸ਼ੈਲੀ ਚਿੰਤਨ, ਬਾਰੇ ਮਹੱਤਵਪੂਰਨ ਵਿਚਾਰ ਦਿੱਤੇ ਹਨ। ਆਧੁਨਿਕ ਸ਼ੈਲੀ ਵਿਗਿਆਨ ਵਿੱਚ ਆਉਂਦੇ ਵੱਖ-ਵੱਖ ਸਕੂਲਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਜਿਵੇਂ ਰੂਸੀ ਚੈੱਕ ਸ਼ੈਲੀ ਵਿਗਿਆਨ, ਸ਼ੈਲੀ ਦੀ ਚੈੱਕਧਾਰਾ, ਫਰਾਂਸੀਸੀ ਸ਼ੈਲੀ ਵਿਗਿਆਨ, ਸਪੇਨੀ ਸ਼ੈਲੀ ਵਿਗਿਆਨ, ਬਰਤਾਨਵੀ ਸ਼ੈਲੀ ਵਿਗਿਆਨ, ਅਮਰੀਕਨ ਸ਼ੈਲੀ ਵਿਗਿਆਨ, ਆਦਿ। ਸ਼ੈਲੀ ਵਿਗਿਆਨ ਨਾਲ ਸੰਬੰਧਤ ਸਕੂਲਾਂ ਤੋਂ ਬਾਅਦ ਸ਼ੈਲੀ ਵਿਗਿਆਨ ਦੀਆਂ

ਸ਼ਾਖਾਵਾਂ ਨੂੰ ਆਧਾਰ ਬਣਾਇਆ ਗਿਆ ਹੈ। ਸ਼ੈਲੀ ਵਿਗਿਆਨ ਦਾ ਵੱਖ ਵੱਖ ਵਿਗਿਆਨਾਂ ਨਾਲ ਵੀ ਸੰਬੰਧਾਂ ਨੂੰ ਵੀ ਦਰਸਾਇਆ ਗਿਆ ਹੈ। ਇਸ ਤੋਂ ਬਾਅਦ ਸ਼ੈਲੀ ਵਿਗਿਆਨ ਦੇ ਮਾਡਲਾਂ ਨੂੰ ਆਧਾਰ ਬਣਾਇਆ ਹੈ। ਅਗਰਭੂਮਣ (Foregrounding) ਸ਼ੈਲੀ ਵਿਗਿਆਨ ਦਾ ਮਹੱਤਵਪੂਰਨ ਮਾਡਲ ਹੈ। ਅਗਰਭੂਮਣ ਨੂੰ ਅੱਗੋਂ ਚਾਰ ਤੱਤਾਂ ਰਾਹੀਂ ਵੰਡ ਕੇ ਦੇਖਿਆ ਹੈ ਅਤੇ ਇਹਨਾਂ ਚਾਰਾਂ ਤੱਤਾਂ ਨੂੰ ਅੱਗੋਂ ਭਾਸ਼ਕ ਇਕਾਈਆਂ ਰਾਹੀਂ ਵੰਡਿਆ ਗਿਆ ਹੈ। ਜਿਵੇਂ ਵਿਚਲਨ ਸ਼ਬਦ ਪੱਧਰ ਤੇ ਵਾਕ ਪੱਧਰ ਤੇ ਵਿਚਲਨ, ਅਰਥ ਪੱਧਰ ਤੇ ਵਿਚਲਨ ਪ੍ਰਵਚਨ ਪੱਧਰ ਤੇ ਵਿਚਲਨ, ਲਿਖਤ ਪੱਧਰ ਤੇ ਵਿਚਲਨ, ਆਦਿ। ਰਾਜਿੰਦਰ ਸੇਖੋਂ ਨੇ ਇਸ ਅਧਿਐਨ ਵਿੱਚ ਆਧੁਨਿਕ ਵਿਗਿਆਨਕ ਵਿਧੀ ਰਾਹੀਂ ਹਰ ਪੱਧਰ ਨੂੰ ਆਧਾਰ ਬਣਾ ਕੇ ਖੋਜ ਕੀਤੀ ਹੈ।

- **2017 , ਹਰਭਜਨ ਸਿੰਘ ਕਾਵਿ ਸ਼ੈਲੀ ਵਿਗਿਆਨ ਅਧਿਐਨ, ਡਾ.ਸੋਨਾ**

ਇਸ ਵਿੱਚ ਖੋਜਾਰਥੀ ਨੇ ਸ਼ੈਲੀ ਵਿਗਿਆਨ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਇਸ ਵਿੱਚ ਉਸ ਨੇ ਖੋਜ ਪ੍ਰਬੰਧ ਨੂੰ ਛੇ ਅਧਿਆਇ ਵਿੱਚ ਵੰਡਿਆ ਹੈ। ਪਹਿਲਾ ਅਧਿਆਇ :ਪ੍ਰਾਪਤ ਅਧਿਐਨ ਤੇ ਮੁਲਾਂਕਣ ਵਿਚ ਡਾ.ਹਰਿਭਜਨ ਸਿੰਘ ਦੀਆਂ ਪੁਸਤਕਾਂ ਅਤੇ ਆਲੋਚਨਾਤਮਕ ਪੁਸਤਕਾਂ ਖੋਜ ਪੱਤਰ/ਪੱਤਿਰਕਾਵਾਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ। ਦੂਜਾ ਅਧਿਆਇ: ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ, ਤੀਜਾ ਅਧਿਆਇ: ਡਾ.ਹਰਿਭਜਨ ਸਿੰਘ ਦੀ ਕਵਿਤਾ:ਵਿਚਲਨ ਦਾ ਪੱਧਰ, ਚੌਥਾ ਅਧਿਆਇ: ਡਾ.ਹਰਿਭਜਨ ਸਿੰਘ ਦੀ ਕਵਿਤਾ:ਵਿਪਥਨ ਦਾ ਪੱਧਰ, ਪੰਜਵਾਂ ਅਧਿਆਇ: ਡਾ.ਹਰਿਭਜਨ ਸਿੰਘ ਦੀ ਕਵਿਤਾ: ਸਮਾਨੰਤਰਤਾ ਦਾ ਪੱਧਰ, ਛੇਵਾਂ ਅਧਿਆਇ: ਡਾ.ਹਰਿਭਜਨ ਸਿੰਘ ਦੀ ਕਵਿਤਾ: ਵਿਰਲਤਾ ਦਾ ਪੱਧਰ। ਇਸ ਵਿੱਚ ਖੋਜਾਰਥੀ ਨੇ ਸ਼ੈਲੀ ਵਿਗਿਆਨਕ ਮਾਡਲਾਂ ਜਿਵੇਂ ਵਿਚਲਨ, ਵਿਪਥਨ, ਸਮਾਨੰਤਰਤਾ ਅਤੇ ਵਿਰਲਤਾ ਉਪਰ ਬੜੇ ਸੁਚੱਜੇ ਢੰਗ ਨਾਲ ਵਿਸਥਾਰਪੂਰਵਕ ਚਰਚਾ ਕੀਤੀ ਹੈ।

#### 1.4.1.2 ਖੋਜ-ਨਿਬੰਧ

ਉਪਾਧੀ ਸਾਪੇਖ ਖੋਜ-ਕਾਰਜ ਦੇ ਤਹਿਤ ਖੋਜ-ਨਿਬੰਧਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਹ ਖੋਜ-ਨਿਬੰਧ ਜੋ ਐਮ.ਫਿਲ ਦੀ ਡਿਗਰੀ ਪ੍ਰਾਪਤ ਕਰਨ ਨਾਲ ਸੰਬੰਧਤ ਖੋਜ-ਕਾਰਜ ਹੈ। ਜਿਸ ਨੂੰ ਹੇਠਾਂ ਵਿਸਥਾਰ ਸਹਿਤ ਦਿੱਤਾ ਜਾ ਰਿਹਾ ਹੈ।

- **1982, ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ ਦਾ ਸ਼ੈਲੀ ਵਿਗਿਆਨਕ ਅਧਿਐਨ, ਜਸਬੀਰ ਕੌਰ**, ਇਸ ਖੋਜ-ਨਿਬੰਧ ਵਿੱਚ ਸ਼ੈਲੀ ਵਿਗਿਆਨ ਅਤੇ ਸਾਹਿਤ ਆਲੋਚਨਾ ਦੀ ਭਾਸ਼ਾਈ ਦ੍ਰਿਸ਼ਟੀ ਬਾਰੇ ਮਹੱਤਪੂਰਨ ਚਰਚਾ ਕੀਤੀ ਗਈ ਹੈ। ਇਸ ਵਿੱਚ ਸ਼ੈਲੀ ਵਿਗਿਆਨ ਦੇ ਪ੍ਰਮੁੱਖ ਮਾਡਲਾਂ ਨੂੰ ਵੀ ਆਧਾਰ ਬਣਾਇਆ ਹੈ। ਹੈਲੀਡੇ ਦੀ ਭਾਸ਼ਾ ਬਾਰੇ ਪ੍ਰਕਾਰਜੀ ਦ੍ਰਿਸ਼ਟੀ ਅਤੇ ਵਿਵਸਥਾ-ਮੂਲਕ ਵਿਆਕਰਨ ਦੇ ਆਧਾਰ ਉੱਤੇ ਵਿਸ਼ਲੇਸ਼ਣ ਕੀਤਾ ਹੈ। ਚਿੱਟਾ ਲਹੂ ਇਕ ਪ੍ਰਕਾਰ ਦੀਆਂ ਸੂਚਨਾਵਾਂ ਦੀ ਲੜੀ ਹੈ ਜਿਸ ਵਿੱਚ ਸ਼ੈਲੀ ਵਿਗਿਆਨ ਭਾਸ਼ਾਵਾਦੀ ਦ੍ਰਿਸ਼ਟੀ ਨੂੰ ਅਧਿਐਨ ਦਾ ਆਧਾਰ ਬਣਾਉਂਦਾ ਹੈ।
- **1990, ਦਲੀਪ ਕੌਰ ਟਿਵਾਣਾ ਦੇ ਨਾਵਲ 'ਸਭ ਦੇਸ਼ ਪਰਾਇਆ ਦਾ ਸ਼ੈਲੀ ਵਿਗਿਆਨ ਅਧਿਐਨ**, ਬਲਜੀਤ ਕੌਰ. ਇਸ ਵਿਚ ਖੋਜ ਵਿਦਿਆਰਥਣ ਨੇ ਸਭ ਦੇਸ਼ ਪਰਾਇਆ ਨਾਵਲ ਦਾ ਸ਼ੈਲੀ ਵਿਗਿਆਨ ਅਧਿਐਨ ਕੀਤਾ ਹੈ। ਅਧਿਐਨ ਕਰਨ ਤੋਂ ਪਹਿਲਾਂ ਸ਼ੈਲੀ ਵਿਗਿਆਨ ਕੀ ਹੈ। ਸ਼ੈਲੀ ਵਿਗਿਆਨ ਅਤੇ ਭਾਸ਼ਾ ਵਿਗਿਆਨ ਦਾ ਸੰਬੰਧ ਕੀ ਹੈ। ਆਦਿ ਬਾਰੇ ਚਰਚਾ ਕੀਤੀ ਹੈ। ਇਸ ਵਿਚ ਖੋਜਾਰਥਣ ਨੇ ਭਾਸ਼ਾ ਵਿਗਿਆਨਕ-ਵਿਸ਼ਲੇਸ਼ਣ ਅਤੇ ਸਾਹਿਤਕ ਵਿਸ਼ਲੇਸ਼ਣ ਬਾਰੇ ਵੀ ਵਿਚਾਰ ਕੀਤਾ ਹੈ। ਟਿਵਾਣਾ ਦੇ ਨਾਵਲ ਨੂੰ ਉਸ ਨੇ ਸ਼ੈਲੀ ਵਿਗਿਆਨ ਦੇ ਤਿੰਨ ਪੱਖਾਂ ਤੋਂ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ। ਸੁਮੇਲਤਾ () ਵਕਰ-ਉਕਤੀ () ਲੈਅ ਆਦਿ ਇਨ੍ਹਾਂ ਤਿੰਨਾਂ ਪੱਖਾਂ ਨੂੰ ਅੱਗੋਂ ਭਾਸ਼ਕ ਇਕਾਈਆਂ ਰਾਹੀਂ ਵੰਡਿਆ ਹੈ। ਜਿਵੇਂ ਸੁਮੇਲਤਾ-ਵਿਆਕਰਨਿਕ ਸੁਮੇਲਤਾ, ਸ਼ਾਬਦਿਕ ਸੁਮੇਲਤਾ ਆਦਿ ਇਸੇ ਤਰ੍ਹਾਂ ਵਕਰ-ਉਕਤੀ ਅਤੇ ਲੈਅ ਨੂੰ ਆਧਾਰ ਬਣਾਇਆ ਹੈ। ਇਹ ਖੋਜ-

ਕਾਰਜ ਸ਼ੈਲੀ ਵਿਗਿਆਨ ਦੇ ਪੱਖੋਂ ਕੁਝ ਮਾਡਲਾਂ ਨੂੰ ਲੈ ਕੇ ਹੀ ਕੀਤਾ ਗਿਆ ਹੈ।

- **1990, ਸੰਤ ਸਿੰਘ ਸੇਖੋਂ ਦੇ ਨਾਟਕ 'ਦਮਯੰਤੀ' ਦਾ ਸ਼ੈਲੀ ਵਿਗਿਆਨਕ ਅਧਿਐਨ ਅਤੇ ਭਾਵ-ਜੁਗਤ,** ਗੁਰਸ਼ਰਨ ਕੌਰ. ਸ਼ੈਲੀ ਵਿਗਿਆਨ ਅਤੇ ਭਾਵ-ਜੁਗਤ ਦੇ ਆਧਾਰ ਤੇ ਸੰਤ ਸਿੰਘ ਸੇਖੋਂ ਦੇ ਨਾਟਕ ਦਮਯੰਤੀ ਦਾ ਅਧਿਐਨ ਕੀਤਾ ਗਿਆ ਹੈ। ਇਸ ਵਿਚ ਖੋਜਾਰਥਣ ਨੇ ਤਿੰਨ ਪ੍ਰਕਾਰ ਦੀ ਸ਼ੈਲੀ ਦਾ ਜ਼ਿਕਰ ਕੀਤਾ ਹੈ ਕਾਵਿ ਸ਼ੈਲੀ, ਵਾਰਤਕ ਸ਼ੈਲੀ ਅਤੇ ਨਾਟ ਸ਼ੈਲੀ ਆਦਿ। ਸ਼ੈਲੀ ਵਿਗਿਆਨਕ ਵਿਧੀ ਰਾਹੀਂ ਵੱਖ-ਵੱਖ ਮਾਡਲਾਂ ਨੂੰ ਆਧਾਰ ਬਣਾਇਆ ਹੈ। ਜਿਵੇਂ ਸੰਯੋਗਸ਼ੀਲਤਾ, ਪਰਾਹਨ, ਲੈਅ ਅੱਗੋਂ ਇਨ੍ਹਾਂ ਨੂੰ ਭਾਸ਼ਕ ਇਕਾਈਆਂ ਦੇ ਆਧਾਰ ਤੇ ਵੰਡਿਆ ਹੈ।
- **1990, ਕਪੂਰ ਸਿੰਘ ਘੁੰਮਣ ਦੇ ਨਾਟਕ 'ਮਾਨਸ ਕੀ ਏਕ ਜਾਤ' ਦਾ ਸ਼ੈਲੀ ਵਿਗਿਆਨ ਅਧਿਐਨ, ਬਲਵੰਤ ਸਿੰਘ ਭੁੱਲਰ.** ਇਸ ਵਿਚ ਖੋਜਾਰਥੀ ਨੇ ਕਪੂਰ ਸਿੰਘ ਘੁੰਮਣ ਦੇ ਨਾਟਕ 'ਮਾਨਸ ਕੀ ਏਕ ਜਾਤ' ਨੂੰ ਸ਼ੈਲੀ ਵਿਗਿਆਨਕ ਵਿਧੀ ਰਾਹੀਂ ਪਰਖਿਆ ਹੈ। ਜਿਸ ਵਿਚ ਉਸਨੇ ਸ਼ੈਲੀ ਵਿਗਿਆਨ ਦੇ ਤਿੰਨ ਮਾਡਲਾਂ ਨੂੰ ਹੀ ਆਧਾਰ ਬਣਾਇਆ ਹੈ ਜਿਵੇਂ ਸੁਮੇਲਤਾ, ਵਕਰਉਕਤੀ ਅਤੇ ਲੈਅ। ਵੱਖ-ਵੱਖ ਵਿਦਵਾਨਾਂ ਦੀਆਂ ਰਚਨਾਵਾਂ ਲੈ ਕੇ ਜਿਵੇਂ ਸ਼ਾਬਦਿਕ ਸੰਯੋਗਸ਼ੀਲਤਾ, ਵਿਆਕਰਨ ਸੰਯੋਗਸ਼ੀਲਤਾ, ਪਾਤਰਾਂ ਵਿਚ ਸੰਯੋਗਸ਼ੀਲਤਾ, ਆਦਿ। ਇਸੇ ਤਰ੍ਹਾਂ ਪਰਾਹਨ ਨੂੰ ਵੀ ਵੰਡਿਆ ਹੈ। ਜਿਵੇਂ ਪਰਿਮਾਣ ਵਾਚਕ ਪਰਾਹਨ, ਗੁਣਵਾਚਕ ਪਰਾਹਨ ਜੋ ਇੱਕ ਨਵੇਂ ਢੰਗ ਦੀ ਵੰਡ ਹੈ।
- **1990-91, 'ਪ੍ਰੋ ਮੋਹਨ ਸਿੰਘ ਦੀਆਂ ਦੋ ਕਵਿਤਾਵਾਂ ਦਾ ਸ਼ੈਲੀ ਵਿਗਿਆਨਕ ਅਧਿਐਨ (ਤਾਜ ਮਹਿਲ, ਮੈਂ ਨਹੀਂ ਰਹਿਣਾ ਤੇਰੇ ਗਿਰਾਂ)' ਗੁਰਮੀਤ ਕੌਰ,** ਪ੍ਰੋ. ਮੋਹਨ ਸਿੰਘ ਦੀਆਂ ਦੋ ਕਵਿਤਾਵਾਂ ਨੂੰ ਆਧਾਰ ਬਣਾ ਕੇ ਕੀਤਾ ਗਿਆ ਇਹ ਅਧਿਐਨ ਉੱਚ ਪਾਏ ਦਾ ਹੈ। ਜਿਸ ਵਿਚ ਉਸ ਨੇ ਸ਼ੈਲੀ ਕੀ ਹੈ ਇਸ ਦਾ ਅਰਥ ਸੰਕਲਪ ਸੰਚਾਰ, ਲੈਅ, ਦੋ ਵਿਧਾ ਅਤੇ ਸ਼ੈਲੀ ਵਿਗਿਆਨ ਬਾਰੇ ਵੀ ਸਿਧਾਂਤਕ ਜਾਣਕਾਰੀ ਪੇਸ਼ ਕੀਤੀ ਹੈ। ਇਸ ਵਿਚ ਸ਼ੈਲੀ ਨੂੰ ਦੋ ਭਾਗਾਂ ਵਿਚ ਵੀ ਵੰਡਿਆ ਹੈ ਜਿਵੇਂ ਬਾਹਰਮੁਖੀ

ਤੇ ਅੰਤਰਮੁਖੀ ਸ਼ੈਲੀ। ਬਾਹਰਮੁਖੀ ਸ਼ੈਲੀ ਜਿਸ ਨੂੰ ਸੱਤਹੀ ਪੱਧਰ ਤੋਂ ਦੇਖਿਆ ਹੈ। ਜਿਸ ਦੀ ਬਾਅਦ ਵਿਚ ਨਕਰਾਤਮਕ ਸ਼ੈਲੀ ਨਾਲ ਤੁਲਨਾ ਕੀਤੀ ਹੈ। ਅੰਤਰਮੁਖੀ ਸ਼ੈਲੀ ਵਿਚ ਸਾਹਿਤ ਰਚਨਾ ਨੂੰ ਡੂੰਘ ਸਤਹਿ ਤੱਕ ਮੁੜ ਕੇ ਉਸ ਦੀਆਂ ਪਰਤਾਂ ਨੂੰ ਖੋਲਿਆ ਗਿਆ ਹੈ। ਬਾਹਰਮੁਖੀ ਸ਼ੈਲੀ ਦੀ ਵੰਡ ਵਿਚ ਧੁਨੀ, ਵਾਕ, ਸ਼ਬਦ, ਪੈਰਾ-ਵੰਡ, ਅਲੰਕਾਰ, ਯੋਜਨਾ, ਵਿਸ਼ਰਾਮ ਚਿੰਨ੍ਹ ਆਦਿ ਬਾਰੇ ਚਰਚਾ ਕੀਤੀ ਹੈ। ਅੰਤਰਮੁਖੀ ਸ਼ੈਲੀ ਰਾਹੀਂ ਸ਼ਖਸੀਅਤ, ਸਪੱਸ਼ਟੀਕਰਨ, ਬਿਰਤਾਂਤ, ਕਲਪਨਾ ਸ਼ਕਤੀ, ਬਿੰਬ-ਯੋਜਨਾ, ਗਿਆਨ ਬੁੱਧੀ, ਵਾਕ ਪ੍ਰਵੀਨਤਾ ਅਤੇ ਪ੍ਰੰਪਰਾ ਆਦਿ ਨੂੰ ਲਿਆਂਦਾ ਹੈ। ਸ਼ੈਲੀ ਦੇ ਇਨ੍ਹਾਂ ਦੋ ਪੱਖਾਂ ਨੂੰ ਵਿਚਾਰਨ ਤੋਂ ਬਾਅਦ ਸ਼ੈਲੀ ਵਿਗਿਆਨ ਦੇ ਪ੍ਰਤੀਮਾਨਾਂ ਨੂੰ ਰਚਨਾਵਾਂ ਤੇ ਢੁਕਾਇਆ ਗਿਆ ਹੈ। ਜਿਵੇਂ ਅਗਰਭੂਮਣ, ਪਰਾਹਨ, ਅੱਗੋਂ ਵਿਚਲਨ ਅਤੇ ਸਮਾਨੰਤਰਤਾ ਨੂੰ ਹੀ ਸਾਰੀ ਰਚਨਾ ਵਿਚ ਵਿਚਾਰਿਆ ਗਿਆ ਹੈ। ਇਨ੍ਹਾਂ ਨੂੰ ਭਾਸ਼ਕ ਇਕਾਈਆਂ ਰਾਹੀਂ ਵੰਡ ਕੇ ਵੇਖਿਆ ਗਿਆ ਹੈ।

- **2003, ਬਲਵੰਤ ਗਾਰਗੀ ਦੇ ਨਾਟਕ 'ਕਣਕ ਦੀ ਬੱਲੀ' ਦਾ ਚਿੰਨ੍ਹ ਵਿਗਿਆਨਕ ਅਤੇ ਸ਼ੈਲੀ ਵਿਗਿਆਨਕ ਅਧਿਐਨ,** ਅਮਨਦੀਪ ਕੌਰ, ਇਸ ਅਧਿਐਨ ਵਿਚ ਵੀ ਤਿੰਨ ਹੀ ਮਾਡਲਾਂ ਨੂੰ ਆਧਾਰ ਬਣਾਇਆ ਗਿਆ ਹੈ। ਸ਼ੈਲੀ ਵਿਗਿਆਨ ਬਾਰੇ ਚਰਚਾ ਕਰਨ ਤੋਂ ਬਾਅਦ ਸੁਮੇਲਤਾ, ਵਕਰਉਕਤੀ, ਲੈਅ ਨੂੰ ਅਧਿਐਨ ਵਜੋਂ ਲਿਆ ਹੈ।
- **2003, ਬਲਵੰਤ ਗਾਰਗੀ ਦੇ ਇਕਾਂਗੀ 'ਗਿਰਝਾਂ' ਦਾ ਸ਼ੈਲੀ ਵਿਗਿਆਨਕ ਅਧਿਐਨ ਤੇ ਭਾਵ-ਜੁਗਤ, ਸਰਬਜੀਤ ਕੌਰ.** ਇਕਾਂਗੀ ਗਿਰਝਾਂ ਦਾ ਸ਼ੈਲੀ ਵਿਗਿਆਨਕ ਅਧਿਐਨ ਅਤੇ ਭਾਵ-ਜੁਗਤ ਦੇ ਆਧਾਰ ਤੇ ਕੀਤਾ ਹੈ। ਅੱਗੋਂ ਸੁਮੇਲਤਾ ਨੂੰ ਭਾਸ਼ਕ ਇਕਾਈਆਂ ਅਤੇ ਨਾਵਲ ਦੇ ਤੱਤਾਂ ਰਾਹੀਂ ਵੰਡਿਆ ਹੈ। ਜਿਵੇਂ ਵਿਆਕਰਨ ਸੁਮੇਲਤਾ, ਸ਼ਾਬਦਿਕ ਸੁਮੇਲਤਾ, ਵਾਕ ਸੁਮੇਲਤਾ, ਘਟਨਾਵਾਂ ਵਿਚ ਸੁਮੇਲਤਾ, ਵਾਰਤਾਲਾਪ ਵਿਚ ਸੁਮੇਲਤਾ ਆਦਿ। ਇਸ ਤੋਂ ਬਾਅਦ ਆਧੁਨਿਕ ਭਾਸ਼ਾ ਵਿਗਿਆਨੀ ਸਾਸਿਊਰ ਅਤੇ ਉਸ ਦੇ ਦਿੱਤੇ ਮਾਡਲਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਜਿਵੇਂ ਇਕਾਲਕ-

ਦੁਕਾਲਕ, ਉਚਾਰ ਤੇ ਬੋਲੀ ਆਦਿ।

- 2005-06 **ਹਰਜੀਤ ਅਟਵਾਲ ਦੇ ਨਾਵਲ 'ਰੇਤ' ਦਾ ਸ਼ੈਲੀ ਵਿਗਿਆਨਕ ਅਧਿਐਨ, ਮਮਤਾ ਅਰੋੜਾ. ਇਸ** ਖੋਜ-ਨਿਬੰਧ ਵਿਚ ਸ਼ੈਲੀ ਅਤੇ ਸ਼ੈਲੀ ਵਿਗਿਆਨ ਦੀ ਜੁਗਤ ਬਾਰੇ ਦੱਸਿਆ ਗਿਆ ਹੈ। ਅਗਰਭੂਮਣ ਦੇ ਪੱਧਰਾਂ ਬਾਰੇ ਗੱਲ ਕੀਤੀ ਗਈ ਹੈ। ਭਾਸ਼ਾ, ਕਾਵਿ ਭਾਸ਼ਾ, ਵਿਚਲਨ/ਪਰਾਹਨ, ਚੋਣ, ਸਮਾਨੰਤਰਤਾ, ਬਹੁਆਰਥਕਤਾ, ਪ੍ਰਤੀਕਾਤਮਕਤਾ, ਬਿੰਬਾਤਮਕ, ਵਿਰਲਤਾ, ਏਕਤਾ, ਇੱਕਮੁੱਠਤਾ ਆਦਿ। ਪਰ ਆਧੁਨਿਕ ਸ਼ੈਲੀ ਵਿਗਿਆਨ ਵਿਚ ਅਗਰਭੂਮਣ ਅਤੇ ਉਸ ਦੇ ਚਾਰ ਪੱਧਰਾਂ ਨੂੰ ਹੀ ਲਿਆ ਜਾਂਦਾ ਹੈ। ਜਿਵੇਂ ਵਿਚਲਨ (Deviaton) ਵਿਪਥਨ (Deflection) ਸਮਾਨੰਤਰਤਾ (Parallism) ਅਤੇ ਵਿਰਲਤਾ (Rareness) ਅਧਿਐਨ ਕਰਦੇ ਸਮੇਂ ਇਸ ਵਿਚ ਭਾਰਤੀ ਕਾਵਿ ਸ਼ਾਸਤਰ ਨੂੰ ਆਧਾਰ ਬਣਾਇਆ ਗਿਆ ਹੈ। ਸ਼ੈਲੀ ਵਿਗਿਆਨ ਦੇ ਤਿੰਨ ਮਾਡਲਾਂ ਰਾਹੀਂ ਇਨ੍ਹਾਂ ਸਾਰੇ ਖੋਜ-ਨਿਬੰਧਾਂ ਨੂੰ ਪੂਰਾ ਕੀਤਾ ਗਿਆ ਹੈ। ਜਿਸ ਵਿਚ ਦੁਹਰਾ ਦੀ ਸਥਿਤੀ ਹਰ ਥਾਂ ਕਾਇਮ ਰਹਿੰਦੀ ਹੈ।
- 2007. **ਸ਼ਿਵ ਕੁਮਾਰ ਬਟਾਲਵੀ ਦੀ 'ਲੂਣਾ' ਦਾ ਸ਼ੈਲੀ ਵਿਗਿਆਨਕ ਅਧਿਐਨ, ਜੋਤੀ ਬਾਲਾ,** ਇਹ ਖੋਜ-ਨਿਬੰਧ ਪੰਜਾਬੀ ਵਿਭਾਗ ਜੰਮੂ ਯੂਨੀਵਰਸਿਟੀ, ਜੰਮੂ ਤੋਂ ਹੋਇਆ ਹੈ। ਇਸ ਵਿਚ ਸ਼ਿਵ ਕੁਮਾਰ ਦੀ 'ਲੂਣਾ' ਦਾ ਸ਼ੈਲੀ ਵਿਗਿਆਨਕ ਅਧਿਐਨ ਕੀਤਾ ਗਿਆ ਹੈ ਪਹਿਲਾਂ ਇਸ ਅਧਿਐਨ ਵਿਚ ਸ਼ਿਵ ਦੇ ਜੀਵਨ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ, ਇਸ ਤੋਂ ਬਾਅਦ ਸ਼ੈਲੀ ਵਿਗਿਆਨ ਸਿਧਾਂਤਕ ਪਰਿਪੇਖ ਬਾਰੇ ਚਰਚਾ ਹੋਈ ਹੈ। ਸ਼ੈਲੀ ਵਿਗਿਆਨ ਬਾਰੇ ਇਸ ਵਿਚ ਸਮਾਨੰਤਰਤਾ ਅਤੇ ਸ਼ਬਦ ਸਮੂਹਾਂ ਨੂੰ ਆਧਾਰ ਬਣਾ ਕੇ ਹੀ ਚਰਚਾ ਕੀਤੀ ਗਈ ਹੈ। ਦੂਸਰਾ ਇਸ ਵਿਚ ਵਿਭਿੰਨ ਸ਼ੈਲੀਆਂ ਜਿਵੇਂ ਬਿਰਤਾਂਤਕ ਸ਼ੈਲੀ, ਸੰਬੋਧਨੀ ਸ਼ੈਲੀ, ਪ੍ਰਸ਼ਨੋਤਰੀ ਸ਼ੈਲੀ, ਵਿਅੰਗਾਤਮਕ ਸ਼ੈਲੀ, ਸੂਤਰਿਕ ਸ਼ੈਲੀ, ਉਪਦੇਸ਼ਆਤਮਕ ਸ਼ੈਲੀ, ਵਰਣਨਾਤਮਕ ਸ਼ੈਲੀ ਆਦਿ ਬਾਰੇ ਚਰਚਾ ਕੀਤੀ ਗਈ ਹੈ। ਇਸ ਕਰਕੇ ਇਹ ਖੋਜ-ਨਿਬੰਧ ਮਹੱਤਵਪੂਰਨ ਹੈ।

**1.4.2 ਉਪਾਧੀ ਨਿਰਪੇਖ:**

ਇਸ ਵਿਚ ਆਲੋਚਨਾਤਮਕ ਪੁਸਤਕਾਂ ਅਤੇ ਆਲੋਚਨਾਤਮਕ ਪੁਸਤਕਾਂ ਵਿਚ ਪ੍ਰਾਪਤ ਲੇਖਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

**1.4.2.1 ਪੁਸਤਕਾਂ:**

ਸ਼ੈਲੀ ਵਿਗਿਆਨਕ ਸਮੀਖਿਆ ਨਾਲ ਸੰਬੰਧਤ ਕੇਵਲ ਛੇ ਪੁਸਤਕਾਂ ਪ੍ਰਾਪਤ ਹੁੰਦੀਆਂ ਹਨ। ਜੋ ਹੇਠ ਲਿਖੇ ਅਨੁਸਾਰ ਹੈ।

- **1980, ਸਾਹਿਤਕੀ, ਡਾ. ਆਤਮਜੀਤ ਸਿੰਘ**

  ਇਹ ਸ਼ੈਲੀ ਵਿਗਿਆਨ ਨਾਲ ਸੰਬੰਧਤ ਪਹਿਲੀ ਪੁਸਤਕ ਹੈ। ਜਿਸ ਵਿਚ ਸ਼ੈਲੀ ਵਿਗਿਆਨ ਅਤੇ ਅਰਥ ਵਿਗਿਆਨ, ਸ਼ੈਲੀ ਵਿਗਿਆਨਕ ਅਧਿਐਨ ਅਤੇ ਭਾਸ਼ਾ ਵਿਗਿਆਨ, ਆਲੋਚਨਾ ਦੀ ਸ਼ੈਲੀ ਵਿਗਿਆਨਕ ਵਿਧੀ, ਅਗਰਭੂਮਨ ਪ੍ਰਤੀਮਾਨ ਅਤੇ ਪ੍ਰਾਹਨ ਆਦਿ ਸਿਧਾਂਤਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ।

- **1986, ਸ਼ੈਲੀ ਤੇ ਸ਼ੈਲੀ ਵਿਗਿਆਨ ਸਿਧਾਂਤ-ਵਿਵੇਚਨ, ਪਰਮਜੀਤ ਕੌਰ**

  ਇਸ ਆਲੋਚਨਾਤਮਕ ਪੁਸਤਕ ਵਿਚ ਚਾਰ ਅਧਿਆਇ ਹਨ। ਪਹਿਲਾ ਅਧਿਆਇ ਸ਼ੈਲੀ, ਸ਼ੈਲੀ ਵਿਗਿਆਨ ਅਤੇ ਆਲੋਚਨਾ, ਸ਼ੈਲੀ ਵਿਗਿਆਨ ਦੀ ਵਿਸ਼ਲੇਸ਼ਣ ਪੱਧਤੀ ਨਾਲ ਸੰਬੰਧਿਤ ਹੈ ਜਿਸ ਵਿਚ ਸ਼ੈਲੀ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ ਕਿ ਸ਼ੈਲੀ ਕੀ ਹੈ ਇਸ ਦਾ ਕੀ ਅਰਥ ਹੈ। ਕਿਹੜੀ ਭਾਸ਼ਾ ਤੋਂ ਇਹ ਸ਼ਬਦ ਨਿਕਲਿਆ ਹੈ। ਸ਼ੈਲੀ ਦਾ ਰੀਤੀ ਨਾਲ ਕੀ ਸੰਬੰਧ ਹੈ ਤੇ ਰੀਤੀ ਨੂੰ ਹੀ ਸ਼ੈਲੀ ਕਿਉਂ ਕਿਹਾ ਜਾਂਦਾ ਹੈ। ਸ਼ੈਲੀ ਦੇ ਪੁਰਾਤਨ ਨਾਵਾਂ ਬਾਰੇ ਅਤੇ ਵੈਦਿਕ ਸਮੇਂ ਤੋਂ ਸ਼ੈਲੀ ਦੇ ਅਰਥਾਂ ਬਾਰੇ ਇਸ ਵਿਚ ਜ਼ਿਕਰ ਕੀਤਾ ਗਿਆ ਹੈ ਜੋ ਮਹੱਤਵਪੂਰਨ ਜਾਣਕਾਰੀ ਦਾ ਸਰੋਤ ਹੈ। ਸ਼ੈਲੀ ਬਾਰੇ ਭਾਰਤੀ ਸਕੰਲਪ ਕੀ ਹੈ ਅਤੇ ਅਰਸਤੂ ਦੇ ਸਮੇਂ ਸ਼ੈਲੀ ਦੇ ਸਿਧਾਂਤ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਸ਼ੈਲੀ ਤੋਂ ਬਾਅਦ ਸ਼ੈਲੀ ਵਿਗਿਆਨ ਨਾਲ ਸੰਬੰਧਤ ਵਿਚਾਰ

ਚਰਚਾ ਦੂਜੇ ਅਧਿਆਇ ਵਿੱਚ ਹੋਈ ਹੈ। ਇਹ ਸ਼ੈਲੀ ਵਿਗਿਆਨ ਦੀ ਉਤਪਤੀ ਅਤੇ ਇਸ ਦੇ ਵਿਗਿਆਨਾਂ ਨਾਲ ਰਿਸ਼ਤੇ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ। ਸ਼ੈਲੀ ਵਿਗਿਆਨ ਦੇ ਇਤਿਹਾਸ ਤੇ ਜੇ ਨਜ਼ਰ ਮਾਰੀਏ ਤਾਂ ਇਸ ਵਿਚ ਭਾਰਤੀ ਕਾਵਿ ਸ਼ਾਸਤਰ ਦੀਆਂ ਛੇ ਸੰਪਰਦਾਵਾਂ ਨੂੰ ਲਿਆ ਜਾਂਦਾ ਸੀ ਪਰ ਆਧੁਨਿਕ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦੇ ਸਹਾਰੇ ਤੋਂ ਬਿਨ੍ਹਾਂ ਖੜਦਾ ਹੀ ਨਹੀਂ ਇਸ ਕਰਕੇ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਅੰਗ ਮੰਨਿਆ ਜਾਂਦਾ ਹੈ। ਬਾਅਦ ਵਿਚ ਸ਼ੈਲੀ ਵਿਗਿਆਨ ਦਾ ਰੂਪ, ਸ਼ੈਲੀ ਵਿਗਿਆਨ ਦੀਆਂ ਸ਼ਾਖਾਵਾਂ, ਸ਼ੈਲੀ ਵਿਗਿਆਨ ਦਾ ਹੋਰ ਕਿਹੜੇ ਵਿਗਿਆਨਾਂ ਨਾਲ ਸੰਬੰਧ ਹੈ ਆਦਿ ਬਾਰੇ ਵੀ ਮਹੱਤਪੂਰਨ ਵਿਚਾਰ ਚਰਚਾ ਹੋਈ ਹੈ। ਸ਼ੈਲੀ ਵਿਗਿਆਨ ਅਤੇ ਆਲੋਚਨਾ ਦੇ ਤੀਜੇ ਅਧਿਆਇ ਵਿਚ ਸ਼ੈਲੀ ਵਿਗਿਆਨ ਦੇ ਭਾਸ਼ਾ ਵਿਗਿਆਨ ਨਾਲ ਸੰਬੰਧਾਂ ਬਾਰੇ ਚਰਚਾ ਕੀਤੀ ਗਈ ਹੈ। ਸ਼ੈਲੀ ਵਿਗਿਆਨ ਮਨੋਵਿਗਿਆਨ, ਸ਼ੈਲੀ ਵਿਗਿਆਨ ਸਮਾਜ ਵਿਗਿਆਨ, ਸ਼ੈਲੀ ਵਿਗਿਆਨ ਤੇ ਸੁਹਜ ਸ਼ਾਸਤਰ ਬਾਰੇ ਵੀ ਮਹੱਤਵਪੂਰਨ ਚਰਚਾ ਹੋਈ ਹੈ। ਚੌਥੇ ਅਧਿਆਇ ਵਿਚ ਸ਼ੈਲੀ ਵਿਗਿਆਨ ਦੇ ਮਾਡਲਾਂ ਨੂੰ ਆਧਾਰ ਬਣਾ ਕੇ ਵਿਸ਼ਲੇਸ਼ਣ ਕੀਤਾ ਗਿਆ ਹੈ। ਕਾਵਿ ਭਾਸ਼ਾ, ਚੋਣ, ਸਮਾਨੰਤਰਤਾ, ਅਪ੍ਰਸਤੁਤ ਵਿਧਾਨ, ਬਹੁ-ਅਰਥਕਤਾ, ਪ੍ਰਤੀਕਾਤਮਕਤਾ, ਬਿੰਬਾਤਮਕਤਾ, ਵਿਰਲਤਾ, ਏਕਤਾ, ਇਕਮੁੱਠਤਾ ਆਦਿ ਬਾਰੇ ਮਹੱਤਵਪੂਰਨ ਜਾਣਕਾਰੀ ਮੁਹੱਈਆ ਹੁੰਦੀ ਹੈ।

- **2010, ਸ਼ੈਲੀ ਵਿਗਿਆਨ: ਇਤਿਹਾਸ, ਸਿਧਾਂਤ ਤੇ ਵਿਹਾਰ, ਡਾ. ਰਜਿੰਦਰ ਸਿੰਘ ਸੇਖੋਂ।**

ਸ਼ੈਲੀ ਵਿਗਿਆਨ: ਇਤਿਹਾਸ ਪਰਿਪੇਖ, ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ, ਸ਼ੈਲੀ ਵਿਗਿਆਨ: ਵਿਹਾਰਕ ਪਰਿਪੇਖ, ਨਰਿੰਦਰ ਸਿੰਘ ਕਪੂਰ ਦੀ ਵਾਰਤਕ ਅਧਿਐਨ ਮਸਲੇ, ਵਿਚਲਨ ਮੂਲਕ ਅਧਿਐਨ, ਵਿਪਥਨ ਮੂਲਕ ਅਧਿਐਨ, ਸਮਾਨੰਤਰਤਾ ਮੂਲਕ ਅਧਿਐਨ ਅਤੇ ਵਿਰਲਤਾ ਮੂਲਕ ਅਧਿਐਨ ਅਤੇ ਸ਼ੈਲੀ ਵਿਗਿਆਨ ਇਤਿਹਾਸਕ ਪਰਿਪੇਖ ਵਿਚ ਡਾ. ਸੇਖੋਂ ਨੇ ਸ਼ੈਲੀ ਵਿਗਿਆਨ ਬਾਰੇ ਮੁੱਢ ਤੋਂ ਹੁਣ ਤੱਕ ਦੀ ਮਹੱਤਵਪੂਰਨ ਜਾਣਕਾਰੀ ਇਕੱਠੀ ਕੀਤੀ ਹੈ। ਜੋ ਕਿ ਸ਼ੈਲੀ ਅਧਿਐਨ ਦੀ

ਪ੍ਰਾਚੀਨ ਪ੍ਰੰਪਰਾ ਅਤੇ ਸ਼ੈਲੀ ਵਿਗਿਆਨ ਦੀ ਆਧੁਨਿਕ ਪਰੰਪਰਾ ਨਾਲ ਸੰਬੰਧਤ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਖੋਜ-ਕਾਰਜ ਹੈ। ਸ਼ੈਲੀ ਅਧਿਐਨ ਦੀ ਪ੍ਰਾਚੀਨ ਪ੍ਰੰਪਰਾ ਨੂੰ ਤਿੰਨ ਭਾਗਾਂ ਵਿਚ ਜਿਵੇਂ ਯੂਨਾਨੀ ਸ਼ੈਲੀ ਸ਼ਾਸ਼ਤਰ, ਸੰਸਕ੍ਰਿਤ ਸ਼ੈਲੀ ਚਿੰਤਨ ਤੇ ਮੱਧਕਾਲੀ ਪੱਛਮੀ ਸ਼ੈਲੀ ਚਿੰਤਨ ਵਿੱਚ ਇਨ੍ਹਾਂ ਤਿੰਨਾਂ ਉਪ-ਅਧਿਆਇਆਂ ਵਿੱਚ ਸ਼ੈਲੀ ਸੰਬੰਧੀ ਮੁੱਢਲਾ ਚਿੰਤਨ ਬਹੁਤ ਮਹੱਤਵਪੂਰਨ ਹੈ। ਸ਼ੈਲੀ ਵਿਗਿਆਨ ਦੀ ਆਧੁਨਿਕ ਪ੍ਰੰਪਰਾ ਵਿਚ ਸ਼ੈਲੀ ਵਿਗਿਆਨ ਨਾਲ ਸੰਬੰਧਤ ਮਹੱਤਵਪੂਰਨ ਸਕੂਲਾਂ ਨੂੰ ਆਧਾਰ ਬਣਾਇਆ ਗਿਆ ਹੈ। ਸ਼ੈਲੀ ਵਿਗਿਆਨ ਸਿਧਾਂਤਕ ਪਰਿਪੇਖ ਨੂੰ ਪੰਜ ਭਾਗਾਂ ਵਿੱਚ ਵੰਡਿਆ ਹੈ। ਸਾਧਾਰਣ ਭਾਸ਼ਾ ਅਤੇ ਸਾਹਿਤ ਭਾਸ਼ਾ, ਸ਼ੈਲੀ-ਵਿਗਿਆਨ ਅਤੇ ਸ਼ੈਲੀ, ਭਾਸ਼ਾ-ਸ਼ੈਲੀ ਵਿਗਿਆਨ, ਸਾਹਿਤਕ-ਭਾਸ਼ਾ ਵਿਗਿਆਨਕ ਸ਼ੈਲੀ ਵਿਗਿਆਨ ਅਤੇ ਅਗਰਭੂਮਣ ਮਾਡਲ: ਸਮੱਰਥਾ ਤੇ ਸਰੂਪ, ਭਾਸ਼ਾ ਅਤੇ ਸਾਹਿਤ ਭਾਸ਼ਾ ਦੇ ਅੰਤਰ ਨਿਖੇੜ ਤੋਂ ਬਾਅਦ ਖੋਜਾਰਥੀ ਨੇ ਸ਼ੈਲੀ ਵਿਗਿਆਨ ਅਤੇ ਭਾਸ਼ਾ ਵਿਗਿਆਨਕ ਰਿਸ਼ਤੇ ਨੂੰ ਦੱਸਿਆ ਹੈ। ਇਸ ਤੋਂ ਬਾਅਦ ਸ਼ੈਲੀ ਵਿਗਿਆਨ ਅਤੇ ਸ਼ੈਲੀ ਬਾਰੇ ਮਹੱਤਵਪੂਰਨ ਵਿਚਾਰ ਚਰਚਾ ਕੀਤੀ ਹੈ। ਸ਼ੈਲੀ ਵਿਗਿਆਨ ਦੇ ਮਹੱਤਵਪੂਰਨ ਮਾਡਲਾਂ ਦਾ ਵਿਸਥਾਰ ਸਾਹਿਤ ਵਰਣਨ ਕੀਤਾ ਹੈ।

ਸ਼ੈਲੀ ਵਿਗਿਆਨ ਵਿਹਾਰਕ ਪਰਿਪੇਖ ਵਿੱਚ ਨਰਿੰਦਰ ਕਪੂਰ ਦੀ ਵਾਰਤਕ ਅਧਿਐਨ ਤੇ ਮਸਲੇ ਨੂੰ ਅੱਗੋਂ ਸ਼ੈਲੀ ਵਿਗਿਆਨ ਦੇ ਚਾਰ ਮਾਡਲਾਂ ਨੂੰ ਲੈ ਕੇ ਅਧਿਐਨ ਕੀਤਾ ਹੈ। ਇਸ ਅਧਿਆਇ ਵਿੱਚ ਵਿਹਾਰਕ ਅਧਿਐਨ ਬਹੁਤ ਹੀ ਮੁੱਲਵਾਨ ਹੈ। ਜਿਸ ਵਿਚ ਸ਼ੈਲੀ ਵਿਗਿਆਨ ਦੇ ਇੱਕ ਇੱਕ ਮਾਡਲ ਨੂੰ ਲੈ ਕੇ, ਅੱਗੋਂ ਉਸ ਨੂੰ ਪੰਜ ਜਾਂ ਛੇ ਭਾਸ਼ਕ ਇਕਾਈਆਂ ਵਿੱਚ ਵੰਡ ਕੇ ਦੇਖਿਆ ਗਿਆ ਹੈ। ਇਸ ਤਰ੍ਹਾਂ ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਆਧੁਨਿਕ ਸ਼ੈਲੀ ਵਿਗਿਆਨ ਨਾਲ ਸੰਬੰਧਤ ਇਹ ਪੁਸਤਕ ਇੱਕ ਮਹੱਤਵਪੂਰਨ ਸਰੋਤ ਹੈ। ਜਿਸ ਵਿਚ ਹਰ ਪੱਖ ਤੋਂ ਵਧੀਆ ਜਾਣਕਾਰੀ ਮੁਹੱਈਆਂ ਹੁੰਦੀ ਹੈ। ਪੰਜਾਬੀ ਸਾਹਿਤ ਵਿੱਚ ਸ਼ੈਲੀ ਵਿਗਿਆਨ ਨਾਲ ਸੰਬੰਧਤ ਇਕਾ ਦੁੱਕਾ ਕਿਤਾਬਾਂ ਹੀ ਮਿਲਦੀਆਂ ਹਨ ਜਾਂ ਇਸ ਨਾਲ ਸੰਬੰਧਤ ਕੁਝ ਲੇਖ ਮਿਲਦੇ ਹਨ। ਜੋ

ਸ਼ੈਲੀ ਵਿਗਿਆਨ ਦਾ ਮਹੱਤਵਪੂਰਨ ਸਰੋਤ ਹਨ। ਸ਼ੈਲੀ ਵਿਗਿਆਨ ਬਾਰੇ ਡਾ. ਹਰਿਭਜਨ ਸਿੰਘ ਦੇ ਕੁਝ ਲੇਖ ਜਿਹੜੇ ਸਭ ਤੋਂ ਪਹਿਲਾ ਪੰਜਾਬੀ ਵਿੱਚ ਆਏ ਹਨ ਉਹ ਵੀ ਬਹੁਤ ਹੀ ਮਹੱਤਵਪੂਰਨ ਲੇਖ ਹਨ।

- 2013, **ਸ਼ੈਲੀ ਵਿਗਿਆਨ ਸਿਧਾਂਤ ਤੇ ਵਿਹਾਰ, ਡਾ. ਸੀਤਾਂਸ਼ੂ ਸ਼ਸ਼ੀਭੂਸ਼ਨ।**

ਇਹ ਪੁਸਤਕ ਹਿੰਦੀ ਵਿਦਵਾਨ ਡਾ. ਸੀਤਾਂਸ਼ੂ ਦੁਆਰਾ ਪੰਜਾਬੀ ਵਿੱਚ ਪ੍ਰਕਾਸ਼ਿਤ ਪਲੇਠੀ ਪੁਸਤਕ ਹੈ। ਭਾਵੇਂ ਹਿੰਦੀ ਵਿੱਚ ਸ਼ੈਲੀ ਵਿਗਿਆਨ ਨਾਲ ਸੰਬੰਧਤ ਇਨ੍ਹਾਂ ਦੀਆਂ ਬਹੁਤ ਕਿਤਾਬਾਂ ਹਨ। ਪੰਜਾਬੀ ਵਿੱਚ ਇਹ ਪਲੇਠੀ ਪੁਸਤਕ ਵੱਡਮੁੱਲੀ ਜਾਣਕਾਰੀ ਦਾ ਸਰੋਤ ਹੈ। ਜਿੱਥੇ ਰਜਿੰਦਰ ਨੇ ਗਲਪ ਨੂੰ ਆਧਾਰ ਬਣਾ ਕੇ ਵਿਹਾਰਕ ਅਧਿਐਨ ਕੀਤਾ ਹੈ ਉੱਥੇ ਡਾ. ਸ਼ੀਤਾਂਸ਼ੂ ਨੇ ਕਵਿਤਾ ਕਾਵਿ ਖੇਤਰ ਨੂੰ ਆਧਾਰ ਬਣਾ ਕੇ ਵਿਹਾਰਕ ਆਲੋਚਨਾ ਕੀਤੀ। ਇਸ ਪੁਸਤਕ ਵਿਚ ਵੀ ਸ਼ੈਲੀ ਵਿਗਿਆਨ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਇਸ ਵਿਚ ਸ਼ੈਲੀ ਨਾਲ ਸੰਬੰਧਤ ਬਹੁਤੇ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਨੂੰ ਦਿੱਤਾ ਗਿਆ ਹੈ। ਜਿਸ ਤੋਂ ਬਾਅਦ ਸ਼ੈਲੀ ਵਿਗਿਆਨਕ ਆਲੋਚਨਾ ਬਾਰੇ ਦੱਸਿਆ ਗਿਆ ਹੈ। ਇਸ ਆਧਿਆਇ ਵਿਚ ਸ਼ੈਲੀ ਵਿਗਿਆਨ ਤੇ ਸ਼ੈਲੀ-ਮਿਣਤੀ ਸ਼ਾਸ਼ਤਰ ਅਤੇ ਸ਼ੈਲੀ ਵਿਗਿਆਨ ਬਾਰੇ ਚਰਚਾ ਕਰਨ ਤੋਂ ਬਾਅਦ ਸ਼ੈਲੀ ਵਿਗਿਆਨ ਦੇ ਪ੍ਰਮੁੱਖ ਮਾਡਲਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਤੇ ਇਸ ਤੋਂ ਬਾਅਦ ਗਿਆਰਾਂ ਕਵਿਤਾਵਾਂ ਅਲੱਗ-ਅਲੱਗ ਲੇਖਕਾਂ ਦੀਆਂ ਲੈ ਕੇ ਉਨ੍ਹਾਂ ਦਾ ਵਿਹਾਰਕ ਅਧਿਐਨ ਸ਼ੈਲੀ ਵਿਗਿਆਨ ਦੇ ਪੱਖੋਂ ਕੀਤਾ ਹੈ। ਕਾਵਿ ਖੇਤਰ ਨਾਲ ਸੰਬੰਧਤ ਪੰਜਾਬੀ ਵਿਚ ਸ਼ੈਲੀ ਵਿਗਿਆਨ ਪੱਖੋਂ ਇਹ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਵਿੱਚ ਇਹੋ ਯਤਨ ਕੀਤਾ ਗਿਆ ਹੈ ਕਿ ਹਰ ਸਕੰਲਪ ਨੂੰ ਠੀਕ ਤਰ੍ਹਾਂ ਸਮਝਾਇਆ ਜਾ ਸਕੇ ਅਤੇ ਹਰ ਪਰਿਭਾਸ਼ਾ ਨੂੰ ਚੰਗੀ ਤਰ੍ਹਾਂ ਖੋਲਿਆ ਜਾ ਸਕੇ। ਸਿਧਾਂਤ-ਪੱਖ ਵਿਚ ਸ਼ੈਲੀ-ਵਿਗਿਆਨ ਅਤੇ ਸ਼ੈਲੀ ਦੇ ਸਰੂਪ, ਪਰਿਭਾਸ਼ਾ ਪ੍ਰਕਾਰ, ਅਤੇ ਪ੍ਰਕਾਰਜ ਦੇ ਨਾਲੋ-ਨਾਲ ਇਕ ਬਿਹਤਰ ਮਾਡਲ ਦੀ ਸਥਾਪਨਾ ਕੀਤੀ ਗਈ ਹੈ।

- **2013. ਕਵੀਆਂ ਦੇ ਅੰਗ ਸੰਗ ਦਾ ਸ਼ੈਲੀ ਵਿਗਿਆਨਕ ਅਧਿਐਨ, ਜਸਪ੍ਰੀਤ ਕੌਰ।**

ਇਹ ਪੁਸਤਕ ਸ਼ੈਲੀ ਵਿਗਿਆਨ ਨਾਲ ਸੰਬੰਧਿਤ ਵੀ ਮਹੱਤਵਪੂਰਨ ਪੁਸਤਕ ਹੈ। ਜਿਸ ਵਿਚ ਪਹਿਲਾਂ ਸ਼ੈਲੀ ਬਾਰੇ ਨਿੱਠ ਕੇ ਵਿਚਾਰ ਚਰਚਾ ਹੋਈ ਹੈ। 'ਸ਼ੈਲੀ' ਸ਼ਬਦ ਦੀ ਉਤਪਤੀ ਬਾਰੇ ਵਿਚਾਰ ਦਿੱਤੇ ਗਏ ਹਨ। ਕਾਵਿ ਸ਼ੈਲੀ, ਵਾਰਤਕ ਸ਼ੈਲੀ, ਨਾਟ ਸ਼ੈਲੀ ਅਤੇ ਸ਼ੈਲੀ ਦੇ ਭੇਦਾਂ ਬਾਰੇ ਵੀ ਮਹੱਤਵਪੂਰਨ ਵਿਚਾਰ ਦਿੱਤੇ ਹਨ। ਇਸ ਤੋਂ ਬਾਅਦ ਸ਼ੈਲੀ ਅਤੇ ਸ਼ੈਲੀ ਵਿਗਿਆਨ ਦੇ ਪ੍ਰਮੁੱਖ ਪ੍ਰਤੀਮਾਨਾਂ ਬਾਰੇ ਵਿਚਾਰ ਦਿੱਤੇ ਗਏ ਹਨ। ਵਿਚਲਨ, ਵਿਪਥਨ, ਸਮਾਨੰਤਰਤਾ ਅਤੇ ਵਿਰਲਤਾ ਨੂੰ ਅੱਗੋਂ ਭਾਸ਼ਿਕ ਇਕਾਈਆਂ ਵਜੋਂ ਵੰਡਿਆ ਗਿਆ ਹੈ।

- **2016 ਆਤਮਜੀਤ ਰਚਿਤ ਨਾਟਕ 'ਪੂਰਨਾ ਦਾ ਸ਼ੈਲੀ ਵਿਗਿਆਨਕ ਅਧਿਐਨ, ਹਰਜਿੰਦਰ ਸਿੰਘ ਗਿੱਲ**

ਇਸ ਪੁਸਤਕ ਵਿਚ ਵੀ ਸ਼ੈਲੀ ਵਿਗਿਆਨਕ ਅਧਿਐਨ ਨਾਲ ਸੰਬੰਧਤ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ। ਪਰੰਤੂ ਇਸ ਵਿਚ ਸ਼ੈਲੀ ਬਾਰੇ ਵਿਚਾਰ ਚਰਚਾ ਕਰਨ ਤੋਂ ਬਾਅਦ ਸ਼ੈਲੀ ਵਿਗਿਆਨ ਬਾਰੇ ਥੋੜ੍ਹੀ ਜਾਣਕਾਰੀ ਦਿੱਤੀ ਹੈ ਅਤੇ ਨਾ ਹੀ ਇਸ ਵਿਚ ਸ਼ੈਲੀ ਵਿਗਿਆਨ ਦੇ ਆਧੁਨਿਕ ਮਾਡਲਾਂ ਨਾਲ ਸੰਬੰਧਿਤ ਵਿਚਾਰ ਦਿੱਤੇ ਗਏ ਹਨ ਕਿਉਂਕਿ ਖੋਜਾਰਥੀ ਸਿਰਫ਼ ਲੈਅ, ਚੋਣ, ਇਕਮੁੱਠਤਾ ਨੂੰ ਹੀ ਆਧਾਰ ਬਣਾਉਂਦਾ ਹੈ।

**1.4.2.2 ਆਲੋਚਨਾਤਮਕ ਪੁਸਤਕਾਂ ਵਿੱਚ ਪ੍ਰਾਪਤ ਲੇਖ**

ਸ਼ੈਲੀ ਵਿਗਿਆਨ ਨਾਲ ਸੰਬੰਧਿਤ ਕੁਝ ਲੇਖ ਵੱਖ-ਵੱਖ ਪੁਸਤਕਾਂ, ਮੈਗਜ਼ੀਨਾਂ ਅਤੇ ਖੋਜ-ਪਤ੍ਰਿਕਾਵਾਂ ਵਿੱਚ ਸਾਨੂੰ ਮਿਲਦੇ ਹਨ। ਜਿਨ੍ਹਾਂ ਦਾ ਵੇਰਵਾ ਹੇਠਾਂ ਕਾਲ ਕ੍ਰਮ ਅਨੁਸਾਰ ਦਿੱਤਾ ਜਾ ਰਿਹਾ ਹੈ।

- **1963, ਭਾਰਤੀ ਕਾਵਿ-ਸ਼ਾਸਤਰ, ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ**

ਭਾਰਤੀ ਕਾਵਿ ਸ਼ਾਸਤਰ ਦੀਆਂ ਛੇ ਸੰਪਰਦਾਵਾਂ ਵਿਚੋਂ ਇੱਕ ਮਹੱਤਵਪੂਰਨ ਸੰਪਰਦਾ 'ਰੀਤੀ' ਜੋ ਮੁੱਢਲੇ 'ਸ਼ੈਲੀ ਸ਼ਬਦ' ਨਾਲ ਮੇਲ ਖਾਂਦੀ ਹੈ। 'ਰੀਤੀ' ਸਿਧਾਂਤ ਬਾਰੇ ਵਾਮਨ 9ਵੀਂ ਸਦੀ ਵਿੱਚ ਗੱਲ

ਕਰਦਾ ਹੈ। ਜੋ ਨਿਰਾ੍ਹ-ਪੁਰਾ ਸ਼ੈਲੀ ਨਾਲ ਮੇਲ ਖਾਂਦਾ ਹੈ। ਰੀਤੀ ਨੂੰ ਪਹਿਲਾ ਪਹਿਲ ਖੇਤਰ ਦੀ ਵੰਡ ਅਧਾਰਿਤ ਮੰਨਿਆ ਜਾਂਦਾ ਸੀ। ਕੁੰਤਕ ਨੇ ਖੇਤਰੀ ਵੰਡ ਚੋਂ ਕੱਢ ਕੇ ਇਸ ਨੂੰ ਲੇਖਕ ਸੁਭਾ ਨਾਲ ਜੋੜਿਆ। ਇਸ ਤਰ੍ਹਾਂ ਵੱਖ-ਵੱਖ ਆਚਾਰੀਆਂ ਨੇ ਇਨ੍ਹਾਂ ਨੂੰ ਵੱਖ-ਵੱਖ ਨਾਮਾਂ ਨਾਲ ਪੁਕਾਰਿਆ ਪਰੰਤੂ ਖ਼ਾਸ 'ਰੀਤੀ' ਸ਼ੈਲੀ ਦਾ ਹੀ ਸੰਕਲਪ ਹੈ।

- **1970, ਅਧਿਅਨ ਅਤੇ ਅਧਿਆਪਨ, ਡਾ. ਹਰਿਭਜਨ ਸਿੰਘ, ਨਾਨਕ ਬਾਣੀ : ਸੰਰਚਨਾ-ਸ਼ੈਲੀ ਦਾ ਅਧਿਅਨ**

  ਇਸ ਅਧਿਐਨ ਵਿੱਚ ਡਾ. ਸਾਹਿਬ ਨੇ ਧਾਰਮਿਕ ਰਹੱਸਵਾਦੀ ਵਿਸ਼ੇ ਨੂੰ ਲਿਆ ਹੈ ਅਤੇ ਸ਼ਬਦ-ਬੁਣਤੀ ਬਾਰੇ ਚਰਚਾ ਵੀ ਕੀਤੀ ਗਈ ਹੈ। ਦੂਸਰਾ ਵੱਖ-ਵੱਖ ਬਾਣੀ-ਰਚਨਾ ਦੇ ਅੰਗਾਂ ਨੂੰ ਲੈ ਕੇ ਉਸ ਦੀ ਵਿਆਖਿਆ ਕੀਤੀ ਗਈ ਹੈ। ਸ਼ੈਲੀ ਵਿਗਿਆਨ ਦੇ ਪੱਖੋਂ ਇਸ ਵਿੱਚ ਬਹੁਤ ਥੋੜਾ ਜ਼ਿਕਰ ਹੋਇਆ ਹੈ। ਜੋ ਸ਼ੈਲੀ ਵਿਗਿਆਨ ਨਾਲੋਂ ਸ਼ੈਲੀ ਦੇ ਵਧੇਰੇ ਨੇੜੇ ਦਾ ਅਧਿਐਨ ਹੈ। ਜਿਸ ਵਿੱਚ ਰਚਨਾ ਦੇ ਸੁਹਜ ਨੂੰ ਪਹਿਚਾਨਣ ਦਾ ਯਤਨ ਕੀਤਾ ਗਿਆ ਹੈ।

- **1973, ਸਾਹਿਤ ਸ਼ਾਸਤਰ, ਡਾ. ਹਰਿਭਜਨ ਸਿੰਘ, ਸ਼ੈਲੀ ਅਤੇ ਸ਼ੈਲੀ-ਵਿਗਿਆਨ**

  ਡਾ. ਹਰਿਭਜਨ ਸਿੰਘ ਨੇ ਸਾਹਿਤ ਸ਼ਾਸਤਰ ਦੀ ਇਸ ਪੁਸਤਕ ਵਿੱਚ ਸ਼ੈਲੀ ਵਿਗਿਆਨ ਨਾਲ ਸੰਬੰਧਤ ਇੱਕ ਅਧਿਆਇ ਵਿੱਚ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਡਾ. ਸਾਹਿਬ ਦੀ ਸ਼ਖ਼ਸੀਅਤ ਦੀ ਇਹ ਖੂਬੀ ਹੈ ਕਿ ਉਨ੍ਹਾਂ ਨੇ ਹਰ ਵਿਸ਼ੇ ਨੂੰ ਸੂਖਮਤਾ, ਸਰਲਤਾ, ਅਤੇ ਪਰਤ ਦਰ ਪਰਤ ਖੋਲਣ ਦਾ ਯਤਨ ਕੀਤਾ ਹੈ। ਇਸ ਪਰਚੇ ਵਿੱਚ ਵੀ ਪਹਿਲਾ ਆਲੋਚਨਾ, ਵਸਤੂ ਅਤੇ ਰੂਪ, ਕਾਵਿ ਕਿਰਤ, ਸਾਹਿਤ ਸਮੀਖਿਆ ਅਤੇ ਭਾਸ਼ਾ ਵਿਗਿਆਨ ਆਦਿ ਜਾਣਕਾਰੀ ਦੇ ਨਾਲ ਨਾਲ ਟੀ.ਐਸ ਏਲੀਅਟ, ਅਜ਼ਰਾ ਪਾਉਂਡ, ਆਈ. ਏ. ਰਿਚਰਡ ਦੇ ਸ਼ੈਲੀ ਵਿਗਿਆਨ ਸੰਬੰਧੀ ਵਿਚਾਰਾਂ ਨੂੰ ਮਹੱਤਵਪੂਰਨ ਥਾਂ ਦਿੱਤੀ ਹੈ। ਆਈ. ਏ. ਰਿਚਰਡ, ਕਾਵਿ ਕਿਰਤ ਨੂੰ ਬਾਹਰੀ ਜਾਣਕਾਰੀ ਤੋਂ ਮੁਕਤ ਕਰਵਾਉਂਦਾ ਹੈ ਤੇ ਰਚਨਾ ਨੂੰ ਪੜਨ-ਸਮਝਣ ਅਤੇ ਆਂਤਰਿਕ ਸਮੱਗਰੀ ਨੂੰ ਸਮਝਣ ਤੇ ਬਾਹਰ ਕੱਢਣ ਦੀ ਸਿੱਖਿਆ

ਦਿੰਦਾ ਹੈ। ਭਾਸ਼ਾ ਵਿਗਿਆਨ ਅਤੇ ਸ਼ੈਲੀ ਵਿਗਿਆਨ ਸੰਬੰਧੀ ਵੀ ਮਹੱਤਵਪੂਰਨ ਵਿਚਾਰ ਪ੍ਰਗਟ ਕਰਦਾ ਹੈ। ਉਸ ਅਨੁਸਾਰ ਭਾਸ਼ਾ ਵਿਗਿਆਨ ਸੰਬੰਧੀ ਆਧੁਨਿਕ ਜਾਣਕਾਰੀ ਦਾ ਮੁੱਢ 18ਵੀਂ ਸਦੀ ਵਿੱਚ ਬੱਝਦਾ ਹੈ। ਜਿਸ ਵਿੱਚ ਸਾਸਿਊਰ ਨੇ ਭਾਸ਼ਾ ਦੇ ਇਕਾਲਕ ਅਤੇ ਦੁਕਾਲਕ ਭਾਸ਼ਾ ਦੇ ਉਚਾਰ ਆਦਿ ਬਾਰੇ ਨਿਖੇੜ ਕੀਤਾ ਹੈ। ਜਿਸ ਵਿਚੋਂ ਸਾਸਿਊਰ ਦਾ ਸ਼ਾਗਿਰਦ ਬੇਲੀ ਵੀ ਭਾਸ਼ਾ ਦੇ ਉਚਾਰ ਪੱਖ ਨੂੰ ਅਪਣਾਉਂਦਾ ਹੈ। ਉਹ ਇਹ ਲੱਭਣ ਦੀ ਕੋਸ਼ਿਸ਼ ਕਰਦਾ ਹੈ ਕਿ ਬੋਲੀ ਦਾ ਪ੍ਰਤੀਮਾਨਕ ਰੂਪ ਜੀਵਿਤ ਮਨੁੱਖੀ ਉਚਾਰ ਕਿਵੇਂ ਬਣ ਜਾਂਦਾ ਹੈ। ਮਨੁੱਖ ਪ੍ਰਤੀਮਾਨ ਤੋਂ ਪ੍ਰਗਟਾਵੇ ਵੱਲ ਦੀ ਕਿਵੇਂ ਯਾਤਰਾ ਕਰਦਾ ਹੈ। ਉਹ ਪ੍ਰਤੀਮਾਨ ਤੋਂ ਕਿਵੇਂ ਦੂਰ ਹੋ ਜਾਂਦਾ ਹੈ ਇਹੋ ਉਸ ਦੀ ਸ਼ੈਲੀ ਹੈ। ਬੇਲੀ ਇਸ ਨੂੰ ਭਾਵੁਕ ਅਤੇ ਪ੍ਰਗਟਾਉ ਗੁਣਾਂ ਦਾ ਨਾਮ ਦਿੰਦਾ ਹੈ। ਬੇਲੀ ਸਾਹਿਤਕ ਕਿਰਤ ਨਾਲੋਂ ਬੋਲੀ (ਉਚਾਰ) ਪੱਧਰ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਉਂਦਾ ਹੈ। ਜਿਸ ਕਰਕੇ ਉਸ ਦੇ ਸ਼ਾਗਿਰਦ ਉਸ ਨਾਲ ਸਹਿਮਤ ਨਹੀਂ ਹੁੰਦੇ, ਉਨ੍ਹਾਂ ਅਨੁਸਾਰ ਸਾਹਿਤਕ ਕਿਰਤ ਵਧੇਰੇ ਸੁਚੇਤ ਰਚਨਾ ਹੁੰਦੀ ਹੈ ਅਤੇ ਇਸ ਵਿੱਚ ਸ਼ੈਲੀ-ਚੇਤਨਾ ਜ਼ਿਆਦਾ ਹੁੰਦੀ ਇਸ ਲਈ ਸ਼ੈਲੀ ਅਧਿਐਨ ਦਾ ਇਹ ਵਧੇਰੇ ਅਨੁਕੂਲ ਵਿਸ਼ਾ ਹੈ। ਇਸ ਕਰਕੇ ਬੇਲੀ ਦੇ ਸ਼ਾਗਿਰਦ ਕ੍ਰੈਸੋ ਨੇ ਸਾਹਿਤਕ ਜੁਗਤਾਂ ਦਾ ਆਧਾਰ ਤੇ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਸ਼ੁਰੂ ਕੀਤਾ ਪਰ ਉਸ ਨੇ ਸਾਹਿਤਕ ਕਿਰਤਾਂ ਨੂੰ ਆਧਾਰ ਬਣਾਇਆ।

- **1974, ਪਾਰਗਾਮੀ, ਹਰਿਭਜਨ ਸਿੰਘ**

ਸ਼ੈਲੀ ਵਿਗਿਆਨ ਅਤੇ ਸਾਹਿਤ-ਸ਼ਾਸਤਰ ਅਧਿਆਇ ਵਿੱਚ ਡਾ. ਸਾਹਿਬ ਨੇ ਬਹੁਤ ਮਹੱਤਵਪੂਰਨ ਵਿਚਾਰ ਦਿੱਤੇ ਹਨ। ਸ਼ੈਲੀ ਵਿਗਿਆਨ ਦਾ ਆਰੰਭ ਭਾਸ਼ਾ ਵਿਸ਼ੇਸ਼ ਦੀਆਂ ਅਭਿਵਿਅੰਜਕ ਜੁਗਤਾਂ ਦੇ ਅਧਿਐਨ ਵਜੋਂ ਹੋਇਆ ਮੰਨਦੇ ਹਨ ਉਹ ਭਾਸ਼ਕ ਉਕਤੀਆਂ ਦਾ ਵੀ ਅਧਿਐਨ ਕਰਦੇ ਹਨ। ਇਸ ਤਰ੍ਹਾਂ ਸ਼ੈਲੀ ਅਧਿਐਨ ਆਦੇਸ਼ਮੂਲਕ ਸੀ। ਭਾਸ਼ਾ ਵਿਗਿਆਨੀਆਂ ਦੀ ਮੱਦਦ ਨਾਲ ਇਸ ਖੇਤਰ ਅਤੇ ਵਿਧੀ ਵਿਚ ਵਿਸਥਾਰ ਹੋਇਆ ਜਿਸ ਵਿੱਚ ਤੁਲਨਾਤਮਕ ਸ਼ੈਲੀ ਵਿਗਿਆਨ, ਸਮਾਨਯ ਸ਼ੈਲੀ

ਵਿਗਿਆਨ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਬਾਅਦ ਡਾ. ਸਾਹਿਬ ਨੇ ਸ਼ੈਲੀ ਵਿਗਿਆਨ ਪ੍ਰਤੀ ਇੱਕ ਸਵਾਲ ਉਠਾਇਆ ਹੈ। ਉਹ ਕਹਿੰਦਾ ਹੈ ਸ਼ੈਲੀ ਵਿਗਿਆਨ ਸੁਤੰਤਰ ਵਿਗਿਆਨ ਹੈ ਜਾਂ ਭਾਸ਼ਾ ਵਿਗਿਆਨ ਦਾ ਅੰਗ ਹੈ ਜਾਂ ਸਾਹਿਤ-ਵਿਗਿਆਨ ਦਾ। ਦੂਸਰਾ ਉਸਨੇ ਸਾਹਿਤ ਰਚਨਾ ਬਾਰੇ ਮਹੱਤਵਪੂਰਨ ਵਿਚਾਰ ਦਿੱਤੇ ਹਨ। ਕਿ ਸਾਹਿਤ ਰਚਨਾ ਪਾਰਗਾਮੀ ਕਾਰਜ ਹੈ। ਸਾਹਿਤਕਾਰ ਭਾਸ਼ਾ ਦੀ ਸਹਾਇਤਾ ਨਾਲ ਬਹੁਤ ਕੁਝ ਅਜਿਹਾ ਰਚਦਾ ਹੈ ਜੋ ਭਾਸ਼ਕ ਨਹੀਂ ਭਾਸ਼ਾ ਤੋਂ ਪਾਰ ਹੁੰਦਾ ਹੈ। ਸ਼ੈਲੀ ਵਿਗਿਆਨ ਪ੍ਰਤੀਬਿੰਬ, ਕਥਾਨਕ, ਪਾਤਰ ਚਿਤਰਨ, ਵਿਚਾਰ, ਭਾਵ ਆਦਿ ਦਾ ਵਿਸ਼ਲੇਸ਼ਣ ਨਹੀਂ ਕਰ ਸਕਦਾ, ਕਿਉਂਕਿ ਇਨ੍ਹਾਂ ਦੀ ਹੋਂਦ ਭਾਸ਼ਾ ਤੋਂ ਮੁਕਤ ਹੈ। ਇਸ ਦੀ ਹੋਂਦ ਸਮਝਣ ਲਈ 'ਚੁੱਪ ਚਾਣ, ਸ਼ਬਦ ਡਾ. ਸਾਹਿਬ ਨੇ ਵਰਤੋਂ ਕੀਤੀ ਹੈ। ਚੁੱਪ-ਚਾਣ ਹੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਾਹਿਤ ਰਚਨਾ ਭਾਸ਼ਾ ਦੀ ਮਦਦ ਨਾਲ ਰੂਪ ਧਾਰ ਕੇ ਉੜਕ ਭਾਸ਼ਾ ਤੋਂ ਮੁਕਤ ਹੋ ਜਾਂਦੀ ਹੈ। ਇਸ ਲਈ ਸਾਹਿਤ ਰਚਨਾ ਦੇ ਵਿਸ਼ਲੇਸ਼ਣ ਲਈ ਵਿਗਿਆਨ ਤੋਂ ਵੱਖਰੇ ਸਾਹਿਤ ਵਿਗਿਆਨ ਜਾਂ ਸ਼ਾਸਤਰ ਦੀ ਵੀ ਲੋੜ ਹੈ। ਇਸ ਕਰਕੇ ਕਿਹਾ ਜਾਂਦਾ ਹੈ ਕਿ ਸ਼ੈਲੀ ਵਿਗਿਆਨ ਸੁਹਜ ਮੁੱਲ ਨੂੰ ਨਹੀਂ ਪਛਾਣਦਾ ਸਗੋਂ ਭਾਸ਼ਾ ਵਿਗਿਆਨਕ ਅਧਿਐਨ ਕਰ ਸਕਦਾ ਹੈ।

- **1974, ਪਾਰਗਾਮੀ, ਡਾ. ਹਰਿਭਜਨ ਸਿੰਘ।**

ਇਸ ਪੁਸਤਕ ਵਿੱਚ ਇੱਕ ਹੋਰ ਲੇਖ ਸ਼ਾਮਿਲ ਹੈ ਪੰਜਾਬੀ ਭਾਸ਼ਾ : ਸ਼ੈਲੀ ਤੇ ਵਿਹਾਰ' ਡਾ. ਸਾਹਿਬ ਪੰਜਾਬੀ ਭਾਸ਼ਾ ਦੇ ਵਿਸਥਾਰ ਅਤੇ ਵਿਕਾਸ ਦੀ ਗੱਲ ਸ਼ੁਰੂ ਵਿੱਚ ਕਰਦੇ ਹਨ । ਬਾਬਾ ਫ਼ਰੀਦ ਅਤੇ ਗੁਰੂ ਨਾਨਕ ਦੇਵ ਜੀ ਵਾਰਸ ਦੀ ਬੋਲੀ ਨੂੰ ਸਰਵੋਤਮ ਭਾਸ਼ਾ ਮੰਨਦੇ ਹਨ। ਪਰ ਦੂਜੇ ਪਾਸੇ ਉਸ ਨੂੰ ਅਜੋਕੀਆਂ ਲੋੜਾਂ ਦੇ ਹਾਣ ਦੀ ਨਹੀਂ ਸਮਝਿਆ ਜਾਂਦਾ ਹੈ। ਡਾ. ਸਾਹਿਬ ਅਨੁਸਾਰ ਭਾਸ਼ਾ ਦੀਆਂ ਸਮੱਸਿਆਵਾਂ ਅਸਲ ਵਿੱਚ ਸਭਿਆਚਾਰ ਦੀਆਂ ਸਮੱਸਿਆਵਾਂ ਹਨ। ਸਭਿਆਚਾਰ ਤੋਂ ਵਿਛੁੰਨੀ ਭਾਸ਼ਾ ਦੀ ਆਪਣੀ ਕੋਈ ਹੋਂਦ ਨਹੀਂ ਹੁੰਦੀ। ਹੁਣ ਸਭਿਆਚਾਰ ਤੇਜ਼ ਰਫਤਾਰ ਵਿਚ ਬਦਲ ਰਿਹਾ ਹੈ ਅਤੇ ਬੋਲੀ ਵਿਚ ਵੀ ਉਤਮ ਨਮੂਨੇ ਦੇਖਣ ਨੂੰ ਮਿਲਦੇ ਹਨ। ਭਾਸ਼ਾ ਪ੍ਰਯੋਜਨ ਬਾਰੇ ਵੀ ਮਹੱਤਵਪੂਰਨ

ਵਿਚਾਰ ਪ੍ਰਗਟਾਏ ਹਨ। ਹਰ ਭਾਸ਼ਾ ਸ਼ੈਲੀ ਦਾ ਮੁਹਾਂਦਰਾ ਉਸ ਦੇ ਪ੍ਰਯੋਜਨ ਨਾਲ ਸੰਬੰਧਤ ਹੁੰਦਾ ਹੈ। ਲਿਖਤਾਂ ਦੀ ਵੱਖੋ ਵੱਖਰੀ ਸ਼ੈਲੀ ਉਨ੍ਹਾਂ ਦੇ ਵੱਖੋ-ਵੱਖ ਪ੍ਰਯੋਜਨ ਉਪਰ ਨਿਰਭਰ ਹੁੰਦੀ ਹੈ। ਪ੍ਰਯੋਜਨ ਨੂੰ ਮੁੱਖ ਰੱਖਦੇ ਡਾ. ਹਰਿਭਜਨ ਸਿੰਘ ਨੇ ਸੰਚਾਰ ਮੁੱਖਤਾ ਬਾਰੇ ਵੀ ਗੱਲ ਕੀਤੀ ਹੈ ਕਿ ਕੋਈ ਵੀ ਰਚਨਾ ਸੰਚਾਰ ਕਰਦੇ ਸਮੇਂ ਉਹ ਸੰਚਾਰ ਸਮਝ ਯੋਗ ਹੋਣਾ ਚਾਹੀਦਾ ਹੈ ਜੋ ਆਮ ਵਿਅਕਤੀ ਵੀ ਉਸ ਦਾ ਲਾਭ ਉੱਠਾ ਸਕੇ। ਬੋਲਚਾਲ, ਕਾਰ ਵਿਹਾਰ, ਸਿਧਾਂਤ, ਸੁਹਜ ਟੈਕਨੀਕਲ ਸੰਚਾਰ, ਆਦਿ। ਇਹ ਸੰਚਾਰ ਵੱਖੋ-ਵੱਖਰੀਆਂ ਭਾਸ਼ਾਵਾਂ ਨਹੀਂ ਸਗੋਂ ਇਕ ਭਾਸ਼ਾ ਦੀਆਂ ਵੱਖਰੀਆਂ-ਵੱਖਰੀਆਂ ਸ਼ੈਲੀਆਂ ਹਨ। ਜੋ ਭਾਸ਼ਾ ਨਹੀਂ ਉਚਾਰ ਹਨ।

- **1977, ਸਾਹਿਤ ਅਧਿਐਨ ਪ੍ਰਣਾਲੀਆਂ, (ਸੰਪਾ) ਕਰਨੈਲ ਸਿੰਘ ਥਿੰਦ।**

ਇਸ ਲੇਖ ਵਿੱਚ ਸ੍ਰੀਵਾਸਤਵ ਨੇ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਬਾਰੇ ਘਟ ਆਲੋਚਨਾ, ਵਿਸ਼ਲੇਸ਼ਣ, ਮੁਲਾਂਕਣ, ਆਂਤਰਿਕ, ਬਾਹਰੀ ਆਲੋਚਨਾ ਬਾਰੇ ਜ਼ਿਆਦਾ ਲਿਖਿਆ ਹੈ। ਦੂਸਰਾ ਇਨ੍ਹਾਂ ਨੇ ਅੱਠ ਗੱਲਾਂ ਕੀਤੀਆਂ ਹਨ ਜੋ ਸ਼ੈਲੀ ਵਿਗਿਆਨ ਨਾਲ ਸੰਬੰਧਤ ਘੱਟ, ਸ਼ੈਲੀ ਅਤੇ ਕਾਵਿ ਕਿਰਤ ਨਾਲ ਸੰਬੰਧਤ ਜ਼ਿਆਦਾ ਹਨ। ਇਸ ਪਰਚੇ ਤੇ ਕਿੰਤੂ ਪਰੰਤੂ ਅਤੇ ਬਹਿਸ ਵੀ ਹੋਈ ਜਿਸ ਵਿੱਚ ਪਹਿਲਾ ਸਵਾਲ ਡਾ. ਨਾਮਵਰ ਸਿੰਘ ਦਾ ਇਹ ਸੀ ਕਿ ਸ੍ਰੀਵਾਸਤਵ ਜੀ ਨੇ ਸ਼ੈਲੀ ਵਿਗਿਆਨ ਅਤੇ ਭਾਸ਼ਾ ਵਿਗਿਆਨ ਦਾ ਘਾਲਾ ਮਾਲਾ ਕਰ ਦਿੱਤਾ। ਸ੍ਰੀ ਵਾਸਤਵ ਨੇ ਸ਼ੈਲੀ ਵਿਗਿਆਨ ਨਾਲੋਂ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਤੇ ਜ਼ੋਰ ਦਿੱਤਾ ਹੈ ਇਸੇ ਤਰ੍ਹਾਂ ਹੋਰ ਲੇਖਕਾਂ ਨੇ ਵੀ ਕਾਫ਼ੀ ਕਿੰਤੂ ਪ੍ਰੰਤੂ ਕੀਤੇ ਹਨ।

- **1980, ਵਿਹਾਰਕੀ (ਹਰਿਭਜਨ ਸਿੰਘ ਦਾ ਕਾਵਿ ਬੋਧ), ਤਰਲੋਕ ਸਿੰਘ ਕੰਵਰ**

ਇਹ ਪੁਸਤਕ ਡਾ. ਹਰਿਭਜਨ ਸਿੰਘ ਦੀ ਜੀਵਨ ਰਚਨਾ ਅਤੇ ਕਾਵਿ ਸੰਗ੍ਰਹਿਾਂ ਨਾਲ ਸੰਬੰਧਤ ਮਹੱਤਵਪੂਰਨ ਪੁਸਤਕ ਹੈ। ਜਿਸ ਵਿਚ ਕੁਝ ਕਵਿਤਾਵਾਂ ਨੂੰ ਲੈ ਕੇ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਕੁਝ ਕਵਿਤਾਵਾਂ ਦਾ ਸ਼ੈਲੀ ਵਿਗਿਆਨਕ ਅਧਿਐਨ ਵੀ ਹੈ ਮਹੱਤਵਪੂਰਨ ਕਿਹਾ ਜਾ ਸਕਦਾ

ਹੈ।

- **1981, ਪਤਰਾਂਜਲੀ, ਡਾ. ਹਰਿਭਜਨ ਸਿੰਘ।**

ਡਾ. ਬਲਬੀਰ ਸਿੰਘ : ਸਰਲ ਸ਼ੈਲੀ ਨਾਲ ਸੰਬੰਧਤ ਇਕ ਪਰਚਾ ਦਰਜ ਹੈ ਜੋ ਸ਼ੈਲੀ ਵਿਗਿਆਨ ਦੇ ਮਾਡਲਾਂ ਤੇ ਆਧਾਰਿਤ ਪਰਚਾ ਨਹੀਂ ਸਗੋਂ ਸਰਲ ਸ਼ੈਲੀ ਬਾਰੇ ਸਧਾਰਨ ਚਰਚਾ ਕਰਨ ਤੋਂ ਬਾਅਦ ਉਸਨੇ ਗੁਰਬਾਣੀ ਦੀ ਵਿਆਖਿਆ ਕੀਤੀ ਹੈ। ਡਾ. ਸਾਹਿਬ ਆਪ ਲਿਖਦੇ ਹਨ ਕਿ ਮੈਂ ਡਾ. ਬਲਬੀਰ ਸਿੰਘ ਦੀ ਸ਼ੈਲੀ ਨੂੰ ਸਰਲ ਜ਼ਰੂਰ ਕਿਹਾ ਹੈ ਸੌਖਾ ਨਹੀਂ ਸੋਖੇ ਦਾ ਸੰਬੰਧ ਪਾਠਕ ਨਾਲ ਹੈ ਸਰਲ ਦਾ ਰਚਨਾ ਨਾਲ। ਡਾ. ਸਾਹਿਬ ਲਿਖਦੇ ਹਨ ਕਿ ਡਾ ਬਲਬੀਰ ਮੈਨੂੰ ਸਰਲ ਬਣਾਉਣ ਵਾਲੇ ਲੱਗਦੇ ਹਨ ਪਰ ਸਰਲ ਮਨੋਬਣਤਰ ਨੂੰ ਪਹਿਚਾਣਿਆ ਕਿਵੇਂ ਜਾਵੇ ਜਿਸ ਦਾ ਜਵਾਬ ਆਪ ਹੀ ਅੱਗੇ ਦਿੰਦੇ ਹਨ। ਸਰਲ ਵਾਕ ਦੀ ਪਛਾਣ ਇਕ ਕਿਰਿਆ ਹੈ। ਸਰਲ ਮਨੋਬਣਤਰ ਦੀ ਪਛਾਣ ਇਕ ਵਿਸ਼ਾ ਹੈ। ਸ਼ੈਲੀ ਕੇਵਲ ਵਾਕ ਬਣਤਰ ਤਕ ਸੀਮਿਤ ਨਹੀਂ ਅਜਿਹਾ ਕਰਨ ਨਾਲ ਜੀਉਂਦੀ-ਜਾਗਦੀ ਸ਼ੈਲੀ ਨੂੰ ਮਕਾਨਕ ਪ੍ਰਬੰਧ ਬਣਾ ਲੈਣ ਬਰਾਬਰ ਹੈ। ਸ਼ੈਲੀ ਜੀਉਂਦੀ ਜਾਗਦੀ ਮਨੋ ਬਣਤਰ ਦਾ ਜਿਊਂਦਾ ਪ੍ਰਕਾਸ਼ ਹੈ। ਇਸ ਤਰ੍ਹਾਂ ਇਹ ਪਰਚਾ ਸ਼ੈਲੀ ਦੇ ਨਾਲ ਮਹੱਤਵਪੂਰਨ ਜਾਣਕਾਰੀ ਵਾਲਾ ਪਰਚਾ ਹੈ।

- **1983, ਪੰਜਾਬੀ ਭਾਸ਼ਾ ਦਾ ਅਧਿਆਪਨ, ਡਾ. ਓਮਕਾਰ ਐਨ. ਕੌਲ।**

ਸ਼ੈਲੀ ਵਿਗਿਆਨ ਤੇ ਕਵਿਤਾ ਦਾ ਅਧਿਆਪਨ ਰਵਿੰਦਰ ਗਰਗੇਸ਼ ਅਨੁਸਾਰ ਸ਼ੈਲੀ ਵਿਗਿਆਨ ਇਕ ਅਜਿਹਾ ਅਨੁਸ਼ਾਸਨ ਹੈ ਜਿਸ ਦਾ ਨਿਸ਼ਾਨਾ ਸੁਹਜਾਤਮਕ ਵਥ ਨੂੰ ਗ੍ਰਹਿਣ ਕਰਨਾ ਹੈ। ਸ਼ੈਲੀ ਵਿਗਿਅਨਿਕ ਵਿਸ਼ਲੇਸ਼ਣ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਤੋਂ ਭਿੰਨ ਹੈ। ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਆਪਣਾ ਸਾਰਾ ਸਮਾਂ ਵਾਕ ਦੀ ਸੰਰਚਨਾ ਦੇ ਰੂਪ ਉਪਰ ਹੀ ਖਰਚ ਕਰ ਦਿੰਦਾ ਹੈ। ਜਦ ਕਿ ਸ਼ੈਲੀ ਵਿਗਿਆਨ ਆਪਣਾ ਕਾਰਜ ਵਾਕ ਤੋਂ ਵੱਡੀ ਇਕਾਈ ਨਾਲ ਆਰੰਭਦਾ ਹੈ। ਇਸ ਪਰਚੇ ਵਿੱਚ ਇਕ ਕਵਿਤਾ ਦਾ ਵਿਹਾਰਕ ਅਧਿਐਨ ਕੀਤਾ ਹੈ। ਜੋ ਵਾਕ-ਪ੍ਰਤੀਕ ਦੇ ਤੌਰ ਤੇ ਕੀਤਾ ਗਿਆ ਹੈ। ਸ਼ੈਲੀ ਵਿਗਿਆਨ ਦਾ ਜਦੋਂ ਅਸੀਂ ਆਧੁਨਿਕ ਤੌਰ ਤੇ ਅਧਿਐਨ ਕਰਦੇ ਹਾਂ ਤਾਂ

ਅਗਰਭੂਮਣ ਦੇ ਚਾਰ ਤੱਤਾਂ ਰਾਹੀਂ ਕਰਦੇ ਹਨ ਜੋ ਅਜੇ ਤੱਕ ਇਸ ਤਰ੍ਹਾਂ ਦਾ ਅਧਿਐਨ ਬਹੁਤ ਘੱਟ ਹੋਇਆ ਹੈ।

- **1983, ਸਾਹਿਤ ਦੇ ਨਵੇਂ ਰੂਪ, ਡਾ, ਓਮ ਪ੍ਰਕਾਸ਼ ਸਿੰਘਲ।**

ਸ਼ੈਲੀ ਵਿਗਿਆਨਕ ਸਮੀਖਿਆ ਲੇਖ ਇਸ ਵਿੱਚ ਦਰਜ ਹੈ ਜੋ ਇੱਕ ਮਹੱਤਵਪੂਰਨ ਲੇਖ ਹੈ। ਇਸ ਵਿਚ ਸ਼ੈਲੀ ਵਿਗਿਆਨ ਨਾਲ ਸੰਬੰਧਤ ਮਹੱਤਵਪੂਰਨ ਪੱਧਰਾਂ ਨੂੰ ਆਧਾਰ ਬਣਾਇਆ ਗਿਆ ਹੈ। ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨਕ ਨਜ਼ਰੀਏ ਤੋਂ ਵੀ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਸ਼ੈਲੀ ਨਾਲ ਸੰਬੰਧਤ ਵੀ ਮਹੱਤਵਪੂਰਨ ਪਰਿਭਾਸ਼ਾਵਾਂ ਨੂੰ ਇਸ ਲੇਖ ਵਿੱਚ ਸ਼ਾਮਿਲ ਕੀਤਾ ਗਿਆ ਹੈ।

- **1983, ਗਦ ਅਧਿਐਨ, ਨਵਜੋਤ ਕੌਰ ਕਸੇਲ।**

ਇਸ ਪੁਸਤਕ ਵਿਚ 'ਸ਼ੈਲੀ' ਦੇ ਅਰਥ ਬੋਧ, ਬਾਰੇ ਦੱਸਿਆ ਗਿਆ ਹੈ ਅਤੇ ਇਸ ਵਿਚ ਸ਼ੈਲੀ ਪ੍ਰਗਟਾਉ ਵਿਧੀ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ ਹੈ। ਸ਼ੈਲੀ ਸੰਬੰਧੀ ਤਿੰਨ ਸਵਾਲ ਉਠਾਏ ਹਨ ਕਿ ਸ਼ੈਲੀ ਦੀ ਪਛਾਣ ਰਚਨਾ ਪੜਨ ਤੋਂ ਬਾਅਦ ਪਤਾ ਲੱਗ ਜਾਣੀ ਚਾਹੀਦੀ ਹੈ ਕਿ ਇਹ ਕਿਸ ਵਿਸ਼ੇਸ਼ ਵਿਅਕਤੀ ਦੀ ਰਚਨਾ ਹੈ। ਦੂਸਰਾ ਰਚਨਾ ਵਿੱਚ ਲੇਖਕ ਦੇ ਵਿਚਾਰ ਤਾਂ ਠੀਕ ਹਨ ਪਰੰਤੂ ਉਸ ਦਾ ਲਿਖਣ ਢੰਗ ਨਹੀਂ ਵਧੀਆ ਜਾਂ ਉਸ ਦਾ ਲਿਖਣ ਢੰਗ ਬੜਾ ਅਲੰਕਾਰਕ ਤੇ ਮਟਕਦਾਰ ਸ਼ਬਦਾਂ ਨਾਲ ਭਰਪੂਰ ਹੈ ਅਰਥਾਤ ਉਸ ਦਾ ਵਿਸ਼ੇਸ਼ ਲਿਖਣ ਢੰਗ ਹੈ ਅਤੇ ਸ਼ੈਲੀ ਦੇ ਮਨੋਵਿਗਿਆਨਕ ਪੱਖ ਨੂੰ ਦੱਸਿਆ ਗਿਆ ਹੈ। ਇਸ ਤੋਂ ਬਾਅਦ ਇਸ ਵਿੱਚ ਕੁਝ ਵਿਸ਼ੇਸ਼ ਸ਼ੈਲੀਆਂ ਬਾਰੇ ਵੀ ਵਰਨਣ ਕੀਤਾ ਗਿਆ ਹੈ ਜਿਵੇਂ ਗ੍ਰਾਮੀਣ ਜਾਂ ਗੰਵਾਰੂ ਸ਼ੈਲੀ, ਅਲੰਕ੍ਰਿਤ ਸ਼ੈਲੀ, ਲਾਕਸ਼ਨਿਕ ਸ਼ੈਲੀ, ਅਨੁਵਾਦ ਸ਼ੈਲੀ, ਸਮਾਨਅੰਤਰਵਾਦੀ ਸ਼ੈਲੀ ਆਦਿ । ਸ਼ੈਲੀ ਦੇ ਸੰਬੰਧ ਵਿੱਚ ਕਈ ਉਕਤੀਆਂ ਵੀ ਵਰਤੀਆਂ ਗਈਆਂ ਹਨ। ਜਿਵੇਂ ਸ਼ਾਨਦਾਰ ਸ਼ੈਲੀ, ਮਹਾਨ ਸ਼ੈਲੀ, ਸਾਧਾਰਣ ਸ਼ੈਲੀ, ਸੁਹਜਮਈ ਸ਼ੈਲੀ ਆਦਿ ਪਰ ਸਭ ਤੋਂ ਚੰਗੀ ਸ਼ੈਲੀ ਇਹ ਹੈ ਜਿਸ ਵਿਚ ਲੇਖਕ ਦਾ ਵਿਅਕਤਿਤਵ ਸੁਰੱਖਿਅਤ

ਹੋਵੇ। ਇਹ ਸ਼ੈਲੀ ਦੇ ਪੱਖੋਂ ਇਕ ਵਧੀਆ ਆਲੋਚਨਾਤਮਕ ਪੁਸਤਕ ਹੈ।

- **1986, ਵਾਰਤਕ ਤੇ ਵਾਰਤਕ ਸ਼ੈਲੀ, ਡਾ. ਜੀਤ ਸਿੰਘ ਸੀਤਲ।**

ਸ਼ੈਲੀ ਨੂੰ ਸੰਸਕ੍ਰਿਤ ਵਿੱਚ ਰੀਤੀ, ਪਰਿਪਾਟੀ ਕਾਵਯ ਰਚਨਾ, ਤਰਜਿ ਬਿਆਨ ਜਾਂ ਅਸਲੂਬਿ-ਬਿਆਨ ਵੀ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿੱਚ 'ਸਟਾਇਲ' ਕਿਹਾ ਜਾਂਦਾ ਹੈ। ਜਿਸ ਦਾ ਅਰਥ ਹੈ ਲਿਖਣ ਢੰਗ ਜਾਂ ਸਾਹਿਤਕ ਰਚਨਾ। ਚੈਮਬਰਜ਼ ਡਿਕਸ਼ਨਰੀ ਅਨੁਸਾਰ ਸਾਹਿਤਕ ਰਚਨਾ, ਲੇਖਕ ਢੰਗ ਭਾਵ ਨੂੰ ਭਾਸ਼ਾ ਕਰਮ ਜਾਂ ਅਮਲ ਰਾਹੀਂ ਪ੍ਰਗਟਾਉਣ ਵਿਧੀ ਨੂੰ ਸ਼ੈਲੀ ਕਿਹਾ ਜਾਂਦਾ ਹੈ ਜਾਂ ਇਹ ਬੋਲਣ, ਲਿਖਣ ਜਾਂ ਕਾਰਜ ਕਰਨ ਦਾ ਤਰੀਕਾ ਹੈ। ਲਿਖਣ ਢੰਗ ਦੀਆਂ ਸਮੂਹਕ ਵਿਸ਼ੇਸ਼ਤਾਈਆਂ ਨੂੰ ਸ਼ੈਲੀ ਕਿਹਾ ਜਾਂਦਾ ਹੈ। ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਨੂੰ ਇਸ ਵਿੱਚ ਪਰਿਭਾਸ਼ਤ ਕੀਤਾ ਗਿਆ ਹੈ ਜੋ ਵਿਸ਼ੇਸ਼ ਤੌਰ ਤੇ ਸ਼ੈਲੀ ਨਾਲ ਹੀ ਸੰਬੰਧਤ ਹਨ।

- **1988, ਭਾਸ਼ਾ ਵਿਗਿਆਨ: ਸੰਕਲਪ ਅਤੇ ਦਿਸ਼ਾਵਾਂ, (ਸੰਪਾ.) ਜੋਗਿੰਦਰ ਸਿੰਘ ਪੁਆਰ।**

ਇਹ ਪੁਸਤਕ ਭਾਸ਼ਾ ਵਿਗਿਆਨ ਨਾਲ ਸੰਬੰਧਤ ਆਲੋਚਨਾਤਮਕ ਪੁਸਤਕ ਹੈ। ਜਿਸ ਵਿੱਚ ਵੱਖ-ਵੱਖ ਵਿਦਵਾਨਾਂ ਦੇ 22 ਪਰਚਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਵਿੱਚ ਇੱਕ ਪਰਚਾ ਡਾ. ਸ਼ੀਤਾਸ਼ੂ ਦਾ ਹੈ ਜੋ 'ਸ਼ੈਲੀ ਵਿਗਿਆਨਕ ਆਲੋਚਨਾ' ਨਾਲ ਸੰਬੰਧਤ ਹੈ। ਇਸ ਵਿੱਚ ਡਾ. ਸਾਹਿਬ ਨੇ ਸ਼ੈਲੀ ਵਿਗਿਆਨ ਅਤੇ ਸ਼ੈਲੀ ਵਿਗਿਆਨਕ ਆਲੋਚਨਾ ਬਾਰੇ ਮਹੱਤਵਪੂਰਨ ਚਰਚਾ ਕੀਤੀ ਹੈ। ਸ਼ੈਲੀ ਵਿਗਿਆਨ ਦੇ ਮੁੱਖ ਮਾਡਲ ਅਗਰਭੂਮਣ ( Foregrounding) ਨੂੰ ਵੀ ਲਿਆ ਹੈ। ਅੱਗੋਂ ਉਸ ਨੂੰ ਚਾਰ ਤੱਤਾਂ ਵਿੱਚ ਵੰਡਿਆ ਹੈ ਤੇ ਉਨ੍ਹਾਂ ਬਾਰੇ ਵੀ ਮਹੱਤਵਪੂਰਨ ਵਿਚਾਰ ਚਰਚਾ ਕੀਤੀ ਹੈ। ਸ਼ੈਲੀ ਵਿਗਿਆਨ ਅਤੇ ਸ਼ੈਲੀ ਵਿਗਿਆਨ ਦੇ ਮੁੱਖ ਮਾਡਲਾਂ ਨੂੰ ਆਧਾਰ ਬਣਾ ਕੇ ਲਿਖਿਆ ਹੈ। ਇਹ ਸਿਧਾਂਤਕ ਪੱਖੋਂ ਬਹੁਤ ਮੁੱਲਵਾਨ ਪਰਚਾ ਹੈ।

- **1988, ਸਾਹਿਤ ਅਧਿਐਨ ਵਿਧੀਆਂ, (ਸੰਪਾ.) ਡਾ.ਰਤਨ ਸਿੰਘ ਜੱਗੀ।**

ਇਸ ਆਲੋਚਨਾਤਮਕ ਪੁਸਤਕ ਵਿੱਚ ਡਾ. ਮੋਹਨ ਜੀਤ ਦਾ ਪਰਚਾ ਦਰਜ ਹੈ। ਜਿਸ ਨੇ ਸ਼ੈਲੀ

ਵਿਗਿਆਨ ਨੂੰ ਸਮਝਣ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਸ਼ਾ ਵਿਗਿਆਨ ਦਾ ਸ਼ੈਲੀ ਵਿਗਿਆਨ ਨਾਲ ਕੀ ਸੰਬੰਧ ਹੈ ਇਹ ਸੰਬੰਧ ਕਿਵੇਂ ਬਣਦਾ ਹੈ ਸ਼ੈਲੀ ਵਿਗਿਆਨ ਨੂੰ ਚਿੰਨ੍ਹ ਵਿਗਿਆਨ ਨਾਲ ਕਿਵੇਂ ਜੋੜਿਆ ਜਾਂਦਾ ਹੈ ਆਦਿ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਸ਼ੈਲੀ ਵਿਗਿਆਨ ਕਿਵੇਂ ਅੰਤਰ-ਪਰਤਾਂ ਵਿਚ ਜਾ ਕੇ ਭਾਸ਼ਾ ਦੀ ਮੱਦਦ ਨਾਲ ਅਧਿਐਨ ਕਰਦਾ ਹੈ। ਇਸ ਵਿੱਚ ਮੋਹਨਜੀਤ ਨੇ ਕੁਝ ਕਵਿਤਾਵਾਂ ਨੂੰ ਲੈ ਕੇ ਵੀ ਅਧਿਐਨ ਕੀਤਾ ਹੈ ਜੋ ਬਹੁਤ ਉਸਾਰੂ ਪੱਖਾਂ ਦਾ ਹੈ। ਇਸ ਤੋਂ ਬਾਅਦ ਸ਼ੈਲੀ ਵਿਗਿਆਨ ਦੇ ਮਾਡਲਾਂ ਦਾ ਵੀ ਅਧਿਐਨ ਕੀਤਾ ਹੈ। ਸ਼ੈਲੀ ਵਿਗਿਆਨ ਦੇ ਤਕਨੀਕੀ ਸਾਧਨਾਂ ਨੂੰ ਵੀ ਫੜਨ ਦੀ ਕੋਸ਼ਿਸ਼ ਕੀਤੀ ਹੈ ਜਿਵੇਂ ਸੰਰਚਨਾ ਗਠਨ, ਅਗਰਭੂਮਣ ਦੇ ਮਾਡਲ ਆਦਿ।

- **1998, ਸਮੀਖਿਆ ਦ੍ਰਿਸ਼ਟੀਆਂ, ਗੁਰਚਰਨ ਸਿੰਘ ਅਰਸ਼ੀ।**

ਇਸ ਵਿੱਚ ਸ਼ੈਲੀ ਵਿਗਿਆਨ ਬਾਰੇ ਚਰਚਾ ਕੀਤੀ ਗਈ ਹੈ। ਇਸ ਦੀ ਸ਼ੁਰੂਆਤ ਕਿਵੇਂ ਹੋਈ ਇਸ ਦਾ ਜਨਮ ਦਾਤਾ ਕੌਣ ਹੈ। ਬੇਲੀ ਨੇ ਅੱਗੇ ਇਸ ਨੂੰ ਕਿਵੇਂ ਜੋੜਿਆ। ਸਭ ਤੋਂ ਪਹਿਲਾ ਅਧਿਐਨ ਕਿਹੜਾ ਹੋਇਆ ਆਦਿ ਬਾਰੇ ਵਿਚਾਰ ਚਰਚਾ ਕੀਤੀ ਗਈ। ਅੱਗੇ ਨਾਵਲ ਅਤੇ ਕਵਿਤਾਵਾਂ ਦਾ ਵਿਹਾਰਕ ਅਧਿਐਨ ਸ਼ੈਲੀ ਵਿਗਿਆਨ ਪੱਖੋਂ ਕੀਤਾ ਹੈ। ਜੋ ਮਹੱਤਵਪੂਰਨ ਅਧਿਐਨ ਹੈ। ਸ਼ੈਲੀ ਵਿਗਿਆਨ ਅਧਿਐਨ ਦਾ ਮਹੱਤਵ ਇਸ ਗੱਲ ਵਿੱਚ ਹੈ ਕਿ ਇਹ ਭਾਸ਼ਾ ਦੀ ਅਖੀਰ ਜਟਿਲਤਾ ਨੂੰ ਪ੍ਰਕਾਸ਼ਮਾਨ ਕਰਦਾ ਹੈ। ਜੋ ਇਕ ਮਹੱਤਵਪੂਰਨ ਸਾਹਿਤ ਅਧਿਐਨ ਦੀ ਪ੍ਰਣਾਲੀ ਹੈ।

- **1999, ਸਮਾਲੋਚਨਾ ਦੇ ਮੁੱਖ ਆਧਾਰ, (ਸੰਪਾ.) ਪਰਮਿੰਦਰ ਸਿੰਘ।**

ਸ਼ੈਲੀ ਵਿਗਿਆਨ ਇਕ ਚਰਚਿਤ ਅਧਿਐਨ ਵਿਧੀ ਹੈ। ਜੋ ਸਾਹਿਤ ਤੇ ਕਲਾ ਦਾ ਅਧਿਐਨ ਆਸਾਨੀ ਨਾਲ ਕਰਦੀ ਹੈ। ਪਰ ਇਤਿਹਾਸਕ ਤਰੀਕੇ ਨਾਲ ਇਸ ਦੀਆਂ ਵੱਖਰੀਆਂ-ਵੱਖਰੀਆਂ ਪਰੰਪਰਾਵਾਂ ਹਨ। ਜਿਵੇਂ (1) ਭਾਰਤੀ ਕਾਵਿ ਸ਼ਾਸਤਰੀ ਪਰੰਪਰਾ, (2) ਅੰਗਰੇਜ਼ੀ ਵਿਆਕਰਨਕ ਪਰੰਪਰਾ, (3) ਆਧੁਨਿਕ ਪਰੰਪਰਾ।

ਭਾਰਤੀ ਕਾਵਿ ਸ਼ਾਸਤਰੀ ਪਰੰਪਰਾ ਵਿੱਚ ਇਸ ਨੂੰ 'ਰੀਤੀ' ਦੇ ਤੁੱਲ ਰੱਖ ਕੇ ਵੇਖਿਆ ਜਾਂਦਾ ਹੈ। ਪਰੰਤੂ ਇਸ ਵਿੱਚ 'ਰੀਤੀ' ਅਤੇ ਸ਼ੈਲੀ ਨੂੰ ਵੱਖ-ਵੱਖ ਵੇਖਿਆ ਗਿਆ ਹੈ। ਇਕ ਉਦਾਹਰਨ ਸਾਹਿਤ ਵਰਣਨ ਕੀਤਾ ਹੈ ਕਿ ਜਦੋਂ ਦੋ ਵਿਅਕਤੀ ਕਿਸੇ ਇੱਕ ਟਿਕਾਣੇ ਵੱਲ ਤੁਰਨ ਤਾਂ ਉਹ ਇਕੋ ਮਾਰਗ ਤੇ ਤੁਰਦੇ ਹੋਏ ਵੀ ਵਿਭਿੰਨ ਵਿਧੀਆਂ ਅਖਤਿਆਰ ਕਰਦੇ ਹਨ। ਇਹ 'ਰੀਤੀ' ਹੈ' ਇਸੇ ਤਰ੍ਹਾਂ ਜਦੋਂ ਦੋ ਵਿਅਕਤੀ ਉਸੇ ਮਾਰਗ ਤੇ ਤੁਰਦੇ ਹੋਏ ਆਪਣੀਆਂ ਨਿੱਜੀ ਰੁੱਚੀਆਂ, ਪ੍ਰਵਿਰਤੀਆਂ ਅਤੇ ਸ਼ਕਤੀਆਂ ਦੀ ਵਰਤੋਂ ਕਰਦੇ ਹਨ ਤਾਂ ਉਨ੍ਹਾਂ ਦਾ ਸੰਬੰਧ ਸ਼ੈਲੀ ਨਾਲ ਹੈ। ਰੀਤੀ ਵਿੱਚ ਪੂਰਵ ਨਿਸ਼ਚਿਤਤਾ ਹੁੰਦੀ ਹੈ ਪਰ ਸ਼ੈਲੀ ਵਿੱਚ ਨਹੀਂ। ਅੰਗਰੇਜ਼ੀ ਵਿਆਕਰਨ ਪਰੰਪਰਾ: ਚਰਚਾ ਅੰਗਰੇਜ਼ੀ ਵਿੱਚ ਵੀ ਸ਼ੈਲੀ ਬਾਰੇ ਮਹੱਤਵਪੂਰਨ ਹੋਈ ਹੈ। Style, Perspicuity, Purity, Propriety, Precision ਆਦਿ ਬਾਰੇ ਗੱਲ ਕੀਤੀ ਗਈ ਹੈ। ਅਗਰਭੂਮਣ, ਵਿਚਲਨ, ਵਿਪਥਨ, ਇਹ ਅੰਗਰੇਜ਼ੀ ਸਿਧਾਂਤ ਹੀ ਹਨ। ਆਧੁਨਿਕ ਪਰੰਪਰਾ ਵਿੱਚ ਸ਼ੈਲੀ ਵਿਗਿਆਨ ਦੇ ਜਨਮ ਦਾਤੇ ਬਾਰੇ ਗੱਲ ਕੀਤੀ ਗਈ ਹੈ। ਸ਼ੈਲੀ ਵਿਗਿਆਨ ਸ਼ਬਦ ਦੀ ਕਾਢ ਬੇਲੀ ਦੀ ਹੈ। ਉਹ ਇਹ ਵੇਖਣਾ ਚਾਹੁੰਦਾ ਹੈ ਕਿ ਭਾਸ਼ਾ ਦਾ ਪ੍ਰਤੀਮਾਨਕ ਰੂਪ ਜੀਵੰਤ ਮਨੁੱਖੀ ਬੋਲ ਦਾ ਰੂਪ ਕਿਵੇਂ ਧਾਰ ਲੈਂਦਾ ਹੈ। ਸ਼ੈਲੀ ਵਿਗਿਆਨ ਕਿਸੇ ਸਮੁੱਚੀ ਬੋਲੀ ਦੇ ਪ੍ਰਗਟਾਉ ਪ੍ਰਭਾਵਾਂ ਅਤੇ ਜੁਗਤਾਂ ਦਾ ਅਧਿਐਨ ਕਰਦਾ ਹੈ ਇੰਞ ਪ੍ਰਤੀਮਾਨ ਤੋਂ ਦੂਰੀ ਹੀ ਸ਼ੈਲੀ ਹੈ। ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਮੁੱਢ ਤੋਂ ਹੁਣ ਤੱਕ ਦੇ ਸ਼ੈਲੀ ਵਿਗਿਆਨ ਵਿੱਚ ਬਹੁਤ ਵੱਡਾ ਫ਼ਰਕ ਹੈ। ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦੀਆਂ ਅੰਤਰ-ਦ੍ਰਿਸ਼ਟੀਆਂ ਲੈ ਕੇ ਸਾਹਿਤ ਆਲੋਚਨਾ ਦੇ ਕਾਰਜ ਨੂੰ ਵਧੇਰੇ ਸਿਸਟਮੀ ਬਣਾਉਂਦਾ ਹੈ। ਇਸ ਤਰ੍ਹਾਂ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਤੇ ਆਧਾਰਿਤ ਵਿਗਿਆਨ ਹੈ।

- **2004, ਪੰਜਾਬੀ ਗਲਪ ਆਲੋਚਨਾ, ਡਾ. ਭਗਵਾਨ ਦਾਸ ਸੁੱਜੋ।**

ਇਸ ਪੁਸਤਕ ਵਿੱਚ ਸ਼ੈਲੀ ਵਿਗਿਆਨ ਨਾਲ ਸੰਬੰਧਤ ਜਾਣਕਾਰੀ, ਸ਼ੈਲੀ ਵਿਗਿਆਨ ਦਾ ਜਨਮ ਦਾਤਾ ਕੌਣ ਹੈ ਅਤੇ ਇਸ ਨਾਲ ਸੰਬੰਧਤ ਵਿਦਵਾਨਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

ਸ਼ੈਲੀ ਵਿਗਿਆਨਕ ਅਧਿਐਨ ਵਿੱਚ ਧੁਨੀ, ਵਾਕ, ਅਰਥ ਸ਼ਬਦਾਵਲੀ ਤੇ ਰੂਪ ਆਦਿ ਨੂੰ ਸਾਹਮਣੇ ਰੱਖ ਕੇ ਵੱਖ ਵੱਖ ਕਲਾ ਸ਼ਕਤੀਆਂ ਦਾ ਮਹੱਤਵ ਆਕਿਆਂ ਜਾਂਦਾ ਹੈ। ਸ਼ੈਲੀ ਵਿਗਿਆਨਕ ਖੇਤਰ ਵਿਚ ਪ੍ਰਚਲਿਤ ਤਕਨੀਕੀ ਸਾਧਨਾ ਵਿਚ ਸੰਰਚਨਾ, ਗਠਨ, ਅਗਰਭੂਮਣ ਆਦਿ ਨੂੰ ਪ੍ਰਮੁੱਖਤਾ ਪ੍ਰਾਪਤ ਹੈ। ਸ਼ੈਲੀ ਵਿਗਿਆਨਕ ਅਧਿਐਨ ਦਾ ਵਾਸਤਾ ਸ਼ਬਦਾਵਲੀ ਨਾਲ ਹੁੰਦਾ ਹੈ। ਸਾਹਿਤ ਰਚਨਾ ਵਿੱਚ ਪ੍ਰਯੋਗ ਕੀਤੀ ਗਈ ਭਾਸ਼ਾ ਦਾ ਸੂਖਮ ਅਧਿਐਨ ਕਰਦਿਆਂ ਹੋਇਆਂ ਸ਼ੈਲੀ-ਵਿਗਿਆਨੀ ਇਸ ਦੇ ਸੰਦਰਭ ਨੂੰ ਅੱਖੋਂ ਉਹਲੇ ਨਹੀਂ ਕਰਦੇ।

- **2005, ਭਾਸ਼ਾ ਵਿਗਿਆਨ: ਭਾਸ਼ਾਈ ਪੱਧਰ ਤੇ ਸੰਚਾਰ ਮਾਡਲ, ਡਾ. ਪਰਮਜੀਤ ਸਿੰਘ।**

ਭਾਸ਼ਾ ਵਿਗਿਆਨ ਨਾਲ ਸੰਬੰਧਤ ਇਸ ਪੁਸਤਕ ਵਿੱਚ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਸ਼ਾਮਿਲ ਹਨ। ਡਾ. ਮੰਗਤ ਰਾਮ ਦੇ ਦੋ ਪਰਚੇ ਸ਼ੈਲੀ ਵਿਗਿਆਨ ਨਾਲ ਸੰਬੰਧਤ ਇਸ ਪੁਸਤਕ ਵਿਚ ਦਰਜ ਹਨ। ਇਕ ਪਰਚਾ ਪ੍ਰਵਚਨ ਪੱਧਰ ਨਾਲ ਤੇ ਦੂਸਰਾ ਸ਼ੈਲੀ ਵਿਗਿਆਨ ਨਾਲ ਸੰਬੰਧਤ ਹੈ। ਇਸ ਵਿੱਚ ਪਹਿਲਾ ਸ਼ੈਲੀ ਵਿਗਿਆਨ ਨਾਲ ਜਾਣ-ਪਛਾਣ ਅਤੇ ਸ਼ੈਲੀ ਵਿਗਿਆਨ ਵਿਭਿੰਨ-ਮਾਡਲਾਂ ਨਾਲ ਸੰਬੰਧਤ ਮਹੱਤਵਪੂਰਨ ਵਿਚਾਰ ਚਰਚਾ ਕੀਤੀ ਗਈ ਹੈ। ਸ਼ੈਲੀ ਵਿਗਿਆਨ: ਜਾਣ ਪਛਾਣ ਵਿੱਚ ਡਾ. ਸਾਹਿਬ ਨੇ ਸ਼ੈਲੀ ਦੀਆਂ ਪਰਿਭਾਸ਼ਾਵਾਂ, ਸ਼ੈਲੀ ਵਿਗਿਆਨ, ਭਾਸ਼ਾ ਵਿਗਿਆਨ, ਅਰਥ ਵਿਗਿਆਨ, ਸਾਹਿਤ ਆਲੋਚਨਾ ਆਦਿ ਵਿਗਿਆਨਾਂ ਨਾਲ ਸੰਬੰਧਤ ਜਾਣਕਾਰੀ ਦਿੱਤੀ ਹੈ। ਸ਼ੈਲੀ ਵਿਗਿਆਨ ਦਾ ਸਰੂਪ ਅਤੇ ਪੂਰਣ ਧਾਰਨਾਵਾਂ ਤੇ ਅਧਾਰਿਤ ਇਹ ਪਰਚਾ ਮਹੱਤਵਪੂਰਨ ਹੈ। ਸ਼ੈਲੀ ਵਿਗਿਆਨ ਦੇ ਵਿਭਿੰਨ ਮਾਡਲਾਂ ਨੂੰ ਅੱਗੋਂ ਭਾਸ਼ਕ ਇਕਾਈਆਂ ਦੇ ਆਧਾਰ ਤੇ ਵੰਡਿਆ ਹੈ। ਇਸ ਪਰਚੇ ਵਿੱਚ ਡਾ. ਸਾਹਿਬ ਨੇ ਆਪਣੀ ਰਾਇ ਨਹੀਂ ਸਗੋਂ ਪੂਰਣ ਧਾਰਨਾਵਾਂ ਨੂੰ ਹੀ ਆਧਾਰ ਬਣਾ ਕੇ ਪਰਚੇ ਨੂੰ ਅੰਤਿਮ ਦਿਸ਼ਾ ਦਿੱਤੀ ਹੈ। ਪ੍ਰਵਚਨ ਪੱਧਰ ਵਾਲੇ ਪਰਚੇ ਵਿੱਚ ਵੀ ਪ੍ਰਵਚਨ ਬਾਰੇ ਜਾਣਕਾਰੀ ਦਿੱਤੀ ਹੈ। ਪ੍ਰਵਚਨ ਇੱਕ ਭਾਸ਼ਕ ਪੱਧਰ ਹੈ ਜੋ ਅਗਰਭੂਮਣ ਦੇ ਮਾਡਲ ਵਿੱਚ ਆਉਂਦਾ ਹੈ।

- **2005, ਭਾਸ਼ਾ ਅਤੇ ਭਾਸ਼ਾ ਵਿਗਿਆਨ ਮੁੱਢਲੀ ਜਾਣਕਾਰੀ, ਜੋਨ ਲਾਇਨਜ਼ (ਅਨੁ.) ਡਾ. ਅਮਰਜੀਤ ਕੌਰ।**

ਇਸ ਪੁਸਤਕ ਵਿੱਚ ਸ਼ੈਲੀਗਤ ਵਿਭਿੰਨਤਾ ਅਤੇ ਸ਼ੈਲੀ ਵਿਗਿਆਨ ਬਾਰੇ ਇਕ ਲੇਖ ਸ਼ਾਮਿਲ ਕੀਤਾ ਗਿਆ ਹੈ। ਜਿਸ ਵਿੱਚ ਸ਼ੈਲੀ ਵਿਗਿਆਨ ਬਾਰੇ ਸਿਧਾਂਤਕ ਜਾਣਕਾਰੀ ਦਿੱਤੀ ਗਈ ਹੈ। ਬਾਕੀ ਸਾਰੇ ਲੇਖ ਭਾਸ਼ਾ ਅਤੇ ਭਾਸ਼ਾ ਵਿਗਿਆਨ ਨਾਲ ਸੰਬੰਧਿਤ ਹਨ। ਇਸ ਵਿੱਚ ਸ਼ੈਲੀਗਤ ਵਿਭਿੰਨਤਾ ਨੂੰ ਭਾਰਤੀ ਕਾਵਿ ਸ਼ਾਸਤਰ ਤੇ ਆਧਾਰਿਤ ਲਿਆ ਹੈ ਅਤੇ ਸ਼ੈਲੀ ਵਿਗਿਆਨ ਸੰਬੰਧੀ ਮਹੱਤਵਪੂਰਨ ਵਿਚਾਰ ਦਿੱਤੇ ਹਨ।

- **2009, ਪੰਜਾਬੀ ਭਾਸ਼ਾ ਅਤੇ ਸਾਹਿਤ ਭਾਸ਼ਾਈ ਸਰੋਕਾਰ, ਬੂਟਾ ਸਿੰਘ ਬਰਾੜ।**

ਮੋਹਨ ਸਿੰਘ ਕਾਵਿ : ਸ਼ੈਲੀਗਤ ਅਧਿਐਨ ਇਹ ਅਧਿਐਨ ਸ਼ੈਲੀ ਵਿਗਿਆਨ ਦੇ ਪੱਖ ਜਿਸ ਵਿੱਚ ਅਗਰਭੂਮਣ ਅਤੇ ਵਿਚਲਨ ਨੂੰ ਲਿਆ ਗਿਆ ਹੈ। ਇਸ ਵਿੱਚ ਮੋਹਨ ਸਿੰਘ ਦੇ ਵੱਖ ਵੱਖ ਕਾਵਿ ਸੰਗ੍ਰਹਿਾਂ ਵਿਚੋਂ ਕਾਵਿ-ਟੋਟੇ ਲੈ ਕੇ ਸ਼ੈਲੀਗਤ ਅਧਿਐਨ ਕੀਤਾ ਗਿਆ ਹੈ। ਰੂਪਕ ਪੱਖੋਂ ਇਸ ਵਿੱਚ ਦੱਸਿਆ ਗਿਆ ਹੈ ਕਿ ਮੋਹਨ ਸਿੰਘ ਨੇ ਚਾਰ ਵੱਖ ਵੱਖ ਕਾਵਿ ਸ਼ੈਲੀਆਂ ਵਿੱਚ ਰਚਨਾ ਕੀਤੀ ਹੈ ਜਿਵੇਂ ਗੀਤ, ਗਜ਼ਲ, ਕਵਿਤਾ, ਮਹਾਂਕਾਵਿ ਆਦਿ ਹੈ ਉਸਦੇ ਕਾਵਿ ਦੀ ਸਰਲਤਾ, ਸੁਗਮਤਾ, ਅਤੇ ਪ੍ਰਗੀਤਕਤਾ ਨੇ ਲੋਕਮਨ ਨੂੰ ਟੁੰਭਿਆ ਅਤੇ ਜਟਿਲਤਾ ਨੇ ਸਾਹਿਤ ਚਿੰਤਕਾਂ ਦਾ ਧਿਆਨ ਖਿੱਚਿਆ ਹੈ। ਮੋਹਨ ਸਿੰਘ ਕਾਵਿ ਸ਼ੈਲੀ ਦਾ ਇੱਕ ਉਘੜਵਾਂ ਗੁਣ ਇਹ ਹੈ ਕਿ ਇਹ ਲੋਕਧਾਰਾਈ ਆਧਾਰ ਦੀ ਸ਼ੈਲੀ ਹੈ ਜਿਸ ਵਿਚ ਪੋਠੋਹਾਰੀ ਭਾਸ਼ਾਈ ਸਰੂਪ, ਮੁਹਾਵਰਾ ਤੇ ਵਾਤਾਵਰਣ ਸਭ ਲੋਕਮਨ ਤੇ ਨੇੜੇ ਹੈ। ਜੰਦਰੇ ਕਾਵਿ ਸੰਗ੍ਰਹਿ ਦੀ ਕਾਵਿ-ਸ਼ੈਲੀ ਰਸੋਕਤੀ ਅਤੇ ਵਕ੍ਰੋਕਤੀ ਵਧੇਰੇ ਹੈ ਸ਼ਬਦ ਵੱਧ ਤੋਂ ਵੱਧ ਵਿਅੰਜਕ ਹਨ। ਰਮਜ਼/ਸੰਕੇਤ ਕਵੀ ਦੇ ਸ਼ੈਲੀ ਸੰਦ ਹਨ। ਸ਼ਾਖੀ ਸ਼ੈਲੀ, ਬਾਣੀ ਸ਼ੈਲੀ, ਵਾਰ ਸ਼ੈਲੀ, ਆਦਿ ਨੂੰ ਕਵੀ ਨੇ ਛੰਦ ਤੇ ਲੈਅ ਵਿੱਚ ਬੰਨ ਕੇ ਪੇਸ਼ ਕੀਤਾ ਹੈ।

- **2009, ਪੰਜਾਬੀ ਭਾਸ਼ਾ ਅਤੇ ਸਾਹਿਤ ਭਾਸ਼ਾਈ ਸਰੋਕਾਰ, ਬੂਟਾ ਸਿੰਘ ਬਰਾੜ।**

ਕੁਲਵੰਤ ਸਿੰਘ ਵਿਰਕ ਦੀ ਭਾਸ਼ਾ-ਸ਼ੈਲੀ ਬਾਰੇ ਬਰਾੜ ਸਾਹਿਬ ਦੇ ਮਹੱਤਵਪੂਰਨ ਵਿਚਾਰ ਹਨ, ਭਾਸ਼ਾ ਸ਼ੈਲੀ ਉੱਤਮ ਸਾਹਿਤ ਰਚਨਾ ਵਿਚ ਲੁਪਤ ਚਮਤਕਾਰੀ ਤੱਤ ਹੁੰਦੇ ਹਨ। ਜੋ ਰਚਨਾ ਦੇ ਨਿਵੇਕਲੇਪਣ ਦਾ ਆਧਾਰ ਬਣਦੇ ਹਨ ਇਸ ਲਈ ਜਦੋਂ ਸਾਡੇ ਨਾਲ ਕੋਈ ਵਿਚਾਰ ਚਰਚਾ ਕਰਦਾ ਹੈ ਤਾਂ ਉਹ ਸਾਡੇ ਤੱਕ ਅਰਥ ਸੰਚਾਰ ਨਹੀਂ ਸਗੋਂ ਆਪਣੀ ਸ਼ਖਸ਼ੀਅਤ ਦਾ ਪ੍ਰਭਾਵ ਸਾਡੇ ਉੱਤੇ ਛੱਡਦਾ ਹੈ ਇਸੇ ਨਾਲ ਕਿਹਾ ਜਾਂਦਾ ਹੈ ਸ਼ੈਲੀ ਹੀ ਸ਼ਖਸ਼ੀਅਤ ਹੈ ਵਿਰਕ ਦੀ ਭਾਸ਼ਾ ਸ਼ੈਲੀ ਸਰਲ, ਸੁਹਜਤਾ, ਸਾਦਗੀ, ਸੁਭਾਵਕਤਾ ਭਰੀ ਸ਼ੈਲੀ ਹੈ। ਸ਼ੈਲੀ ਸਿਰਫ਼ ਵਾਕ ਬਣਤਰ ਤੱਕ ਸੀਮਿਤ ਨਹੀਂ ਸਗੋਂ ਸ਼ੈਲੀ ਜਿਊਂਦੀ ਜਾਗਦੀ ਮਨੋਬਣਤਰ ਦਾ ਜਿਊਂਦਾ ਜਾਗਦਾ ਪ੍ਰਕਾਸ਼ ਵੀ ਹੈ। ਵਿਰਕ ਦੀ ਭਾਸ਼ਾ ਸ਼ੈਲੀ ਦਾ ਸਭ ਤੋਂ ਵੱਡਾ ਗੁਣ ਹੈ ਸਰਲਤਾ, ਸਧਾਰਨਤਾ, ਸਾਦਗੀ। ਬਰਾੜ ਸਾਹਿਬ ਨੇ ਸ਼ੈਲੀ ਵਿਗਿਆਨ ਦੇ ਪੱਖੋਂ ਅਧਿਐਨ ਘੱਟ ਅਤੇ ਸ਼ੈਲੀ ਪੱਖੋਂ ਅਧਿਐਨ ਵਧੇਰੇ ਕੀਤਾ ਹੈ। ਜਿਸ ਵਿੱਚ ਉਸਨੇ ਭਾਸ਼ਾ ਸ਼ੈਲੀ, ਰਾਹੀਂ, ਪ੍ਰਤੀਕਾਂ, ਭਾਸ਼ਾ-ਜੈਸਚਰ ਦੀ ਗੱਲ ਵੀ ਕੀਤੀ ਹੈ। ਇਨ੍ਹਾਂ ਸ਼ੈਲੀਗਤ ਜੁਗਤਾਂ ਦੀ ਵਰਤੋਂ ਸਾਹਿਤ ਵਿੱਚ ਕਿਸੇ ਭਾਵ ਦਾ ਪ੍ਰਭਾਵ ਤਿੱਖਾ ਕਰਨ ਲਈ ਜਾਂ ਭਾਵ ਨੂੰ ਹੱਦ ਤੋਂ ਜ਼ਿਆਦਾ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਤਰ੍ਹਾਂ ਕੀਤਾ ਜਾਂਦਾ ਹੈ। ਵਿਰਕ ਦੀ ਭਾਸ਼ਾ ਸ਼ੈਲੀ ਸਰਲ ਹੈ, ਸ਼ਬਦ ਚੋਣ ਸਹਿਜ-ਸੁਭਾਵਕ ਹੈ। ਉਹ ਪੰਜਾਬੀ ਦਾ ਨਿਕੇਵਲਾ ਕਹਾਣੀਕਾਰ ਹੀ ਨਹੀਂ ਸਗੋਂ ਨਿਕੇਵਲਾ ਸ਼ੈਲੀਕਾਰ ਵੀ ਹੈ। ਇਸ ਕਰਕੇ ਕੁਲਵੰਤ ਸਿੰਘ ਵਿਰਕ ਦੀ ਆਮ ਸ਼ੈਲੀ ਮਹੱਤਵਪੂਰਨ ਹੈ। ਆਪਣੇ ਵਿਸ਼ਿਆ ਨੂੰ ਜਾਂ ਸ਼ਬਦਾਵਲੀ ਨੂੰ ਹੱਦ ਤੋਂ ਜ਼ਿਆਦਾ ਪਰਾਹਿਤ ਰੂਪ ਵਿੱਚ ਪੇਸ਼ ਕਰਦਾ ਹੈ ਜੋ ਉਸ ਦਾ ਨਿਕੇਵਲਾ ਢੰਗ ਹੈ। ਜੋ ਸ਼ੈਲੀ ਵਿਗਿਆਨ ਦਾ ਪ੍ਰਮੁੱਖ ਤੱਤ ਪਰਾਹਨ, ਜਾਂ ਵਿਚਲਨ ਰਾਹੀਂ ਗੱਲ ਕਰਦਾ ਹੈ।

- **2012, ਆਧੁਨਿਕ ਪੰਜਾਬੀ ਕਾਵਿ (ਸੰਦਰਭਗਤ ਅਧਿਐਨ), ਬਲਦੇਵ ਸਿੰਘ ਧਾਲੀਵਾਲ।**

ਸ਼ੈਲੀ ਵਿਗਿਆਨ ਸ਼ਬਦ ਦੀ ਉਤਪੱਤੀ ਤੋਂ ਲੈ ਕੇ ਸ਼ੈਲੀ ਵਿਗਿਆਨ ਦਾ ਵੱਖ ਵੱਖ ਵਿਗਿਆਨਾਂ ਨਾਲ ਸੰਬੰਧ ਇਸ ਪਰਚੇ ਵਿੱਚ ਦਰਸਾਇਆ ਗਿਆ ਹੈ। ਸ਼ੈਲੀ ਵਿਗਿਆਨ ਅਤੇ ਭਾਸ਼ਾ ਵਿਗਿਆਨ ਸ਼ੈਲੀ

ਵਿਗਿਆਨ ਅਤੇ ਮਨੋਵਿਗਿਆਨ, ਸੁਹਜ ਸ਼ਾਸਤਰ ਅਤੇ ਸ਼ੈਲੀ ਵਿਗਿਆਨ, ਸਮਾਜ ਸ਼ਾਸਤਰ ਅਤੇ ਸ਼ੈਲੀ ਵਿਗਿਆਨ, ਦਰਸ਼ਨ ਸ਼ਾਸਤਰ ਅਤੇ ਸ਼ੈਲੀ ਵਿਗਿਆਨ ਅਤੇ ਸਾਹਿਤ ਸ਼ਾਸਤਰ ਆਦਿ ਸੰਬੰਧੀ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਸ਼ੈਲੀ ਵਿਗਿਆਨ ਦੇ ਇਤਿਹਾਸਕ ਪਰਿਪੇਖ ਜਿਸ ਵਿੱਚ ਅਰਸਤੂ ਦੇ ਸ਼ੈਲੀ ਸੰਬੰਧੀ ਵਿਚਾਰਾਂ ਨੂੰ ਵੀ ਆਧਾਰ ਬਣਾਇਆ ਹੈ। ਭਾਰਤੀ ਕਾਵਿ ਸ਼ਾਸਤਰ ਸ਼ੈਲੀ ਸੰਬੰਧੀ ਵਿਚਾਰ ਸਾਸਿਊਰ ਦੇ ਭਾਸ਼ਾ ਮਾਡਲਾਂ ਦਾ ਸ਼ੈਲੀ ਵਿਗਿਆਨ ਨਾਲ ਸੰਬੰਧ, ਅਤੇ ਸਾਸਿਊਰ ਦੇ ਚੇਲੇ ਬੇਲੀ ਸੰਬੰਧੀ ਉਸ ਦੇ ਵਿਚਾਰਾਂ ਨਾਲ ਸੰਬੰਧਤ ਵੀ ਜਾਣਕਾਰੀ ਮਿਲਦੀ ਹੈ।

- **2013, ਡਾ, ਆਤਮਜੀਤ ਸਿੰਘ ਰਚਨਾਵਲੀ ਭਾਸ਼ਕੀ, (ਸੰਪਾ.) ਪਰਮਜੀਤ ਸਿੰਘ ਢੀਂਗਰਾ।**

ਸ਼ੈਲੀ ਵਿਗਿਆਨ ਅਧਿਐਨ ਭਾਸ਼ਾ ਵਿਗਿਆਨ, ਸ਼ੈਲੀ ਵਿਗਿਆਨ ਅਤੇ ਅਰਥ ਵਿਗਿਆਨ ਆਲੋਚਨਾ ਦੀ ਸ਼ੈਲੀ ਵਿਗਿਆਨਕ ਵਿਧੀ, ਸਾਹਿਤ ਆਲੋਚਨਾ ਦੀ ਸ਼ੈਲੀ ਵਿਗਿਆਨਕ ਵਿਧੀ, ਸ਼ੈਲੀ ਵਿਗਿਆਨ ਦੇ ਪ੍ਰਮੁੱਖ ਮਾਡਲ ਅਗਰਭੂਮਣ (Foregrounding) ਅਤੇ ਅਗਰਭੂਮਣ ਦੇ ਅੱਗੋਂ ਪ੍ਰਤੀਮਾਨ ਅਤੇ ਪਰਾਹਨ, ਆਦਿ ਨੂੰ ਆਧਾਰ ਬਣਾ ਕੇ. ਡਾ. ਸਾਹਿਬ ਨੇ ਬਹੁਤ ਹੀ ਮੁੱਲਵਾਨ ਜਾਣਕਾਰੀ ਦਿੱਤੀ ਹੈ। ਸ਼ੈਲੀ ਵਿਗਿਆਨ ਬਾਰੇ ਨਿੱਠ ਕੇ ਅਧਿਐਨ ਕੁਝ ਕੁ ਵਿਦਵਾਨਾਂ ਨੇ ਹੀ ਕੀਤਾ ਹੈ। ਜਿਸ ਵਿੱਚ 'ਭਾਸ਼ਕੀ' ਪੁਸਤਕ ਵੀ ਪ੍ਰਮੁੱਖ ਕਹੀ ਜਾ ਸਕਦੀ ਹੈ ਕਿਉਂਕਿ ਸਾਹਿਤਕੀ ਨਾਲ ਮਿਲਦੀ ਜੁਲਦੀ ਜਾਣਕਾਰੀ ਇਸ ਵਿਚ ਦਿੱਤੀ ਗਈ ਹੈ। ਮੱਧਕਾਲੀ ਧਾਰਮਿਕ ਪਾਠ ਦਾ ਸ਼ੈਲੀ ਵਿਗਿਆਨਕ ਅਧਿਐਨ ਗੁਰਬਖਸ਼ ਸਿੰਘ ਦੀ ਵਾਰਤਕ ਦਾ ਸ਼ੈਲੀ ਵਿਗਿਆਨਕ ਅਧਿਐਨ, ਕੰਜਕਾਂ ਦਾ ਸ਼ੈਲੀ ਵਿਗਿਆਨਕ ਅਧਿਐਨ, ਪੰਜਾਬੀ ਦੀਆਂ ਸਮਾਜਕ ਸ਼ੈਲੀਆਂ ਆਦਿ ਵਿਹਾਰਕ ਅਧਿਐਨ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਹੈ। ਵਿਹਾਰਕ ਅਧਿਐਨ ਵਿੱਚ ਕਵਿਤਾ, ਵਾਰਤਕ, ਅਤੇ ਮੱਧਕਾਲੀ ਧਾਰਮਿਕ ਪਾਠ ਦਾ ਸ਼ੈਲੀ ਵਿਗਿਆਨਕ ਅਧਿਐਨ ਕੀਤਾ ਗਿਆ ਹੈ।

### 1.4.2.3 ਖੋਜ ਪੱਤਰ/ਪੱਤ੍ਰਿਕਾਵਾਂ

ਸ਼ੈਲੀ ਵਿਗਿਆਨ ਨਾਲ ਸੰਬੰਧਤ ਲੇਖ ਖੋਜ ਦਰਪਣ ਅਤੇ ਖੋਜ ਪੱਤ੍ਰਿਕਾਵਾਂ ਵਿੱਚ ਪ੍ਰਾਪਤ ਹੁੰਦੇ ਹਨ ਉਨ੍ਹਾਂ ਦਾ ਵੇਰਵਾ ਹੇਠਾਂ ਕਾਲ ਕ੍ਰਮ ਅਨੁਸਾਰ ਦਿੱਤਾ ਜਾ ਰਿਹਾ ਹੈ।

**ਖੋਜ ਦਰਪਣ**

- **1977, ਆਈ ਏ ਰਿਚਰਡਜ਼ ਅਤੇ ਸ਼ੈਲੀ ਵਿਗਿਆਨ, ਸ੍ਰੀ ਕ੍ਰਿਸ਼ਣ ਕੁਮਾਰ ਗੋਸਵਾਮੀ।**

  ਆਈ ਏ ਰਿਚਰਡਜ਼ ਦਾ ਸਾਹਿਤ ਆਲੋਚਨਾ, ਮਨੋਵਿਗਿਆਨ ਅਤੇ ਅਰਥ ਵਿਗਿਆਨ ਨੂੰ ਕਾਫ਼ੀ ਯੋਗਦਾਨ ਰਿਹਾ ਹੈ। ਸਾਹਿਤ ਸਮੀਖਿਆ ਉੱਪਰ ਉਸਦੀਆਂ ਦੋ ਮਹੱਤਵਪੂਰਨ ਪੁਸਤਕਾਂ ਹਨ 'ਪ੍ਰਿੰਸੀਪਲਜ਼ ਆਫ਼ ਲਿਟਰੇਰੀ ਕ੍ਰਿਟਿਸਿਜਮ' ਅਤੇ ਪ੍ਰੈਕਟੀਕਲ ਕ੍ਰਿਟਿਸਿਜ਼ਮ' ਜੋ ਆਲੋਚਨਾ ਅਤੇ ਸਾਹਿਤ ਭਾਸ਼ਾ ਦੇ ਵੱਖ ਵੱਖ ਤੱਤਾਂ ਦਾ ਵੇਰਵਾ ਮਿਲਦਾ ਹੈ ਉਹ ਸ਼ੈਲੀ ਵਿਗਿਆਨ ਨਾਲ ਕੁਝ ਕੁਝ ਮਿਲਦਾ ਹੈ ਇਸ ਦੇ ਨਾਲ ਹੀ ਰਿਚਰਡਜ਼ ਭਾਸ਼ਾ, ਕਾਵਿ ਭਾਸ਼ਾ, ਆਦਿ ਮਸਲਿਆਂ ਬਾਰੇ ਵੀ ਜਾਣਕਾਰੀ ਦਿੰਦਾ ਹੈ। ਸ਼ੈਲੀ ਵਿਗਿਆਨ ਨੂੰ ਕਾਵਿ ਭਾਸ਼ਾ ਦੀ ਮੱਦਦ ਨਾਲ ਸਮਝਣ ਦੀ ਕੋਸ਼ਿਸ ਕਰਦਾ ਹੈ। ਉਸ ਅਨੁਸਾਰ ਕਾਵਿ ਦਾ ਰੂਪਵਾਦੀ ਵਿਸ਼ਲੇਸ਼ਣ ਸ਼ੈਲੀ ਵਿਗਿਆਨ ਦਾ ਸਮਰਥਨ ਕਰਦਾ ਹੈ। ਸਾਹਿਤ ਜਾਂ ਕਵਿਤਾ ਦਾ ਵਿਸ਼ਲੇਸ਼ਣ ਕਰਨ ਲਈ ਉਹ ਭਾਸ਼ਾ ਉਪਰ ਵੀ ਧਿਆਨ ਦਿੰਦਾ ਹੈ ਕਿਉਂਕਿ ਸ਼ੈਲੀ ਵਿਗਿਆਨ ਇਹ ਮੰਨਦਾ ਹੈ ਕਿ ਕਾਵਿ, ਭਾਸ਼ਾ ਦਾ ਹੀ ਇਕ ਰੂਪ ਹੈ। ਆਪਣੀ ਖੁਦਮੁਖਤਾਰ ਹੋਂਦ ਰਖਦਾ ਹੋਇਆ ਸ਼ਾਬਦਿਕ ਕਲਾ ਦਾ ਵੀ ਇੱਕ ਰੂਪ ਹੈ। ਜਿਸ ਨੂੰ ਸਮਝਣ ਅਤੇ ਗ੍ਰਹਿਣ ਕਰਨ ਦੇ ਲਈ ਭਾਸ਼ਾ ਨੂੰ ਮਾਧਿਅਮ ਬਣਾਉਣਾ ਪੈਂਦਾ ਹੈ। ਇਸੇ ਭਾਸ਼ਾ ਵਿਚ ਕਵੀ ਦੀ ਮਨੋਬਿਰਤੀ ਦੀ ਅਭਿਵਿਅੰਜਨਾ ਹੋ ਜਾਂਦੀ ਹੈ। ਇਸ ਅਭਿਵਿਅੰਜਨਾ ਦਾ ਅਧਿਐਨ ਹੀ ਸ਼ੈਲੀ ਵਿਗਿਆਨ ਕਰਦਾ ਹੈ। ਦੂਸਰਾ ਸ਼ੈਲੀ ਵਿਗਿਆਨ ਬਾਹਰੀ ਪੱਖ ਨੂੰ ਛੱਡ ਕੇ ਅੰਦਰੂਨੀ ਪੱਖ ਨੂੰ ਦੇਖਦਾ ਹੈ। ਜਿਸ ਵਿਚ ਕਵੀ ਕੀ ਕਹਿੰਦਾ ਹੈ ਨੂੰ ਛੱਡ ਕੇ ਕਾਵਿ ਕੀ ਕਹਿੰਦਾ ਹੈ ਆਦਿ ਨੂੰ ਵੇਖਿਆ ਜਾਂਦਾ ਹੈ ਪਰ ਇੱਥੇ ਰਿਚਰਡਜ਼ ਦੀ ਪੱਧਤੀ ਉਲਟ ਹੈ ਉਹ ਮੁੱਲ ਸਾਪੇਖ ਦੇ ਅਧੀਨ ਹੁੰਦੀ ਹੈ। ਜਦ

ਕਿ ਸ਼ੈਲੀ ਵਿਗਿਆਨ ਮੁੱਲ-ਨਿਰਪੇਖ ਹੁੰਦਾ ਹੈ। ਸ਼ੈਲੀ ਵਿਗਿਆਨ ਕਥ ਦੀ ਏਕਤਾ ਵਿੱਚ ਵਿਸ਼ਵਾਸ਼ ਰੱਖਦਾ ਹੈ। ਰਿਚਰਡਜ਼ ਦਾ ਸ਼ੈਲੀ ਵਿਗਿਆਨਕ ਵਿਵੇਚਨ ਬਾਹਰਲੇ ਪੱਖਾਂ ਨੂੰ ਜ਼ਿਆਦਾ ਲੈਂਦਾ ਹੈ। ਜੋ ਸ਼ੈਲੀ ਵਿਗਿਆਨ ਉੱਪਰ ਪੂਰੀ ਤਰ੍ਹਾਂ ਨਹੀਂ ਢੁੱਕਦਾ। ਇਸ ਲਈ ਸ਼ੈਲੀ ਵਿਗਿਆਨ ਦੇ ਅਧਿਐਨ ਲਈ ਕੱਥ ਬਾਹਰੀ ਵੇਰਵੇ ਇਸ ਵਿਧੀ ਉੱਪਰ ਪੂਰਨ ਰੂਪ ਵਿੱਚ ਨਹੀਂ ਢੁੱਕਦੇ।

- **1978, ਸ਼ੈਲੀ ਵਿਗਿਆਨ ਅਤੇ ਅਰਥ ਵਿਗਿਆਨ, ਆਤਮਜੀਤ ਸਿੰਘ।**

ਸ਼ੈਲੀ ਵਿਗਿਆਨ ਬਾਰੇ ਮਹੱਤਵਪੂਰਨ ਵਿਚਾਰ ਇਸ ਪਰਚੇ ਵਿੱਚ ਸ਼ਾਮਿਲ ਹਨ। ਸ਼ੈਲੀ ਵਿਗਿਆਨ ਅਤੇ ਅਰਥ ਵਿਗਿਆਨ ਪਿਛਲੇ ਕੁਝ ਵਰ੍ਹਿਆਂ ਤੋਂ ਇੱਕ ਦੂਜੇ ਤੇ ਨੇੜੇ ਹੁੰਦੇ ਜਾ ਰਹੇ ਹਨ। ਆਤਮਜੀਤ ਨੇ ਇਸ ਸੰਬੰਧੀ ਮਹੱਤਵਪੂਰਨ ਵਿਚਾਰ ਦਿੱਤੇ ਹਨ। ਇਸ ਪਰਚੇ ਉੱਪਰ ਅਰਥ ਵਿਗਿਆਨ ਦੇ ਅਧਿਐਨ ਜ਼ਿਆਦਾ ਲਿਆ ਹੈ। ਸ਼ਬਦ ਅਰਥ ਬਾਰੇ, ਧੁਨੀ ਮੂਲਕ ਪ੍ਰੇਰਣਾ ਬਾਰੇ, ਰੂਪੀਮੀ ਦ੍ਰਿਸ਼ਟੀ ਆਦਿ ਨੂੰ ਵੱਖ-ਵੱਖ ਉਦਾਹਰਨਾਂ ਸਹਿਤ ਪੇਸ਼ ਕੀਤਾ ਹੈ। ਦੂਸਰਾ ਇਸ ਵਿੱਚ ਸਰਲ ਅਰਥ ਮੂਲਕ ਸਥਿਤੀਆਂ ਬਾਰੇ ਵੀ ਵਰਣਨ ਕੀਤਾ ਗਿਆ ਹੈ ਤੇ ਵੱਖਰੇ ਵੱਖਰੇ ਅਰਥ ਵਿਗਿਆਨੀਆਂ ਦੇ ਵਿਚਾਰ ਇਸ ਵਿੱਚ ਦਿੱਤੇ ਗਏ ਹਨ। ਸ਼ੈਲੀ ਵਿਗਿਆਨ ਦੇ ਖੇਤਰ ਵਿੱਚ ਸ਼ਬਦਾਂ ਦੇ ਰੋਲ ਅਤੇ ਭਾਸ਼ਾ ਵਿਗਿਆਨੀ ਸਾਸਿਊਰ ਦੇ ਸਿਧਾਂਤ ਨੂੰ ਲੈ ਕੇ ਜਿਵੇਂ ਪੈਰਾਡਿਗਮੈਟਿਕ ਅਤੇ ਸਿਨਟੈਗਮੈਟਿਕ ਸੰਬੰਧਾਂ ਨੂੰ ਵੀ ਦਰਸਾਇਆ ਗਿਆ ਹੈ। ਕੁਝ ਸ਼ਬਦਾਂ ਨੂੰ ਲੈ ਕੇ ਵੀ ਸ਼ੈਲੀ ਵਿਗਿਆਨਕ ਅਧਿਐਨ ਕੀਤਾ ਹੈ। ਵਿਹਾਰਕ ਪੱਖ ਤੋਂ ਪ੍ਰੋ. ਮੋਹਨ ਸਿੰਘ ਦੀ ਰਚਨਾ ਦਾ ਸ਼ੈਲੀ ਵਿਗਿਆਨਕ ਅਧਿਐਨ ਸ਼ਾਮਿਲ ਕੀਤਾ ਗਿਆ ਹੈ ਜਿਸ ਵਿਚ ਡਾ. ਆਤਮ ਜੀਤ ਅਨੁਸਾਰ ਸ਼ੈਲੀ ਵਿਗਿਆਨ ਅਤੇ ਅਰਥ ਵਿਗਿਆਨ ਇਕ ਸਾਝਾਂ ਖੇਤਰ ਹੈ। ਇਸ ਕਰਕੇ ਇਹ ਇੱਕ ਮਹੱਤਵਪੂਰਨ ਅਧਿਐਨ ਹੈ ਇਸ ਵਿਚ ਸ਼ੈਲੀ ਵਿਗਿਆਨ ਅਤੇ ਅਰਥ ਵਿਗਿਆਨ ਦੀਆਂ ਸੀਮਾਵਾਂ ਬਾਰੇ ਦੱਸਿਆ ਗਿਆ ਹੈ।

- **1979, ਗੁਰਬਖਸ਼ ਸਿੰਘ ਦੀ ਵਾਰਤਕ ਦਾ ਸ਼ੈਲੀ ਵਿਗਿਆਨਕ ਅਧਿਐਨ, ਡਾ. ਆਤਮ ਜੀਤ ਸਿੰਘ।**

ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਰਚਨਾਵਾਂ ਨੇ ਪਾਠਕ ਮੰਡਲ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਉਸਦੀ ਲਿਖਣ ਸ਼ੈਲੀ ਨੂੰ ਸਲਾਹੁਣ ਲਈ ਉਸ ਨੂੰ ਸ਼ਬਦਾਂ ਦਾ ਜਾਦੂਗਰ ਕਿਹਾ ਗਿਆ ਹੈ। ਇਸ ਪਰਚੇ ਵਿੱਚ ਵੀ ਵਾਰਤਕ ਨੂੰ ਸ਼ੈਲੀ ਵਿਗਿਆਨਕ ਨਜ਼ਰੀਏ ਤੋਂ ਦੇਖਣ ਦੀ ਕੋਸ਼ਿਸ਼ ਕੀਤੀ ਹੈ ਉਸਦੀ ਲਿਖਣ ਸ਼ੈਲੀ ਸਰਲ ਸਿੱਧੀ ਹੈ ਪਰ ਸ਼ੈਲੀ ਵਿਗਿਆਨ ਸੁਚੇਤ ਤੋਂ ਇਸ ਵਿੱਚ, ਚੋਣ ਸਮਾਨੰਤਰਤਾ, ਵਿਚਲਨ ਆਦਿ ਤੱਤਾਂ ਨੂੰ ਮਹੱਤਵਪੂਰਨ ਸਥਾਨ ਹਾਸਿਲ ਹੈ। ਇਸ ਪਰਚੇ ਵਿੱਚ ਕੁਝ ਉਦਾਹਰਨਾਂ ਦੇ ਕੇ ਧੁਨੀ, ਸ਼ਬਦ, ਰੂਪ ਪੱਧਰ ਤੇ ਵਿਚਲਨ ਨੂੰ ਭਾਸ਼ਕ ਇਕਾਈਆਂ ਰਾਹੀਂ ਦਰਸਾਇਆ ਹੈ। ਇਸੇ ਤਰ੍ਹਾਂ ਦੁਹਰਾਮੂਲਕ ਸ਼ਬਦਾਂ, ਅਤੇ ਸਮਾਨੰਤਰਤਾ ਨੂੰ ਇਸ ਵਿੱਚ ਲਿਆ ਹੈ। ਸ਼ੈਲੀ ਵਿਗਿਆਨ ਦੇ ਪੱਖੋਂ ਇਹ ਇਕ ਮਹੱਤਵਪੂਰਨ ਲੇਖ ਹੈ। ਜਿਸ ਵਿਚ ਵਾਰਤਕ ਰਚਨਾਵਾਂ ਦਾ ਅਧਿਐਨ ਸ਼ੈਲੀ ਵਿਗਿਆਨ ਵਿਧੀ ਰਾਹੀਂ ਕੀਤਾ ਗਿਆ ਹੈ।

- **1979, ਆਧੁਨਿਕ ਵਾਰਤਕ ਸ਼ੈਲੀ, ਸਰੂਪ ਅਤੇ ਸਮੱਸਿਆ, ਗੁਰਲਾਲ ਸਿੰਘ।**

ਇਸ ਪਰਚੇ ਵਿੱਚ ਆਧੁਨਿਕ ਵਾਰਤਕ ਸ਼ੈਲੀ ਅਤੇ ਪੁਰਾਤਨ ਵਾਰਤਕ ਸ਼ੈਲੀ ਦੇ ਮੂਲ ਮਸਲਿਆਂ ਨੂੰ ਨਿਜੱਠਣ ਦੀ ਕੋਸ਼ਿਸ਼ ਕੀਤੀ ਹੈ। ਪੁਰਾਤਨ ਵਾਰਤਕ ਸ਼ੈਲੀ ਬੋਲ ਚਾਲ ਦੇ ਪੱਧਰ ਨੂੰ ਮੁੱਖ ਮੰਨਦੀ ਸੀ ਉੱਥੇ ਆਧੁਨਿਕ ਵਾਰਤਕ ਸ਼ੈਲੀ ਵਿੱਚ ਸੰਵਦੇਨਸ਼ੀਲਤਾ, ਵਸਤੂ ਦੀ ਸੰਪੂਰਨ ਜਾਣਕਾਰੀ, ਇਕਸੁਰਤਾ, ਸੰਤੁਲਨ, ਸਾਧਾਰਣਤਾ, ਅਨੁਕੂਲਤਾ, ਯਥਾਰਥਕਤਾ ਸਪੱਸ਼ਟੀਕਰਨ ਆਦਿ ਮਹੱਤਵਪੂਰਨ ਪਹਿਲੂ ਹਨ। ਆਧੁਨਿਕ ਵਾਰਤਕ ਸ਼ੈਲੀ ਅਤੇ ਪੁਰਾਤਨ ਵਾਰਤਕ ਸ਼ੈਲੀ ਨੂੰ ਇਸ ਵਿੱਚ ਨਿਖੇੜ ਕੇ ਵੇਖਿਆ ਗਿਆ ਹੈ। ਇਸ ਵਿੱਚ ਸ਼ੈਲੀ ਵਿਗਿਆਨ ਬਾਰੇ ਘੱਟ 'ਸ਼ੈਲੀ' ਬਾਰੇ ਜ਼ਿਆਦਾ ਵਿਚਾਰ ਚਰਚਾ ਹੋਈ ਹੈ।

- **1995, ਹੀਰ ਵਾਰਿਸ਼ ਦਾ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ, ਕੁਲਬੀਰ ਸਿੰਘ ਕਾਂਗ।**

ਇਸ ਪਰਚੇ ਵਿੱਚ ਕਾਂਗ ਨੇ ਪਹਿਲਾ ਸ਼ੈਲੀ ਅਤੇ ਬਾਅਦ ਵਿੱਚ ਸ਼ੈਲੀ ਵਿਗਿਆਨ ਬਾਰੇ ਚਰਚਾ ਕੀਤੀ ਹੈ। ਵਾਰਿਸ਼ ਖ਼ੁਦ ਇੱਕ ਪ੍ਰਮੁੱਖ ਸ਼ੈਲੀਕਾਰ ਹੋ ਨਿਬੜਿਆ ਹੈ। ਕਾਂਗ ਅਨੁਸਾਰ ਵਾਰਿਸ਼ ਤੋਂ ਪਹਿਲਾ ਵੀ ਕਿੱਸਕਾਰ ਹੋਏ ਹਨ। ਪਰ ਜੋ ਰੰਗਤ ਵਾਰਿਸ਼ ਦੀ ਸ਼ੈਲੀ ਵਿਗਿਆਨ ਲੇਖਕ ਵਲੋਂ ਬੁਣੀ ਰਚਨਾ ਦੀ ਬੁਣਤੀ ਦੇ ਅਤਿ ਛੋਟੇ ਵਿਸਤਾਰਾਂ ਨੂੰ ਆਪਣੇ ਧਿਆਨ ਦਾ ਕੇਂਦਰ ਬਿੰਦੂ ਬਣਾਉਂਦੀ ਹੈ ਤੇ ਕਲਾ ਪੱਖ ਨੂੰ ਉਭਾਰਦੀ ਹੈ। ਕਾਂਗ ਸ਼ੈਲੀ ਵਿਗਿਆਨ ਦੇ ਦੋ ਪੱਖਾਂ ਬਾਰੇ ਗੱਲ ਕਰਦਾ ਹੈ। Formal Component, Situational Component, Formap Component ਜੋ ਭਾਸ਼ਾਈ ਤੱਤਾਂ ਨਾਲ ਸੰਬੰਧਤ ਹੈ ਜਦ ਕਿ Situatonal Component ਵਿਹਾਰਕ ਪੱਖ ਨਾਲ ਸੰਬੰਧਤ ਹੈ। ਸ਼ੈਲੀ ਵਿਗਿਆਨਕ ਮਾਡਲਾਂ ਜਿਵੇਂ, ਵਿਚਲਨ (Deviaton) ਸਮਾਨੰਤਰਤਾ (ਸੁਮੇਲਤਾ), ਚੋਣ, ਲੈਅ ਆਦਿ ਦੇ ਨਾਲ ਨਾਲ ਹੀਰ ਨੂੰ ਇੱਕ ਕ੍ਰਾਂਤੀ ਪ੍ਰਧਾਨ ਇਸਤਰੀ ਦੱਸਿਆ ਗਿਆ ਹੈ। ਉਪਰੋਕਤ ਮਾਡਲਾਂ ਨੂੰ ਅੱਗੋਂ ਭਾਸ਼ਕ ਇਕਾਈਆਂ ਦੇ ਆਧਾਰ ਤੇ ਵੱਖ ਵੱਖ ਵੰਡਿਆ ਹੈ।

- **2004, ਖੁੱਲੇ ਲੇਖ: ਵਾਰਤਕ ਸ਼ੈਲੀ ਅਤੇ ਭਾਸ਼ਾ, ਗੁਰਪ੍ਰੀਤ ਸਿੰਘ ਸਿੱਧੂ।**

ਇਸ ਵਿੱਚ ਪ੍ਰੋ. ਪੂਰਨ ਸਿੰਘ ਦੀ ਸ਼ੈਲੀ ਅਤੇ ਭਾਸ਼ਾ ਬਾਰੇ ਚਰਚਾ ਹੋਈ ਹੈ। ਪੂਰਨ ਸਿੰਘ ਦੇ ਨਿਬੰਧਾਂ ਵਿਚਲੇ ਗਲਪਮਈ ਅੰਸ਼ ਪਾਠਕ ਨੂੰ ਟੁੰਬਦੇ ਹਨ। ਵੈਸੇ ਤਾਂ ਨਿਬੰਧ ਦਾ ਸੰਬੰਧ ਬੋਧਿਕਤਾ ਅਤੇ ਤਰਕਸ਼ੀਲਤਾ ਨਾਲ ਹੁੰਦਾ ਹੈ। ਖੁੱਲੇ ਲੇਖ ਵਿਚਲੇ ਸਾਰੇ ਨਿਬੰਧ ਸੁਹਜਾਤਮਕਤਾ ਭਰਪੂਰ ਹਨ। ਲੇਖਕ ਦੇ ਨਿਬੰਧਾਂ ਵਿਚਲੀ ਕਲਪਨਾ, ਬੋਧਿਕਤਾ, ਵਿਆਖਿਆਤਮਕਤਾ ਪਾਠਕ ਨੂੰ ਬੋਰ ਨਹੀਂ ਹੋਣ ਦਿੰਦੀ ਉਸਦੀ ਨਿਬੰਧਕਾਰੀ ਦਾ ਇਕ ਵਿਸ਼ੇਸ਼ ਗੁਣ ਇਹ ਵੀ ਹੈ ਕਿ ਉਹ ਆਪਣੇ ਵਿਚਾਰਾਂ ਨੂੰ ਵਿਸਥਾਰ ਦੇਣ ਲਈ ਪ੍ਰਸ਼ਨ ਪੈਦਾ ਕਰਦਾ ਹੈ। ਜਿੱਥੋਂ ਉਸਦੀ ਪ੍ਰਸ਼ਨੋਤਰੀ ਸ਼ੈਲੀ ਦਾ ਪ੍ਰਭਾਵ ਪੈਂਦਾ ਹੈ। ਕਾਲਪਨਿਕ ਸ਼ੈਲੀ, ਬੋਧਿਕ ਸ਼ੈਲੀ, ਸੁਹਜਾਤਮਕ ਸ਼ੈਲੀ ਆਦਿ ਪ੍ਰਮੁੱਖ ਸ਼ੈਲੀਆਂ ਪ੍ਰੋ. ਸਾਹਿਬ ਦੇ ਨਿਬੰਧਾਂ ਵਿਚੋਂ ਆਮ ਵੇਖਣ ਨੂੰ ਮਿਲਦੀਆਂ ਹੈ। ਇਸ ਕਰਕੇ ਭਾਸ਼ਾ ਵੀ ਸੁਹਜਾਤਮਕਤਾ ਵਾਲੀ

ਵਰਤੀ ਹੈ। ਸਿੱਧੀ ਸਰਲ ਤੇ ਕਟਾਖ਼ਮਈ ਭਾਸ਼ਾ ਦੀ ਵਰਤੋਂ ਸਾਨੂੰ ਆਮ ਮਿਲਦੀ ਹੈ। ਸ਼ੈਲੀ ਪੱਖੋਂ ਮਹੱਤਵਪੂਰਨ ਪਰਚਾ ਹੈ।

- **2010. ਸ਼ੈਲੀ ਵਿਗਿਆਨ: ਇਤਿਹਾਸ, ਸਿਧਾਂਤ ਤੇ ਵਿਹਾਰ, ਰਾਜਿੰਦਰ ਸਿੰਘ ਸੇਖੋਂ।**

  ਸ਼ੈਲੀ ਵਿਗਿਆਨ ਸਿਧਾਂਤ ਤੇ ਵਿਹਾਰ ਸੇਖੋਂ ਦੀ ਸ਼ੈਲੀ ਵਿਗਿਆਨ ਨਾਲ ਸੰਬੰਧਤ ਪੰਜਾਬੀ ਸਾਹਿਤ ਜਗਤ ਵਿੱਚ ਪਹਿਲੀ ਕਿਤਾਬ ਹੈ। ਜਿਸ ਵਿੱਚ ਸ਼ੈਲੀ ਵਿਗਿਆਨ, ਸ਼ੈਲੀ ਵਿਗਿਆਨ ਦੇ ਪ੍ਰਮੁੱਖ ਸਕੂਲਾਂ ਅਤੇ ਸ਼ੈਲੀ ਵਿਗਿਆਨ ਦੇ ਦੂਜੇ ਵਿਗਿਆਨਾਂ ਨਾਲ ਸੰਬੰਧ ਨੂੰ ਦਰਸਾਇਆ ਗਿਆ ਹੈ। ਸ਼ੈਲੀ ਵਿਗਿਆਨ ਨਾਲ ਲੇਖ ਜੋ ਖੋਜ ਪੱਤ੍ਰਿਕਾ ਵਿੱਚ ਸਾਨੂੰ ਮਿਲਿਆ ਹੈ ਇਹ ਸ਼ੈਲੀ ਵਿਗਿਆਨ ਵਿਧੀ ਪੱਖੋ ਮਹੱਤਵਪੂਰਨ ਲੇਖ ਹੈ। ਜਿਸ ਵਿੱਚ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦੀ ਇੱਕ ਬਾਂਹ ਵਜੋਂ ਲਿਆ ਹੈ ਕਿਉਂਕਿ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦੀ ਮੱਦਦ ਲੈ ਕੇ ਹੀ ਚਲਦਾ ਹੈ। ਸ਼ੈਲੀ ਵਿਗਿਆਨ ਆਪਣੇ ਵਖੱਰੇ ਵਖੱਰੇ ਮਾਡਲਾਂ ਨੂੰ ਭਾਸ਼ਕ ਇਕਾਈਆਂ ਰਾਹੀਂ ਅੱਗੇ ਤੋਰਦਾ ਹੈ। ਇਸ ਪਰਚੇ ਵਿੱਚ ਵੀ ਸੇਖੋਂ ਨੇ ਭਾਸ਼ਕ ਇਕਾਈਆਂ ਰਾਹੀਂ ਮਹੱਤਵਪੂਰਨ ਅਧਿਐਨ ਕੀਤਾ ਹੈ ਜਿਵੇਂ ਵਿਚਲਨ ਨੂੰ ਅੱਗੋਂ ਅੱਠ ਭਾਗਾਂ ਵਿੱਚ ਵੰਡਿਆ ਹੈ। ਧੁਨੀ ਪੱਧਰ ਤੇ ਵਿਚਲਨ, ਸ਼ਬਦ ਪੱਧਰ ਤੇ ਵਿਚਲਨ, ਬੋਲੀ ਰਾਹੀਂ ਵਿਚਲਨ, ਰਜਿਸਟਰ ਰਾਹੀਂ ਵਿਚਲਨ, ਇਤਿਹਾਸਕ ਵਿਚਲਨ, ਵਾਕ ਵਿਚਲਨ, ਰੂਪ ਪੱਧਰ ਤੇ ਵਿਚਲਨ ਆਦਿ ਜੋ ਇੱਕ ਮਹੱਤਵਪੂਰਨ ਅਧਿਐਨ ਹੈ। ਇਸ ਤਰ੍ਹਾਂ ਵਿਪਥਨ, ਸਮਾਨੰਤਰਤਾ ਤੇ ਵਿਰਲਤਾ ਨੂੰ ਵੱਖ-ਵੱਖ ਭਾਸ਼ਕ ਇਕਾਇਆਂ ਵਿਚ ਵੰਡ ਕੇ ਅਧਿਐਨ ਕੀਤਾ ਹੈ। ਜੋ ਸ਼ੈਲੀ ਵਿਗਿਆਨ ਨਾਲ ਸੰਬੰਧਤ ਮਹੱਤਵਪੂਰਨ ਪਰਚਾ ਹੈ।

**2017 ਸੁਰਿੰਦਰ ਸਿੰਘ ਸੀਰਤ ਕਾਵਿ: ਸ਼ੈਲੀ ਵਿਗਿਆਨਕ ਅਧਿਐਨ (ਅਰੂਪੇ ਅੱਖਰਾਂ ਦਾ ਅਕਸ ਦੇ ਸੰਦਰਭ ਵਿਚ), ਡਾ.ਸੋਨਾ ।**

ਇਸ ਵਿੱਚ ਖੋਜਾਰਥੀ ਨੇ ਸ਼ੈਲੀ ਵਿਗਿਆਨ ਦੇ ਮਾਡਲ ਵਿਚਲਨ, ਵਿਪਥਨ, ਸਮਾਨੰਤਰਤਾ ਅਤੇ ਵਿਰਲਤਾ ਨੂੰ ਆਧਾਰ ਬਣਾ ਕੇ ਕਵੀ ਦੀਆਂ ਕਵਿਤਾਵਾਂ ਉਪਰ ਵਿਸਥਾਰਪੂਰਵਕ ਚਰਚਾ ਕੀਤੀ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਪੂਰਵ ਖੋਜ ਦਾ ਸਰਵੇਖਣ ਅਤੇ ਮੁਲਾਂਕਣ ਇਹ ਸਿੱਧ ਕਰਦਾ ਹੈ ਕਿ ਸ਼ੈਲੀ ਵਿਗਿਆਨ ਅਤੇ ਸ਼ੈਲੀ ਦੇ ਆਧਾਰ ‘ਤੇ ਪਹਿਲਾ ਤੋਂ ਹੋਇਆ ਖੋਜ-ਕਾਰਜ ਤਾਂ ਮਿਲਦਾ ਹੈ। ਪ੍ਰੰਤੂ ਜੁਝਾਰਵਾਦੀ ਪੱਖ ਤੋਂ ਪਾਸ਼ ਅਤੇ ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਉੱਪਰ ਅਜਿਹਾ ਖੋਜ-ਕਾਰਜ ਨਹੀਂ ਮਿਲਦਾ। ਹਥਲਾ ਖੋਜ-ਕਾਰਜ ਜੁਝਾਰਵਾਦੀ ਪੰਜਾਬੀ ਕਾਵਿ: ਸ਼ੈਲੀ ਵਿਗਿਆਨਕ ਅਧਿਐਨ (ਲਾਲ ਸਿੰਘ ਦਿਲ ਅਤੇ ਪਾਸ਼ ਦੇ ਵਿਸ਼ੇਸ਼ ਸੰਦਰਭ ਵਿਚ) ਹੈ ਜੋ ਕਿ ਪੰਜਾਬੀ ਖੋਜ-ਖਾਰਜ ਵਿਚ ਅਕਾਦਮਿਕ ਪੱਧਰ ਉੱਤੇ ਨਵੇਂ ਦਿਸਹੱਦੇ ਸਥਾਪਿਤ ਕਰੇਗਾ।

**1.5 ਜੁਝਾਰਵਾਦ: ਇਤਿਹਾਸਕ ਪੱਖ**

ਆਧੁਨਿਕ ਪੰਜਾਬੀ ਕਾਵਿ ਦੇ ਇਤਿਹਾਸਕ ਅਤੇ ਸਿਧਾਂਤਕ ਅਧਿਐਨ ਦੇ ਕਾਲ-ਕ੍ਰਮ ਅਨੁਸਾਰ ਰਹੱਸਵਾਦੀ, ਰੁਮਾਂਸਵਾਦੀ, ਪ੍ਰਗਤੀਵਾਦੀ ਤੇ ਪ੍ਰਯੋਗਸ਼ੀਲ ਕਾਵਿ-ਧਾਰਾਵਾਂ ਤੋਂ ਬਾਅਦ ਜੁਝਾਰਵਾਦੀ ਕਾਵਿ ਦਾ ਸਥਾਨ ਆਉਂਦਾ ਹੈ। ਜੁਝਾਰਵਾਦੀ ਕਾਵਿ ਪੰਜਾਬੀ ਦਾ ਇਕ ਅਜਿਹਾ ਕਾਵਿ ਰੂਪ ਹੈ, ਜਿਹੜਾ ਸਿੱਧੇ ਤੌਰ 'ਤੇ ਰਾਜਸੀ ਸਥਿਤੀਆਂ- ਪ੍ਰਸਥਿਤੀਆਂ ’ਚੋ ਪੈਦਾ ਹੋਇਆ ਹੈ । ਜੁਝਾਰਵਾਦੀ ਕਾਵਿ ਦੀ ਇਤਿਹਾਸਕ ਅਤੇ ਸਿਧਾਂਤਕ ਸਥਿਤੀ ਵਿਚ ਉਨ੍ਹਾਂ ਹਾਲਤਾਂ ਨੂੰ ਜਾਣਨਾ ਜ਼ਰੂਰੀ ਹੋ ਜਾਂਦਾ ਹੈ ਜਿਨ੍ਹਾਂ ਵਿਚੋਂ ਇਹ ਪੈਦਾ ਹੋਈ। ਜੁਝਾਰਵਾਦੀ ਕਾਵਿ ਦੇ ਇਤਿਹਾਸਕ ਅਤੇ ਸਿਧਾਂਤਕ ਅਧਿਐਨ ਉੱਪਰ ਜੇਕਰ ਵਿਸ਼ੇਸ਼ ਸੰਦਰਭਾਂ ਵਿਚ ਨਜ਼ਰ ਮਾਰੀਏ ਤਾਂ ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਏਸ਼ੀਆ ਤੇ ਅਫਰੀਕਾ ਵਿਚ ਚੱਲ ਰਹੇ ਲੋਕ ਸੰਘਰਸ਼ਾਂ ਨਾਲ ਵੀ ਸਬੰਧਿਤ ਹੈ। ਸਪੱਸ਼ਟ ਕਰਨਾ ਬਣਦਾ ਹੈ ਕਿ ਹਥਿਆਰਬੰਦ ਰੂਪ ਵਾਲੇ ਇਹ ਘੋਲ ਸਫਲਤਾ ਪ੍ਰਾਪਤ ਕਰਦੇ ਹਨ। ਸੋਵੀਅਤ ਯੂਨੀਅਨ ਇਨ੍ਹਾਂ ਦੇ ਘੋਲ ਦੀ ਹਮਾਇਤ ਕਰਦਾ ਹੈ। ਭਾਰਤ ਵਿਚ ਉਸ ਵੇਲੇ ਅੰਗਰੇਜ਼ਾਂ ਵਿਰੁੱਧ ਰਾਸ਼ਟਰਵਾਦੀ ਲਹਿਰ ਅਧੀਨ ਜਨਤਕ ਅੰਦੋਲਨ ਚੱਲ ਰਹੇ ਸਨ। ਅਜ਼ਾਦ ਭਾਰਤ ਲਈ ਪੰਡਿਤ ਨਹਿਰੂ ਦਾ ਮਿਸ਼ਰਿਤ ਅਰਥ-ਵਿਵਸਥਾ ਦਾ ਸਰੂਪ ਬਦਲਕੇ ਪੂੰਜੀਵਾਦੀ ਬਣਨਾ ਸ਼ੁਰੂ ਹੋ ਗਿਆ। ਇਸ ਵੇਲੇ ਭਾਰਤ ਦੇ ਗੁਆਂਢੀ ਮੁਲਕ ਚੀਨ ਵਿਚ ਸਮਾਜਵਾਦੀ ਇਨਕਲਾਬ ਦੀ ਘਟਨਾ ਨੇ ਭਾਰਤੀ ਕਮਿਊਨਿਸਟਾਂ ਨੂੰ ਵਧੇਰੇ ਪ੍ਰਭਾਵਿਤ ਕੀਤਾ। ਭਾਵੇਂ ਅਜ਼ਾਦੀ ਤੋਂ ਪਹਿਲਾਂ ਵੀ ਭਾਰਤ ਵਿਚ ਕਮਿਊਨਿਸਟ ਵਿਚਾਰਧਾਰਾ ਦੀ

ਸਰਗਰਮੀ ਤੇਜ ਚੱਲ ਰਹੀ ਸੀ, ਪਰ ਆਜ਼ਾਦ ਭਾਰਤ ਵਿਚ ਕਮਿਊਨਿਸਟਾਂ ਨੇ ਬਾਕਾਇਦਾ ਰਾਜਨੀਤਿਕ ਪਾਰਟੀ ਕਾਇਮ ਕੀਤੀ। ਰੂਸੀ ਕ੍ਰਾਂਤੀ ਤੋਂ ਹੀ ਕਮਿਊਨਿਸਟ ਵਿਚਾਰਧਾਰਾ ਦਾ ਕੇਂਦਰ ਸੋਵੀਅਤ ਯੂਨੀਅਨ ਰਿਹਾ। ਇਸ ਕਰਕੇ ਸੋਵੀਅਤ ਯੂਨੀਅਨ ਵਿਚ ਵਾਪਰੀ ਹਰ ਘਟਨਾ ਨੇ ਦੁਨੀਆਂ ਭਰ ਦੇ ਕਮਿਊਨਿਸਟਾਂ ਨੂੰ ਪ੍ਰਭਾਵਿਤ ਕੀਤਾ। ਇਸੇ ਲਈ ਸੋਵੀਅਤ ਯੂਨੀਅਨ ਦੇ ਨੇਤਾ ਸਟਾਲਿਨ ਦੀ ਮੌਤ ਤੋਂ ਪਿਛੋਂ 1953 ਵਿਚ ਖੁਰਸ਼ਚੇਵ ਨੇ ਕਮਿਊਨਿਸਟ ਲਹਿਰ ਦਾ ਪਾਸਾ ਹੀ ਬਦਲ ਦਿੱਤਾ। ਉਸ ਨੇ ਅੰਤਰਰਾਸ਼ਟਰੀ ਪ੍ਰਸਥਿਤੀਆਂ ਦੇ ਬਦਲ ਜਾਣ ਦੀ ਗੱਲ ਕਰਦਿਆਂ ਸਮਾਜਵਾਦ ਲਈ ਹਥਿਆਰਬੰਦ ਕ੍ਰਾਂਤੀ ਦੀ ਥਾਂ ਸ਼ਾਂਤਮਈ ਤਰੀਕਿਆਂ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ। ਇਸ ਨਾਲ ਕੌਮਾਂਤਰੀ ਕਮਿਊਨਿਸਟ ਲਹਿਰ ਦੋ ਧੜਿਆਂ ਵਿਚ ਵੰਡੀ ਗਈ। ਇਕ ਧੜਾ ਸੋਵੀਅਤ ਕਮਿਊਨਿਸਟ ਪਾਰਟੀ ਦੇ ਸ਼ਾਂਤਮਈ ਤਰੀਕਿਆਂ ਦਾ ਹਾਮੀ ਸੀ ਦੂਜਾ ਧੜਾ ਚੀਨ ਸਮੇਤ ਹੋਰਨਾਂ ਮੁਲਕਾਂ ਦੀਆਂ ਉਨ੍ਹਾਂ ਕਮਿਊਨਿਸਟ ਪਾਰਟੀਆ ਨਾਲ ਸਹਿਮਤ ਸੀ ਜਿਹੜੀਆਂ ਹਥਿਆਰਬੰਦ ਸੰਘਰਸ਼ ਨੂੰ ਮਹੱਤਤਾ ਦਿੰਦੀਆਂ ਸਨ। ਇਸ ਵਾਦ ਵਿਵਾਦ ਵਿਚੋਂ ਖੁਰਸ਼ਚੋਵ ਅਤੇ ਉਸ ਦੇ ਸਾਥੀਆਂ ਨੂੰ 'ਸੋਧਵਾਦੀ' ਆਖਿਆ ਗਿਆ। ਡਾ. ਗੁਰਇਕਬਾਲ ਸਿੰਘ ਆਪਣੀ ਪੁਸਤਕ ***ਨਕਸਲੀ ਪੰਜਾਬੀ ਕਵਿਤਾ:ਆਲੋਚਨਾਤਮਕ ਅਧਿਐਨ*** ਵਿੱਚ ਕਹਿੰਦੇ ਹਨ: ਇਸ ਪ੍ਰਕਿਰਿਆ ਦੇ ਅਸਰ ਹੇਠ ਭਾਰਤੀ ਕਮਿਊਨਿਸਟ ਪਾਰਟੀ ਵੀ ਆਈ। ਭਾਰਤੀ ਕਮਿਊਨਿਸਟ ਪਾਰਟੀ ਦੀਆਂ ਇਕੱਤਰਤਾਵਾਂ ਵਿਚ ਇਹ ਵਾਦ ਵਿਵਾਦ ਭਖਦਾ ਰਿਹਾ। (12)

ਇਸ ਤਰ੍ਹਾਂ ਭਾਰਤ ਅਤੇ ਚੀਨ ਵਿਚਕਾਰ 1962 ਵਿਚ ਹੋਈ ਲੜਾਈ ਸਮੱਸਿਆ ਬਣ ਗਈ। ਭਾਰਤੀ ਕਮਿਊਨਿਸਟ ਪਾਰਟੀ ਲਈ ਇਹ ਸਮੱਸਿਆ ਪੈਦਾ ਹੋ ਗਈ ਕੇ ਉਹ ਚੀਨ ਨੂੰ ਹਮਲਾਵਰ ਆਖੇ ਜਾਂ ਨਾ। ਸੋਵੀਅਤ ਯੂਨੀਅਨ ਪੱਖੀ ਧੜੇ ਨੇ ਚੀਨ ਨੂੰ ਹਮਲਾਵਰ ਆਖ ਕੇ ਭਾਰਤ ਸਰਕਾਰ ਦੀ ਹਮਾਇਤ ਕੀਤੀ। ਦੂਜੇ ਪਾਸੇ ਕਮਿਊਨਿਸਟ ਪਾਰਟੀ ਦੇ ਇਕ ਧੜੇ ਨੇ ਇਹ ਕਿਹਾ ਕੇ ਇਸ ਲੜਾਈ ਲਈ ਭਾਰਤ ਤੇ ਚੀਨ ਦੋਵੇਂ ਜ਼ਿੰਮੇਵਾਰ ਹਨ। ਜਿਸ ਕਰਕੇ ਇਸ ਧੜੇ ਦੇ ਆਗੂਆਂ ਨੂੰ ਜ਼ੇਲ੍ਹਾਂ ਵਿਚ ਡੱਕ ਦਿੱਤਾ। 1964 ਵਿਚ ਜਦੋਂ ਇਨ੍ਹਾਂ ਨੂੰ ਜ਼ੇਲ੍ਹ ਵਿਚੋਂ ਰਿਹਾਅ ਕੀਤਾ ਗਿਆ ਤਾਂ ਇਨ੍ਹਾਂ ਨੇ ਨਵੀਂ ਪਾਰਟੀ ਭਾਰਤੀ ਕਮਿਊਨਿਸਟ ਪਾਰਟੀ

(ਮਾਰਕਸਵਾਦੀ) ਬਣਾ ਲਈ। ਡਾ. ਗੁਰਇਕਬਾਲ ਸਿੰਘ ***ਨਕਸਲੀ ਪੰਜਾਬੀ ਕਵਿਤਾ:ਆਲੋਚਨਾਤਮਕ ਅਧਿਐਨ*** ਦੇ ਅਨੁਸਾਰ:

> ਭਾਵੇਂ ਇਸ ਪਾਰਟੀ ਨੇ ਵੀ ਪਾਰਲੀਮਾਨੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਹੀਂ ਸੀ ਤਿਆਗਿਆ ਪਰ ਤਿੱਖੇ ਖਾੜਕੂ ਘੋਲਾਂ ਅਤੇ ਹਥਿਆਰਬੰਦ ਇਨਕਲਾਬ ਦੀ ਸਮਰਥਕ ਸੀ। ਫਿਰ ਵੀ ਇਹ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਸੀ ਕਿ ਹਥਿਆਰਬੰਦ ਇਨਕਲਾਬੀ ਲਹਿਰ ਕਿਵੇਂ ਤੇ ਕਦੋਂ ਚਲਾਈ ਜਾਵੇਗੀ। (12)

ਉਸ ਵੇਲੇ ਪੱਛਮੀ ਬੰਗਾਲ ਵਿਚ ਖੇਤ ਮਜ਼ਦੂਰਾਂ- ਕਬਾਇਲੀ ਲੋਕਾਂ ਅਤੇ ਛੋਟੇ ਕਿਸਾਨਾਂ ਦਾ ਸੰਘਰਸ਼ ਚੱਲ ਰਿਹਾ ਸੀ ਇਸ ਸੰਘਰਸ਼ ਦਾ ਰੁੱਖ ਹਥਿਆਰਬੰਦ ਢੰਗ ਨਾਲ ਵਿਆਪਕ ਤਬਦੀਲੀ ਅਤੇ ਬਰਾਬਰੀ ਦੀ ਸਮਾਜ ਸਿਰਜਣ ਦਾ ਸੀ। 1964 ਤੋਂ ਲੈ ਕੇ 1966 ਤਕ ਦੇ ਦੋ ਸਾਲ ਇਨ੍ਹਾਂ ਸੰਘਰਸ਼ ਕਰ ਰਹੇ ਲੋਕਾਂ ਨੇ ਆਪਣਾ ਹਥਿਆਰਬੰਦ ਸੰਘਰਸ਼ ਦਾ ਰਾਹ ਸਪੱਸ਼ਟ ਕਰ ਦਿੱਤਾ ਸੀ। ਇਸ ਸੰਘਰਸ਼ ਦਾ ਵਧੇਰੇ ਪ੍ਰਭਾਵ ਦਾਰਜੀਲਿੰਗ ਜ਼ਿਲ੍ਹੇ ਵਿਚ ਸੀ। ਇਸ ਖੇਤਰ ਵਿਚ ਸੀ.ਪੀ. ਐਮ. ਦੀ ਜ਼ਿਲ੍ਹਾ ਕਮੇਟੀ ਵਿਚ 1965-1966 ਵਿਚ ਚਾਰੂ ਮਜੂਮਦਾਰ ਦੀ ਅਗਵਾਈ ਵਿਚ ਇਨ੍ਹਾਂ ਲੋਕਾਂ ਦੀਆਂ ਮੰਗਾਂ ਅਤੇ ਸੰਘਰਸ਼ ਦਾ ਖਾਕਾ ਉਲੀਕਦੇ ਅੱਠ ਦਸਤਾਵੇਜ਼ ਵੰਡੇ। 2 ਫਰਵਰੀ 1967 ਨੂੰ ਸੀ.ਪੀ. ਐਮ. ਦੀ ਭਾਈਵਾਲੀ ਵਾਲੀ ਖੱਬੇ ਫਰੰਟ ਦੀ ਸਰਕਾਰ ਬਣ ਗਈ। ਆਮ ਲੋਕਾਂ- ਖਾਸ ਕਰ ਪਹਿਲਾਂ ਤੋਂ ਸੰਘਰਸ਼ ਕਰ ਰਹੇ ਲੋਕਾਂ ਵਿਚ ਇਹ ਆਸ ਬੱਝੀ ਕੇ ਜਗੀਰਦਾਰਾਂ ਤੋਂ ਵਾਧੂ ਜਮੀਨਾਂ ਖੋਹ ਕੇ ਲੋੜਵੰਦਾਂ ਨੂੰ ਦਿੱਤੀਆਂ ਜਾਣਗੀਆਂ ਅਤੇ ਸ਼ਾਹੂਕਾਰਾਂ ਦੇ ਕਰਜ਼ੇ ਵਾਪਸ ਨਹੀਂ ਮੋੜੇ ਜਾਣਗੇ। ਇਸ ਸਥਿਤੀ ਵਿਚ ਚਾਰੂ ਮਾਜੂਮਦਾਰ ਅਤੇ ਉਸ ਦੇ ਸਾਥੀ ਹਥਿਆਰਬੰਦ ਸੰਘਰਸ਼ ਕਰਨਾ ਚਾਹੁੰਦੇ ਸਨ। ਬਲਵੀਰ ਪਰਵਾਨਾ **ਪੰਜਾਬ ਦੀ ਨਕਸਲਬਾੜੀ *ਲਹਿਰ*** ਦੇ ਅਨੁਸਾਰ: ਸੀ.ਪੀ.ਐਮ. ਦੀ ਭਾਰੂ ਲੀਡਰਸ਼ਿਪ ਇਹ ਸਮਝਦੀ ਸੀ ਕਿ ਹਥਿਆਰਬੰਦ ਸੰਘਰਸ਼ ਨੂੰ ਅਮਲੀ ਰੂਪ 'ਚ ਸ਼ੁਰੂ ਕਰਨ ਲਈ ਅਜੇ 'ਸਹੀ ਸਮਾਂ' ਨਹੀਂ ਹੈ ਭਾਵੇਂ ਕਿ ਇਸ ਦੀ ਤਿਆਰੀ ਲਈ ਉਹ ਪ੍ਰਚਾਰ ਕਰਦੇ ਰਹੇ ਸਨ। (10) ਪਰ ਚਾਰੂ ਮਾਜੂਮਦਾਰ ਅਤੇ ਉਸ ਦੇ ਸਾਥੀਆਂ ਨੇ ਜਾਗੀਰਦਾਰਾਂ ਤੇ ਸ਼ਾਹੂਕਾਰਾਂ ਵਿਰੁੱਧ ਹਥਿਆਰਬੰਦ

ਸੰਘਰਸ਼ ਸ਼ੁਰੂ ਕਰ ਦਿੱਤਾ। ਇਸ ਨਾਲ ਸੀ.ਪੀ ਐਮ. ਵਿਚ ਫੁੱਟ ਪੈ ਗਈ। ਮਾਰਚ 1967 ਵਿਚ ਪਾਰਟੀ ਨੇ ਜਲਦੀ ਹੀ ਦਾਰਜੀਲਿੰਗ ਜ਼ਿਲ੍ਹਾ ਕਮੇਟੀ ਭੰਗ ਕਰਕੇ ਚਾਰੂ ਮਜੂਮਦਾਰ ਤੇ ਕਾਨੂੰ ਸਨਿਆਲ ਸਮੇਤ ਚਾਲੀ ਆਗੂਆਂ ਤੇ ਵਰਕਰਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਜਿਨ੍ਹਾਂ ਨੇ ਚਾਰੂ ਮਾਜੂਮਦਾਰ ਦੀ ਅਗਵਾਈ ਵਿਚ 'ਨਕਸਲਵਾੜੀ ਤੇ ਕ੍ਰਿਸ਼ਕ ਸੰਗਰਾਮ ਸਹਾਇਕ ਸੰਮਤੀ' (ਐਨ.ਕੇ.ਐਸ.ਐਸ.ਐਸ.) ਬਣਾ ਲਈ ਅਤੇ ਸੰਘਰਸ਼ ਸ਼ੁਰੂ ਕਰ ਦਿੱਤਾ। ਬਲਵੀਰ ਪਰਵਾਨਾ ਦਾ ***ਪੰਜਾਬ ਦੀ ਨਕਸਲਬਾੜੀ ਲਹਿਰ*** ਸਪੱਸ਼ਟੀਕਰਨ ਹੈ:

> ਐਨ.ਕੇ.ਐਸ.ਐਸ.ਐਸ ਦੀ ਕਾਇਮੀ ਤੇ ਦਾਰਜੀਲਿੰਗ ਚ ਸਪੱਸ਼ਟ ਦੁਫੇੜ ਉਭਰ ਆਉਣ ਤੋਂ ਪਿਛੋਂ ਹੋਰ ਵੀ ਕਈ ਨਵੇਂ ਗਰੁੱਪ ਉੱਭਰ ਆਏ ਜਿਹੜੇ ਮਾਓਵਾਦ ਤੋਂ ਪ੍ਰਭਾਵਿਤ ਸਨ ਤੇ ਹਥਿਆਰਬੰਦ ਸੰਘਰਸ਼ ਤੇ ਵਿਅਕਤੀਗਤ ਸਫਾਏ ਦੀ ਲਾਇਨ ਦੇ ਹਾਮੀ ਸਨ। ਇਨ੍ਹਾਂ ਚੋਂ ਕਈ ਤਾਂ ਸੀ.ਪੀ.ਐਮ. ਦੇ ਅੰਦਰੋਂ ਹੀ ਬਣੇ ਜਿਨ੍ਹਾਂ ਨੂੰ ਪਿਛੋਂ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਅਤੇ ਕਈ ਬਿਲਕੁਲ ਨਵੇਂ ਮੈਬਰਾਂ 'ਤੇ ਅਧਾਰਿਤ ਸਨ। (10)

ਇਨ੍ਹਾਂ ਹਥਿਆਰਬੰਦ ਗਰੁੱਪਾਂ ਨੇ ਸਰਕਾਰ ਲਈ ਮੁਸ਼ਕਿਲਾਂ ਪੈਦਾ ਕਰ ਦਿੱਤੀਆਂ। ਬਲਵੀਰ ਪਰਵਾਨਾ ਆਪਣੀ ਪੁਸਤਕ ***ਪੰਜਾਬ ਦੀ ਨਕਸਲਬਾੜੀ ਲਹਿਰ*** ਵਿਚ ਲਿਖਦੇ ਹਨ :

> 1967 ਵਿਚ ਪੱਛਮੀ ਬੰਗਾਲ ਦੀ ਖੱਬੇ ਪੱਖੀ ਸਰਕਾਰ ਨੇ ਸੰਘਰਸ਼ ਕਰ ਰਹੇ ਆਗੂਆਂ ਨਾਲ ਕਈ ਵਾਰ ਗੱਲਬਾਤ ਕਰਕੇ ਕਿਸੇ ਸਮਝੌਤੇ ਉਪਰ ਪਹੁੰਚਣਾ ਚਾਹਿਆ ਪਰ ਸਰਕਾਰ ਅਤੇ ਇਨਕਲਾਬੀਆਂ ਵਿਚ ਗੱਲਬਾਤ ਹੀ ਨਾ ਹੋ ਸਕੀ। ਇਸ ਪਿਛੋਂ ਸਰਕਾਰ ਨੇ ਆਪਣੇ ਢੰਗ ਨਾਲ 15 ਜੂਨ 1967 ਨੂੰ ਬਾਗੀ ਆਗੂਆਂ ਨੂੰ ਹਥਿਆਰਬੰਦ ਸੰਘਰਸ਼ ਦਾ ਰਾਹ ਛੱਡ ਕੇ ਸਰਕਾਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਜਿਸ ਦਾ ਬਾਗੀ ਆਗੂਆਂ ਨੇ ਕੋਈ ਹੁੰਗਾਰਾ ਨਾ ਭਰਿਆ। 22

> ਜੂਨ ਨੂੰ ਦੂਜੀ ਅਪੀਲ ਕੀਤੀ ਅਤੇ 27 ਜੂਨ ਨੂੰ ਸਰਕਾਰ ਨੇ ਆਪਣੀ ਅਪੀਲ ਵਿਚ ਬਗਾਵਤ ਕਰ ਰਹੇ ਆਗੂਆਂ ਨੂੰ 4 ਜੁਲਾਈ ਤੱਕ ਆਪਣੀਆਂ ਕਾਰਵਾਈਆਂ ਬੰਦ ਕਰਨ ਦੀ ਚਿਤਾਵਨੀ ਦਿੱਤੀ। (10)

ਬਗਾਵਤੀ ਆਗੂਆਂ ਦੇ ਨਾ-ਮੰਨਣ ਤੋਂ ਬਾਅਦ ਹਾਲਾਤ ਗੰਭੀਰ ਹੋ ਗਏ। ਇਸ ਬਾਰੇ ਬਲਵੀਰ ਪਰਵਾਨਾ ਨੇ ***ਪੰਜਾਬ ਦੀ ਨਕਸਲਬਾੜੀ ਲਹਿਰ*** ਵਿਚ ਲਿਖਿਆ ਹੈ:

> 4 ਜੁਲਾਈ ਤੋਂ ਪਿੱਛੋਂ ਜਿੱਥੇ ਪੁਲਿਸ ਜ਼ਬਰ ਦਾ ਰਾਜ ਹੋ ਗਿਆ। ਉਥੇ ਵਿਰੋਧ 'ਚ ਬਗਾਵਤੀ ਕਾਰਵਾਈਆਂ ਵਿਚ ਵੀ ਤੇਜ਼ੀ ਆਈ। ਨਕਸਲਬਾੜੀ ਕਸਬੇ ਦੇ ਬਾਜ਼ਾਰ ਵਿਚ ਜਗੀਰਦਾਰਾਂ ਤੇ ਕਾਂਗਰਸੀਆਂ ਨੇ ਇਕ ਗਰੀਬ ਸੰਥਾਲ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਇਸ ਘਟਨਾ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਪੁਲਿਸ ਜ਼ਬਰ ਦੇ ਬਾਵਜੂਦ ਅਨੇਕਾਂ ਰੋਸ ਵਿਖਾਵੇ ਹੋਏ ਜਿਹਨਾਂ 'ਚ 5000 ਤੋਂ 10000 ਤੱਕ ਗਿਣਤੀ ਹੁੰਦੀ ਸੀ। ਜੂਨ 67 ਤੋਂ ਅਗਸਤ 67 ਤੱਕ ਬੁਰਾਗੰਜ ਦਾ ਇਲਾਕਾ 'ਮੁਕਤ ਇਲਾਕਾ' ਰਿਹਾ ਜਿੱਥੇ ਇਨਕਲਾਬੀਆਂ ਦੀ ਮੁਕਾਬਲੇ ਦੀ ਸਰਕਾਰ ਸੀ। ਸਾਰੇ ਜਗੀਰਦਾਰਾਂ ਤੋਂ ਹਥਿਆਰ ਜਮ੍ਹਾਂ ਕਰਵਾ ਲਏ ਗਏ, ਉਨ੍ਹਾਂ ਦੀਆਂ ਜ਼ਮੀਨਾਂ ਵੰਡ ਦਿੱਤੀਆਂ ਤੇ ਸ਼ਾਹੂਕਾਰਾਂ ਦੇ ਦਾਅਵੇ ਰੱਦ ਕਰ ਦਿੱਤੇ ਗਏ। (14)

ਇਨ੍ਹਾਂ ਬਗਾਵਤੀ ਕਾਰਵਾਈਆਂ ਦਾ ਕੇਂਦਰ ਨਕਸਲਵਾੜੀ ਇਲਾਕਾ ਸੀ ਇਸ ਕਰਕੇ ਇਸ ਦਾ ਨਾਂ ਨਕਸਲਵਾੜੀ ਬਗਾਵਤ ਪੈ ਗਿਆ ਅਤੇ ਹੌਲੀ-ਹੌਲੀ ਇਸ ਦਾ ਪ੍ਰਭਾਵ ਪੱਛਮੀ ਬੰਗਾਲ, ਬਿਹਾਰ, ਪੰਜਾਬ, ਮਹਾਂਰਾਸ਼ਟਰ, ਯੂ.ਪੀ. ਜੰਮੂ ਕਸ਼ਮੀਰ ਅਤੇ ਕੇਰਲ ਆਦਿ ਥਾਵਾਂ 'ਤੇ ਵੀ ਪਿਆ। ਇਸ ਲਾਇਨ ਦੇ ਸਮਰਥਕਾਂ ਨੂੰ ਨੈਕਸਲਾਇਟ ਜਾਂ ਨਕਸਲਵਾੜੀ ਕਿਹਾ ਜਾਣ ਲੱਗਾ। ਬਲਵੀਰ ਪਰਵਾਨਾ ਆਪਣੀ ਪੁਸਤਕ ***ਪੰਜਾਬ ਦੀ ਨਕਸਲਬਾੜੀ ਲਹਿਰ*** ਵਿਚ ਲਿਖਦੇ ਹਨ:

> ਕੋਆਰਡੀਨੇਸ਼ਨ ਕਮੇਟੀ ਆਫ ਰੈਵੋਲੂਸ਼ਨਰੀ' ਬਣੀ ਅਤੇ ਬਾਅਦ ਵਿਚ 22 ਅਪ੍ਰੈਲ 1969 ਨੂੰ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸੀ ਲੈਨਿਨੀ) ਬਣੀ। ...2 ਅਪ੍ਰੈਲ 1970 ਦੇ ਪੀਕਿੰਗ ਰੇਡੀਓ ਦੇ ਇਕ ਪ੍ਰਸਾਰਨ ਅਨੁਸਾਰ ਭਾਰਤ ਵਿਚ 46 ਥਾਵਾਂ ਉਪਰ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ। ਪੱਛਮੀ ਬੰਗਾਲ, ਬਿਹਾਰ, ਹਿਮਾਚਲ ਪ੍ਰਦੇਸ, ਉਤਰ ਪ੍ਰਦੇਸ, ਉੜੀਸਾ, ਆਸਾਮ, ਤਰੀਪੁਰਾ, ਆਂਧਰਾ ਪ੍ਰਦੇਸ ਸਮੇਤ ਪੰਜਾਬ ਦੇ ਹੁਸ਼ਿਆਰਪੁਰ, ਜਲੰਧਰ, ਬਠਿੰਡਾ, ਸੰਗਰੂਰ, ਪਟਿਆਲਾ ਤੇ ਰੋਪੜ ਦੇ ਇਲਾਕਿਆਂ ਵਿਚ ਹਥਿਆਰਬੰਦ ਸੰਘਰਸ਼ ਦੀ ਗੱਲ ਕੀਤੀ ਗਈ। (14-15)

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਇਹ ਸਪਸ਼ਟ ਹੁੰਦਾ ਹੈ ਕਿ ਕਿਸ ਤਰ੍ਹਾਂ ਜੁਝਾਰਵਾਦੀ ਲਹਿਰ ਰੂਸ ਤੋਂ ਚੀਨ ਅਤੇ ਫਿਰ ਭਾਰਤ ਵਿਚ ਪ੍ਰਵੇਸ਼ ਕਰਦੀ ਹੈ। ਇਸ ਲਹਿਰ ਦੇ ਕਿਵੇਂ ਇਕ ਤੋਂ ਬਾਅਦ ਜ਼ਿਆਦਾ ਧੜੇ ਬਣਦੇ ਹਨ ਇਸ ਦਾ ਅਸਰ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਵੀ ਵੇਖਿਆ ਜਾ ਸਕਦਾ ਹੈ। ਇਸ ਲਹਿਰ ਦੇ ਅਧੀਨ ਕਵਿਤਾ ਲਿਖਣ ਵਾਲੇ ਕਵੀਆਂ ਦੀ ਕਵਿਤਾ ਵਿਚ ਕ੍ਰਾਂਤੀ ਦੇ ਤੱਤ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਆਧੁਨਿਕ ਪੰਜਾਬੀ ਕਵਿਤਾ ਵਿਚ ਜੁਝਾਰਵਾਦੀ ਕਵਿਤਾ ਲਿਖਣ ਵਾਲਿਆਂ ਵਿਚ ਲੋਕ ਨਾਥ "ਬਿਨ ਉਮਰੇ ਪਲ" ਦਰਸ਼ਨ ਖਟਕੜ ***ਉੱਲਟੇ ਰੁਖ਼ ਪਰਵਾਜ਼*** ਆਦਿ ਮੂਹਰਲੀ ਕਤਾਰ ਵਿਚ ਆਉਂਦੇ ਹਨ। ਦਰਸ਼ਨ ਖਟਕੜ ਇਸ ਸਮੇਂ ਦਰਮਿਆਨ ਵਾਪਰੀਆਂ ਤਬਦੀਲੀਆਂ ਨੂੰ ਆਪਣੀ ਵਿਚਾਰਧਾਰਾ ਅਤੇ ਲਹਿਰ ਵਿਰੁੱਧ ਹੋਏ ਪ੍ਰਚਾਰ ਨੂੰ ਆਪਣੇ ਕਾਵਿਕ ਮੁਹਾਵਰੇ ਰਾਹੀਂ ਸੰਬੋਧਿਤ ਹੁੰਦਾ ਹੋਇਆ ਕਹਿੰਦਾ ਹੈ ਕਿ:

ਮਾਸਕੋ ਦੇ ਲਾਲ ਚੌਕ ਵਿਚ ਜਿਹੜਾ ਚਕਨਾਚੂਰ ਸੀ
ਮਾਰਕਸ- ਲੈਨਿਨ- ਸਟਾਲਿਨ ਤੋਂ ਇਕ ਯੁੱਗ ਦੂਰ ਸੀ
ਸਾਡਾ ਨਹੀਂ ਤੁਹਾਡੇ ਸ਼ਰੀਕਾਂ ਦਾ ਪਤਨ ਹੋਇਆ
ਜੋ ਬਾਹਰੋਂ ਲਾਲ ਤਾਂ ਪਰ ਅੰਦਰੋਂ ਪੀਲੇ

ਜਿਨ੍ਹਾਂ ਮਨ ਹੋਰ ਮੁੱਖ ਹੋਰ- ਉਨ੍ਹਾਂ ਦਾ ਦੰਭ ਨਗਨ ਹੋਇਆ

ਮਾਰਕਸ ਉੱਕਾ ਨਹੀਂ ਮੋਇਆ

ਖਰੁਸ਼ਚੋਵ ਦਾ ਤਰਬੂਜ਼ ਜਿੱਡਾ ਸਿਰ ਹੀ ਖੱਖੜੀਆਂ ਹੋਇਆ। (9)

ਲੋਕ ਨਾਥ ਆਪਣੀ ਪੁਸਤਕ ***ਬਿਨ ਉਮਰੇ ਪਲ*** ਵਿਚ ਲਿਖਦੇ ਹਨ :

ਮਰ ਗਏ ਨੇ

ਸਾਰੇ ਹੀ ਦਿਨ ਜਿਉਣ ਦੇ

ਨਾ ਕਿਸੇ ਮੁਟਿਆਰ ਦੇ ਪੈਰਾਂ 'ਚ ਝਾਂਜਰ ਛਣਕਦੀ

ਨਾ ਕਿਸੇ ਗੱਭਰੂ ਦੇ ਸਿਰ 'ਤੇ ਲਾਲ ਸੂਹੀ ਪੱਗ ਦਿਸੇ

ਕਿਧਰੇ ਵੀ ਤਾਂ ਨਹੀਂ ਕੁਝ ਹੋ ਰਿਹਾ

ਮਰ ਰਹੇ ਨੇ ਸਾਰੇ ਹੀ ਦਿਨ ਜਿਉਣ ਦੇ

ਫਿਰ ਵੀ ਲੋਕੀ ਆਖਦੇ

ਅਸੀਂ ਜੀਅ ਰਹੇ ਅਸੀਂ ਜੀਅ ਰਹੇ

ਪਰ ਮੈਂ ਮੇਰੇ ਕੋਲ ਤਾਂ ਸਿਰਫ਼ ਅੱਖਾਂ ਨੇ

ਅੱਖਾਂ ਦੇ ਸਿਵਾਏ ਕੁਝ ਨਹੀਂ !! (21)

ਇਹ ਸੰਵਾਦ, ਵਿਸ਼ਲੇਸ਼ਣ ਵਿਚ ਤਬਦੀਲ ਹੋ ਜਾਂਦਾ ਹੈ। ਜਿਹੜਾ ਵਿਸ਼ਲੇਸ਼ਣ ਪਾਸ਼ ਆਪਣੀ ਕਵਿਤਾ ਕਾਮਰੇਡ ਨਾਲ ਗੱਲਬਾਤ ਵਿਚ ਕਰਦਾ ਹੈ ਪਰ ਲੋਕ ਨਾਥ ਦੀ ਕਵਿਤਾ ਦਾ ਆਪਣਾ ਹੀ ਰੰਗ ਹੈ ਤੇ ਆਪਣੀ ਹੀ ਬੇਬਾਕੀ। ਇਸ ਵਿਸ਼ਲੇਸ਼ਣ ਵਿਚ ਲਹਿਰ ਦੇ ਬੀਤ ਜਾਣ ਤੋਂ ਬਾਅਦ ਦੇ ਲੰਮੇ ਵਕਫੇ ਦਾ ਆਪਣਾ ਵਿਸ਼ੇਸ਼ ਯੋਗਦਾਨ ਵੀ ਹੈ। ਜੇਕਰ ਇਸ ਕਵਿਤਾ ਦਾ ਇਤਿਹਾਸਕ ਸੰਦਰਭ ਦੇਖੀਏ ਤਾਂ ਇਸ ਸਥਿਤੀ ਬਾਰੇ ਡਾ. ਕਰਮਜੀਤ ਸਿੰਘ ***ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ*** ਵਿਚ ਲਿਖਦੇ ਹਨ ਕਿ:

> ਜੁਝਾਰ ਧਾਰਾ ਸੰਘਰਸ਼ ਨੂੰ ਲੋਕ-ਯੁੱਧ ਦੇ ਰੂਪ ਵਿਚ ਸੰਕਲਪਿਤ ਕਰਨ ਉਤੇ ਦ੍ਰਿੜ ਸੀ। ਭਾਵੇਂ ਅੰਤਮ ਰੂਪ ਵਿਚ ਇਹ ਯੁੱਧ ਨਵਕ੍ਰਾਂਤੀਕਾਰੀ ਨਕਸਲਵਾਦੀ ਲਹਿਰ ਤੇ ਸਥਾਪਨਾ ਵਿਚਕਾਰ ਗੁਰੀਲਾ-ਸਰਗਰਮੀਆਂ ਤੇ ਪੁਲਸ ਦੇ ਤਸ਼ੱਦਦ ਦਾ ਸਿੱਧਾ ਟਕਰਾਉ ਬਣ ਕੇ ਰਹਿ ਗਿਆ। ਯਥਾਰਥ ਦੇ ਇਤਿਹਾਸਕ ਵਿਵੇਕ ਦੀ ਥਾਂ ਇਹ ਟਕਰਾਉ ਤਤਕਾਲਕ ਰਾਜਸੀ ਮਨੋਰਥ ਤੋਂ ਪ੍ਰੇਰਿਤ ਸੀ ਇਸ ਲਈ ਇਹ ਸਮੁੱਚੇ ਯਥਾਰਥ ਦੀ ਸੰਬਾਦਕ ਅਲਾਮਤ ਬਣ ਕੇ ਵਾਸਤਵਿਕ ਲੋਕ-ਯੁੱਧ ਦਾ ਇਤਿਹਾਸਕ ਰੂਪ ਧਾਰਣ  ਨਾ ਕਰ ਸਕਿਆ। (337)

ਉਪਰੋਕਤ ਦੀ ਲੋਅ ਵਿਚ ਕਿਹਾ ਜਾ ਸਕਦਾ ਹੈ ਕਿ ਨਕਸਲਬਾੜੀ ਰਾਜਸੀ ਲਹਿਰ ਨਾਲ ਪੈਦਾ ਹੋਈ ਜੁਝਾਰਵਾਦੀ ਕਾਵਿ ਇਤਿਹਾਸਕ ਅਤੇ ਸਿਧਾਂਤਕ ਅਧਿਐਨ ਪ੍ਰਪੱਕ ਤੌਰ 'ਤੇ ਮਾਰਕਸਵਾਦੀ-ਲੈਨਿਨਵਾਦੀ-ਮਾਓਵਾਦੀ ਵਿਚਾਰਧਾਰਾ ਨੂੰ ਵਿਚਾਧਾਰਕ ਆਧਾਰ ਬਣਾਉਂਦੀ ਹੈ। ਇਸ ਵਿਚਾਰਧਾਰਕ ਆਧਾਰ ਕਾਰਨ ਇਹ ਵਿਚਾਰਧਾਰਾ ਮੁੱਖ  ਤੌਰ 'ਤੇ ਹਥਿਆਰਬੰਦ ਸੰਘਰਸ਼ ਨੂੰ ਤਬਦੀਲੀ ਦਾ ਲਾਜ਼ਮੀ ਕਾਰਕ ਮੰਨਦੀ ਹੈ। ਨਕਸਲੀ ਲਹਿਰ ਦੇ ਰਾਜਸੀ ਸੰਘਰਸ਼ ਦੇ ਦਰਮਿਆਨ ਲਿਖੀਆਂ ਕਵਿਤਾਵਾਂ ਵਧੇਰੇ ਜੋਸ਼ੀਲੀਆਂ ਹਨ ਤੇ ਆਪਣੀ ਵਿਚਾਰਧਾਰਕ ਲੋੜ ਕਾਰਨ ਕ੍ਰਾਂਤੀ ਦਾ ਨਾਅਰਾ ਵੀ ਬਣਦੀਆਂ ਹਨ ਤੇ ਕੁਝ ਕਵਿਤਾਵਾਂ ਕ੍ਰਾਂਤੀ ਦਾ ਰੁਮਾਂਸ ਵੀ ਸਿਰਜਦੀਆਂ ਹਨ ਜੋ ਵਿਚਾਰਧਾਰਕ ਕਚਿਆਈ ਦੀ ਨਿਸ਼ਾਨੀ ਵੀ ਹੈ ਤੇ ਵਿਚਾਰਧਾਰਕ ਸੇਧ ਵੀ। ਜੁਝਾਰਵਾਦੀ ਕਾਵਿ-ਧਾਰਾ ਸੋਧਵਾਦ 'ਤੇ ਹਮਲਾ ਕਰਦਿਆਂ ਇਹ ਕਵਿਤਾ ਰੂਸੀ ਇਨਕਲਾਬ ਨੂੰ ਉਲਟ ਇਨਕਲਾਬ ਦੇ ਰਾਹ ਪੈ ਜਾਣ ਵਾਲਾ ਮੰਨਦੀ ਹੈ। ਜੁਝਾਰਵਾਦੀ ਕਾਵਿ-ਧਾਰਾ ਭਾਰਤੀ ਬੁਰਜ਼ੁਆਜੀ ਨੂੰ ਕੌਮੀ ਬੁਰਜ਼ੁਆਜੀ ਦੀ ਥਾਂ ਦਲਾਲ ਮੰਨਦੀ ਹੈ। ਇਹ ਸਥਾਨਿਕ ਨਾਇਕ ਖਾਸਕਰ ਸਿੱਖ ਇਤਿਹਾਸ ਦੇ ਨਾਇਕਾਂ ਦੇ ਵਾਰਿਸ ਸਮਝਦੀ ਹੈ। ਪੰਜਾਬ ਵਿਚ ਰਾਜਸੀ ਲਹਿਰ ਦੇ ਪਤਨ ਤੋਂ ਬਾਅਦ ਵੀ ਜੁਝਾਰਵਾਦੀ ਕਾਵਿ-ਧਾਰਾ ਦੀ ਵਰਗ ਸੰਘਰਸ਼ ਰਾਹੀਂ ਹਥਿਆਰਬੰਦ ਇਨਕਲਾਬ ਦੀ ਧਾਰਨਾ ਬਰਕਰਾਰ ਰਹਿੰਦੀ ਹੈ ਅਤੇ ਇਹ ਕਾਵਿ-ਧਾਰਾ ਸਭਿਆਚਾਰਕ ਕ੍ਰਾਂਤੀ ਦੀ ਗੱਲ ਵੀ ਕਰਦੀ ਹੈ। ਜੁਝਾਰਵਾਦ ਦੇ ਨਾਲ-

ਨਾਲ ਸ਼ੈਲੀ ਵਿਗਿਆਨ ਦੇ ਅਧਿਐਨ ਦਾ ਆਧਾਰ ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਅਪਣਾਇਆ ਹੈ। ਇਸ ਵਿਚ ਸਭ ਤੋਂ ਮਹੱਤਵਪੂਰਨ ਤੱਤ ਅਗਰਭੂਮਣ ਹੈ। ਇਸ ਦੇ ਅੰਤਰਗਤ ਵਿਚਲਨ, ਵਿਪਥਨ, ਸਮਾਨਤੰਰਤਾ ਅਤੇ ਵਿਰਲਤਾ ਦੇ ਸਿਧਾਂਤ ਆਉਂਦੇ ਹਨ । ਇਨ੍ਹਾਂ ਨੂੰ ਜਾਨਣ ਤੋਂ ਪਹਿਲਾਂ ਅਸੀਂ ਸ਼ੈਲੀ ਵਿਗਿਆਨ ਸਿਧਾਂਤ ਬਾਰੇ ਜਾਣਾਗੇ, ਜਿਸ ਦਾ ਵਿਸਤਾਰ ਸ਼ੈਲੀ ਵਿਗਿਆਨ ਦੇ ਇਤਿਹਾਸਕ ਪੱਖ ਨਾਲ ਅੱਗੇ ਦਿੱਤਾ ਹੈ ।

### 1.6 ਸ਼ੈਲੀ ਵਿਗਿਆਨ: ਇਤਿਹਾਸਕ ਪੱਖ

ਸ਼ੈਲੀ ਵਿਗਿਆਨ ਨੂੰ ਸਮਝਣ ਤੋਂ ਪਹਿਲਾਂ ਇਸ ਦੇ ਇਤਿਹਾਸਕ ਪੱਖ ਨੂੰ ਜਾਣਨਾ ਜ਼ਰੂਰੀ ਹੈ। ਜੋ ਇਕ ਪਾਸੇ ਭਾਸ਼ਾ-ਵਿਗਿਆਨ ਨਾਲ਼ ਤੇ ਦੂਜੇ ਪਾਸੇ ਸਾਹਿਤ-ਸ਼ਾਸਤਰ ਨਾਲ ਜਾ ਜੁੜਦਾ ਹੈ। ਭਾਸ਼ਾ ਵਿਗਿਆਨ ਦੇ ਪੱਖ ਤੋਂ ਕੁੱਝ ਭਾਸ਼ਾ ਵਿਗਿਆਨੀਆਂ ਨੇ ਸੁਚੇਤ ਰੂਪ ਵਿਚ ਇਸ ਨੂੰ ਘੜਨ ਦੀ ਕੋਸ਼ਿਸ ਕੀਤੀ ਹੈ। ਸ਼ੈਲੀ ਵਿਗਿਆਨ ਦੇ ਇਤਿਹਾਸਕ ਅਤੇ ਸਿਧਾਂਤਕ ਅਧਿਐਨ ਨੂੰ ਸਮਝਣ ਲਈ ਅਸੀਂ ਪੱਛਮੀ ਤੇ ਪੂਰਬੀ ਸ਼ੈਲੀ ਚਿੰਤਕਾਂ, ਵਿਦਵਾਨਾਂ ਦੀਆਂ ਧਾਰਨਾਵਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਸ਼ੈਲੀ ਵਿਗਿਆਨ ਦੇ ਇਤਿਹਾਸਕ ਅਤੇ ਸਿਧਾਂਤਕ ਅਧਿਐਨ ਬਾਰੇ ਚਰਚਾ ਕਰਨ ਤੋਂ ਪਹਿਲਾਂ ‘ਸ਼ੈਲੀ’ ਸ਼ਬਦ ਦੇ ਅਰਥ ਬਾਰੇ ਘੋਖਣਾ, ਜਾਂਚਣਾ ਜਾਂ ਵਿਚਾਰਨਾ ਲਾਜ਼ਮੀ ਬਣਦਾ ਹੈ।

**ਸ਼ੈਲੀ ਦਾ ਅਰਥ** : ਸ਼ੈਲੀ ਕਿਸੇ ਵਿਅਕਤੀ ਦਾ ਲਿਖਣ ਦਾ ਢੰਗ ਹੁੰਦਾ ਹੈ। ਇਸ ਨੂੰ ਹਿੰਦੀ ਵਿੱਚ 'ਰੀਤੀ' ਅਤੇ ਅੰਗ੍ਰੇਜ਼ੀ ਵਿੱਚ ਸਟਾਈਲ (Style) ਆਖਿਆ ਜਾਂਦਾ ਹੈ। ਭਾਸ਼ਾ ਦੇ ਜਿਸ ਕਲਾਤਮਕ ਢੰਗ ਨਾਲ ਭਾਵਾਂ ਦੀ ਪੇਸ਼ਕਾਰੀ ਹੁੰਦੀ ਹੈ, ਉਹ ਸ਼ੈਲੀ ਹੁੰਦੀ ਹੈ। ਸਾਹਿਤਕ ਰਚਨਾ ਦੇ ਪ੍ਰਭਾਵ ਦਾ ਵੱਡਾ ਕਾਰਨ ਉਸਦੀ ਸ਼ੈਲੀ ਦਾ ਪ੍ਰਭਾਵ ਹੁੰਦਾ ਹੈ। ਭਾਰਤੀ ਕਾਵਿ ਸ਼ਾਸਤ੍ਰ ਵਿੱਚ ਰਸ ਸੰਪਰਦਾ, ਧੁਨੀ ਸੰਪਰਦਾ, ਅਲੰਕਾਰ ਸੰਪਰਦਾ, ਵਕ੍ਰੋਕਤੀ ਸੰਪਰਦਾ, ਰੀਤੀ ਸੰਪਰਦਾ ਆਦਿ। ਇਹ ਸੰਪਰਦਾਵਾਂ ਕਿਸੇ ਨਾ ਕਿਸੇ ਪੱਖ ਉੱਤੇ ਜ਼ੋਰ ਦਿੰਦੀਆਂ ਹਨ। ਵਕ੍ਰੋਕਤੀ ਸੰਪਰਦਾ ਵਿੰਗੇ ਟੇਢੇ ਢੰਗ ਨਾਲ ਗੱਲ ਕਰਨ ਨੂੰ ਉੱਤਮ ਕਾਵਿ-ਸ਼ੈਲੀ ਮੰਨਦੀ ਹੈ। ਧੁਨੀ ਸੰਪਰਦਾ ਸ਼ਬਦ ਸ਼ਕਤੀਆਂ ਉੱਤੇ ਜ਼ੋਰ ਦਿੰਦੀ ਹੈ। ਅਲੰਕਾਰ ਸੰਪਰਦਾ ਅਲੰਕਾਰਾਂ ਨੂੰ ਕਾਵਿ ਦਾ ਮਹੱਤਵਪੂਰਨ ਤੱਤ ਮੰਨਦੀ ਹੈ। ਸੋ ਇਸੇ ਵਿਚ ਹੀ ਰੀਤੀ ਸਿਧਾਂਤ ਜੋ ਮਿਲਦਾ ਹੈ ਉਹ ਸ਼ੈਲੀ ਸਿਧਾਂਤ ਨਾਲ

ਹੀ ਮੇਲ ਖਾਂਦਾ ਹੈ ਇਸ ਕਰਕੇ ਸ਼ੈਲੀ ਦਾ ਪੱਖ ਮਹੱਤਵਪੂਰਨ ਹੈ ਜੋ ਕਿ ਸਾਨੂੰ 9ਵੀਂ 10 ਵੀਂ ਸਦੀ ਵਿਚ ਅਦਿੱਖ ਰੂਪ ਵਿਚ ਮਿਲ ਰਿਹਾ ਸੀ। ਸ਼ੈਲੀ ਬਾਰੇ ਵੱਖ ਵੱਖ ਵਿਦਵਾਨਾਂ ਨੇ ਵੱਖਰੇ ਵੱਖਰੇ ਵਿਚਾਰ ਦਿੱਤੇ ਹਨ ਅਲੈੱਗਜ਼ੈਂਡਰ ਪੋਪ, ਥਾੱਮਸ ਕਾਰਲਾਈਲ, ਬਫਾੱਨ ਦਾ ਮੰਨਣਾ ਹੈ ਕਿ "ਸ਼ੈਲੀ ਵਿਚਾਰਾਂ ਦੀ ਪੁਸ਼ਾਕ ਹੈ।ਸ਼ੈਲੀ ਕਿਸੇ ਲੇਖਕ ਦੀ ਪੁਸ਼ਾਕ ਨਹੀਂ, ਸਗੋਂ ਚਮੜੀ ਹੈ। ਸ਼ੈਲੀ ਮਨੁੱਖ ਦਾ ਆਪਣਾ ਆਪਾ ਹੈ।

ਇਸ ਤਰ੍ਹਾਂ ਪੱਛਮੀ ਆਲੋਚਕਾਂ ਦੇ ਸ਼ੈਲੀ ਸੰਬੰਧੀ ਚਿੰਤਨ ਵਿੱਚੋਂ ਤਿੰਨ ਨੁਕਤੇ ਦ੍ਰਿਸ਼ਟੀਗੋਚਰ ਹੁੰਦੇ ਹਨ।

1. ਸ਼ੈਲੀ ਲੇਖਕ ਦਾ ਵਿਅਕਤੀਗਤ ਪ੍ਰਗਟਾਵਾ ਹੈ।
2. ਸ਼ੈਲੀ ਅਭਿਵਿਅਕਤੀ ਦੀ ਤਕਨੀਕ ਹੈ।
3. ਸ਼ੈਲੀ ਉਹ ਨਿੱਜੀ ਵਿਸ਼ੇਸ਼ਤਾ ਹੈ, ਜਿਸ ਤੋਂ ਕਿਸੇ ਲੇਖਕ ਨੂੰ ਪਛਾਣਿਆ ਜਾਂਦਾ ਹੈ।

ਅਜਿਹਾ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਕਿਸੇ ਲੇਖਕ ਦਾ ਲਿਖਣ ਦਾ ਨਿਵੇਕਲਾ ਢੰਗ ਹੁੰਦਾ ਹੈ, ਜਿਸ ਤੋਂ ਉਸਦੀ ਅਲੱਗ ਪਹਿਚਾਣ ਬਣਦੀ ਹੈ। ਯਥਾਰਕਤਾ, ਉਚਿੱਤਤਾ ਅਤੇ ਸਪੱਸ਼ਟਤਾ ਸ਼ੈਲੀ ਦੇ ਮੁੱਖ ਗੁਣ ਹੁੰਦੇ ਹਨ। ਸ਼ੈਲੀ ਵਿੱਚ ਕਾਵਿ ਦਾ ਸਮੁੱਚਾ ਸੌਂਦਰਯ ਆ ਜਾਂਦਾ ਹੈ। ਸ਼ੈਲੀ ਦੀ ਮਹੱਤਤਾ ਦਾ ਅਹਿਸਾਸ ਇਸ ਗੱਲ ਤੋਂ ਵੀ ਹੋ ਜਾਂਦਾ ਹੈ ਕਿ ਸ਼ੈਲੀ ਵਿਗਿਆਨ ਅਧਿਐਨ ਵਿਧੀ ਹੈ ਜਿਸ ਦੇ ਅਰਥ ਅਤੇ ਜਨਮ ਇਸ ਦੇ ਉਤਪਤੀ ਰੂਪ ਅਸੀਂ ਦੇਖਾਂਗੇ। ਸ਼ੈਲੀ ਸ਼ਬਦ ਲਈ ਅੰਗਰੇਜ਼ੀ ਵਿਚ 'style' ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਅੰਗਰੇਜ਼ੀ ਵਿਚ ਸ਼ੈਲੀ ਦੇ ਲਈ style ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਸ਼ਬਦ “ਅੰਗਰੇਜ਼ੀ ਦੇ style ਸ਼ਬਦ ਲੈਟਿਨ ਭਾਸ਼ਾ ਦੇ stylas ਸ਼ਬਦ ਤੋਂ ਬਣਿਆ ਹੈ, ਜਿਸ ਦਾ ਅਰਥ 'ਕਲਮ' ਹੈ।“ (J.T. Shipley ***Dictionary of Word Literature*** (534) ਪਰ ਇਸ ਬਾਰੇ ਪੂਰਨ ਜਾਣਕਾਰੀ ਸਾਂਝੀ ਕਰਨੀ ਵੀ ਇਸ ਖੋਜ-ਕਾਰਜ ਦਾ ਮਹੱਤਵ ਹੈ ਜਿਵੇਂ ਕਿ ਸਭ ਤੋਂ ਪਹਿਲਾਂ ਸ਼ੈਲੀ ਵਿਗਿਆਨ ਸ਼ਬਦ ਬਾਰੇ ਜਾਨਣਾ ਜ਼ਰੂਰੀ ਹੈ।

**ਸ਼ੈਲੀ ਵਿਗਿਆਨ'** ਸ਼ਬਦ ਦੋ ਲਫ਼ਜਾਂ ਸ਼ੈਲੀ+ਵਿਗਿਆਨ ਦੇ ਮੇਲ ਤੋਂ ਬਣਿਆ ਹੈ ਇਸ ਦਾ ਪਹਿਲਾ ਸ਼ਬਦ '**ਸ਼ੈਲੀ'** ਕਾਫ਼ੀ ਅਸਪੱਸ਼ਟ ਹੈ ਕਿਉਂਕਿ ਇਸ ਦੀ ਉੱਤਪਤੀ ਬਾਰੇ ਵੱਖ ਵੱਖ ਵਿਦਵਾਨਾਂ ਨੇ ਵੱਖ ਵੱਖ ਵਿਚਾਰ ਦਿੱਤੇ ਹਨ ਜਿਵੇਂ ਅਵੇਸ਼ਤਾ ਭਾਸ਼ਾ ਵਿੱਚ (starea) ਪਰਬਤ, ਚੋਟੀ, ਗਰੀਕ ਵਿੱਚ 'ਸਟਾਈਲੋਸ'

(stylos), ਲੈਟਿਨ ਵਿਚ ਸਤਾਈਲੁਸ (stilus), ਹਿੰਦੀ ਵਿਦਵਾਨ ਭੋਲਾ ਨਾਥ ਤਿਵਾੜੀ ਅਨੁਸਾਰ 'ਸ਼ੀਲ' ਸ਼ਬਦ ਤੋਂ ਉਤਪਤੀ, ਸੰਸਕ੍ਰਿਤ ਵਿਚ 'ਰੀਤੀ' ਪਰਿਪਾਟੀ, ਉਰਦੂ ਵਿਚ 'ਤਰਜ਼ਿ ਬਿਆਨ ਅਸਲੂਬਿ-ਬਿਆਨ, ਚੈਬਰਜ਼ ਡਿਕਸ਼ਨਰੀ ਅਨੁਸਾਰ, ਸਹਿਤਕ ਰਚਨਾ, ਲਿਖਣ ਢੰਗ ਆਦਿ। ਸ਼ੈਲੀ ਵਿਗਿਆਨ ਅੰਗਰੇਜ਼ੀ ਸ਼ਬਦ ਸਟਾਈਲਿਸਟਿਕਸ (stylistices) ਦਾ ਭਾਰਤੀ ਪਰਿਆਇ ਹੈ। ਸਟਾਲੀਲਿਸਟਿਕਸ 'ਸਟਾਈ' ਅਤੇ ਇਸਟਿਕਸ (istcs) ਦੇ ਯੋਗ ਤੋਂ ਬਣਿਆ ਹੈ 'ਸਟਾਈਲ' ਦਾ ਸੰਬੰਧ ਸਾਹਿਤਕ ਆਲੋਚਨਾ ਨਾਲ ਹੈ ਜਦਕਿ ਇਸਟਿਕਸ ਦੀ ਉਤਪੱਤੀ 'ਲਿੰਗੁਇਸਟਿਕਸ' ਤੋਂ ਹੋਈ ਹੈ । ਇਸ ਤਰਾਂ ਸ਼ੈਲੀ ਸ਼ਬਦ ਦੀ ਉਤਪਤੀ ਹੋਈ ਹੈ ਇਹ ਸ਼ਬਦ ਦਾ ਮੁੱਖ ਰੂਪ ਇਸੇ ਤੋਂ ਹੀ ਬੱਝਦਾ ਹੈ।

### 1.7 ਸ਼ੈਲੀ ਵਿਗਿਆਨ ਅਤੇ ਭਾਸ਼ਾ ਵਿਗਿਆਨ ਦਾ ਸਬੰਧ

ਰੈਨੇਵੈਲਕ ਤੇ ਗਾਲਬਰਿਨ ਦੋਹਾਂ ਨੇ ਹੀ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਇਕ ਸਮਾਨ ਮੰਨਿਆ ਹੈ। ਰੈਨੇਵੈਲਕ ਅਨੁਸਾਰ ਸ਼ੈਲੀ ਵਿਗਿਆਨ ਅਰਥ ਭਾਸ਼ਾ ਵਿਗਿਆਨ ਦਾ ਹੀ ਇਕ ਅੰਗ ਪ੍ਰਤੀਤ ਹੁੰਦਾ ਹੈ। ਵਿਕਾਸ ਦੇ ਮੁੱਢਲੇ ਦਹਾਕਿਆ ਵਿੱਚ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦੀ ਹੀ ਇਕ ਸ਼ਾਖਾ ਸਵੀਕਾਰ  ਕੀਤਾ ਜਾਂਦਾ ਸੀ। ਇਸ ਨੂੰ ਕਦੇ ਪ੍ਰਯੋਗਾਤਮਕ ਭਾਸ਼ਾ ਵਿਗਿਆਨ ਕਦੇ ਨਿਰਭਰ ਵਿਗਿਆਨ ਕਿਹਾ ਜਾਂਦਾ ਹੈ। ਪਰ ਹੁਣ ਸ਼ੈਲੀ ਵਿਗਿਆਨੀ ਇਸ ਵਿਚਾਰ ਉੱਤੇ ਸਹਿਮਤ ਹਨ ਕਿ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਉੱਤੇ ਆਧਾਰਿਤ ਵਿਗਿਆਨ ਤਾਂ ਹੈ, ਇਸ ਦੀ ਉਪਸ਼ਾਖਾ ਨਹੀਂ। ਸ਼ੈਲੀ ਵਿਗਿਆਨ ਆਪਣੇ ਆਪ ਵਿਚ ਇਕ ਸੁਤੰਤਰ ਅਨੁਸ਼ਾਸਨ ਹੈ। ਜਿਸ ਦਾ ਜਨਮ ਭਾਸ਼ਾ ਵਿਗਿਆਨ ਅਤੇ ਸੁਹਜ ਸ਼ਾਸਤਰ ਦੇ ਮਿਲਨ-ਬਿੰਦੂ ਉੱਤੇ ਹੋਇਆ ਹੈ। ਭਾਵੇਂ ਸ਼ੈਲੀ ਵਿਗਿਆਨ ਦਾ ਉਤਪੱਤੀ ਖੇਤਰ ਭਾਸ਼ਾ ਵਿਗਿਆਨ ਹੈ ਪਰ ਇਸ ਦਾ ਕਾਰਜ ਖੇਤਰ ਸਾਹਿਤ ਹੈ।

### 1.8 ਸ਼ੈਲੀ ਵਿਗਿਆਨ ਦੇ ਪਿਤਾਮਾ:

ਫਰਦੀਨਾ-ਦੀ -ਸਾਸਿਊਰ ਨੂੰ ਆਧੁਨਿਕ ਭਾਸ਼ਾ ਗਿਆਨ ਦਾ ਪਿਤਾਮਾ ਮੰਨਿਆ ਗਿਆ ਹੈ। ਉਸ ਨੇ ਇਹ ਸਿਧਾਂਤ ਪੇਸ਼ ਕੀਤਾ ਹੈ ਕਿ ਕਿਸੇ ਭਾਸ਼ਾ ਦਾ ਵਿਸ਼ੇਸ ਸਿਸਟਮ ਹੈ ਅਤੇ ਭਾਸ਼ਾ ਰੂਪਾਂ ਦਾ ਸਿਸਟਮ ਹੈ

ਜਦ ਕਿ ਉਚਾਰ ਅਸਲ ਬੋਲ ਹਨ। ਸੋਸਿਊਰ ਦੇ ਨਕਸ਼ੇ ਕਦਮ ਤੇ ਨੋਮ ਚੋਮਸਕੀ ਨੇ ‘ਯੋਗਤਾ` ਅਤੇ ‘ਅਦਾਕਾਰੀ` ਦਾ ਸਿਧਾਂਤ ਪੇਸ਼ ਕੀਤਾ। ਯੋਗਤਾ ਕਿਸੇ ਭਾਸ਼ਾ ਉਚਾਰਕ ਦੀ ਆਪਣੀ ਭਾਸ਼ਾ ਦੀ ਸਮਾਨਯ ਯੋਗਤਾ ਹੈ ਅਤੇ ਅਦਾਕਾਰੀ ਉਸ ਵੱਲੋਂ ਵਰਤਣ ਦਾ ਢੰਗ ਹੈ।

ਸ਼ੈਲੀ ਵਿਗਿਆਨ ਆਪਣੇ ਆਪ ਵਿੱਚ ਇੱਕ ਨਵੀਨ ਵਿਗਿਆਨਕ ਪ੍ਰਣਾਲੀ ਹੈ ਜਿਸ ਦਾ ਜਨਮਦਾਤਾ ਚਾਰਲਸ ਬੇਲੀ ਜੋ ਫਰਾਂਸੀਸੀ ਸੀ। ਉਸਨੇ 1920 ਈਸਵੀ ਵਿੱਚ ਸ਼ੈਲੀ ਵਿਗਿਆਨ ਨੂੰ ਇੱਕ ਨਵਾਂ ਨਾਮ, ਰੂਪ, ਦਿੱਖ ਅਤੇ ਦਿਸ਼ਾ ਦੀ ਲੀਹ ਤੇ ਤੋਰਿਆ। ਬੇਲੀ ਨੇ ਭਾਸ਼ਾ ਦੀ ਸੰਰਚਨਾ ਦਾ ਸ਼ੈਲੀ ਵਿਗਿਆਨ ਅਧਿਐਨ ਕੀਤਾ। ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦਾ ਉਹ ਹਿੱਸਾ ਹੈ ਜਿਸ ਵਿੱਚ ਸਾਹਿਤ ਰਚਨਾ ਦੀ ਭਾਸ਼ਾ ਵਿੱਚ ਗੁੰਝਲਦਾਰ ਬਰੀਕੀਆਂ ਵੱਲ ਧਿਆਨ ਕੇਂਦਰਿਤ ਕਰਦਾ ਹੈ। ਇਸ ਦਾ ਸਬੰਧ ਸਮੁੱਚੀ ਭਾਸ਼ਾ ਦੇ ਅਭਿਵਿਅਕਤੀਪਰਕ ਪ੍ਰਭਾਵਾਂ ਤੇ ਬਣਤਰ ਨਾਲ ਹੈ। ਸ਼ੈਲੀ ਵਿਗਿਆਨਕ ਵੰਨਗੀਆਂ ਉਚਾਰ ਵਿੱਚ ਪ੍ਰਗਟ ਹੁੰਦੀਆਂ ਹਨ ਪਰ ਉਨ੍ਹਾਂ ਦੀ ਵਿਆਖਿਆ ਭਾਸ਼ਾ ਦੇ ਪ੍ਰਸੰਗ ਵਿੱਚ ਕਰਨੀ ਹੁੰਦੀ ਹੈ।

ਉਸ ਨੇ 1920 ਈਸਵੀ ਵਿੱਚ ‘ਤ੍ਰੈਤੇ ਦੇ ਸਟੀਲਿਸਿਤਿਕ ਫ੍ਰੈਂਕਾਇਸ’ ਅਤੇ 1925 ਵਿੱਚ ‘ਲਾ ਲੈਂਗੇਜ ਏਤ ਲਾ’ ਕਿਤਾਬਾਂ ਦਾ ਪ੍ਰਕਾਸ਼ਨ ਕਰਵਾਇਆ ਅਤੇ ਸ਼ੈਲੀ ਵਿਗਿਆਨ ਦੀ ਚੈਕ ਧਾਰਾ ‘ਪਰਾਗ ਸਕੂਲ’ 1926 ਈਸਵੀ ਵਿੱਚ ਸ਼ੁਰੂ ਕੀਤਾ।

ਸ਼ੈਲੀ ਅਤੇ ਸ਼ੈਲੀ ਵਿਗਿਆਨ ਸ਼ਬਦ ਦੀ ਉਤੱਪਤੀ ਤੋਂ ਬਾਅਦ ਇਸ ਦੀਆਂ ਕੁਝ ਸ਼ੈਲੀ ਵਿਗਿਆਨ ਨਾਲ ਸੰਬੰਧਤ ਪਰਿਭਾਸ਼ਾਵਾਂ ਕੀ ਹਨ ਇਨ੍ਹਾਂ ਬਾਰੇ ਚਰਚਾ ਕਰਨੀ ਵੀ ਇਸ ਖੋਜ-ਕਾਰਜ ਦਾ ਮਹੱਤਵਪੂਰਨ ਕਾਰਜ ਹੈ ਹੇਠਾਂ ਵੱਖੋ ਵੱਖਰੇ ਵਿਦਵਾਨਾਂ ਦੇ ਵਿਚਾਰਾਂ ਨੂੰ ਸਾਂਝਾਂ ਕੀਤਾ ਗਿਆ ਹੈ ਜੋ ਸ਼ੈਲੀ ਵਿਗਿਆਨ ਦੇ ਕਾਰਜ ਨੂੰ ਮਹੱਤਵਪੂਰਨ ਮੰਨਦੇ ਹਨ।

**1.9 ਸ਼ੈਲੀ ਵਿਗਿਆਨ : ਪਰਿਭਾਸ਼ਾਵਾਂ :**

ਸ਼ੈਲੀ ਸੰਬੰਧੀ ਵੱਖਰੇ-ਵੱਖਰੇ ਸਮੇਂ ਵਿਦਵਾਨਾਂ, ਚਿੰਤਕਾਂ ਅਤੇ ਭਾਸ਼ਾ-ਵਿਗਿਆਨੀਆਂ ਦੁਆਰਾ ਵਿਚਾਰ-ਚਰਚਾ ਹੁੰਦੀ ਰਹੀ ਹੈ। ਭਾਰਤ ਅਤੇ ਪੱਛਮ ਵਿਚ ਸ਼ੈਲੀ ਅਧਿਐਨ ਆਪਣੇ ਆਪ ਵਿਚ ਪੁਰਾਤਨ

ਪਰੰਪਰਾ ਚੱਲੀ ਆ ਰਹੀ ਹੈ। ਜਦੋਂ ਵੀ ਅਸੀਂ ਇਸ ਸ਼ਬਦ ਬਾਰੇ ਕਿਸੇ ਆਪਸੀ ਬਹਿਸ ਜਾਂ ਵਿਚਾਰ-ਚਰਚਾ ਵਿਚ ਪੈਂਦੇ ਹਾਂ ਤਾਂ ਸ਼ੈਲੀ ਸੰਬੰਧੀ ਹੋਇਆ ਮੁੱਢਲਾ ਚਿੰਤਨ ਸਾਡੀ ਬੌਧਿਕ ਸਮਰੱਥਾ ਨੂੰ ਸੀਮਾ-ਬੱਧ ਕਰਕੇ ਰੱਖ ਦਿੰਦਾ ਹੈ। ਸ਼ੈਲੀ ਸ਼ਬਦ ਨੂੰ ਚਿੰਤਕਾਂ ਦੁਆਰਾ ਸਵੈ-ਪ੍ਰਗਟਾਵੇ ਦੀ ਵਿਸ਼ੇਸ਼ਤਾ ਵਜੋਂ ਸਮਝਿਆ ਜਾਣ ਲੱਗ ਪਿਆ ਹੈ।

ਸ਼ੈਲੀ ਵਿਗਿਆਨ ਅੰਗਰੇਜ਼ੀ ਸ਼ਬਦ ਸਟਾਈਲਿਸਟਿਕਸ ਦਾ ਭਾਰਤੀ ਪਰਿਆਇ ਹੈ। ਸ਼ਬਦ 'ਸਟਾਈਲਿਸਟਿਕਸ' ਦੋ ਸ਼ਬਦਾਂ 'ਸਟਾਇਲ' ਤੇ 'ਇਸਟਿਕਸ' ਤੋਂ ਬਣਿਆ ਹੈ । ਸਟਾਇਲ ਦਾ ਸੰਬੰਧ ਸਾਹਿਤਕ ਆਲੋਚਨਾ ਨਾਲ ਹੈ ਜਦ ਕਿ ਇਸਟਿਕਸ ਦੀ ਉਤਪਤੀ ਲਿੰਗੁਇਸਟਿਕਸ ਤੋਂ ਹੋਈ ਹੈ ।ਅੰਗਰੇਜ਼ੀ ਭਾਸ਼ਾ ਵਿਚ ਵਰਤੇ ਜਾਂਦੇ Stylistics ਜਾਂ Style in Language ਆਦਿ ਸ਼ਬਦਾਂ ਦੀ ਥਾਂ ਪੰਜਾਬੀ ਭਾਸ਼ਾ ਵਿਚ 'ਸ਼ੈਲੀ ਵਿਗਿਆਨ' ਦੀ ਵਰਤੋਂ ਪ੍ਰਚੱਲਿਤ ਰਹੀ ਹੈ। ਸ਼ੈਲੀ ਵਿਗਿਆਨ ਦੀਆਂ ਆਪਣੀਆਂ ਕੁੱਝ ਮਾਨਤਾਵਾਂ ਹਨ, ਜਿਹੜੀਆਂ ਇਸ ਨੂੰ ਹੋਰ ਆਲੋਚਨਾ ਪ੍ਰਣਾਲੀਆਂ ਨਾਲੋਂ ਸਹਿਜ ਰੂਪ ਵਿਚ ਨਿਖੇੜ ਦਿੰਦੀਆਂ ਹਨ। ਸਿਧਾਂਤਕ ਪਰਿਪੇਖ ਤੋਂ ਇਹ ਅਧਿਐਨ ਪ੍ਰਣਾਲੀ ਭਾਸ਼ਾ ਅਧਿਐਨ ਤੇ ਸਾਹਿਤ ਅਧਿਐਨ ਦੇ ਖੇਤਰ ਨਾਲ ਸੰਬੰਧਿਤ ਰਹੀ ਹੈ। ਸਿਧਾਂਤਕ ਰੂਪ ਵਿਚ ਇਸ ਅਧਿਐਨ ਵਿਧੀ ਦੀ ਦ੍ਰਿਸ਼ਟੀ ਭਾਸ਼ਾਵਾਦੀ ਤੇ ਆਲੋਚਨਾਵਾਦੀ ਰਹੀ ਹੈ। ਰਵਿੰਦਰ ਨਾਥ ਸ੍ਰੀ ਵਾਸਤਵ ਦਾ ਕਥਨ ਹੈ ਕਿ ਇਸ ਚਿੰਤਨ ਪ੍ਰਣਾਲੀ ਅਨੁਸਾਰ ਕਾਵਿ ਕਿਰਤ ਇਕ ਵਸਤੂ ਨਾ ਹੋ ਕੇ ਸਿਰਜਤ ਹੋਂਦ ਹੈ, ਜਿਸ ਨੂੰ ਰਚਨਾ ਜੁਗਤਾਂ ਦੀ ਵਰਤੋਂ ਦੁਆਰਾ ਸਿਰਜਿਆ ਜਾਂਦਾ ਹੈ। ਇਸ ਲਈ ਸ਼ੈਲੀ ਵਿਗਿਆਨੀ ਆਪਣੇ ਅਧਿਐਨ ਕਾਰਜ ਦੌਰਾਨ ਕਾਵਿ ਕਿਰਤ ਦੀ ਸ਼ਾਬਦਿਕ ਬੁਣਤੀ ਤੇ ਸ਼ਿਲਪਗਤ ਜੁਗਤਾਂ ਉੱਪਰ ਬਲ ਦਿੰਦੇ ਹਨ। ਸ਼ੈਲੀ ਵਿਗਿਆਨ ਅਧਿਐਨ ਦਾ ਆਧਾਰ ਭਾਸ਼ਾ ਵਿਗਿਆਨਕ ਸੰਕਲਪ ਬਣਦੇ ਹਨ। ਸੋਸਿਊਰ ਕਹਿੰਦਾ ਹੈ ਕਿ ਆਮ ਵਿਵਹਾਰਕ ਪਰੰਪਰਾ ਤੇ ਸ਼ਾਸਤਰਾਂ ਦੁਆਰਾ ਨਿਰਧਾਰਿਤ ਲੋਕ ਭਾਸ਼ਾ ਆਪਣੇ ਸੰਪੂਰਨ ਰੂਪ ਵਿਚ ਭਾਸ਼ਾ ਵਿਗਿਆਨ ਦਾ ਵਿਸ਼ਾ ਹੈ। ਚਾਰਲਸ ਬੇਲੀ ਨੇ ਇਸ ਵਿਚਾਰ ਨੂੰ ਹੋਰ ਅੱਗੇ ਤੋਰ ਕੇ ਇਹ ਨਿਰਣਾ ਕੱਢਿਆ ਹੈ ਕਿ ਭਾਸ਼ਾ ਦਾ ਸਿਧਾਂਤਕ ਪਰਿਪੇਖ ਜਾਂ ਰੂਪ (Language) ਭਾਸ਼ਾ ਵਿਗਿਆਨ ਦਾ ਖੇਤਰ ਹੈ। ਜਿੱਥੇ ਭਾਸ਼ਾ ਵਿਗਿਆਨ ਭਾਸ਼ਾ ਦੇ

ਅਧਿਐਨ ਦੁਆਰਾ ਉਸ ਦੇ ਸੰਚਾਰ ਕਾਰਜ ਨੂੰ ਸਪੱਸ਼ਟ ਕਰਦਾ ਹੈ, ਉੱਥੇ ਸ਼ੈਲੀ ਵਿਗਿਆਨ ਦਾ ਮੂਲ ਬਲ ਭਾਸ਼ਾਈ ਪਰਿਵਰਤਨ, ਵਿਸ਼ੇਸ਼ ਤੇ ਜਟਿਲ ਭਾਸ਼ਾਈ ਬਣਤਰ ਦਾ ਅਧਿਐਨ ਕਰਨਾ ਹੈ। ਸ਼ੈਲੀ ਵਿਗਿਆਨ ਅਨੁਸਾਰ ਸਾਹਿਤ ਕੇਵਲ ਸ਼ਾਬਦਿਕ ਪ੍ਰਯੋਗ ਦੀ ਵਿਧੀ ਹੈ। ਸਿੱਧੇ ਸ਼ਬਦਾਂ ਵਿਚ ਵਿਸ਼ੇਸ਼ ਪ੍ਰਯੋਗ ਵਿਧੀ ਜਾਂ ਸ਼ੈਲੀ ਹੀ ਸਾਹਿਤ ਹੈ। (Graham Hough *"Style and Stylistics)* ਸ਼ੈਲੀ ਵਿਗਿਆਨ ਦੇ ਅੰਤਰਗਤ ਭਾਸ਼ਾ ਦੇ ਪ੍ਰਗਟਾ ਸੋਮਿਆਂ ਦਾ ਅਧਿਐਨ ਕਰਦਾ ਹੈ :

> ਉਹ ਸਾਹਿਤਕ ਭਾਸ਼ਾ ਜਿਹੜੀ ਵਿਸ਼ੇਸ਼ ਪ੍ਰਕਾਰ ਦੀ ਸੁਹਜ ਦ੍ਰਿਸ਼ਟੀ ਦੇ ਨੁਕਤੇ ਤੋਂ ਸੰਗਠਿਤ ਹੁੰਦੀ ਹੈ, ਉਸ ਨੂੰ ਆਪਣੇ ਅਧਿਐਨ ਵਿਚ ਸ਼ਾਮਿਲ ਨਾ ਕਰਦਾ ਹੋਇਆ ਸ਼ੈਲੀਗਤ ਜੁਗਤਾਂ ਦਾ ਅਧਿਐਨ ਕਰਦਾ ਹੈ। ਇਨ੍ਹਾਂ ਜੁਗਤਾਂ ਵਿਚ ਸ਼ਬਦ ਕ੍ਰਮ, ਦੁਹਰਾਉ, ਲੈਆਤਮਕ ਤੇ ਸੰਗੀਤਕ ਰੂਪ- ਵਿਧੀਆਂ, ਰੂਪਕ, ਪ੍ਰਤੀਕ, ਬਿੰਬ, ਸਥਾਨਕ ਰੰਗਣ ਤੇ ਸੰਯੁਕਤ ਪ੍ਰਭਾਵ ਆਦਿ ਕਲਾਤਮਕ ਪੱਖ ਸ਼ਾਮਿਲ ਕੀਤੇ ਜਾਂਦੇ ਹਨ। (37-38)

ਦਰਅਸਲ ਆਲੋਚਕਾਂ ਅਨੁਸਾਰ: ਆਲੋਚਨਾ ਨੂੰ ਵਿਗਿਆਨਕ ਬਣਾਉਣ ਹਿਤ ਰਚਨਾ ਨੂੰ ਸੁੰਤਤਰ ਮੰਨ ਕੇ ਅਰਥ ਸੰਬੰਧੀ ਅਤੇ ਵਸਤੂ ਸੰਬੰਧੀ ਤੱਤਾਂ ਨੂੰ ਉਜਾਗਰ ਕਰਨਾ ਜ਼ਰੂਰੀ ਹੈ ਇਸ ਦ੍ਰਿਸ਼ਟੀ ਤੋਂ ਭਾਸ਼ਾ ਵਿਗਿਆਨ ਦਾ ਆਧਾਰ ਲੈ ਕੇ ਆਲੋਚਨਾ ਦੀ ਇਸ ਨਵੀਂ ਦ੍ਰਿਸ਼ਟੀ ਦਾ ਜਨਮ ਹੋਇਆ ਜਿਸ ਨੂੰ ਸ਼ੈਲੀ ਵਿਗਿਆਨ (stylistics) ਦਾ ਨਾਮ ਦਿੱਤਾ ਗਿਆ ਹੈ। ਸ਼ੈਲੀ ਵਿਗਿਆਨ ਸਾਹਿਤ ਆਲੋਚਨਾ ਦੀ ਉਹ ਨਵੀਂ ਵਿਧੀ ਹੈ ਜਿਸ ਦਾ ਪ੍ਰਕਾਰਜ ਭਾਸ਼ਿਕ ਸਾਧਨਾਂ ਦੇ ਆਧਾਰ ਤੇ ਸਾਹਿਤ ਦਾ ਵਸਤੂ ਨਿਸ਼ਠ ਤੇ ਵਿਗਿਆਨਕ ਵਿਸ਼ਲੇਸ਼ਣ ਕਰਨਾ ਹੈ। ਸ਼ੈਲੀ ਵਿਗਿਆਨ ਆਲੋਚਨਾ ਪ੍ਰਣਾਲੀ ਨੇ ਦੂਹਰੇ ਕੰਮ ਨੂੰ ਸੰਭਾਲਿਆ ਹੈ। ਇਸ ਤਰ੍ਹਾਂ ਇਸ ਸ਼ਬਦ ਵਿੱਚ ਸਾਹਿਤਕ ਆਲੋਚਨਾ ਅਤੇ ਭਾਸ਼ਾ ਵਿਗਿਆਨ ਦੋਵੇਂ ਸ਼ਾਮਿਲ ਹਨ। ਇਸ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਵੱਖਰੀਆਂ-2 ਹਨ। ਕਈ ਵਿਦਵਾਨਾਂ ਨੇ ਸ਼ੈਲੀ ਵਿਗਿਆਨ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਪਰਿਭਾਸ਼ਤ ਕੀਤਾ ਹੈ। ਡਾ. ਨਗੇਂਦਰ ਅਨੁਸਾਰ ਸ਼ੈਲੀ ਵਿਗਿਆਨ ਦੀ ਸਹੀ

ਪਰਿਭਾਸ਼ਾ ਉਸ ਦਾ ਸਹੀ ਅਰਥ ਅਤੇ ਖੇਤਰ ਵਿਸਥਾਰ ਇਹ ਹੈ ਕਿ ਉਹ ਭਾਸ਼ਾ ਵਿਗਿਆਨ ਦੇ ਨਿਯਮਾਂ ਅਤੇ ਵਿਧੀ ਦੇ ਅਨੁਸਾਰ ਸਾਹਿਤ ਦੇ ਭਾਸ਼ਿਕ ਵਿਧਾਨ ਦਾ ਰੂਪਾਤਮਕ ਅਧਿਐਨ ਹੈ।1 ਭੋਲਾ ਨਾਥ ਤਿਵਾੜੀ ਅਨੁਸਾਰ ਸ਼ੈਲੀ ਦੇ ਵਿਗਿਆਨਕ ਅਧਿਐਨ ਨੂੰ ਸ਼ੈਲੀ ਵਿਗਿਆਨ ਕਹਿੰਦੇ ਹਨ।2 ਡਾ. ਸੁਰੇਸ਼ ਕੁਮਾਰ ਅਨੁਸਾਰ ਸ਼ੈਲੀ ਦਾ ਵਿਗਿਆਨਕ ਅਧਿਐਨ ਹੀ ਸ਼ੈਲੀ ਵਿਗਿਆਨ ਹੈ।3 ਜੀ. ਐਨ. ਲੀਚ ਅਨੁਸਾਰ ਸਾਹਿਤ ਵਿਚ ਭਾਸ਼ਾਗਤ ਪ੍ਰਯੋਗਾਂ ਦਾ ਅਧਿਐਨ ਹੀ ਸ਼ੈਲੀ ਵਿਗਿਆਨ ਹੈ।4 ਰਵਿੰਦਰ ਨਾਥ ਸ੍ਰੀਵਾਸਤਵ ਅਨੁਸਾਰ ਸ਼ੈਲੀ ਵਿਗਿਆਨ ਸਾਹਿਤ ਨੂੰ ਸਮਝਣ ਸਮਝਾਉਣ ਦੀ ਇਕ ਅੰਤਰ ਦ੍ਰਿਸ਼ਟੀ ਹੈ। ਜੋ ਸ਼ੈਲੀ ਦੇ ਪੱਖ ਤੋਂ ਇਕ ਪਾਸੇ ਸਾਹਿਤ ਕਿਰਤ ਦੀ ਸੰਰਚਨਾ ਅਤੇ ਗਠਨ ਤੇ ਰੋਸ਼ਨੀ ਪਾਉਂਦੀ ਹੈ ਤੇ ਦੂਜੇ ਪਾਸੇ ਰਚਨਾ ਦਾ ਵਿਸ਼ਲੇਸ਼ਣ ਕਰਦੀ ਹੋਈ ਉਸ ਵਿਚਲੀ ਸਾਹਿਤਕਤਾ ਨੂੰ ਸਾਹਮਣੇ ਲਿਆਉਂਦੀ ਹੈ।5 ਡਾ. ਸ਼ੀਤਾਸ਼ੂ ਅਨੁਸਾਰ ਸ਼ੈਲੀ ਵਿਗਿਆਨ ਰਚਨਾ ਦੀ ਭਾਸ਼ਾ ਦਾ ਰੂਪਾਤਮਕ ਅਧਿਐਨ ਨਹੀਂ ਹੈ ਸਗੋਂ ਵਸਤੂ ਦੀ ਸੁੰਦਰਤਾ ਨੂੰ ਵਿਆਖਿਆਤ ਕਰਨ ਵਾਲੀ ਇਕ ਸਮਰੱਥ ਅਤੇ ਵਸਤੂਨਿਸ਼ਠ ਭਾਸ਼ਾਪਰਕ ਆਲੋਚਨਾ ਪ੍ਰਣਾਲੀ ਹੈ।6 ਰਜਿੰਦਰ ਸਿੰਘ ਸੇਖੋਂ ਅਨੁਸਾਰ ਸ਼ੈਲੀ ਵਿਗਿਆਨ ਸਾਹਿਤ ਸਮੀਖਿਆ ਦੀ ਅਜਿਹੀ ਵਿਧੀ ਹੈ, ਜਿਸ ਦਾ ਆਪਣਾ ਸਿਧਾਂਤ ਪ੍ਰਣਾਲੀ ਅਤੇ ਤਕਨੀਕ ਹੈ। ਇਸ ਦਾ ਚਿੰਤਨ ਵਸਤੂਵਾਦੀ ਪਰ ਦ੍ਰਿਸ਼ਟੀ ਭਾਸ਼ਾਵਾਦੀ ਹੈ। ਇਹ ਆਪਣੇ ਆਪ ਨੂੰ ਰਚਨਾ-ਸਮੁੱਚ ਉਤੇ ਇਕਾਗਰ ਕਰਕੇ ਸਾਹਿਤ ਦੇ ਮਰਮ ਤੱਕ ਪਹੁੰਚਣ ਲਈ ਯਤਨਸ਼ੀਲ ਹੁੰਦੀ ਹੈ। ਇਸ ਮੰਤਵ ਲਈ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਅਤੇ ਸੁਹਜ ਸ਼ਾਸਤਰ ਦੀ ਸਹਾਇਤਾ ਲੈਂਦਾ ਹੈ।

ਇਸ ਤਰ੍ਹਾਂ ਸ਼ੈਲੀ ਵਿਗਿਆਨ ਦੇ ਵੱਖ ਵੱਖ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸ਼ੈਲ਼ੀ ਵਿਗਿਆਨ ਇਕ ਆਧੁਨਿਕ ਪ੍ਣਾਲੀ ਹੈ ਜੋ ਭਾਸ਼ਾ ਵਿਗਿਆਨ ਦੇ ਅੰਤਰਗਤ ਕਾਰਜ ਕਰਦੀ ਹੈ।

ਇਸ ਤਰ੍ਹਾਂ ਸ਼ੈਲੀ ਵਿਗਿਆਨ ਭਾਸ਼ਾ ਨਾਲ ਆਪਣਾ ਅਟੁੱਟ ਸੰਬੰਧ ਹੈ। ਸ਼ਾਬਦਿਕ ਕਲਾ ਦੇ ਰੂਪ ਵਿਚ ਸਾਹਿਤ ਦਾ ਅਧਿਐਨ ਕਰਦੇ ਹੋਏ ਭਾਸ਼ਾਈ ਜੁਗਤਾਂ ਦੀ ਤਲਾਸ਼ ਕਰਨਾ ਹੀ ਸ਼ੈਲੀ ਵਿਗਿਆਨ ਦਾ ਮੂਲ਼ ਮੰਤਵ ਹੈ। ਸ਼ੈਲੀ ਵਿਗਿਆਨ ਅਨੁਸਾਰ ਕਾਵਿ ਕਿਰਤ ਭਾਸ਼ਾ ਦਾ ਇਕ ਵਿਸ਼ੇਸ਼ ਰੂਪ ਹੈ, ਜਿਹੜਾ ਸੰਪੂਰਨ ਤੇ

ਸੁਤੰਤਰ ਹੋਂਦ ਰੱਖਦਾ ਹੋਇਆ ਵੀ ਇਕ ਸ਼ਾਬਦਿਕ ਕਲਾ ਹੈ, ਜਿਸ ਨੂੰ ਸਮਝਣ ਅਤੇ ਗ੍ਰਹਿਣ ਕਰਨ ਲਈ ਭਾਸ਼ਾ ਨੂੰ ਮਾਧਿਅਮ ਬਣਾਉਣਾ ਪੈਂਦਾ ਹੈ। ਸਾਹਿਤ ਰਚਨਾ ਦਾ ਭਾਸ਼ਾ ਕੇਂਦਰਤ ਅਧਿਐਨ ਕਰਦੇ ਸਮੇਂ ਸ਼ੈਲੀ ਵਿਗਿਆਨ ਦੀ ਦ੍ਰਿਸ਼ਟੀ ਭਾਸ਼ਾਵਾਦੀ ਹੁੰਦੀ ਹੈ।

ਰਾਜਿੰਦਰ ਸਿੰਘ ਸੇਖੋਂ ਦੇ ਵਿਚਾਰਾਂ ਨੂੰ ਜੇਕਰ ਦੇਖੀਏ ਤਾਂ ਸ਼ੈਲੀ ਵਿਗਿਆਨ ਸੰਬੰਧੀ ਉਨਾਂ ਦਾ ਕਾਰਜ ਨਿੱਠ ਕੇ ਹੋਇਆ ਹੈ। ਸ਼ੈਲੀ ਵਿਗਿਆਨ ਸਾਹਿਤ ਆਲੋਚਨਾ ਦੀ ਉਹ ਵਿਧੀ ਹੈ ਜਿਸਦਾ ਪ੍ਰਕਾਰਜ ਭਾਸ਼ਾਈ ਸੰਦਾਂ/ਸਾਧਨਾਂ ਦੇ ਆਧਾਰ 'ਤੇ ਸਾਹਿਤ ਦਾ ਵਸਤੂਨਿਸ਼ਠ ਤੇ ਵਿਗਿਆਨਕ ਵਿਸ਼ਲੇਸ਼ਣ ਕਰਨਾ ਹੈ, ਕਿਉਂਕਿ ਸਾਹਿਤਕ ਅਭਿਵਿਅਕਤੀ ਦਾ ਮਾਧਿਅਮ ਭਾਸ਼ਾ ਹੈ। ਸਾਹਿਤਕਾਰ ਰਚਨਾ ਵਿਚ ਪ੍ਰਸੰਗ ਅਨੁਸਾਰ ਅਜਿਹੀ ਭਾਸ਼ਕ ਸੰਰਚਨਾ ਦਾ ਵਿਧਾਨ ਕਰਦਾ ਹੈ, ਜਿਸ ਨਾਲ ਵਿਸ਼ਾ ਸੁੰਦਰ ਰੂਪ ਵਿਚ ਪ੍ਰਗਟ ਹੋ ਸਕੇ। ਇਸ ਕਰਕੇ ਭਾਸ਼ਾਵਾਦੀ ਦ੍ਰਿਸ਼ਟੀ ਤੋਂ ਸਾਹਿਤਕ ਕਿਰਤਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਉਨ੍ਹਾਂ ਦੇ ਵਿਸ਼ੇ ਜਾਂ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਸ਼ੈਲੀ ਵਿਗਿਆਨ ਦਾ ਪ੍ਰਕਾਰਜ ਰਚਨਾ ਦੀ ਸਤਹੀ ਸੰਰਚਨਾ ਤੋਂ ਚਲ ਕੇ ਗਹਿਨ ਸੰਰਚਨਾ ਤੱਕ ਉਸਦਾ ਵਿਸ਼ਲੇਸ਼ਣ ਕਰਨਾ ਹੈ। ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਕਿਤਾਬ ***ਸ਼ੈਲੀ ਵਿਗਿਆਨ ਇਤਿਹਾਸ ਸਿਧਾਂਤ ਤੇ ਵਿਹਾਰ*** ਵਿਚ ਕਹਿੰਦੇ ਹਨ :

> ਸ਼ੈਲੀ ਵਿਗਿਆਨ ਕੋਲ ਆਪਣਾ ਮੌਲਿਕ ਸਿਧਾਂਤ, ਪ੍ਰਣਾਲੀ ਅਤੇ ਤਕਨੀਕ ਹੈ। ਸਾਹਿਤ ਸਮੀਖਿਆ ਦੀ ਨਿਵੇਕਲੀ ਪ੍ਰਣਾਲੀ ਹੋਣ ਕਾਰਨ ਇਸਦੇ ਸਿਧਾਂਤ ਅਤੇ ਤਕਨੀਕ ਵਿਚ ਨਵੀਨਤਾ ਹੈ। ਪਰ ਇਹ ਯਾਦ ਰੱਖਣਯੋਗ ਹੈ ਕਿ ਇਸਦੀ ਦ੍ਰਿਸ਼ਟੀ ਭਾਵੇਂ ਭਾਸ਼ਾਵਾਦੀ ਹੈ ਪਰ ਇਸ ਦਾ ਚਿੰਤਨ ਵਸਤੂਵਾਦੀ ਹੈ। (87)

ਸ਼ੈਲੀ ਵਿਗਿਆਨ ਰਚਨਾ ਦੀ ਸੰਰਚਨਾ ਦੀ ਤਹਿ ਵਿਚ ਪਏ ਅਰਥਾਂ ਨੂੰ ਉਘਾੜਨ ਪ੍ਰਤੀ ਰੁਚਿਤ ਹੁੰਦਾ ਹੈ। ਇਹ ਇੱਕ ਨਵਾਂ ਗਿਆਨ ਸੰਜਮ ਹੈ ਜਿਹੜਾ ਸਾਹਿਤਕ ਕਿਰਤਾਂ ਦਾ ਵਸਤੂਮੂਲਕ (Objective) ਭਾਸ਼ਾਈ ਵਿਸ਼ਲੇਸ਼ਣ ਕਰਕੇ ਉਸ ਦੇ ਗਹਿਨ ਅਰਥਾਂ ਨੂੰ ਉਜਾਗਰ ਕਰਦਾ ਹੈ। ਭਾਸ਼ਾ ਵਿਗਿਆਨ ਕੇਵਲ ਭਾਸ਼ਾ ਦਾ ਵਿਸ਼ਲੇਸ਼ਣ ਕਰਦਾ ਹੈ ਪਰ ਇਸਦੀ ਤੁਲਨਾ ਵਿਚ ਸ਼ੈਲੀ ਵਿਗਿਆਨ ਸਾਹਿਤ ਦੇ ਲੁਕੇ ਹੋਏ ਅਰਥ

ਪਾਸਾਰਾਂ ਦੀ ਵਿਆਖਿਆ ਕਰਦਾ ਹੈ ਜਿਸ ਨਾਲ ਕਿਰਤ ਦਾ ਸੁਹਜ ਪੱਖ ਰੂਪਮਾਨ ਹੋ ਜਾਂਦਾ ਹੈ । ਸ਼ੈਲੀ ਵਿਗਿਆਨ ਵਿਚ ਕਿਸੇ ਰਚਨਾ-ਪਾਠ ਦਾ ਅਧਿਐਨ ਕਰਨ ਦੀ ਅਵਸਥਾ ਨੂੰ ਅਸੀਂ 'ਪਿੰਡ ਭਾਸ਼ਾਈ' ਅਵਸਥਾ ਜਾਂ 'ਮਾਈਕਰੋਲਿੰਗੁਇਸਟਿਕਸ' ਦਾ ਨਾਂ ਦੇ ਸਕਦੇ ਹਾਂ । ਸ਼ੈਲੀ ਵਿਗਿਆਨਕ ਆਲੋਚਕ ਇਥੇ ਵਰਨਾਤਮਕ ਭਾਸ਼ਾ ਵਿਗਿਆਨ ਦੀਆਂ ਵਿਧੀਆਂ ਤੇ ਸੰਦਾਂ ਦੀ ਵਰਤੋਂ ਕਰਦਾ ਹੈ ਅਤੇ ਰਚਨਾ ਪਾਠ ਦੇ ਵਿਸ਼ਲੇਸ਼ਣ ਨੂੰ ਉਸਦੀ ਲਘੁਤਮ ਇਕਾਈ ਦੇ ਪੱਧਰ ਤੱਕ ਲੈ ਜਾਂਦਾ ਹੈ । ਡਾ. ਨਗੇਂਦਰ ਸ਼ੈਲੀ ਵਿਗਿਆਨ ਸੰਬੰਧੀ ਆਪਣੀ ਪੁਸਤਕ ***ਸ਼ੈਲੀ ਵਿਗਿਆਨ*** ਵਿਚ ਲਿਖਦੇ ਹਨ: ਸ਼ੈਲੀ ਵਿਗਿਆਨ ਦੀ ਸਹੀ ਪਰਿਭਾਸ਼ਾ ਉਸਦਾ ਸਹੀ ਅਰਥ ਅਤੇ ਖੇਤਰ ਵਿਸਥਾਰ ਇਹ ਹੀ ਹੈ ਕਿ ਉਹ ਭਾਸ਼ਾ ਵਿਗਿਆਨ ਦੇ ਨਿਯਮਾਂ ਅਤੇ ਵਿਧੀ ਦੇ ਅਨੁਸਾਰ ਸਾਹਿਤ ਦੇ ਭਾਸ਼ਿਕ ਵਿਧਾਨ ਦਾ ਰੂਪਾਤਮਕ ਅਧਿਐਨ ਕਰਦਾ ਹੈ। (22)

ਚਾਰਲਸ ਬੇਲੀ ਸ਼ੈਲੀ ਵਿਗਿਆਨ ਬਾਰੇ ਆਖਦੇ ਹਨ ਕਿ ਸ਼ੈਲੀ ਵਿਗਿਆਨ ਪ੍ਰਭਾਵੀ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਨੂੰ ਉਤਪੰਨ ਕਰਨ ਵਾਲੇ ਸਾਧਨਾਂ ਦੀ ਪੂਰਨ ਵਿਵਸਥਾ ਦਾ ਵਿਗਿਆਨਕ ਅਧਿਐਨ ਕਰਦਾ ਹੈ। ਸੋ ਇਸ ਤਰ੍ਹਾਂ ਵੱਖੋ ਵੱਖਰੇ ਵਿਚਾਰ ਸ਼ੈਲੀ ਵਿਗਿਆਨ ਸੰਬੰਧੀ ਮਿਲਦੇ ਹਨ। ਰਵਿੰਦਰ ਨਾਥ ਸ੍ਰੀਵਾਸਤਵ ਆਪਣੀ ਪੁਸਤਕ ***ਸੰਰਚਨਾਤਮਕ ਸ਼ੈਲੀ ਵਿਗਿਆਨ*** ਵਿਚ ਕਹਿੰਦੇ ਹਨ:

> ਸ਼ੈਲੀ ਵਿਗਿਆਨ ਸਾਹਿਤ ਨੂੰ ਸਮਝਣ ਸਮਝਾਉਣ ਦੀ ਇੱਕ ਅੰਤਰ-ਦ੍ਰਿਸ਼ਟੀ ਹੈ ਜੋ ਸ਼ੈਲੀ ਦੇ ਪੱਖ ਤੋਂ ਇੱਕ ਪਾਸੇ ਸਾਹਿਤ ਰਚਨਾ ਦੀ ਸੰਰਚਨਾ ਦੇ ਗਠਨ ਤੇ ਰੋਸ਼ਨੀ ਪਾਉਂਦੀ ਹੈ ਅਤੇ ਦੂਜੇ ਪਾਸੇ ਰਚਨਾ ਦਾ ਵਿਸ਼ਲੇਸ਼ਣ ਕਰਦੀ ਹੋਈ ਉਸ ਵਿਚਲੀ ਸਾਹਿਤਕਤਾ ਨੂੰ ਸਾਹਮਣੇ ਲਿਆਉਂਦੀ ਹੈ। (12)

ਸ਼ੈਲੀ ਵਿਗਿਆਨ ਹੈ ਜੋ ਸਾਹਿਤਕ ਰਚਨਾ ਦੀ ਸੁਹਜਾਤਮਕ ਭਾਸ਼ਾ (ਸ਼ੈਲੀ ਯੁਕਤ ਭਾਸ਼ਾ ਪ੍ਰਯੋਗ) ਦਾ ਭਾਸ਼ਾਈ ਵਿਸ਼ਲੇਸ਼ਣ ਕਰਦਾ ਹੋਇਆ ਰਚਨਾ ਦੀ ਅਲੰਕਾਰਿਕ ਤੇ ਪ੍ਰਤੀਕਾਤਮਕ ਵਿਆਖਿਆ ਵੀ ਕਰਦਾ ਹੈ। ਅਜਿਹੀ ਵਿਆਖਿਆ ਹੀ ਉਸ ਰਚਨਾ ਨੂੰ, ਉਸ ਵਰਗੀਆਂ ਹਰ ਰਚਨਾਵਾਂ ਤੋਂ ਵਖਰਿਆਉਣ ਦਾ ਸਾਧਨ ਬਣਦੀ ਹੈ ।

**ਆਧੁਨਿਕ ਦ੍ਰਿਸ਼ਟੀਕੋਣ ਸ਼ੈਲੀ ਵਿਗਿਆਨ ਦਾ ਸਰੂਪ :-** ਯੂਨਾਨ ਵਿਚ ਸ਼ੈਲੀ ਸਬੰਧੀ ਜੋ ਪ੍ਰਾਚੀਨ ਚਿੰਤਨ ਹੋਇਆ ਉਸ ਨੂੰ ਸ਼ੈਲੀ ਸ਼ਾਸਤਰ ਕਿਹਾ ਜਾਂਦਾ ਹੈ ਸ਼ੈਲੀ ਵਿਗਿਆਨ ਨਹੀਂ। ਜਿਵੇਂ ਉਨੀਵੀਂ ਸਦੀ ਵਿਚ ਭਾਸ਼ਾ ਸਬੰਧੀ ਹੋਏ ਚਿੰਤਨ ਨੂੰ ਭਾਸ਼ਾ ਸ਼ਾਸਤਰ ਕਿਹਾ ਜਾਂਦਾ ਹੈ। ਭਾਸ਼ਾ ਵਿਗਿਆਨ ਨਹੀਂ। ਭਾਸ਼ਾ ਅਤੇ ਸਾਹਿਤ ਦੋਹਾਂ ਵਿਚ ਵਿਗਿਆਨਕ ਚੇਤਨਾ ਦਾ ਵਿਕਾਸ ਸਹੀ ਅਰਥਾਂ ਵਿਚ ਵੀਹਵੀਂ ਸਦੀ ਵਿਚ ਹੀ ਹੋਇਆ ਹੈ। ਕ੍ਰਿਸ਼ਨ ਕੁਮਾਰ ਗੋਸਵਾਮੀ ਸ਼ੈਲੀ ਵਿਗਿਆਨ ਔਰ ਆਚਾਰੀਯ ਰਾਮ ਚੰਦਰ ਸ਼ੁਕਲ ਦੀ ਭਾਸ਼ਾ ਅਨੁਸਾਰ: ਭਾਸ਼ਾ ਅਤੇ ਸਾਹਿਤ ਦੋਵਾਂ ਦੇ ਸੰਦਰਭ ਵਿਚ ਸ਼ੈਲੀ ਵਿਗਿਆਨ ਚੇਤਨਾ ਆਧੁਨਿਕ ਯੁੱਗ ਵਿਚ ਪੱਛਮ ਵਿਚ ਜਨੇਵਾ ਅਤੇ ਚਾਰਲਸ ਬੇਲੀ ਨਾਲ ਪੈਦਾ ਹੋਈ। (58) ਪਰ ਇਹ ਸਰਲ ਜਿਹੀ ਗੱਲ ਸਮਝਣ ਲਈ ਕਈ ਵਾਰੀ ਵਿਦਵਾਨ ਵੀ ਭੁਲੇਖਾ ਖਾ ਜਾਂਦੇ ਹਨ। ਜਦੋਂ ਭਾਰਤੀ ਸ਼ੈਲੀ ਚਿੰਤਨ ਨੂੰ ਆਧੁਨਿਕ ਸ਼ੈਲੀ ਵਿਗਿਆਨ ਦਾ ਇਤਿਹਾਸ ਬਣਾ ਦਿੰਦੇ ਹਨ। ਉਨੀਵੀਂ ਸਦੀ ਦੇ ਅੰਤ ਤੱਕ ਸਥਿਤੀ ਇਹ ਸੀ ਕਿ ਭਾਸ਼ਾ ਵਿਗਿਆਨ ਦਾ ਅਧਿਐਨ ਇਤਿਹਾਸਕ ਪਰਿਪੇਖ ਵਿਚ ਹੁੰਦਾ ਸੀ। ਭਾਸ਼ਾ ਦਾ ਇਤਿਹਾਸ ਅਧਿਐਨ ਦਾ ਵਿਸ਼ਾ ਹੁੰਦਾ ਸੀ, ਭਾਸ਼ਾ ਦੀ ਆਪਦੀ ਜੀਵੰਤ ਸੰਰਚਨਾ ਤੋਂ ਇਹ ਅਧਿਐਨ ਬੇਮੁੱਖ ਸੀ। ਸਾਹਿਤਕ ਕਿਰਤ ਦਾ ਰਚਨਾ ਕਾਲ ਲੇਖਕ ਦੇ, ਵਸਤੂ ਦੇ ਵਿਭਿੰਨ ਸਰੋਤ ਕਿਰਤ ਦੇ ਵਿਸ਼ੇ ਅਤੇ ਵਿਸ਼ੇ ਦੀ ਇਤਿਹਾਸਕ ਪ੍ਰਮਾਣਿਕਤਾ, ਨਿੱਜੀ ਜੀਵਨ ਤੱਥਾਂ ਦੇ ਸੰਕੇਤ ਆਦਿ ਦੀ ਖੋਜ ਕੀਤੀ ਜਾਂਦੀ ਸੀ। ਸੁਰੇਸ਼ ਕੁਮਾਰ ਆਪਣੀ ਪੁਸਤਕ ***ਸ਼ੈਲੀ ਵਿਗਿਆਨ*** ਅਨੁਸਾਰ : ਦੂਸਰੇ ਸ਼ਬਦਾਂ ਵਿਚ ਭਾਸ਼ਾ ਅਤੇ ਸਾਹਿਤ ਦੇ ਸੰਬੰਧ ਵਿਚ ਬਹਿਰੰਗ , ਤੱਥਾਂ ਦੇ ਅਧਿਐਨ ਦੀ ਪਰੰਪਰਾ ਚੱਲ ਰਹੀ ਸੀ। (141)

ਉਪਰੋਕਤ ਵਿਚਾਰ-ਚਰਚਾ ਦੇ ਅਧਾਰ ਤੇ ਇਹ ਕਹਿ ਸਕਦੇ ਹਾਂ ਕਿ ਸ਼ੈਲੀ ਵਿਗਿਆਨ ਤੋਂ ਪਹਿਲਾਂ ਸ਼ੈਲੀ ਸੰਬੰਧੀ ਜੋ ਵੀ ਚਿੰਤਨ ਹੋਇਆ ਹੈ ਉਹ ਸਾਹਿਤਕ ਸ਼ੈਲੀ ਸੰਬੰਧੀ ਹੈ, ਭਾਸ਼ਾ ਸ਼ੈਲੀ ਸੰਬੰਧੀ ਨਹੀ। ਇਹ ਸਾਰਾ ਕੁਝ ਜਾਨਣ ਤੋਂ ਬਾਅਦ ਅਸੀਂ ਸ਼ੈਲੀ ਵਿਗਿਆਨ ਦੇ ਸਕੂਲ਼ਾਂ ਬਾਰੇ ਵੀ ਵਿਚਾਰ ਚਰਚਾ ਕਰਨੀ ਹੈ।

**1.10 ਸ਼ੈਲੀ ਵਿਗਿਆਨ ਦੇ ਸਕੂਲ: -**

**(ੳ) ਰੂਸੀ-ਚੈਕ ਸ਼ੈਲੀ ਵਿਗਿਆਨ:-** ਰੂਸੀ ਰੂਪਵਾਦ ਅਧਿਐਨ ਵਿਧੀ ਸਾਹਿਤ ਦੇ ਸਮੁੱਚੇ ਅਸਤਿਤਵ (ਰੂਪ) ਨੂੰ ਆਪਣੀ ਆਲੋਚਨਾ ਦਾ ਆਧਾਰ ਬਣਾਉਂਦੀ ਹੈ। ਇਸ ਕਰਕੇ ਇਸ ਦੇ ਵਿਰੋਧੀਆਂ ਨੇ ਇਸ ਨੂੰ 'ਰੂਪਵਾਦ' ਦਾ ਨਾਂ ਦੇ ਦਿੱਤਾ। ਇਹ ਵਿਧੀ ਸਾਹਿਤ ਨੂੰ ਸਾਹਿਤ-ਬਾਹਰੀ ਪੱਖਾਂ ਤੋਂ ਮੁਕਤ ਕਰਵਾਉਣ ਲਈ ਜਨਮੀ, ਵਿਕਸਤ ਹੋਈ ਅਤੇ ਸਮਾਪਤ ਹੋਈ। ਇਸ ਵਿਚਾਰਧਾਰਾ ਨੇ ਸਾਹਿਤ ਦੇ ਅਧਿਐਨ ਸੰਬੰਧੀ ਕਈ ਨਿਵੇਕਲੇ ਪੱਖਾਂ ਦੀ ਖੋਜ ਕੀਤੀ ਅਤੇ ਆਲੋਚਨਾ ਨੂੰ ਲੇਖਕ ਜਾਂ ਰਚਨਾ ਤੋਂ ਬਾਹਰਲੇ ਵੇਰਵਿਆਂ ਨਾਲੋਂ ਤੋੜ ਕੇ ਰਚਨਾ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਇਸ ਵਿਚਾਰਧਾਰਾ ਨਾਲ ਜੁੜੇ ਹੋਏ ਵਿਦਵਾਨਾਂ ਵਿਚ ਪ੍ਰਮੁੱਖ ਰੋਮਨ ਜੈਕਬਸਨ, ਵਿਕਟਰ ਸ਼ਕਲੋਵਸਕੀ, ਤੋਮਾਸਵਸਕੀ, ਆਦਿ ਸਨ। ਰੂਸੀ ਰੂਪਵਾਦ ਦੀਆਂ ਦੋ ਪ੍ਰਮੁੱਖ ਸ਼ਾਖਾਵਾਂ ਹਨ ਮਾਸਕੋ ਅਤੇ ਲੈਨਿਨਗ੍ਰਾਦ। ਰੋਮਨ ਜੈਕਬਸਨ ਨੇ 1915 ਵਿਚ 'ਮਾਸਕੋ ਲਿੰਗੁਇਸਟਿਕ ਸਰਕਲ' ਦੀ ਸਥਾਪਨਾ ਕੀਤੀ। ਰੂਸੀ ਰੂਪਵਾਦ ਦੀ ਦੂਜੀ ਸਾਖਾ 1916 ਵਿਚ ਸਥਾਪਿਤ 'ਦ ਸੋਸਾਇਟੀ ਫਾਰ ਦੀ ਸਟੱਡੀ ਆਫ ਪੋਇਟਿਕ ਲੈਂਗੁਏਜ਼' ਸੀ। ਰੂਸੀ ਰੂਪਧਾਰਾ ਕਲਾ ਅਤੇ ਜੀਵਨ ਵਿਚ ਸਵੀਕਾਰਦੀ ਹੈ। ਇਸ ਸੰਬੰਧ ਵਿਚ ਵਿਕਟਰ ਸਕਲੋਵਸਕੀ ਦਾ ਕਥਨ ਪ੍ਰਸਿੱਧ ਹੈ ਕਿ ਕਲਾ ਜ਼ਿੰਦਗੀ ਤੋਂ ਹਮੇਸ਼ਾ ਮੁਕਤ ਹੁੰਦੀ ਹੈ ਅਤੇ ਇਸਦੇ ਰੰਗ ਸ਼ਹਿਰ ਦੇ ਕਿਲੇ ਤੇ ਲਹਿਰਾਉਂਦੇ ਝੰਡੇ ਦੇ ਰੰਗਾਂ ਨੂੰ ਪ੍ਰਤੀਬਿੰਬਤ ਨਹੀਂ ਕਰਦੇ।

ਰੂਪਵਾਦੀਆਂ ਨੇ ਸਾਹਿਤਕ ਭਾਸ਼ਾ ਅਤੇ ਆਮ ਭਾਸ਼ਾ ਵਿਚ ਅੰਤਰ ਸਥਾਪਿਤ ਕੀਤਾ। ਸਾਹਿਤਕ ਭਾਸ਼ਾ ਸੁਹਜਾਤਮਕ ਸੰਚਾਰ ਹੁੰਦੀ ਹੈ ਪਰ ਸਾਧਾਰਣ ਭਾਸ਼ਾ ਦਾ ਉਦੇਸ਼, ਸੰਦੇਸ਼ ਦਾ ਸੰਚਾਰ ਕਰਨਾ ਹੁੰਦਾ ਹੈ। ਕਾਵਿ ਦਾ ਉਦੇਸ਼ ਮਨੁੱਖ ਦੇ ਪ੍ਰਤੱਖਣ ਦੀਆਂ ਸਾਰੀਆਂ ਸਾਧਾਰਨ ਵਿਧੀਆਂ ਨੂੰ ਭੰਗ ਕਰਨਾ ਹੈ। ਸਾਹਿਤਕਾਰ ਵਸਤੂ-ਸੰਸਾਰ ਦੀਆਂ ਵਸਤਾਂ ਘਟਨਾਵਾਂ, ਸਥਿਤੀਆਂ-ਪ੍ਰਸਥਿਤੀਆਂ ਨੂੰ ਅਜਨਬੀਕ੍ਰਿਤ ਕਰਕੇ ਸਾਹਿਤ ਸਭਾ ਵਿਚ ਸਾਡਾ ਧਿਆਨ ਆਕਰਸ਼ਿਤ ਕਰਦਾ ਹੈ। ਇਹ ਅਜਨਬੀਕਰਨ ਦਾ ਸਿਧਾਂਤ ਸ਼ੈਲੀ ਵਿਗਿਆਨ ਦੇ ਉਲੰਘਣ ਦੇ ਸਿਧਾਂਤ ਨਾਲ ਮਿਲਦਾ ਹੈ। ਇਸਤੋਂ ਇਲਾਵਾ ਰੂਪਵਾਦੀਆਂ ਨੇ 'ਥੀਮ' ਸੰਕਲਪ, 'ਵਿਗੋਪਨ'

ਸੰਕਲਪ ਤੇ 'ਮੋਟਿਫ' ਸੰਕਲਪ ਨਾਲ ਕਥਾ ਸਾਹਿਤ ਦਾ ਸਮੁੱਚਾ ਸ਼ਾਸਤਰ ਹੀ ਉਸਾਰ ਦਿੱਤਾ। ਪਾਂਡੇ ਸ਼ਸ਼ੀ ਭੂਸ਼ਨ ਸ਼ੀਤਾਸ਼ੂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਦਾ ਇਤਿਹਾਸ*** ਦੇ ਹਵਾਲੇ ਅਨੁਸਾਰ ਲਿਖਦਾ ਹੈ ਕਿ :

> ਸ਼ੈਲੀ ਵਿਗਿਆਨ ਦੀ ਚੈੱਕ ਵਿਚਾਰਧਾਰਾ 'ਪਰਾਗ ਸੂਕਲ' ਦੇ ਨਾਂ ਨਾਲ ਬਹੁਤ ਪ੍ਰਸਿੱਧ ਹੈ। ਇਹ ਸਕੂਲ 1926 ਈਸਵੀ ਵਿਚ ਹੋਂਦ ਵਿਚ ਆਇਆ। ਜਦੋਂ ਇਸੇ ਸਾਲ ਅਕਤੂਬਰ ਮਹੀਨੇ ਵਿਚ ਇਸਦੀ ਪਹਿਲੀ ਬੈਠਕ ਹੋਈ ਤਾਂ ਸਾਹਿਤ ਦੇ ਵਿਸ਼ਲੇਸ਼ਣ ਲਈ ਪਰਾਗ ਇਕ ਮਹੱਤਵਪੂਰਨ ਕੇਂਦਰ ਬਣ ਗਿਆ। (24)

ਰੋਮਨ ਜੈਕਬਸਨ, ਮੁਕਾਰਵਸਕੀ ਅਤੇ ਹਾਈ ਬਰਨੈਕ ਇਸ ਸਕੂਲ ਦੇ ਪ੍ਰਮੁੱਖ ਵਿਦਵਾਨ ਸਨ। ਪਰਾਗ ਸਕੂਲ ਨੇ ਸ਼ੈਲੀ ਵਿਗਿਆਨ ਨੂੰ 'ਪ੍ਰਕਾਰਜ਼ੀ ਸ਼ੈਲੀ' ਦਾ ਸੰਕਲਪ ਦਿੱਤਾ ਹੈ। ਪਰਾਗ ਸਕੂਲ ਨੇ ਪ੍ਰਯੋਜਨ ਮੂਲਕ ਸ਼ੈਲੀਆਂ ਬਾਰੇ ਸਿਧਾਂਤਕ ਚਰਚਾ ਕੀਤੀ ਪਰ ਇਸਦਾ ਬਹੁਤਾ ਧਿਆਨ ਸਾਹਿਤਕ ਜਾਂ ਸੁਹਜਾਤਮਕ ਰਚਨਾਵਾਂ ਤੇ ਹੀ ਰਿਹਾ। ਇਸਨੇ ਕਵਿਤਾ ਅਤੇ ਵਾਰਤਕ ਦੋਹਾਂ ਦੀ ਹੀ ਸ਼ੈਲੀ ਦਾ ਅਧਿਐਨ ਕੀਤਾ। ਇਸ ਚਿੰਤਨ ਅਨੁਸਾਰ ਸ਼ੈਲੀ ਭਾਸ਼ਾ ਦਾ ਸਧਾਰਨ ਗੁਣ ਹੈ। ਇਹ ਸਿਰਫ ਸਾਹਿਤਕ ਰਚਨਾਵਾਂ ਵਿਚ ਹੀ ਨਹੀਂ ਸਗੋਂ ਰੋਜਾਨਾ ਦੀ ਆਮ ਭਾਸ਼ਾ ਵਿਚ ਹੁੰਦੀ ਹੈ। ਸਾਹਿਤ ਰਚਨਾ ਵਿਸ਼ਿਸ਼ਟ ਅਭਿਵਿਅਕਤੀ ਨਾਲ ਹੋਂਦ ਧਾਰਦੀ ਹੈ। ਸ਼ੈਲੀ ਵਿਗਿਆਨ ਦੀ ਇਸ ਧਾਰਾ ਨੇ ਅਨੁਵਾਦ ਅਤੇ ਤੁਲਨਾਤਮਕ ਸ਼ੈਲੀ ਦੀ ਸਥਾਪਤੀ ਲਈ ਵੀ ਸਿਧਾਂਤਕ ਚਰਚਾ ਕਰਵਾਈ। ਚੈਕ ਵਿਦਵਾਨਾਂ ਨੇ ਸ਼ੈਲੀ ਵਿਸ਼ਲੇਸ਼ਣ ਲਈ ਅੰਕੜਾ ਵਿਗਿਆਨ ਲਾਗੂ ਕੀਤਾ। ਇਸ ਧਾਰਾ ਨੇ ਸਾਹਿਤ ਪਾਠ ਦੇ ਭਾਸ਼ਾ ਵਿਗਿਆਨਕ ਅਧਿਐਨ ਅਤੇ ਸਾਹਿਤਕ ਅਧਿਐਨ ਵਿਚ ਵੱਡਾ ਅੰਤਰ ਸਥਾਪਤ ਰੱਖਿਆ ਹੈ। ਚੈਕ ਸ਼ੈਲੀ ਵਿਗਿਆਨ ਦੇ ਪ੍ਰਮੁੱਖ ਚਿੰਤਕ ਮੁਕਾਰੋਵਸਕੀ ਨੇ ਅਗਰਭੂਮਨ ਦਾ ਸੰਕਲਪ ਪੇਸ਼ ਕੀਤਾ ਹੈ ਕਿ "ਜਦੋਂ ਕੋਈ ਸਾਹਿਤ ਰਚਨਾ ਮਸ਼ੀਨੀ ਅਨੁਭਵ ਨੂੰ ਤੋੜਦੀ ਹੈ ਤਾਂ ਸਾਹਿਤਕਾਰ ਅਗਰਭੂਮਨ ਦੁਆਰਾ ਇਸ ਉਦੇਸ਼ ਦੀ ਪ੍ਰਾਪਤੀ ਕਰਦਾ ਹੈ। (J. Mukarovasky ***Standard Language & Poetic Language*** (18-19) ਇਸ ਤਰ੍ਹਾਂ ਚੈਕ ਸ਼ੈਲੀ ਵਿਗਿਆਨ ਦਾ ਇੱਕ ਹੋਰ ਮਹੱਤਵਪੂਰਨ ਸੰਕਲਪ ਪ੍ਰਮੁੱਖਤਾ ਹੈ ਜਿਸ ਅਨੁਸਾਰ ਸਾਹਿਤ ਦੀ ਸੰਰਚਨਾ ਅੰਗਾਂ ਦਾ ਸਮੁੱਚ ਹੈ ਇਸ ਵਿਚ

ਜੋ ਅੰਗ ਦੂਸਰੇ ਅੰਗਾਂ ਨੂੰ ਨਿਯੰਤਰਿਤ ਕਰ ਲੈਂਦਾ ਹੈ। ਉਹ ਪ੍ਰਮੁੱਖ ਕਹਾਉਂਦਾ ਹੈ ਅਤੇ ਦੂਸਰੇ ਅੰਗ ਉਸ ਦੇ ਅਧੀਨ ਹੁੰਦੇ ਹਨ। ਰੂਸੀ ਰੂਪਵਾਦ ਦਾ 'ਰੂਪ' ਦਾ ਸੰਕਲਪ ਪਰਾਗ ਵਿਚ ਪਹੁੰਚ ਕੇ 'ਸੰਰਚਨਾ' ਵਿਚ ਬਦਲ ਗਿਆ ਪ੍ਰਕਾਰਜ਼ੀ ਸ਼ੈਲੀ, ਅਗਰਭੂਮਨ, ਪ੍ਰਮੁੱਖਤਾ ਆਦਿ ਸੰਕਲਪ ਸ਼ੈਲੀ ਵਿਗਿਆਨ ਲਈ ਬਹੁਤ ਮਹੱਤਵਪੂਰਨ ਸਿੱਧ ਹੋਏ ਹਨ।

**(ਅ) ਫ਼ਰਾਂਸੀਸੀ ਸ਼ੈਲੀ ਵਿਗਿਆਨ:-** ਫ਼ਰਾਸ ਵਿਚ ਸ਼ੈਲੀ ਵਿਗਿਆਨ ਦਾ ਵਿਕਾਸ ਦੋ ਪੜਾਵਾਂ ਵਿਚ ਹੋਇਆ। ਪਹਿਲੇ ਪੜਾਅ ਵਿਚ ਸਾਹਿਤ ਅਧਿਐਨ ਦੀ ਪੁਰਾਤਨ ਵਿਧੀ ਸ਼ਾਮਿਲ ਹੈ, ਜਿਸ ਨੂੰ 'ਐਕਸਪਲੀਕੇਸ਼ਿਓ ਦਾ ਤੈਕਸਤ' ਕਿਹਾ ਜਾਂਦਾ ਹੈ। ਜਿਸ ਦਾ ਸਧਾਰਨ ਅਰਥ 'ਪਾਠ ਦਾ ਸੂਖਮ ਅਧਿਐਨ' ਕਰਨਾ ਹੈ। ਇਸ ਕਿਸਮ ਦੇ ਅਧਿਐਨ ਵਿਚ ਸਾਹਿਤਕ ਰਚਨਾ ਨੂੰ ਕਲਾ ਪੱਖ ਤੇ ਭਾਵ ਪੱਖ ਵਿਚ ਵੰਡ ਲਿਆ ਜਾਂਦਾ ਸੀ ਅਤੇ ਪਾਠ ਦੇ ਉਤੇਜਿਤ ਤੇ ਸੁਹਜਾਤਮਕ ਪੱਖਾਂ ਦਾ ਅਧਿਐਨ ਕੀਤਾ ਜਾਂਦਾ ਸੀ। ਪਾਠ ਦਾ ਸ਼ਬਦ ਪੱਧਰੀ ਅਤੇ ਵਾਕ ਪੱਧਰੀ ਵਿਸ਼ਲੇਸ਼ਣ ਕਰਨ ਤੋਂ ਇਲਾਵਾ ਉਸਦੇ ਅਲੰਕਾਰ, ਛੰਦਾਂ,ਬਿੰਬਾਂ, ਪ੍ਰਤੀਕਾਂ ਆਦਿ ਦਾ ਅਧਿਐਨ ਵੀ ਕੀਤਾ ਜਾਂਦਾ ਸੀ। ਇਹ ਅਧਿਐਨ ਪਾਠਕ ਜਾਂ ਲੇਖਕ ਦੇ ਦ੍ਰਿਸ਼ਟੀਕੋਣ ਤੋਂ ਨਹੀਂ ਸਗੋਂ ਇਸ ਵਿਚ ਪਾਠ ਨੂੰ ਅਧਾਰ ਬਣਾਇਆਂ ਜਾਂਦਾ ਸੀ। ਫ਼ਰਾਂਸ ਵਿਚ ਸ਼ੈਲੀ ਵਿਗਿਆਨ ਦਾ ਵਿਕਾਸ ਦੂਸਰੇ ਪੜ੍ਹਾਅ ਵਿਚ ਚਾਰਲਸ ਬੇਲੀ ਦੇ ਚਿੰਤਨ ਨਾਲ ਹੁੰਦਾ ਹੈ। ਉਸਨੇ ਆਪਣੇ ਗੁਰੂ ਸੋਸਿਊਰ ਦੇ ਸੰਰਚਨਾਤਮਕ ਭਾਸ਼ਾ ਵਿਗਿਆਨ ਦਾ ਬਹੁਤ ਅਧਿਐਨ ਕੀਤਾ। ਉਸਨੇ 1920 ਵਿਚ 'ਤ੍ਰੇਤੇ ਦੇ ਸਟੀਲਿਸਤਿਕ ਫ੍ਰੈਂਕਾਇਸ' ਅਤੇ 1925 ਵਿਚ 'ਲਾ ਲੈਂਗੇਜ ਏ ਤਲਾ ਵੀ' ਪ੍ਰਕਾਸ਼ਿਤ ਕਰਵਾਈਆਂ। ਬੇਲੀ ਨੇ ਭਾਸ਼ਾ ਦੀ ਸੰਰਚਨਾ ਦਾ ਸ਼ੈਲੀ ਵਿਗਿਆਨ ਅਧਿਐਨ ਕੀਤਾ। ਗੁਰਚਰਨ ਸਿੰਘ ਅਰਸ਼ੀ ***ਸਮੀਖਿਆ ਦ੍ਰਿਸ਼ਟੀਆਂ*** ਵਿਚ ਕਹਿਣਾ ਹੈ ਕਿ ਸ਼ੈਲੀ ਵਿਗਿਆਨ' ਜਿਹਾ ਤਕਨੀਕੀ ਸੰਕਲਪ ਵੀ ਬੇਲੀ ਦੀ ਹੀ ਦੇਣ ਹੈ। (152)

ਇਸ ਪ੍ਰਕਾਰ ਬੇਲੀ ਨੇ ਵੀ ਸਸਿਊਰ ਵਾਂਗ ਲਿਖਤ ਭਾਸ਼ਾ ਨਾਲੋਂ ਉਚਰਿਤ ਭਾਸ਼ਾ ਨੂੰ ਮਹੱਤਵ ਦਿੱਤਾ। ਉਹ ਆਪਣੇ ਸ਼ੈਲੀ ਵਿਗਿਆਨਕ ਅਧਿਐਨ ਰਾਹੀਂ ਇਹ ਜਾਨਣਾ ਚਾਹੁੰਦਾ ਸੀ ਕਿ ਭਾਸ਼ਾ ਦਾ ਪ੍ਰਤੀਮਾਨਕ ਰੂਪ ਜੀਵੰਤ ਉਚਾਰ ਕਿਵੇਂ ਬਣ ਜਾਂਦਾ ਹੈ। ਵਿਸ਼ਲੇਸ਼ਣ ਪਿਛੋਂ ਉਹ ਇਸ ਸਿੱਟੇ ਤੇ ਪਹੁੰਚਿਆ ਕਿ ਮਨੁੱਖ ਪ੍ਰਤੀਮਾਨ

ਤੋਂ ਪ੍ਰਗਟਾਵੇ ਵੱਲ ਯਾਤਰਾ ਕਰਦਾ ਹੈ। ਪ੍ਰਗਟਾਵੇ ਦੌਰਾਨ ਉਹ ਪ੍ਰਤੀਮਾਨ ਤੋਂ ਦੂਰ ਹੁੰਦਾ ਹੈ, ਇਹੋ ਉਸਦੀ ਸ਼ੈਲੀ ਬਣ ਜ਼ਾਂਦੀ ਹੈ। ਫ਼ਰਾਂਸੀਸੀ ਨਵ-ਸੰਚਰਨਾਵਾਦ ਵੀ ਸ਼ੈਲੀ ਵਿਗਿਆਨ ਦੀ ਫ਼ਰਾਂਸੀਸੀ ਧਾਰਾ ਮਹੱਤਵਪੂਰਨ ਹਿੱਸਾ ਹੈ। ਰੋਲਾਂ ਬਾਰਤ, ਮਿਸ਼ੇਲ ਰਿਫ਼ਾਤਰੇ ਅਤੇ ਜੂਲੀਆ ਕ੍ਰਿਸਤੀਵਾ ਫ਼ਰਾਂਸੀਸੀ ਸ਼ੈਲੀ ਵਿਗਿਆਨ ਦੇ ਪ੍ਰਮੁੱਖ ਚਿੰਤਕ ਹਨ। ਇਹਨਾਂ ਵਿਚ ਰੌਲਾਂ ਬਾਰਤ ਨਾਮ ਸਿਰਕੱਢਵਾਂ ਹੈ। ਉਸ ਦਾ ਉਦੇਸ਼ ਸਾਹਿਤ ਅਧਿਐਨ ਦੀ ਦਿਸ਼ਾ ਵਿਚ ਇੱਕ 'ਵਿਗਿਆਨ' ਦੀ ਉਸਾਰੀ ਕਰਨਾ ਸੀ। ਬਾਰਤ ਨੇ ਸਾਹਿਤ ਰਚਨਾ ਨੂੰ ਭਾਸ਼ਾਈ ਲੱਛਣਾਂ ਵਾਲੀ ਸੰਰਚਨਾ ਵਜੋਂ ਪਰਿਭਾਸ਼ਤ ਕੀਤਾ। ਉਸ ਨੇ ਸਾਹਿਤ ਅਧਿਐਨ ਦੇ ਵਿਗਿਆਨ ਨੂੰ ਚਿਹਨ ਵਿਗਿਆਨ ਵਿਚੋਂ ਵੀ ਲੱਭਣ ਦੀ ਕੋਸ਼ਿਸ਼ ਕੀਤੀ। ਬਾਰਤ ਮਗਰੋਂ ਮਿਸ਼ੇਲ ਰਿਫ਼ਾਤਰੇ ਸ਼ੈਲੀ ਵਿਗਿਆਨ ਨੂੰ ਭਾਸ਼ਾ ਵਿਗਿਆਨ ਦੀ ਇੱਕ ਸੁਤੰਤਰ ਸ਼ਾਖਾ ਮੰਨਦਾ ਹੈ। ਉਸਦੇ ਅਨੁਸਾਰ ਪਾਠ ਵਿਚ ਪ੍ਰਗਟਾਇਆ ਸੁਹਜਾਤਮਕ ਬਲ ਹੀ ਸ਼ੈਲੀ ਹੈ। ਇਹ ਪਾਠ ਨੂੰ ਸੰਚਾਰ ਸ਼ੈਲੀ ਸੰਦੇਸ਼ ਤੋਂ ਕੁਝ ਵਧੇਰੇ ਬਣਾ ਦਿੰਦੀ ਹੈ। (155)

**(ੲ) ਜਰਮਨ ਸ਼ੈਲੀ ਵਿਗਿਆਨ:-** ਜਰਮਨ ਸ਼ੈਲੀ ਵਿਗਿਆਨ ਨੂੰ ਦੋ ਪੜਾਵਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ। ਉਨ੍ਹੀਵੀਂ ਸਦੀ ਦਾ ਸ਼ੈਲੀ ਵਿਗਿਆਨ ਪਰੰਪਰਾਗਤ ਸਰੂਪ ਦਾ ਹੈ। ਇਸ ਵਿਚ 'ਭਾਸ਼ਾਵਾਂ ਦੀ ਸ਼ੈਲੀ ਨੂੰ ਅਧਿਐਨ ਦਾ ਮੁੱਖ ਵਿਸ਼ਾ ਬਣਾਇਆ ਗਿਆ ਹੈ। ਇਸ ਅਧਾਰ ਉਤੇ ਅੰਤਰ-ਰਾਸ਼ਟਰੀ ਸ਼ੈਲੀ ਦਾ ਸਿਧਾਂਤ ਹੋਂਦ ਵਿਚ ਆਇਆ। ਉਨ੍ਹੀਂਵੀਂ ਸਦੀ ਦੇ ਵਿਦਵਾਨਾਂ ਅਨੁਸਾਰ ਹਰ ਭਾਸ਼ਾ ਇੱਕ ਭਾਸ਼ਾ ਸਮੁਦਾਏ ਦੀ ਮਾਨਸਿਕ ਪ੍ਰਤੀਕਿਰਿਆ ਹੈ। ਇਸ ਲਈ ਭਾਸ਼ਾ ਦੀ ਸ਼ੈਲੀ ਦੇ ਅਧਾਰ ਉਤੇ ਕਿਸੇ ਸਮੁੱਚੇ ਰਾਸ਼ਟਰ ਦੀ ਸ਼ੈਲੀ ਨੂੰ ਵੀ ਸਮਝਿਆ ਜਾ ਸਕਦਾ ਹੈ। ਜਰਮਨ ਵਿਚ ਸ਼ੈਲੀ ਵਿਗਿਆਨ ਦਾ ਅਸਲ ਵਿਕਾਸ ਵੀਹਵੀਂ ਸਦੀ ਵਿਚ ਹੋਇਆ। ਇਹਨਾਂ ਚਿੰਤਕਾਂ ਵਿਚ ਕਾਰਲ ਵਾਸਲਰ, ਲਿਉ ਸਪਿਤਜ਼ਰ, ਕੁਰਤੀਅਸ, ਹੈਤਜ਼ਫੈਲਫ ਅਤੇ ਉਲਰਿਖ ਲਿਉ ਦੇ ਨਾਮ ਵਰਣਨਯੋਗ ਹਨ। ਇਹਨਾਂ ਚਿੰਤਕਾਂ ਨੇ ਸ਼ੈਲੀ ਵਿਗਿਆਨ ਨੂੰ ਮਨੋਵਿਗਿਆਨ ਦ੍ਰਿਸ਼ਟੀ ਤੋਂ ਸਾਹਿਤ ਦਾ ਲੇਖਕ ਅਧਾਰਿਤ ਅਧਿਐਨ ਕੀਤਾ ਜਾਂਦਾ ਹੈ। ਸਾਹਿਤ ਰਚਨਾਂ ਵਿਚ ਸੁਚੇਤ ਅਤੇ ਅਚੇਤ ਤੱਤ ਵੱਖ ਕੀਤੇ ਜਾਂਦੇ ਹਨ। ਲੇਖਕ ਵਲੋਂ ਅਵਚੇਤਨ ਰੂਪ ਵਿਚ ਵਰਤੇ ਗਏ ਬਿੰਬ, ਪ੍ਰਤੀਕ, ਅਲੰਕਾਰ, ਰੂਪਕ ਆਦਿ ਦੀ ਸਹਾਇਤਾ ਨਾਲ ਉਸਦੀ ਮਾਨਸਿਕਤਾ ਤੱਕ ਪਹੁੰਚ ਕੀਤੀ ਜਾਂਦੀ ਸੀ।

ਸੁਹਜਾਤਮਕ ਦ੍ਰਿਸ਼ਟੀਕੋਣ ਵਾਲੇ ਵਿਦਵਾਨ ਭਾਸ਼ਾ ਵਿਗਿਆਨ ਨੂੰ ਸ਼ੈਲੀ ਵਿਗਿਆਨ ਦੇ ਅਧੀਨ ਮੰਨਦੇ ਸਨ ਅਤੇ ਸ਼ੈਲੀ ਵਿਗਿਆਨ ਨੂੰ ਸੁਹਜ ਸ਼ਾਸਤਰ ਦੇ ਅੰਤਰਗਤ ਸਵੀਕਾਰ ਕਰਦੇ ਹਨ। ਇਹ ਚਿੰਤਕ ਸਾਹਿਤ ਅਧਿਐਨ ਸਮੇਂ ਲੇਖਕ ਦੀ ਜੀਵਨੀ, ਸਮਾਜਿਕ ਸਥਿਤੀ, ਮਾਨਸਿਕ ਵਾਤਾਵਰਨ ਦੀ ਪਿਠਭੂਮੀ ਵਿਚ ਲੇਖਕ ਦੀ ਸ਼ੈਲੀ ਦਾ ਸੁਹਜਵਾਦੀ ਅਧਿਐਨ ਕਰਦੇ ਹਨ। ਬਹੁਪੱਖੀ ਦ੍ਰਿਸ਼ਟੀਕੋਣ ਵਾਲੇ ਸ਼ੈਲੀ ਵਿਗਿਆਨੀਆਂ ਦਾ ਵਿਚਾਰ ਹੈ ਸਾਹਿਤ ਦਾ ਅਧਿਐਨ ਬਹੁਪੱਖੀ ਆਧਾਰਾਂ ਉਤੇ ਹੋਣਾ ਚਾਹੀਦਾ ਹੈ। ਸੰਰਚਨਾਤਮਕ ਭਾਸ਼ਾ ਵਿਗਿਆਨ ਵਿਸ਼ਲੇਸ਼ਣ ਹੀ ਕਾਫ਼ੀ ਨਹੀਂ ਸਗੋਂ ਪਾਠ ਦੇ ਇਤਿਹਾਸਕ ਪੱਖ ਨੂੰ ਵੀ ਛੋਹਿਆ ਜਾਵੇ। ਜਰਮਨ ਸ਼ੈਲੀ ਵਿਗਿਆਨੀਆਂ ਨੇ ਸਿਧਾਂਤ ਸਿਰਜਣ ਦੀ ਥਾਂ ਸਾਹਿਤ ਪਾਠਾਂ ਦੇ ਵਿਹਾਰਕ ਅਧਿਐਨ ਨੂੰ ਵਧੇਰੇ ਮਹੱਤਵ ਦਿੱਤਾ ਹੈ। ਅਜੋਕੇ ਜਰਮਨ ਸ਼ੈਲੀ ਵਿਗਿਆਨ ਨੇ ਰਾਸ਼ਟਰੀ ਸ਼ੈਲੀ ਦੇ ਸੰਕਲਪ ਨੂੰ ਤਿਆਗ ਦਿੱਤਾ ਹੈ, ਸਿਧਾਂਤਕ ਚਿੰਤਨ ਵੱਲ ਵੀ ਧਿਆਨ ਦਿੱਤਾ ਹੈ। ਮਨੋਵਿਗਿਆਨਕ ਅਤੇ ਸੁਹਜਾਤਮਕ ਦ੍ਰਿਸ਼ਟੀਕੋਣ ਨਾਲ ਸਾਹਿਤ ਦਾ ਅਧਿਐਨ ਕਰਨ ਨੂੰ ਸੀਮਤ ਕਰ ਦਿੱਤਾ ਹੈ। ਸਾਹਿਤ ਅਤੇ ਭਾਸ਼ਾ ਦੇ ਅਧਿਐਨ ਨੂੰ ਮਿਲਾਉਣ ਵਿਚ ਜਰਮਨ ਸ਼ੈਲੀ ਵਿਗਿਆਨ ਨੇ ਮਹੱਤਵਪੂਰਨ ਭੂਮਿਕਾ ਨਿਭਾਈ।

**(ਸ) ਸਪੇਨੀ ਸ਼ੈਲੀ ਵਿਗਿਆਨ:-** ਸਪੇਨ ਵਿਚ ਸ਼ੈਲੀ ਵਿਗਿਆਨ ਦੀ ਪਰੰਪਰਾ ਬੜੀ ਪ੍ਰਾਚੀਨ ਹੈ। ਸਪੇਨ ਦੇ ਵਧੇਰੇ ਸ਼ੈਲੀ ਵਿਗਿਆਨੀ, ਭਾਸ਼ਾ ਵਿਗਿਆਨੀ ਸਨ। ਇਹਨਾਂ ਤੋਂ ਇਲਾਵਾ ਉਹਨਾਂ ਵਿਚ ਸਾਹਿਤ ਦੇ ਇਹਿਤਾਸਕਾਰੀ, ਸਾਹਿਤ ਸਮੀਖਿਅਕ, ਕਵੀ, ਕਹਾਣੀਕਾਰ, ਨਾਟਕਕਾਰ ਅਤੇ ਨਿਬੰਧਕਾਰ ਵੀ ਸਨ। ਇਸ ਤਰ੍ਹਾਂ ਸਪੇਨੀ ਵਿਦਵਾਨ ਇਕੋ ਸਮੇਂ ਸਾਹਿਤ ਸਮੀਖਿਆ ਅਤੇ ਸਾਹਿਤ ਰਚਨਾ ਨਾਲ ਜੁੜੇ ਹੋਏ ਹਨ। ਸਪੇਨੀ ਸ਼ੈਲੀ ਵਿਗਿਆਨ ਵਿਚ ਆਮੋਦੋ ਅਲੋਨਸੋ ਅਤੇ ਦਾਮੋਦੋ ਅਲੋਨਸੋ ਦੇ ਨਾਂ ਮੁੱਖ ਹਨ। ਇਹਨਾਂ ਚਿੰਤਕਾਂ ਨੇ ਸ਼ੈਲੀ ਵਿਸ਼ਲੇਸ਼ਣ ਵਿਚ ਭਾਸ਼ਾ ਵਿਸ਼ਲੇਸ਼ਣ ਦਾ ਸਾਰੇ ਪੱਧਰ ਧੁਨੀ, ਸ਼ਬਦ, ਉਪਵਾਕ, ਵਾਕ ਆਦਿ ਨੂੰ ਸ਼ਾਮਿਲ ਕੀਤਾ ਹੈ। ਸ਼ੈਲੀ ਦੇ ਅਧਿਐਨ ਲਈ ਉਹਨਾਂ ਨੂੰ ਬਹਿਰੰਗ ਤੇ ਅੰਤਰੰਗ ਦੇ ਅੰਤਰ ਨੂੰ ਸੁਝਾਇਆ ਅਤੇ ਸਾਹਿਤ ਰਚਨਾ ਨੂੰ ਸਮਝਣ ਲਈ ਤਿੰਨ ਮਾਰਗ ਦੱਸੇ: ਸਾਧਾਰਨ ਪਾਠਕ ਦੁਆਰਾ ਕੀਤਾ ਜਾਣ ਵਾਲਾ ਅਧਿਐਨ, ਸਮੀਖਿਅਕ ਦਾ ਅਧਿਐਨ ਅੰਤਰ ਗਿਆਨ ਉਤੇ ਅਧਾਰਿਤ ਅਤੇ ਸੀਮਤ ਹੁੰਦਾ ਹੈ। ਇਸ ਦਾ ਮੁੱਖ ਉਦੇਸ਼

ਮੰਨੋਰੰਜਨ ਹੈ। ਪਾਠਕ ਨੂੰ ਇਹ ਮਨੋਰੰਜਨ ਦੀ ਸਤਹੀ ਸੰਰਚਨਾ ਤੋਂ ਹੀ ਪ੍ਰਾਪਤ ਹੋ ਜਾਂਦਾ ਹੈ ਪਰ ਸਾਹਿਤ ਦਾ ਸਮੀਖਿਅਕ ਸਿਖਲਾਈ ਪ੍ਰਾਪਤ ਵਿਅਕਤੀ ਹੈ। ਰਚਨਾ ਦੇ ਸੰਪਰਕ ਵਿਚ ਆ ਕੇ ਉਹ ਉਹਨਾਂ ਪੱਖਾਂ ਤੱਕ ਪਹੁੰਚ ਜਾਂਦਾ ਹੈ ਜੋ ਲੇਖਕ ਦਾ ਉਦੇਸ਼ ਹੁੰਦਾ ਹੈ। ਡਾ.ਹਰਿਭਜਨ ਸਿੰਘ ਆਪਣੀ ਪੁਸਤਕ ***ਰਚਨਾ ਸਰੰਚਨਾ*** ਵਿਚ ਲਿਖਦੇ ਹਨ:

> ਸਾਹਿਤ ਦਾ ਰਚਨਾਕਾਰ 'ਸਮੱਗਰੀ' ਨੂੰ 'ਵਸਤੂ' ਬਣਾ ਦਿੰਦਾ ਹੈ। ਪਰ 'ਵਸਤੂ' ਨੂੰ ਅਗਾਂਹ 'ਵਿੱਦਿਆ' ਬਣਾਉਣ ਦਾ ਕੰਮ 'ਵਿਦਿਆਰਥੀ' ਹੈ। ਸਾਹਿਤ ਰਚਨਾ ਦੀ ਵਾਸਤਵਿਕਤਾ ਨੂ ਸਮਝਣ ਲਈ 'ਮਾਨਵਤਾ' ਤੋਂ ਮੁਕਤ ਹੋਣਾ ਪਵੇਗਾ। ਵਸਤੂ ਭਾਸ਼ਾ ਹੈ, ਵਿਦਿਆ ਦਾ ਕੰਮ ਹੈ ਭਾਸ਼ਾ ਦੇ ਨੇਮਾਂ ਜਾਂ ਵਿਆਕਰਨ ਨੂੰ ਉਜਾਗਰ ਕਰਨਾ। ਭਾਸ਼ਾ ਦੀ ਬਣੀ ਵਸਤੂ, ਸਾਹਿਤ ਵੀ ਇੱਕ ਭਾਸ਼ਾ ਹੈ। ਆਲੋਚਨਾ ਦਾ ਕੰਮ ਉਸਦੇ ਵਿਆਕਰਨ ਨੂੰ ਸਪੱਸ਼ਟ ਕਰਨਾ ਹੈ। ਸ਼ੈਲੀ ਵਿਗਿਆਨ ਇਹੋ ਕੰਮ ਕਰਦਾ ਹੈ। (83)

ਉਪਰੋਕਤ ਰੂਪ ਵਿਚ ਸਪੇਨੀ ਚਿੰਤਕ ਇਸ ਗੱਲ ਨੂੰ ਲੈ ਕੇ ਅੱਗੇ ਵਧਦੇ ਹਨ ਕਿ ਬਹਿਰੰਗ ਨੂੰ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਦਾ ਆਦਿ ਬਿੰਦੂ ਮੰਨ ਕੇ ਚੱਲਿਆ ਜਾਵੇ ਤਾਂ ਅੰਤਰੰਗ ਅਧਿਐਨ ਵੀ ਬਹੁਤ ਚੰਗਾ ਹੋਵੇਗਾ। ਬਹਿਰੰਗ ਅਤੇ ਅੰਤਰੰਗ ਅਧਿਐਨ ਵੱਲ ਦੀ ਯਾਤਰਾ ਕਠਿਨ ਜ਼ਰੂਰ ਹੈ ਪਰ ਸ਼ੈਲੀ ਵਿਗਿਆਨ ਨੇ ਇਹ ਸਭ ਕੁਝ ਕਰਨਾ ਹੈ।

**(ਹ) ਬਰਤਾਨਵੀ ਸ਼ੈਲੀ ਵਿਗਿਆਨ:-** ਬ੍ਰਿਟੇਨ ਵਿਚ ਵੀਂਹਵੀ ਸਦੀ ਵਿਚ'ਵਿਹਾਰਕ ਸਮੀਖਿਆ' ਦੇ ਨਾਮ ਅਧੀਨ ਕੁੱਝ ਸਾਹਿਤ ਚਿੰਤਨ ਉਪਲਬਧ ਹੁੰਦਾ ਹੈ। ਜਿਸ ਦੀਆਂ ਸਿਧਾਂਤਕ ਮਾਨਤਾਵਾਂ ਅਜੋਕੇ ਸ਼ੈਲੀ ਵਿਗਿਆਨਕ ਨਾਲ ਕੁਝ ਮਿਲਦੀਆਂ ਹਨ। ਬਰਤਾਨੀਆਂ ਦੇ ਸਾਹਿਤ ਚਿੰਤਕਾਂ ਵਿਚ ਆਈ.ਏ.ਰਿਚਰਡਜ਼, ਵਿਲੀਅਮ ਐਂਪਸਨ ਅਤੇ ਡੋਨਾਲਡ ਡੇਵੀ ਦੇ ਨਾਮ ਪ੍ਰਮੁੱਖ ਹਨ। ਬਰਤਾਨੀਆਂ ਵਿਚ ਵਿਹਾਰਕ ਸਮੀਖਿਆ ਦਾ ਜਨਮ 1927 ਵਿਚ ਰਿਚਰਡਜ਼ ਦੀ ਪੁਸਤਕ Practical Certicism ਨਾਲ ਹੁੰਦਾ ਹੈ। ਉਸਦੀ ਅਰਥ

ਵਿਗਿਆਨ ਅਤੇ ਸੰਚਾਰ-ਸਿਧਾਂਤ ਵਿਚ ਵਿਸ਼ੇਸ਼ ਰੁਚੀ ਸੀ। ਉਸਨੇ ਸਾਹਿਤ ਦੇ ਅਧਿਐਨ ਨੂੰ ਕ੍ਰਮ-ਬੱਧ ਕੀਤਾ। ਉਸਨੇ ਭਾਸ਼ਾ ਦੇ ਅਰਥ ਪੱਖ ਅਤੇ ਪ੍ਰਯੋਗਾਤਮਕ ਮਨੋਵਿਗਿਆਨ ਨੂੰ ਅਧਾਰ ਬਣਾ ਕੇ ਸਾਹਿਤ ਦਾ ਅਧਿਐਨ ਕੀਤਾ। ਉਸਨੇ ਭਾਸ਼ਾਈ ਆਲੋਚਨਾਂ ਦੀ ਥਾਂ ਮਨੋਵਿਗਿਆਨ ਨੇ ਹੀ ਵਿਹਾਰਕ ਰੂਪ ਵਿਚ ਲਾਗੂ ਕੀਤਾ। ਇਸ ਤਰ੍ਹਾਂ ਰਿਚਰਡ ਦੀ ਵਿਹਾਰਕ ਆਲੋਚਨਾ ਸਾਹਿਤ ਦੇ ਸੰਪਰਕ ਵਿਚ ਆਉਣ ਵਾਲੇ ਪਾਠਕ ਦੇ ਮਨ ਵਿਚ ਪੈਦਾ ਹੋਈ ਪ੍ਰਤੀਕਿਰਿਆ ਦੇ ਵਿਵੇਚਨ ਉਤੇ ਅਧਾਰਿਤ ਹੈ। ਵਿਲੀਅਮ ਐਂਪਸ਼ਨ ਨੇ ਆਪਣੀ ਪੁਸਤਕ Seven types of Ambiguity ਨਾਲ ਬਰਤਾਨੀਆਂ ਵਿਚ ਵਿਸ਼ਲੇਸ਼ਣਤਾਮਕ ਆਲੋਚਨਾਂ ਨੂ ਜਨਮ ਦਿੱਤਾ। ਉਸਨੇ ਅਨੇਕ ਅਰਥਾਂ ਦੀ ਧਾਰਨਾ ਪੇਸ਼ ਕੀਤੀ ਪਰ ਉਸ ਦਾ ਇੰਨਾ ਅਰਥ ਵਿਸਥਾਰ ਕਰ ਦਿੱਤਾ ਕਿ ਇਹ ਸਮੀਖਿਆ-ਸਿਧਾਂਤ ਹੀ ਬਣ ਗਿਆ। ਡੋਨਾਲਡ ਡੇਵੀ ਨੇ ਸ਼ਬਦ ਚੋਣ ਅਤੇ ਵਾਕ ਰਚਨਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਕੀਤਾ ਹੈ। ਉਸਨੇ ਇਹ ਸਥਾਪਨਾ ਪੇਸ਼ ਕੀਤੀ ਕਿ ਕਵਿਤਾ ਦਾ ਸੰਸਾਰ ਮੂਲ ਰੂਪ ਵਿਚ ਵਾਕ-ਰਚਨਾਂ ਦਾ ਹੀ ਸੰਸਾਰ ਹੈ। ਵਾਕ-ਰਚਨਾ ਨੂੰ ਹੀ ਉਸਨੇ ਕੇਂਦਰ ਬਿੰਦੂ ਮੰਨਿਆ। ਇਸ ਮੰਤਵ ਲਈ ਉਸਨੇ ਕਾਵਿਆਤਮਕ ਵਾਕ ਰਚਨਾ ਨੂੰ ਪੰਜ ਵਰਗਾਂ ਵਸਤੂ-ਮੂਲਕ, ਆਤਮ ਮੂਲਕ, ਨਾਟਕੀ, ਸੰਗੀਤ-ਮਈ ਅਤੇ ਗਣਿਤਕੀ ਵਿੱਚ ਵੰਡਿਆ ਹੈ ਪਰ ਉਸਦੀ ਵਰਗ ਵੰਡ ਨੂੰ ਬਹੁਤਾ ਮਹੱਤਵ ਨਹੀਂ ਮਿਲਿਆ ਕਿਉਂਕਿ ਕਾਵਿਕ ਵਾਕਾਂ ਨੂੰ ਇਉ ਵਰਗਾਂ ਵਿਚ ਨਹੀਂ ਵੰਡਿਆ ਜਾ ਸਕਦਾ। ਉਸਦੀ ਮਹਾਨਤਾ ਇਸੇ ਪੱਖ ਵਿਚ ਹੈ ਕਿ ਉਸਨੇ ਕਵਿਤਾ ਦੀ ਸਮੀਖਿਆ ਉਸ ਦੀ ਭਾਸ਼ਕ ਹੋਂਦ ਦੇ ਅਧਾਰ ਉਤੇ ਕਰਨ ਦੀ ਸ਼ਿਫ਼ਾਰਸ਼ ਕੀਤਾ।


**(ਕ) ਅਮਰੀਕਨ ਸ਼ੈਲੀ ਵਿਗਿਆਨ:-** ਸਾਹਿਤ ਅਧਿਐਨ ਦੀਆਂ ਸਾਰੀਆਂ ਵਿਧੀਆਂ ਨੂੰ ਉਹਨਾਂ ਦੀ ਅਧਿਐਨ ਪ੍ਰਕਿਰਤੀ ਦੇ ਅਧਾਰ ਉੱਤੇ ਬਹਿਰੰਗ ਅਤੇ ਅੰਤਰੰਗ ਦੋ ਵਰਗਾਂ ਵਿੱਚ ਵੰਡਿਆਂ ਜਾਂਦਾ ਹੈ। ਨਵ-ਆਲੋਚਨਾ ਉਸ ਸਮੀਖਿਆ ਵੱਲ ਸੰਕੇਤ ਹੈ, ਜਿਸ ਵਿੱਚ ਸਿਧਾਂਤ ਦੀ ਥਾਂ ਸਾਹਿਤ ਅਧਿਐਨ ਦੀ ਪ੍ਰਣਾਲੀ ਨੂੰ ਵਧੇਰੇ ਮਹੱਤਵ ਦਿੱਤਾ ਗਿਆ। ਇਸ ਤਰ੍ਹਾਂ ਨਵ-ਆਲੋਚਨਾ ਅੰਤਰੰਗ ਆਲੋਚਨਾ ਵਿਚੋਂ ਵਿਕਸਤ ਹੋਈ ਨਿਵੇਕਲੀ ਕਿਸਮ ਦੀ ਸਮੀਖਿਆ ਹੈ। ਨਵ-ਆਲੋਚਨਾ ਦਾ ਆਰੰਭ 1941 ਵਿੱਚ ਜਾਹਨ ਕੁਰੈਕਸਮ ਦੀ ਪੁਸਤਕ The New Criticism ਨਾਲ ਹੁੰਦਾ ਹੈ। ਇਸ ਲਈ ਇਹ ਮਾਨਤਾ ਹੈ ਕਿ ਆਲੋਚਕ ਨੂੰ ਸਾਹਿਤ ਦੀ ਹੀ ਪਰਖ

ਕਰਨੀ ਚਾਹੀਦੀ ਹੈ ਨਾ ਕਿ ਲੇਖਕ, ਉਸਦੀ ਰਚਨਾ ਪ੍ਰਕਿਰਿਆ ਜਾਂ ਵਾਤਵਰਣ ਦੀ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਵਿਗਿਆਨ ਦਾ ਅਸਲ ਵਿਕਾਸ ਤੇ ਇਤਿਹਾਸਕ ਕ੍ਰਮ ਯੂਨਾਨੀ, ਫ਼ਰਾਂਸੀਸੀ, ਨਵ ਸੰਰਚਨਾਵਾਦੀ ਸ਼ੈਲੀ ਵਿਗਿਆਨ, ਸਪੇਨ ਸ਼ੈਲੀ ਵਿਗਿਆਨ, ਜਰਮਨ ਸ਼ੈਲੀ ਵਿਗਿਆਨ, ਬਰਤਾਨਵੀ ਸ਼ੈਲੀ ਵਿਗਿਆਨ ਤੇ ਅਮਰੀਕੀ ਸ਼ੈਲੀ ਵਿਗਿਆਨ ਰਾਹੀਂ ਯਾਤਰਾ ਕਰਦਾ ਹੋਇਆ ਪੂਰਾ ਹੋਇਆ ਹੈ। ਸ਼ੈਲੀ ਵਿਗਿਆਨ ਦਾ ਖੇਤਰ ਇੰਨਾਂ ਵਿਸ਼ਾਲ ਹੈ ਕਿ ਇਸਦੇ ਵਿਕਾਸ ਤੇ ਇਤਿਹਾਸ ਦਾ ਵਿਧੀਗਤ ਲੇਖਾਂ ਪੇਸ਼ ਕਰਨਾ ਬਹੁਤ ਔਖਾ ਕੰਮ ਹੈ। ਇਹ ਮੁਸ਼ਕਿਲ ਇਸ ਲਈ ਵੀ ਪੇਸ਼ ਆਉਂਦੀ ਹੈ ਕਿਉਂਕਿ ਇਹ ਇਤਿਹਾਸਕ ਵਿਕਾਸ ਇਕੋ ਸਮੇਂ ਕਈ ਦੇਸ਼ਾਂ ਵਿਚ ਸਮਾਂਨਤਰ ਅੱਗੇ ਪਿੱਛੇ ਚਲਦਾ ਰਿਹਾ ਹੈ।

ਸ਼ੈਲੀ ਵਿਗਿਆਨ ਦੇ ਸਕੂਲ਼ਾਂ ਬਾਰੇ ਜਾਣਕਾਰੀ ਲੈਣ ਤੋਂ ਬਾਅਦ ਸ਼ੈਲੀ ਵਿਗਿਆਨ ਦੇ ਸਿਧਾਂਤਾਂ ਅਤੇ ਇਸ ਦੇ ਅਧਿਐਨ ਪੱਖਾਂ ਬਾਰੇ ਜਾਣਨਾ ਜ਼ਰੂਰੀ ਹੈ ਜਿਵੇਂ ਇਸ ਵਿਚ ਅਗਰਭੂਮਣ ਪਹਿਲਾ ਤੱਤ ਹੈ ਇਸ ਦੇ ਅੰਤਰਗਤ ਬਾਕੀ ਤੱਤ ਕਾਰਜ ਕਰਦੇ ਹਨ।

**1.11 ਸ਼ੈਲੀ ਵਿਗਿਆਨ ਮਾਡਲ ਦੇ ਆਧਾਰ:-** ਵਿਚਲਨ,ਵਿਪਥਨ, ਸਮਾਨਤੰਰਤਾ, ਵਿਰਲਤਾ ਆਦਿ ਜੋ ਕਿ ਪ੍ਰਮੁੱਖ ਤੱਤਾਂ ਵਜੋਂ ਕਾਰਜਸ਼ੀਲ ਹੁੰਦੇ ਹਨ ਇਨ੍ਹਾਂ ਆਧਾਰਾਂ ਤੇ ਹੀ ਰਚਨਾ ਪੱਖਾਂ ਨੂੰ ਦੇਖਿਆ ਜਾਂਦਾ ਹੈ। ਇਸ ਦੇ ਪ੍ਰਮੁੱਖ ਮਾਡਲ ਹੇਠ ਲਿਖੇ ਹਨ:

# ਅਗਰਭੂਮਣ ਪ੍ਰਤੀਮਾਨ : ਸਰੂਪ ਵਿਵੇਚਨ



### 1.11.1 ਅਗਰਭੂਮਣ (Foregrounding)

ਉੱਪਰ ਦਿੱਤੇ ਖਾਕੇ ਅਤੇ ਅਗਰਭੂਮਣ ਦੀ ਮਹੱਤਤਾ ਨੂੰ ਦ੍ਰਿਸ਼ਟੀਗੋਚਰ ਰੱਖਦੇ ਹੋਏ ਅਗਰਭੂਮਣ ਸ਼ਬਦ ਦੀ ਵਰਤੋਂ ਬਾਰੇ ਅਸੀਂ ਹੁਣ ਜਾਣਦੇ ਹਾਂ ਜਿਵੇਂ ਅਗਰਭੂਮਣ ਸ਼ੈਲੀ ਦਾ ਇਕ ਮਹੱਤਵਪੂਰਨ ਪ੍ਰਤੀਮਾਨ ਹੈ। (Style by Foregrounding) ਇਸ ਪ੍ਰਤੀਮਾਨ ਦਾ ਨਾਮਕਰਨ ਚੈੱਕ ਭਾਸ਼ਾ ਦੇ ਸ਼ਬਦ (Aktualisace) ਤੋਂ ਕੀਤਾ ਗਿਆ ਹੈ. ਪੀ. ਐਲ ਗਾਰਵਿਨ ਨੇ ਇਸਦਾ ਅੰਗਰੇਜ਼ੀ ਅਨੁਵਾਦ (foregrounding) ਕੀਤਾ ਹੈ। ਸਭ ਤੋਂ ਪਹਿਲਾ ਇਹ ਸੰਕਲਪ ਮੁਕਾਰਵੋਸਕੀ ਨੇ ਦਿੱਤਾ ਉਸ ਵੇਲੇ ਇਸ ਸੰਕਲਪ ਦਾ ਨਾਮ ਵਚਿੱਤਰ ਪਰਾਹਨ (Strange Deviation) ਸੀ। ਪੰਜਾਬੀ ਵਿੱਚ ਡਾ. ਹਰਿਭਜਨ ਸਿੰਘ ਨੇ ਪਹਿਲੀ ਵਾਰ ਇਸ ਦਾ ਢੁੱਕਵਾ ਅਨੁਵਾਦ ਅਗਰਭੂਮਣ ਕੀਤਾ ਰੋਮਨ ਜੈਕੋਬਸਨ ਨੇ ਜਦ ਸਮਾਨੰਤਰਤਾ ਤੇ ਬਰਾਬਰਤਾ ਦੀ ਧਾਰਨਾ ਨੂੰ ਵੀ ਇਸ ਵਿਚ ਸ਼ਾਮਿਲ ਕੀਤਾ ਤਾਂ ਲਿਵਿਨ ਨੇ ਅੰਤਰਮੁਖੀ ਅਤੇ ਬਾਹਰ ਮੁਖੀ ਵਿਚਲਨ ਦੀ ਧਾਰਨਾਂ ਨੂੰ ਦੋ ਵਰਗਾਂ ਵਿੱਚ ਵੰਡ ਕੇ 1965 ਵਿੱਚ ਪੇਸ਼ ਕੀਤਾ। ਪ੍ਰਤੀਮਾਨਕ ਭਾਸ਼ਾ ਦਾ ਉਲੰਘਣ ਕਰਕੇ ਆਪਣੇ ਨਿਵਕਲੇ ਸਾਹਿਤਕ ਪ੍ਰਤੀਮਾਨ ਦੀ ਸਥਾਪਨਾ ਕਰਨ ਨੂੰ ਬਾਹਰਮੁਖੀ ਵਿਚਲਨ (external deviation) ਕਿਹਾ ਰਚਨਾਕਾਰ ਵੱਲੋ ਆਪਣੇ ਹੀ ਅਪਣਾਏ ਪ੍ਰਤੀਮਾਨ ਦਾ ਆਪਣੇ ਵਲੋਂ ਉਲੰਘਣ ਕਰਕੇ ਕਿਸੇ ਨਵੇਂ ਪ੍ਰਤੀਮਾਨ ਦੀ ਸਿਰਜਣਾ ਕਰਨ ਨੂੰ ਉਸ ਨੇ ਅੰਦਰਮੁਖੀ ਵਿਚਲਨ ਕਿਹਾ। ਅੰਦਰੂਨੀ ਅਤੇ ਬਾਹਰੀ ਵਿਚਲਨ ਦੀ ਧਾਰਨਾ ਨਾਲ ਹੈਲੀਡੇ ਸਹਿਮਤ ਨਾ ਹੋਇਆ ਤੇ ਉਸ ਨੇ ਅੰਦਰੂਨੀ ਵਿਚਲਨ ਦੀ ਧਾਰਨਾ ਨੂੰ ਵਿਪਥਨ (deflection) 1971 ਵਜੋਂ ਸਥਾਪਿਤ ਕਰ ਦਿੱਤਾ। ਇਸ ਤਰ੍ਹਾਂ ਇਸ ਸੰਕਲਪ ਨੂੰ ਵੀ ਅਗਰਭੂਮਣ ਵਿੱਚ ਸ਼ਾਮਲ ਕੀਤਾ ਗਿਆ। ਇਸ ਦੀ ਪ੍ਰੋੜਤਾ ਡਾ. ਸ਼ੀਤਾਸ਼ੂ ਨੇ ਵੀ ਕੀਤੀ ਕਿ ਵਿਪਥਨ ਨੂੰ ਵਿਚਲਨ ਦਾ ਇਕ ਉਪਅੰਗ ਬਣਾਏ ਜਾਣਾ ਠੀਕ ਨਹੀਂ ਹੈ। ਇਸ ਲਈ ਇਨ੍ਹਾਂ ਦੋਨਾਂ ਨੂੰ ਵੱਖਰਾ ਵੱਖਰਾ ਸਥਾਪਿਤ ਕਰਨਾ ਚਾਹੀਦਾ ਹੈ। ਕਿਉਂਕਿ ਇਨ੍ਹਾਂ ਦੋਨ੍ਹਾਂ ਦੀਆਂ ਵੱਖਰੀਆਂ ਵੱਖਰੀਆਂ ਵਿਸ਼ੇਸਤਾਵਾਂ ਹਨ। ਦੋਵਾਂ ਵਿੱਚ ਸ਼ਪੱਸਟ ਨਿਖੇੜ ਦੇਖਣ ਨੂੰ ਮਿਲਦਾ ਹੈ। ਜੇ ਇਸ ਤਰ੍ਹਾਂ ਕੀਤਾ ਗਿਆ ਤਾਂ ਸਮਾਨੰਤਰਤਾ ਵੀ ਵਿਚਲਨ ਦਾ ਹੀ ਇਕ ਉਪਅੰਗ ਬਣ ਜਾਵੇਗੀ ਅਗਰਭੂਮਣ ਦੇ ਇਨ੍ਹਾਂ ਤਿੰਨ੍ਹਾਂ ਮਾਡਲਾਂ ਤੋਂ ਬਾਅਦ ਡਾ.

ਸ਼ੀਤਾਸ਼ੂ ਨੇ ਵਿਰਲਤਾ (rarity) ਦਾ ਪੱਧਰ ਪੇਸ਼ ਕੀਤਾ। ਹੁਣ ਅਗਰਭੂਮਣ ਦੇ ਸੰਕਲਪ ਵਿੱਚ ਚਾਰ ਪੱਧਰਾਂ ਨੂੰ ਆਧਾਰ ਬਣਾਇਆ ਜਾਂਦਾ ਹੈ। ਵਿਚਲਨ, ਵਿਪਥਨ, ਸਮਾਨੰਤਰਤਾ ਅਤੇ ਵਿਰਲਤਾ। ਅਗਰਭੂਮਣ ਨਾਲ ਸੰਬੰਧਿਤ ਕਈ ਵਿਦਵਾਨਾਂ ਨੇ ਵੱਖੋ ਵੱਖਰੀਆਂ ਪ੍ਰੀਭਾਸ਼ਾਵਾਂ ਦਿੱਤੀਆਂ ਹਨ ਜਿਵੇਂ  ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ ਸਿਧਾਂਤ ਤੇ ਵਿਹਾਰ*** ਵਿੱਚ ਹੈਲੀ ਡੇ ਦਾ ਹਵਾਲਾ ਬਿਆਨ ਕਰਦੇ ਹੋਏ ਲਿਖਦੇ ਹਨ: ਅਗਰਭੂਮਣ ਅਜਿਹੀ ਪ੍ਰੇਰਣਾਤਮਕ ਭਾਸ਼ਾਈ ਪ੍ਰਭੂਸੱਤਾ ਹੈ ਜੋ ਪਾਠ ਦੇ ਅਰਥਾਂ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। (108) ਰਵਿੰਦਰ ਨਾਥ ਸ੍ਰੀ ਵਾਸਤਵ ਆਪਣੀ ਪੁਸਤਕ ***ਸੰਰਚਨਾਤਮਕ ਸ਼ੈਲੀ ਵਿਗਿਆਨ*** ਵਿੱਚ ਕਹਿੰਦੇ ਹਨ:

> ਪੇਸ਼ਬੰਦੀ (ਅਗਰਭੂਮਣ) ਅਭਿਵਿਅਕਤੀ ਦੀ ਉਹ ਅਵੱਗਿਆ ਹੈ ਜੋ ਆਪਣੀ ਵਕ੍ਰਤਾ ਕਾਰਨ ਨਾ ਕੇਵਲ ਸਾਡਾ ਧਿਆਨ ਆਕਰਸ਼ਿਤ ਕਰਦੀ ਹੈ ਸਗੋਂ ਸਾਡੀਆ ਯਾਂਤਿਰਕ ਹੋ ਰਹੀਆਂ ਸੰਵੇਦਨਾਵਾਂ ਵਿਚ ਵੀ ਇਕ ਨਵਾਂ ਰੰਗ ਭਰਦੀ ਹੈ ਅਤੇ ਵਸਤੂ-ਜਗਤ ਦੇ ਪ੍ਰਤੀ ਸਾਡੇ ਰੂੜ ਹੁੰਦੇ ਜਾ ਰਹੇ ਬੋਧ ਵਿਚ ਵੀ ਨਵੀਨਤਾ ਦਾ ਸੰਚਾਰ ਕਰਦੀ ਹੈ (43)

ਕ੍ਰਿਸ਼ਨ ਕੁਮਾਰ ਸ਼ਰਮਾ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਕੀ ਰੂਪ ਰੇਖਾ*** ਵਿਖੇ ਲਿਖਦੇ ਹਨ: ਸਾਹਿਤ ਰਚਨਾ ਵਿਚ ਭਾਸ਼ਾ ਦੀ ਵਿਸ਼ਿਸ਼ਟ ਵਰਤੋਂ ਨੂੰ ਸਮੁੱਚੀ ਸੰਰਚਨਾ ਦੀ ਪਿੱਠ ਭੂਮੀ ਵਿੱਚ ਉਘਾੜ ਕੇ ਇਸ ਪ੍ਰਕਾਰ ਪੇਸ਼ ਕਰਨਾ ਹੈ ਕਿ ਕਲਾ/ ਭੋਗੀ ਕਲਾ ਪਾਰਖੂ ਦੀਆਂ ਸੰਪੂਰਨ ਬਿਰਤੀਆਂ ਉਸ ਉੱਤੇ ਕੇਂਦਿਰਤ ਹੋ ਜਾਣ, ਅਗਰਭੂਮਣ ਕਹਾਉਂਦਾ ਹੈ। (33) ਪਾਂਡੇ ਸ਼ਸ਼ੀ ਭੂਸ਼ਣ ਸ਼ੀਤਾਂਸ਼ੂ ਆਪਣੀ ਪੁਸਤਕ ***ਸ਼ੈਲੀ ਵਿਗਿਆਨ: ਪ੍ਰਤੀਮਾਨ ਔਰ ਵਿਸ਼ਲੇਸ਼ਣ*** ਵਿੱਚ ਲਿਖਦੇ ਹਨ:

> ਰਚਨਾਕਾਰ ਦੀ ਅਭਿਵਿਅਕਤੀ ਵਿੱਚ ਜ਼ਿਆਦਾਤਾਰ ਭਾਸ਼ਕ ਇਕਾਈਆਂ ਆਪਣੀ ਸਵੈ-ਚਾਲਕਤਾ (Atomatialy) ਕਾਰਨ ਪਿਠਭੂਮੀ ਵਿਚ ਚਲੀਆਂ ਜਾਂਦੀਆਂ ਹਨ। ਅਜਿਹੀ  ਸਥਿਤੀ ਵਿਚ ਸਵੈ ਚਾਲਕਤਾ ਨੂੰ ਤੋੜਨ ਵਾਲੀਆਂ

> ਭਾਸ਼ਕ ਇਕਾਈਆਂ ਆਪਣੀ ਅਰਥਪੂਰਨ ਵਕ੍ਰਤਾ ਕਾਰਨ ਉਭਰ ਆਉਂਦੀਆਂ ਹਨ। ਇਸ ਉਭਾਰ (ਅਗਰਭੂਮਣ) ਵਿੱਚ ਭਾਸ਼ਾ ਦਾ ਸੁਹਜਾਤਮਕ ਪ੍ਰਕਾਰਜ ਕ੍ਰਿਆਸ਼ੀਲ ਹੁੰਦਾ ਹੈ। (29)

ਹੈਲੀਡੇ ਦੇ ਵਿਚਾਰ ਅਗਰਭੂਮਣ ਦੇ ਖੇਤਰ ਲਈ ਬਹੁਤ ਮਹੱਤਵਸ਼ਾਲੀ ਹਨ। ਉਸ ਅਨੁਸਾਰ ਅਗਰਭੂਮਣ ਨੂੰ ਪ੍ਰਮੁੱਖਤਾ (prominence) ਦੇ ਸੰਕਲਪ ਰਾਹੀਂ ਪੇਸ਼ ਕੀਤਾ ਗਿਆ ਹੈ। ਸਿਰਜਾਣਤਮਕ ਕਾਵਿ ਕਲਾ ਜਾਂ ਸਾਹਿਤਕ ਪਾਠ ਵਿੱਚ ਅਜਿਹੀਆਂ ਸਿਰਜਾਣਮਕ ਭਾਸ਼ਕ ਇਕਾਈਆਂ ਵੇਖੀਆਂ ਜਾ ਸਕਦੀਆਂ ਹਨ। ਜੋ ਪ੍ਰਮੁੱਖਤਾ ਸਹਿਤ ਪੇਸ਼ ਹੁੰਦੀਆਂ ਹਨ। ਇਸ ਤਰ੍ਹਾਂ ਧੁਨੀ, ਸ਼ਬਦ, ਵਾਕ, ਰੂਪ ਆਦਿ ਭਾਸ਼ਕ ਇਕਾਈਆਂ ਵਿੱਚ ਨਿਯੱਮਬੱਧਤਾ ਹੁੰਦੀ ਹੈ ਜੋ ਜਾਂ ਤਾਂ ਰਚਨਾ ਵਿੱਚੋਂ ਸਹਿਜੇ ਪਹਿਚਾਣੀ ਜਾਵੇਗੀ ਜਾਂ ਫਿਰ ਰਚਨਾ-ਪਾਠ ਦਾ ਸੂਖਮ ਅਧਿਐਨ ਕਰਨ ਪਿਛੋਂ ਉੱਭਰ ਕੇ ਸਾਹਮਣੇ ਆਵੇਗੀ। ਇਹ ਭਾਸ਼ਾਈ ਨੇਮਬੱਧਤਾ ਹੀ ਸਾਡੇ ਵਿੱਚ ਇਕ ਨਿਵੇਕਲੀ ਸੂਝ ਦਾ ਵਿਕਾਸ ਕਰਦੀ ਹੈ ਤੇ ਨਿਵੇਕਲੀ ਸੂਝ ਹੀ ਸਾਨੂੰ ਰਚਨਾ ਪਾਠ ਦੇ ਸੁਹਜਾਤਮਕ ਮਰਮ ਤੱਕ ਪਹੁੰਚਣ ਲਈ ਸ਼ੈਲੀ ਵਿਸ਼ਲੇਸ਼ਣ ਵਿਚ ਸਹਾਇਤਾ ਕਰਦੀ ਹੈ। ਹੈਲੀਡੇ ਦੇ ਰਚਨਾ ਪਾਠਾਂ ਬਾਰੇ ਵੀ ਸ਼ਪੱਸਟ ਵਿਚਾਰ ਹਨ ਉਸ ਅਨੁਸਾਰ ਰਚਨਾ ਵਿਚੋਂ ਪ੍ਰਮੁੱਖ ਰੂਪ ਵਿੱਚ ਉਭਰਨ ਵਾਲੀਆਂ ਭਾਸ਼ਕ ਇਕਾਈਆਂ (ਲੱਛਣਾਂ) ਨੂੰ ਤਾਂ ਅਗਰਭੂਮਣ ਮੰਨਿਆ ਜਾ ਸਕਦਾ ਹੈ। ਜੇਕਰ ਉਨ੍ਹਾਂ ਦਾ ਕੋਈ ਪ੍ਰਯੋਜਨ ਜਾਂ ਅਰਥ ਹੈ। ਪਾਠ ਵਿਚਲੇ ਪ੍ਰਯੋਜਨਹੀਣ ਭਾਸ਼ਕ ਲੱਛਣ ਅਗਰਭੂਮਣ ਦਾ ਅੰਗ ਨਹੀਂ ਬਣਦੇ। ਕਿਉਂਕਿ ਹੈਲੀਡੇ ਅਨੁਸਾਰ ਰਚਨਾ-ਪਾਠ ਵਿਚ ਪ੍ਰਮੁੱਖਤਾ, ਪ੍ਰਯੋਜਨਸ਼ੀਲਤਾ ਅਤੇ ਇਨ੍ਹਾਂ ਦਾ ਅਰਥ ਨਾਲ ਅਨਿਖੜਵਾਂ ਸੰਬੰਧ ਆਦਿ ਪੱਖ ਅਗਰਭੂਮਣ ਦਾ ਆਧਾਰ ਹਨ। ਸ਼ਸ਼ੀ ਭੂਸ਼ਣ ਸ਼ੀਤਾਂਸ਼ੂ ਪਾਂਡੇ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਪ੍ਰਕਾਰ ਔਰ ਪ੍ਰਤੀਮਾਨ*** ਵਿੱਚ ਪ੍ਰਤੀਮਾਨ ਦੀ ਚੋਣ ਬਾਰੇ ਲਿਖਦੇ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

- ਪ੍ਰਤੀਮਾਨ ਵਿਚ ਭਾਸ਼ਾਈ ਵਿਭਿੰਨਤਾ (linguistic variation) ਨੂੰ ਉਜਾਗਰ ਕਰਨ ਦੀ ਸਮੱਰਥਾ ਹੋਵੇ। ਉਸ ਵਿੱਚ ਭਾਸ਼ਕ ਇਕਾਈਆਂ ਅਤੇ ਉਹਨਾਂ ਦੇ ਸੰਦਰਭ ਨੂੰ ਤਰਤੀਬ ਦੇ ਕੇ ਵਿਸਥਾਰ ਪੂਰਵਕ ਵਰਣਨ ਕਰਨ ਦੀ ਯੋਗਤਾ ਹੋਵੇ।
- ਪ੍ਰਤੀਮਾਨ ਵਿਚ ਦਿੱਤੇ ਗਏ ਪਾਠ ਅਤੇ ਉਸਦੇ ਮਾਨਕ ਰੂਪ ਦਾ ਵਰਣਨ ਤੇ ਵਿਸ਼ਲੇਸ਼ਣ ਕਰਨ ਦੀਆਂ ਸੰਭਾਵਨਾਵਾਂ ਹੋਣ।
- ਪ੍ਰਤੀਮਾਨ ਦਾ ਤੀਸਰਾ ਗੁਣ ਢੁਕਵਾਂਪਣ (adequacy) ਹੋਣਾ ਚਾਹੀਦਾ ਹੈ। ਜਿਸ ਪ੍ਰਤੀਮਾਨ ਦੀ ਚੋਣ ਕੀਤੀ ਗਈ ਹੋਵੇ ਅਤੇ ਜਿਸ ਨੂੰ ਉਪਲਬਧ ਪਾਠ ਉੱਤੇ ਲਾਗੂ ਕੀਤਾ ਜਾ ਰਿਹਾ ਹੋਵੇ ਉਸ ਵਿਚ ਸਾਰੇ ਪ੍ਰਸੰਗਿਕ ਸ਼ੈਲੀ ਚਿਹਨਕਾਂ ਦੀ ਪਛਾਣ ਕਰਨ ਦੀ ਯੋਗਤਾ ਹੋਵੇ।
- ਪ੍ਰਤੀਮਾਨ ਵਿਚ ਵਿਆਪਕਤਾ ਦਾ ਗੁਣ ਹੋਵੇ। ਉਸਦੇ ਇਕ ਤੋਂ ਵਧੇਰੇ ਸੰਕਲਪੀ ਪੱਖ ਹੋਣ ਇਹ ਸੰਕਲਪ ਸ਼੍ਰੇਣੀਗਤ ਅਤੇ ਸੰਭਾਵਿਤ (Categorical and Probabilistic.) ਨਿਯਮਾਂ ਦਾ ਵਰਣਨ ਕਰਨ ਦੀ ਸਮਰੱਥਾ ਰੱਖਦਾ ਹੋਵੇ। ਜਦੋਂ ਅਗਰਭੂਮਣ ਉੱਤੇ ਇਨ੍ਹਾਂ ਸ਼ਰਤਾਂ (Conditions) ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਅਸੀਂ ਵੇਖਦੇ ਹਾਂ ਕਿ ਇਸ ਪ੍ਰਤੀਮਾਨ ਨੇ ਉਪਰੋਕਤ ਸਾਰੇ ਹੀ ਗੁਣ ਅੰਗੀਕਾਰ ਕੀਤੇ ਹੋਏ ਹਨ। ਇਸ ਕਰਕੇ ਅਗਰਭੂਮਣ ਨੂੰ ਅਸੀਂ ਪ੍ਰਮੁੱਖ ਮੰਨਿਆ ਹੈ। ਜਿਸ ਬਾਰੇ ਚਰਚਾ ਅਸੀਂ ਹੇਠ ਕੀਤੀ ਹੈ।
- ਅਗਰਭੂਮਣ ਪ੍ਰਤੀਮਾਨ ਕਿਸੇ ਵੀ ਰਚਨਾ-ਪਾਠ ਦਾ ਧੁਨੀ ਤੋਂ ਲੈ ਕੇ ਪ੍ਰਵਚਨ ਅਤੇ ਅਰਥ ਦੇ ਪੱਧਰ ਤੱਕ ਵਿਸ਼ਲੇਸ਼ਣ ਕਰਨ ਦੇ ਸਮਰੱਥ ਹੈ। ਇਹ ਭਾਸ਼ਕ ਇਕਾਈਆਂ ਦੇ ਸੰਦਰਭ ਨੂੰ ਵੀ ਨਾਲ ਲੈ ਕੇ ਚਲਦਾ ਹੈ।
- ਇਹ ਪ੍ਰਤੀਮਾਨ ਸਾਹਿਤਕ ਵਿਚਲਨ ਦਾ ਉਸਦੇ ਪ੍ਰਤੀਮਾਨਕ ਰੂਪ (norm) ਦੇ ਸਮੇਤ ਵਿਸ਼ਲੇਸ਼ਣ ਕਰਦਾ ਹੈ।

- ਇਹ ਮਾਡਲ ਗੱਦ ਸਾਹਿਤ ਰੂਪਾਂ ਦੇ ਵਿਸ਼ਲੇਸ਼ਣ ਲਈ ਸਭ ਤੋਂ ਢੁੱਕਵਾਂ ਹੈ। ਅਜਿਹਾ ਪੂਰਵਲੇ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਤੋਂ ਸਿੱਧ ਹੋ ਚੁੱਕਾ ਹੈ।

ਅਗਰਭੂਮਣ ਪ੍ਰਤੀਮਾਨ ਬੜਾ ਵਿਆਪਕ ਹੈ। ਕਿਸੇ ਸਾਹਿਤ-ਪਾਠ ਵਿਚ ਇਹ ਵਿਚਲਨ, ਸਮਾਨੰਤਰਤਾ, ਵਿਪਥਨ ਅਤੇ ਵਿਰਲਤਾ ਦਾ ਵਿਸ਼ਲੇਸ਼ਣ ਕਰਦਾ ਹੈ। ਇਹ ਅਗਰਭੂਮਣ ਦੇ ਚਾਰ ਥੰਮ ਹਨ ਆਪਣੇ ਇਸ ਚਹੁੰਮੁਖੀ ਅਧਿਐਨ ਵਿਚ ਇਹ ਪ੍ਰਤੀਮਾਨ ਧੁਨੀ ਤੋਂ ਪ੍ਰਵਚਨ ਅਤੇ ਅਰਥ ਦੇ ਪੱਧਰ ਤੱਕ ਵਿਸ਼ਲੇਸ਼ਣ ਕਰਨ ਦੇ ਸਮੱਰਥ ਹੈ। (129) ਪਾਂਡੇ ਸ਼ਸ਼ੀ ਭੂਸ਼ਣ ਸ਼ੀਤਾਂਸ਼ੂ ਆਪਣੀ ਪੁਸਤਕ ***ਸ਼ੈਲੀ ਵਿਗਿਆਨ: ਪ੍ਰਤੀਮਾਨ ਔਰ ਵਿਸ਼ਲੇਸ਼ਣ*** ਵਿੱਚ ਲਿਖਦੇ ਹਨ:

> ਇਸ ਪ੍ਰਤੀਮਾਨ ਦਾ ਸਰੂਪ ਦੋਹਰਾ ਹੈ ਆਪਣੇ ਪਹਿਲੇ ਸਰੂਪ ਵਿੱਚ ਇਹ ਅਰਗਭੂਮਣ ਦੇ ਵਿਭਿੰਨ ਅੰਗਾਂ ਅਤੇ ਉਪ-ਅੰਗਾਂ ਦਾ ਪਰਿਚੇ ਪ੍ਰਾਪਤ ਕਰਦਾ ਹੈ। ਦੂਸਰੇ ਵਿੱਚ ਇਨ੍ਹਾਂ ਸਾਰੇ ਅੰਗਾਂ ਅਤੇ ਉਪ-ਅੰਗਾਂ ਨੂੰ ਵਿਭਿੰਨ ਭਾਸ਼ਕ ਇਕਾਈਆ ਰਾਹੀਂ ਜਿਵੇਂ ਧੁਨੀ, ਸ਼ਬਦ, ਰੂਪ, ਵਾਕ, ਪ੍ਰਵਚਨ ਅਤੇ ਅਰਥ ਆਦਿ ਰਾਹੀਂ ਅਗਰਭੂਮਿਤ ਹੁੰਦਾ ਹੈ। ਕਿਸੇ ਪਾਠ ਵਿੱਚ ਜਿਸ ਦਾ ਭਾਸ਼ਕ ਇਕਾਈਆਂ ਵਿੱਚ ਅਗਰਭੂਮਣ ਉਪਲਬਧ ਹੁੰਦਾ ਹੈ। ਉਨ੍ਹਾਂ ਪੱਧਰਾਂ ਉੱਤੇ ਹੀ ਵਿਸ਼ਲੇਸ਼ਣ ਕਰ ਸਕਣਾ ਸੰਭਵ ਹੁੰਦਾ ਹੈ। ਵਿਸ਼ਲੇਸ਼ਣ ਰਾਹੀਂ ਕਿਸੇ ਪਾਠ ਅਤੇ ਸਾਹਿਤਕ ਮਰਮ ਦੇ ਸੁਹਜ ਨੂੰ ਉਜਾਗਰ ਕੀਤਾ ਜਾ ਸਕਦਾ ਹੈ। (30)

**ਅਗਰਭੂਮਣ ਅਤੇ ਭਾਸ਼ਕ ਪੱਧਰ:** ਅਗਰਭੂਮਣ ਦੇ ਚਾਰ ਮਹੱਤਵਪੂਰਨ ਪੱਧਰ ਹਨ। ਜਿਨ੍ਹਾਂ ਦੇ ਉੱਤੇ ਅਗਰਭੂਮਣ ਸਥਾਪਿਤ ਹੈ। ਹੇਠਾਂ ਇਸ ਪ੍ਰਤੀਮਾਨ ਨੂੰ ਭਾਸ਼ਕ ਇਕਾਈਆਂ ਰਾਹੀਂ ਵੰਡਿਆ ਗਿਆ ਹੈ।

#### 1.11.1.1 ਵਿਚਲਨ (Deviation)

ਵਿਚਲਨ ਅਗਰਭੂਮਣ ਪ੍ਰਤੀਮਾਨ ਦਾ ਪਹਿਲਾ ਅਤੇ ਮਹੱਤਵਪੂਰਨ ਪੱਧਰ ਹੈ। ਜਿਸ ਨੂੰ ਪਰਾਹਨ ਵੀ ਕਿਹਾ ਜਾਂਦਾ ਹੈ। ਲਿਵਿਨ ਨੇ ਪਹਿਲਾ ਪਹਿਲ ਇਸ ਨੂੰ ਸਥਾਪਿਤ ਕਰਕੇ ਦੋ ਭਾਗਾਂ ਵਿੱਚ ਵੰਡਿਆ ਸੀ

ਅੰਤਰਮੁਖੀ ਵਿਚਲਨ ਅਤੇ ਬਾਹਰ ਮੁੱਖੀ ਵਿਚਲਨ। ਬਾਅਦ ਵਿੱਚ ਇਸ ਨੂੰ 'ਵਿਚਲਨ' ਦੇ ਪੱਧਰ ਰਾਹੀਂ ਹੀ ਪੇਸ਼ ਕੀਤਾ ਜਾਣ ਲੱਗਾ ਇਹ ਸਾਹਿਤਕ ਭਾਸ਼ਾ ਨੂੰ ਸਧਾਰਨ ਭਾਸ਼ਾ ਨਾਲੋਂ ਨਿਖੇੜਦਾ ਹੈ। ਹਰ ਇਕ ਸਾਹਿਤਕਾਰ ਅਤੇ ਰਚਨਾਕਾਰ ਦਾ ਅਨੁਭਵ ਨਿਵੇਕਲਾ ਹੁੰਦਾ ਹੈ। ਇਸ ਨਿਵੇਕਲੇ ਅਨੁਭਵ ਨੂੰ ਪੇਸ਼ ਕਰਨ ਲਈ ਨਿਵੇਕਲੀ ਸ਼ਬਦਾਵਲੀ ਦੀ ਲੋੜ ਪੈਂਦੀ ਹੈ। ਇਸ ਮੰਤਵ ਲਈ ਸਾਹਿਤਕਾਰ ਆਪਣੀ ਮੌਲਿਕ ਸਾਹਿਤ ਭਾਸ਼ਾ ਸਿਰਜਦਾ ਹੈ। ਜਿਸ ਕਰਕੇ ਉਹ ਭਾਸ਼ਾ ਦੇ ਪ੍ਰਤੀਮਾਨਕ ਰੂਪ ਅਤੇ ਵਿਆਕਰਨ ਰੂਪ ਦਾ ਉਲੰਘਣ ਕਰ ਜਾਂਦਾ ਹੈ। ਇਸ ਉਲੰਘਣ ਨੂੰ  ਹੀ ਵਿਚਲਨ ਕਿਹਾ ਜਾਂਦਾ ਹੈ । ਕਿਸੇ ਵੀ ਰਚਨਾ-ਪਾਠ ਜਾਂ ਸਾਹਿਤ ਰੂਪ ਵਿੱਚ ਭਾਸ਼ਾ ਦੀਆਂ ਵਿਭਿੰਨ ਇਕਾਈਆਂ ਉੱਤੇ ਵਿਚਲਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਹੇਠਾਂ ਭਾਸ਼ਕ ਇਕਾਈਆਂ ਦੇ ਪੱਧਰ ਇਸ ਪ੍ਰਕਾਰ ਹਨ:

**(ੳ) ਧੁਨੀ ਪੱਧਰ ਉੱਤੇ ਵਿਚਲਨ:-** ਧੁਨੀ ਵਿਚਲਨ ਭਾਸ਼ਕ ਧੁਨੀਆਂ  ਉੱਤੇ ਅਧਾਰਿਤ ਹੁੰਦਾ ਹੈ। ਇਸ ਤਰ੍ਹਾਂ ਦੇ ਵਿਚਲਨ ਲਈ ਰਚਨਾਕਾਰ ਕਿਸੇ ਸ਼ਬਦ ਵਿੱਚ ਅਜਿਹੀਆਂ ਧੁਨੀਆਂ ਦੀ ਵਰਤੋਂ ਕਰਦਾ ਹੈ। ਜਿਨ੍ਹਾਂ ਵਿੱਚ ਵਿਆਕਰਨ ਅਨੁਸਾਰ ਪ੍ਰਤੀਮਾਨ ਦਾ ਉਲੰਘਣ ਹੁੰਦਾ ਹੈ। ਇਹ ਉਲੰਘਣ ਵੱਖ ਵੱਖ ਕਿਸਮਾਂ ਦਾ ਹੁੰਦਾ ਹੈ ਜਿਵੇਂ ਧੁਨੀ ਘਟਾ ਰਾਹੀਂ ਵਿਚਲਨ, ਧੁਨੀ ਵਾਧੇ ਰਾਹੀਂ ਵਿਚਲਨ, ਵਰਣ ਅਲੋਪ ਰਾਹੀਂ ਵਿਚਲਨ, ਧੁਨੀ ਬਦਲ ਰਾਹੀਂ ਵਿਚਲਨ ਆਦਿ।

**(ਅ) ਸ਼ਬਦ ਪੱਧਰ ਉੱਤੇ ਵਿਚਲਨ:-** ਸ਼ਬਦ ਨੂੰ ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥਪੂਰਨ ਅਤੇ ਸੁਤੰਤਰ ਇਕਾਈ ਮੰਨਿਆ ਜਾਂਦਾ ਸੀ। ਪਰ ਹੁਣ ਭਾਵੰਸ਼ ਨੂੰ ਛੋਟੀ ਤੋਂ ਛੋਟੀ ਅਰਥਪੂਰਨ ਅਤੇ ਸਾਰਥਕ ਇਕਾਈ ਮੰਨਿਆ ਜਾਂਦਾ ਹੈ। ਸਾਹਿਤ ਰੂਪਾਂ ਵਿੱਚ ਸ਼ਬਦ ਪੱਧਰ ਤੇ ਵਿਚਲਨ ਦੀਆਂ ਕਈ ਸੰਭਾਵਨਾਵਾਂ ਹੁੰਦੀਆਂ ਹਨ। ਇਸ ਕਰਕੇ ਸਾਹਿਤਕਾਰ ਨੇ ਜੇਕਰ ਵਾਕ ਤੋਂ ਕਿਸੇ ਹੇਠਲੀ ਇਕਾਈ ਵਿੱਚ ਆਪਣਾ ਸ਼ੈਲੀਗਤ ਪ੍ਰਭਾਵ ਛੱਡਣਾ ਹੋਵੇ ਤਾਂ ਉਹ ਇਕਾਈ 'ਸ਼ਬਦ' ਹੀ ਹੁੰਦੀ ਹੈ। ਇਸ ਲਈ ਸ਼ਬਦ ਦੀ ਪੱਧਰ ਉਤੇ ਵਿਆਕਰਨ ਭੰਨ-ਤੋੜ ਦੀ ਗੁੰਜਾਇਸ਼ ਪੈਦਾ ਹੋ ਜਾਂਦੀ ਹੈ। ਕਸ਼ਮੀਰੀ ਲਾਲ ਸੈਣੀ ਆਪਣੀ ਪੁਸਤਕ ***ਸ਼੍ਰੀ ਲਾਲ ਸੁਕਲ ਕੇ ਉਪਨਿਆਸੋਂ ਕਾ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ*** ਵਿੱਚ ਕਹਿੰਦੇ ਹਨ: ਪ੍ਰਤੀਮਾਨਕ ਭਾਸ਼ਾ ਵਿੱਚ ਪੇਸ਼ ਹੋਣ ਵਾਲਾ ਕੋਈ

ਸ਼ਬਦ, ਜਦੋਂ ਵਿਉਂਤਪਤ ਜਾਂ ਵਿਕਾਰੀ ਰੂਪ ਹਾਸਲ ਕਰਕੇ ਨਵੇਂ ਰੂਪ ਵਿਚ ਵਰਤਿਆ ਜਾਂਦਾ ਹੈ ਤਾਂ ਉਸ ਨੂੰ ਸ਼ਬਦ ਮੂਲਕ ਵਿਚਲਨ ਕਿਹਾ ਜਾਂਦਾ ਹੈ। (59)

**(ੲ) ਰੂਪ ਪੱਧਰ ਉੱਤੇ ਵਿਚਲਨ: -** ਰੂਪ ਪੱਧਰ ਤੇ ਵਿਚਲਨ ਉਸ ਸਮੇਂ ਪੈਦਾ ਹੁੰਦਾ ਹੈ। ਜਦੋਂ ਰੂਪ ਦਾ ਵਿਆਕਰਨਕ ਮਿਆਰ ਵਿੱਚ ਵਿਕਾਰ ਪੈਦਾ ਹੋਵੇ ਜਾਂ ਪਾਠ ਭਾਸ਼ਾ ਦੀਆਂ ਭਾਸ਼ਕ ਇਕਾਈਆਂ ਵਿਚ ਕੁੱਝ ਨਵਾਂ ਜੋੜ ਜਾਂ ਘਟਾ ਦਿੱਤਾ ਜਾਂਦਾ ਹੈ। ਇਸ ਤੋਂ ਬਿਨ੍ਹਾਂ ਰਚਨਾਕਾਰ ਕਿਸੇ ਸ਼ਬਦ ਸ਼੍ਰੇਣੀ ਤੋਂ ਕਿਸੇ ਦੂਸਰੀ ਸ਼ਬਦ ਸ਼੍ਰੇਣੀ ਦਾ ਪ੍ਰਕਾਰਜ ਵੀ ਕਰਵਾ ਲੈਂਦਾ ਹੈ।

(ਸ) **ਵਾਕ ਪੱਧਰ ਉਤੇ ਵਿਚਲਨ: -** ਜਿੱਥੇ ਵਾਕਾਂ ਦੇ ਸਥਾਪਿਤ ਜਾਂ ਪ੍ਰਤੀਮਾਨਕ ਪੈਟਰਨ ਨੂੰ ਛੱਡ ਕੇ ਨਵੇਂ ਪੈਟਰਨਾਂ ਵਿੱਚ ਢਾਲਿਆ ਜਾਂਦਾ ਹੈ ਜਾਂ ਜਦੋਂ ਵਾਕ ਪੂਰਾ ਨਹੀਂ ਹੁੰਦਾ, ਅਪੂਰਨ ਰਹਿ ਜਾਂਦਾ ਹੈ ਉਸ ਵੇਲੇ ਵਿਚਲਨ ਪੈਦਾ ਹੁੰਦਾ ਹੈ।

**(ਹ) ਪ੍ਰਵਚਨ ਪੱਧਰ ਉੱਤੇ ਵਿਚਲਨ: -** ਇਸ ਦਾ ਆਧਾਰ ਪ੍ਰਵਚਨ ਹੁੰਦਾ ਹੈ। ਪ੍ਰਵਚਨ ਆਪਣੇ ਆਪ ਵਿੱਚ ਇਕ ਮੁਕੰਮਲ ਬਿਆਨ ਹੁੰਦਾ ਹੈ। ਜਿਸ ਦੀ ਇਕ ਸੰਰਚਨਾ ਹੁੰਦੀ ਹੈ ਤੇ ਪ੍ਰਵਚਨ ਵਿੱਚ ਇਕ ਪੂਰਾ ਬਿਆਨ (ਸਾਰ) ਸਾਹਮਣੇ ਰੱਖਿਆ ਜਾਂਦਾ ਹੈ। ਪ੍ਰਵਚਨ ਵਾਕ ਤੋਂ ਵੱਡੀ ਇਕਾਈ ਹੈ। ਜਿਸ ਦੀ ਸੰਰਚਨਾ ਵਾਕ ਦੀ ਸੰਰਚਨਾ ਵਾਂਗ ਸਪੱਸ਼ਟ ਨਹੀਂ ਹੁੰਦੀ। ਇਸ ਦੀ ਸੰਰਚਨਾ ਇਕ ਵਾਕ ਜਿੰਨੀ ਜਾਂ ਇਸ ਤੋਂ ਵੱਡੀ ਵੀ ਹੋ ਸਕਦੀ ਹੈ। ਪ੍ਰਵਚਨ ਦੀ ਰਚਨਾ ਵਾਕਾਂ ਦੇ ਸੰਯੋਗ ਨਹੀਂ ਸਗੋਂ ਸਮੁੱਚੇ ਪਾਠ ਦੇ ਸਾਰ ਵਿਚੋਂ ਪ੍ਰਾਪਤ ਹੁੰਦੀ ਹੈ। ਕਿਉਂਕਿ ਸਮੁੱਚੇ ਕਥਨ ਨੂੰ ਪੜ ਕੇ ਇਕ ਨਤੀਜੇ ਦੇ ਸਾਰ ਲਈ ਪਹੁੰਚਿਆ ਜਾ ਸਕਦਾ ਹੈ।

**(ਕ) ਅਰਥ ਪੱਧਰ ਉੱਤੇ ਵਿਚਲਨ: -** ਅਰਥ ਦੀ ਸਤਹਿ ਦੇ ਵਿਚਲਨ ਕਈ ਰੂਪਾਂ ਵਿੱਚ ਸਭ ਤੋਂ ਵੱਧ ਦੇਖਿਆ ਜਾਂਦਾ ਹੈ। ਰਚਨਾਕਾਰ ਆਪਣੀ ਸਾਹਿਤ ਭਾਸ਼ਾ ਵਿੱਚ ਵਿਭਿੰਨ ਸ਼ਬਦਾਂ ਅਤੇ ਵਾਕਾਂ ਤੋਂ ਉਨ੍ਹਾਂ ਦੇ ਮੂਲ ਅਰਥ ਖੋਹ ਕੇ ਉਨ੍ਹਾਂ ਨੂੰ ਆਪਣੇ ਮਨੋਰਥ ਅਨੁਸਾਰ ਅਰਥ ਪ੍ਰਦਾਨ ਕਰਦਾ ਹੈ। ਇਸ ਸ਼੍ਰੇਣੀ ਦਾ ਵਿਚਲਨ ਭਾਸ਼ਕ ਇਕਾਈਆਂ ਵਿੱਚ ਸ਼ਬਦਾਂ, ਵਾਕੰਸ਼ਾਂ, ਅਤੇ ਵਾਕਾਂ ਦੀ ਸਤਹਿ ਅਤੇ ਡੂੰਘ ਪੱਧਰ ਵਿਚਕਾਰ ਆਪਸੀ ਟਕਰਾਉ ਕਰਕੇ ਪੈਦਾ ਹੁੰਦਾ ਹੈ।

**(ਖ) ਲਿਖਤ ਪੱਧਰ ਉੱਤੇ ਵਿਚਲਨ: -** ਲਿਖਤ ਪੱਧਰ ਦਾ ਵਿਚਲਨ ਲਿਖਣ ਢੰਗ ਉੱਤੇ ਆਧਾਰਿਤ ਹੁੰਦਾ ਹੈ। ਆਪਣੀ ਸ਼ੈਲੀ ਦਾ ਪ੍ਰਭਾਵ ਛੱਡਣ ਲਈ ਜਾਂ ਬੋਧਿਕਤਾ ਦਾ ਪ੍ਰਭਾਵ ਪਾਉਣ ਲਈ ਕਈ ਰਚਨਾਕਾਰ ਆਪਣੀ ਲਿਖਤ ਵਿਚ ਵਿਸ਼ਰਾਮ ਚਿੰਨ੍ਹਾਂ ਅੱਖਰ ਲਿਖਣ ਦੇ ਢੰਗ ਟੇਡੇ ਅੱਖਰ, ਜਾਂ ਉਲਟੇ ਅੱਖਰ ਥਾਂ ਖਾਲੀ ਥਾਂ ਛੱਡਣ, ਸਤਰਾਂ, ਵਾਕਾਂ ਜਾਂ ਵਾਕੰਸ਼ਾ ਨੂੰ ਜੋੜਨਾ ਜਾਂ ਤੋੜਨਾ, ਗਣਿਤਕੀ ਚਿੰਨ੍ਹਾਂ ਦੀ ਵਰਤੋਂ ਨਾਲ ਵੀ ਆਪਣੀ ਰਚਨਾ ਨੂੰ ਸਜਾਉਂਦਾ ਤੇ ਸਿਰਜਣਾਤਮਕਤਾ ਲਿਆਉਂਦਾ ਹੈ। ਜਿਸ ਨੂੰ ਲਿਖਤ ਪੱਧਰ ਦਾ ਵਿਚਲਨ ਕਿਹਾ ਜਾਂਦਾ ਹੈ।

### 1.11.1.2 ਵਿਪਥਨ (Deflection)

ਵਿਪਥਨ, ਵਿਚਲਨ ਦੇ ਦੋ ਭਾਗਾਂ ਦੀ ਵੰਡ ਵਿਚੋਂ ਨਿਕਲਿਆ ਪੱਧਰ ਹੈ। ਅੰਦਰਮੁਖੀ ਵਿਚਲਨ ਨੂੰ ਹੈਲੀਡੇ ਨੇ ਵਿਪਥਨ ਦਾ ਵੱਖਰਾ ਨਾਮ ਦਿੱਤਾ ਹੈ। ਜਿਸ ਕਰਕੇ 'ਵਿਪਥਨ' ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਵਿਪਥਨ ਦਾ ਜਨਮ ਦਾਤਾ ਹੈਲੀਡੇ ਹੀ ਹੈ। ਵਿਪਥਨ ਦਾ ਸਧਾਰਨ ਅਰਥ ਲੇਖਕ ਦੁਆਰਾ ਅਪਣਾਏ ਸ਼ੈਲੀ ਨਿਯਮਾਂ ਦਾ ਆਪ ਹੀ ਉਲੰਘਣ ਕਰ ਜਾਣ ਤੋਂ ਲਿਆ ਜਾਂਦਾ ਹੈ। ਪਾਂਡੇ ਸ਼ਸ਼ੀ ਭੂਸ਼ਣ ਸ਼ੀਤਾਂਸ਼ੂ ਆਪਣੀ ਪੁਸਤਕ ***ਸ਼ੈਲੀ ਵਿਗਿਆਨ: ਪ੍ਰਤੀਮਾਨ ਔਰ ਵਿਸ਼ਲੇਸ਼ਣ*** ਵਿੱਚ ਲਿਖਦੇ ਹਨ: ਜਦੋਂ ਲੇਖਕ ਆਪਣੇ ਦੁਆਰਾ ਅਪਣਾਏ ਗਏ ਸਥਿਰ ਪ੍ਰਤੀਮਾਨ ਦਾ ਹੀ ਉਲੰਘਣ ਕਰ ਜਾਂਦਾ ਹੈ ਅਤੇ ਇਸਦੇ ਸਮਾਨੰਤਰ ਜਾਂ ਵਿਰੋਧ ਵਿੱਚ ਦੂਸਰੇ ਪ੍ਰਤੀਮਾਨ ਨੂੰ ਸਥਾਪਿਤ ਕਰ ਦਿੰਦਾ ਹੈ ਤਾਂ ਉੱਥੇ ਵਿਪਥਨ ਹੁੰਦਾ ਹੈ। (31) ਵਿਪਥਨ ਦੀ ਇਹ ਜੁਗਤ ਧੁਨੀ: ਸ਼ਬਦ, ਰੂਪ, ਵਾਕ, ਅਰਥ ਅਤੇ ਪ੍ਰਵਚਨ ਦੀ ਪੱਧਰ ਤੱਕ ਕਾਰਜਸ਼ੀਲ ਹੁੰਦੀ ਹੈ।

**(ੳ) ਧੁਨੀ ਪੱਧਰ ਉੱਤੇ ਵਿਪਥਨ:** ਗੱਦ ਰੂਪ ਨਾਲੋਂ ਪਦ ਰੂਪ ਵਿੱਚ ਧੁਨੀ ਵਿਪਥਨ ਦੀਆਂ ਸੰਭਾਵਨਾਵਾਂ ਵਿਆਪਕ ਰੂਪ ਵਿੱਚ ਹੁੰਦੀਆਂ ਹਨ। ਇਸ ਮੰਤਵ ਲਈ ਕਵੀ ਆਪਣੀ ਕਵਿਤਾ ਵਿੱਚ ਇਕ ਨਿਸ਼ਚਿਤ ਪ੍ਰਕਾਰ ਦੀ ਧੁਨੀ ਸੰਰਚਨਾ ਜਾਂ ਵਿਸ਼ੇਸ਼ ਭਾਸ਼ਕ ਲੱਛਣ ਵਾਲੀਆਂ ਧੁਨੀਆਂ ਦੀ ਵਰਤੋਂ ਕਰਦਾ ਹੋਇਆ ਅਚਾਨਕ ਜਦੋਂ ਆਪਣੇ ਅਪਣਾਏ ਪ੍ਰਤੀਮਾਨ ਦਾ ਉਲੰਘਣ ਕਰ ਜਾਂਦਾ ਹੈ ਤਾਂ ਉੱਥੇ ਧੁਨੀ ਪੱਧਰ 'ਤੇ ਵਿਪਥਨ ਹੁੰਦਾ ਹੈ।

**(ਅ) ਸ਼ਬਦ ਪੱਧਰ ਉੱਤੇ ਵਿਪਥਨ:** ਰਚਨਾਕਾਰ ਆਪਣੀਆ ਚੁਣੀਆਂ ਹੋਈਆਂ ਸ਼ਬਦ ਮੱਦਾਂ ਨੂੰ ਤਿਆਗ ਕੇ ਨਵੇਂ ਸ਼ਬਦਾਂ ਨੂੰ ਅਪਣਾ ਲੈਂਦਾ ਹੈ। ਆਪਣੀ ਸਹਿਜ ਅਭਿਵਿਅਕਤੀ ਲਈ ਰਚੈਤਾ ਕੁਝ ਸ਼ਬਦ ਮੱਦਾਂ ਦੀ ਚੋਣ ਕਰਦਾ ਹੈ ਪਰ ਲੇਖਕ ਕਿਸੇ ਵਿਸ਼ੇਸ਼ ਪਾਠਗਤ ਸਥਿਤੀ ਵਿਚ ਉਹ ਇਨ੍ਹਾਂ ਸ਼ਬਦ-ਮੱਦ ਦਾ ਵੀ ਤਿਆਗ ਕਰਕੇ ਨਵੇਂ ਸ਼ਬਦ ਪ੍ਰਤੀਮਾਨ ਨੂੰ ਅਪਣਾ ਲੈਂਦਾ ਹੈ। ਇਸ ਪ੍ਰਵਿਰਤੀ ਨੂੰ ਅਗਰਭੂਮਣ ਪ੍ਰਤੀਮਾਨ ਵਿਚ ਸ਼ਬਦ ਪੱਧਰੀ ਵਿਪਥਨ ਕਿਹਾ ਜਾਂਦਾ ਹੈ।

**(ੲ) ਰੂਪ ਪੱਧਰ ਉੱਤੇ ਵਿਪਥਨ:** ਰਚਨਾਕਾਰ ਰੂਪ ਪੱਧਰ ਉੱਤੇ ਆਪਣੇ ਵੱਲੋਂ ਸਥਾਪਿਤ ਕੀਤੇ ਕਿਸੇ ਪ੍ਰਤੀਮਾਨ ਦੀ ਉਲੰਘਣਾ ਕਰਕੇ, ਕਿਸੇ ਹੋਰ ਪ੍ਰਤੀਮਾਨ ਦੀ ਵਰਤੋਂ ਕਰ ਲੈਂਦਾ ਹੈ। ਸਾਹਿਤ ਰਚਨਾ ਦੇ ਸਤਹੀ ਪੱਧਰ ਉੱਤੇ ਇਸ ਕਿਸਮ ਦੇ ਵਿਪਥਨ ਦੀ ਕੋਈ ਸਾਰਥਕਤਾ ਨਹੀਂ ਹੁੰਦੀ ਪਰ ਗਹਿਨ ਪੱਧਰ ਉੱਤੇ, ਇਹ ਰਚਨਾ ਪਾਠ ਨੂੰ ਆਕਰਸ਼ਕ ਬਣਾ ਕੇ ਪਾਠਕ ਦੀਆਂ ਬਿਰਤੀਆਂ ਨੂੰ ਇਕਾਗਰ ਕਰਕੇ ਪ੍ਰਭਾਵ ਦੇ ਸਮੱਰਥ ਹੁੰਦਾ ਹੈ।

**(ਸ) ਵਾਕ ਪੱਧਰ ਉੱਤੇ ਵਿਪਥਨ:** ਜਦੋਂ ਰਚਨਾਕਾਰ ਆਪਣੀ ਰਚਨਾ ਦੀ ਆਧਾਰ-ਭਾਸ਼ਾ ਨੂੰ ਛੱਡ ਕੇ ਕਿਸੇ ਦੂਸਰੀ ਭਾਸ਼ਾ ਵਿੱਚ ਥੋੜੇ ਸਮੇਂ ਲਈ ਵਾਕ ਰਚਦਾ ਹੈ ਤਾਂ ਇਸ ਸ਼੍ਰੇਣੀ ਦਾ ਵਿਪਥਨ ਪੈਦਾ ਹੁੰਦਾ ਹੈ ਇਸ ਸ਼੍ਰੇਣੀ ਦੇ ਵਿਪਥਨ ਲਈ ਉਹ ਵਿਦੇਸ਼ੀ ਭਾਸ਼ਾ (ਅੰਗਰੇਜ਼ੀ) ਰਜਿਸਟਰ, ਉਪ-ਭਾਸ਼ਾ ਦੀ ਵਰਤੋਂ ਕਰਦਾ ਹੈ। ਇਹ ਭਾਸ਼ਾ ਰਚਨਾ-ਪਾਠ ਦੀ ਆਧਾਰ ਭਾਸ਼ਾ ਨਾਲੋਂ ਵੱਖਰੀ ਹੁੰਦੀ ਹੈ। ਕਿਉਂਕਿ ਦੂਜੀਆਂ ਭਾਸ਼ਾਵਾਂ ਨੂੰ ਰਚਨਾਕਾਰ ਜਦ ਵਰਤੋਂ ਵਿੱਚ ਲਿਆਉਂਦਾ ਹੈ ਤਾਂ ਇਸ ਕਿਸਮ ਦੀ ਭਾਸ਼ਾ ਦੀ ਪਛਾਣ ਸਹਿਜੇ ਹੀ ਹੋ ਜਾਂਦੀ ਹੈ।

**(ਹ) ਅਰਥ ਪੱਧਰ ਉੱਤੇ ਵਿਪਥਨ:** ਰਚਨਾਕਾਰ ਵਲੋਂ ਵਰਤਿਆ ਗਿਆ ਕੋਈ ਸ਼ਬਦ ਜਦੋਂ ਕਿਸੇ ਵਿਸ਼ੇਸ ਅਰਥਾਂ ਨੂੰ ਪ੍ਰਗਟ ਕਰਨ ਲੱਗ ਪੈਂਦਾ ਹੈ ਪਰ ਕਿਸੇ ਦੂਸਰੀ ਥਾਂ ਵਰਤੋਂ ਲਿਆਂਦਾ ਗਿਆ ਉਹੀ ਸ਼ਬਦ ਜਦੋਂ ਕਿਸੇ ਨਵੇਂ ਅਰਥ ਨੂੰ ਪ੍ਰਗਟ ਕਰਦਾ ਹੈ ਤਾਂ ਉੱਥੇ ਅਰਥ ਪੱਧਰ ਤੇ ਵਿਪਥਨ ਹੁੰਦਾ ਹੈ। ਜਦੋਂ ਰਚਨਾ ਕ੍ਰਿਤ ਵਿੱਚ ਮੂਲ ਅਰਥਾਂ ਨੂੰ ਪੇਸ਼ ਕਰਨ ਵਾਲੇ ਵਾਕ ਜਾਂ ਵਾਕੰਸ਼ ਤੋਂ ਵੱਖਰੇ ਕਿਸੇ ਅਜਿਹੇ ਵਾਕ ਜਾਂ ਵਾਕੰਸ਼ ਦੀ

ਵਰਤੋਂ ਕੀਤੀ ਜਾਵੇ ਜੋ ਸਤਹੀ ਪੱਧਰ ਉੱਤੇ ਤਾਂ ਮੂਲ ਅਰਥਾਂ ਤੋਂ ਵੱਖਰੇ ਲੱਗਣ ਪਰ ਗਹਿਨ ਪੱਧਰ ਉੱਤੇ ਆਪਣੇ ਮੂਲ ਅਰਥ ਨਾਲ ਹੀ ਸੰਬੰਧਤ ਹੋਣ ਜਿਸ ਨੂੰ ਵਿਰੋਧਾਭਾਸ (Paradox) ਵੀ ਕਿਹਾ ਜਾ ਸਕਦਾ ਹੈ।

**(ਕ) ਲਿਖਤ ਪੱਧਰ ਉੱਤੇ ਵਿਪਥਨ:** ਜਦੋਂ ਰਚਨਾਕਾਰ ਇੱਕ ਲਿਖਣ ਢੰਗ ਦੀ ਪ੍ਰਚਲਿਤ ਵਿਧੀ ਨੂੰ ਛੱਡ ਕੇ ਦੂਸਰੀ ਵਿਧੀ ਨੂੰ ਅਪਣਾਉਂਦਾ ਹੈ ਤਾਂ ਉੱਥੇ ਲਿਖਤ ਪੱਧਰ ਤੇ ਵਿਪਥਨ ਹੁੰਦਾ ਹੈ।

**1.11.1.3 ਸਮਾਨੰਤਰਤਾ (Parallism)**

ਸਮਾਨੰਤਰਤਾ ਦੀ ਧਾਰਨਾ ਰੋਮਨ ਜੈਕਬਸਨ ਨੇ ਦਿੱਤੀ ਹੈ। ਇਸ ਲਈ ਸਮਾਨੰਤਰਤਾ ਦੀ ਧਾਰਨਾ ਦਾ ਜਨਮਦਾਤਾ ਰੋਮਨ ਜੈਕਬਸਨ ਨੂੰ ਹੀ ਮੰਨਿਆ ਜਾਂਦਾ ਹੈ। ਉਸਨੇ ਸਾਹਿਤ ਭਾਸ਼ਾ ਦੇ ਸੰਦਰਭ ਵਿੱਚ ਇਸ ਦਾ ਵਿਕਾਸ ਕੀਤਾ ਹੈ। ਡਾ. ਸ਼ੀਤਾਸ਼ੂ ਅਨੁਸਾਰ ਸਮਾਨੰਤਰਤਾ ਵਿੱਚ ਸਮਤਾ ਅਤੇ ਵਿਰੋਧ ਦੀਆਂ ਦੋ ਦਿਸ਼ਾਵਾਂ ਖੁਲਦੀਆਂ ਹਨ। ਵਿਭਿੰਨ ਕਿਸਮ ਦੇ ਦੁਹਰਾਉ ਉੱਤੇ ਆਧਾਰਿਤ ਸਮਾਨੰਤਰਤਾ ਸਮਤਾਮੂਲਕ ਸਮਾਨੰਤਰਤਾ ਹੁੰਦੀ ਹੈ ਅਤੇ ਵਿਰੋਧ ਉੱਤੇ ਆਧਾਰਿਤ ਸਮਾਨੰਤਰਤਾ ਵਿਰੋਧੀ ਸਮਾਨੰਤਰਤਾ ਹੁੰਦੀ ਹੈ। ਸਮਾਨੰਤਰਤਾ ਦਾ ਸਧਾਰਨ ਅਰਥ ਕਿਸੇ ਭਾਸ਼ਕ ਲੱਛਣ ਜਾਂ ਵਿਧਾਨ ਦਾ ਵਾਰ-ਵਾਰ ਦੁਹਰਾਉ ਜਾਂ ਬਕਾਇਦਗੀ ਹੈ। ਵਿਚਲਨ ਵਿਚ ਸਾਹਿਤਕਾਰ ਕੋਲ ਚੋਣ ਦੇ ਬਹੁਤ ਸਾਰੇ ਵਿਕਲਪ ਹੁੰਦੇ ਹਨ ਪਰ ਸਮਾਨੰਤਰਤਾ ਵਿੱਚ ਉਹ ਬਹੁਤਿਆਂ ਵਿਚੋਂ ਇੱਕ ਦੀ ਚੋਣ ਆਪ ਕਰਦਾ ਹੈ। ਵਿਚਲਨ ਵਿੱਚ ਭਾਸ਼ਕ ਅਨੇਮਤਾ ਹੁੰਦੀ ਹੈ ਉੱਥੇ ਸਮਾਨੰਤਰਤਾ ਵਿੱਚ ਅਤਿਨੇਮਤਾ ਹੁੰਦੀ ਹੈ। ਸਮਤਾਪੱਖੀ ਅਤੇ ਵਿਰੋਧ ਪੱਖੀ ਦੋਵਾਂ ਦਿਸ਼ਾਵਾਂ ਵਿੱਚ ਭਾਸ਼ਾ ਦੇ ਸਾਰੇ ਪੱਧਰ ਕ੍ਰਿਆਸ਼ੀਲ ਹੁੰਦੇ ਹਨ।

**(ੳ) ਧੁਨੀ ਪੱਧਰ ਉੱਤੇ ਸਮਾਨੰਤਰਤਾ:-** ਇਹ ਸਮਾਨੰਤਰਤਾ ਕਵਿਤਾ ਦੀ ਪੱਧਰ ਤੇ ਹੀ ਵੇਖੀ ਜਾ ਸਕਦੀ ਹੈ। ਕਵਿਤਾ ਵਿਚ ਛੰਦ, ਲੈਅ, ਤੁਕਾਂਤ ਆਦਿ ਤੱਤ ਪਾਏ ਜਾਂਦੇ ਹਨ। ਇਹਨਾ ਤੱਤਾਂ ਦੇ ਕਾਰਨ ਹੀ ਇਹ ਕਾਰਜਸ਼ੀਲ ਹੁੰਦੀ ਹੈ। ਸਾਹਿਤ ਦੀਆਂ ਹੋਰਨਾਂ ਵਿਧਾਵਾਂ ਜਿਵੇਂ ਨਾਵਲ, ਨਾਟਕ, ਨਿਬੰਧ, ਆਦਿ ਵਿਚ ਇਹ ਤੱਤ ਨਹੀਂ ਪਾਏ ਜਾਂਦੇ।

**(ਅ) ਸ਼ਬਦ ਪੱਧਰ ਉੱਤੇ ਸਮਾਨੰਤਰਤਾ: -** ਜਦੋਂ ਕਿਸੇ ਰਚਨਾ ਪਾਠ ਵਿੱਚ ਸ਼ਬਦਾਂ ਨੂੰ ਦੁਹਰਾਇਆ ਜਾਂਦਾ ਹੈ ਤਾਂ ਉੱਥੇ ਸ਼ਬਦ ਪੱਧਰ ਦੀ ਸਮਾਨੰਤਰਤਾ ਹੁੰਦੀ ਹੈ। ਸ਼ਬਦ ਦੇ ਦੁਹਰਾਅ ਲਈ ਆਦਿ, ਮੱਧ, ਅੰਤ ਕੋਈ ਵੀ ਰਾਖਵੀਂ ਥਾਂ ਹੋ ਸਕਦੀ ਹੈ। ਇਸ ਤਰ੍ਹਾਂ ਸ਼ਬਦਾਂ ਦਾ ਦੁਹਰਾਅ ਕਰਕੇ ਸਾਹਿਤਕਾਰ ਕਿਸੇ ਵੀ ਕਿਸਮ ਦੀ ਭਾਸ਼ਾ-ਸੰਰਚਨਾ ਬਣਾ ਸਕਦਾ ਹੈ।

**(ੲ) ਰੂਪ ਪੱਧਰ ਉੱਤੇ ਸਮਾਨੰਤਰਤਾ: -** ਰਚਨਾ ਪਾਠ ਵਿਚ ਜਦੋਂ ਰੂਪ ਦੇ ਆਧਾਰ ਉੱਤੇ ਸਮਰੂਪ ਭਾਸ਼ਕ ਇਕਾਈਆਂ ਦੀ ਵਰਤੋਂ ਕੀਤੀ ਗਈ ਹੋਵੇ ਉਥੇ ਰੂਪ ਪੱਧਰੀ ਸਮਾਨੰਤਰਤਾ ਹੁੰਦੀ ਹੈ। ਇਹ ਸਮਾਨੰਤਰਤਾ ਪੁਰਖ, ਲਿੰਗ, ਵਚਨ, ਕ੍ਰਿਆ ਆਦਿ ਕਿਸੇ ਵੀ ਰੂਪੀਮ ਦੀ ਹੋ ਸਕਦੀ ਹੈ।

**(ਸ) ਵਾਕ ਪੱਧਰ ਉੱਤੇ ਸਮਾਨੰਤਰਤਾ: -** ਪਾਠ ਰਚਨਾ ਵਿਚ ਜਦੋਂ ਇਕ ਵਾਕ ਦਾ ਦੁਹਰਾਅ ਵਧੇਰੇ ਵਾਰ ਕੀਤਾ ਜਾਂਦਾ ਹੈ ਤਾਂ ਇਸ ਨੂੰ ਵਾਕ ਪੱਧਰ ਦੀ ਸਮਾਨੰਤਰਤਾ ਦਾ ਨਾਂ ਦਿੱਤਾ ਜਾਂਦਾ ਹੈ। ਇਹ ਦੁਹਰਾਅ ਨੂੰ ਇਕ ਜੁਗਤ ਵਜੋਂ ਵਰਤਿਆ ਜਾਂਦਾ ਹੈ। ਵਾਕ ਦਾ ਦੁਹਰਾਅ ਵਾਕ ਰਚਨਾ ਦੇ ਵਥ ਨੂੰ ਜਾਂ ਰਚਨਾਕਾਰ ਦੇ ਮਨੋਰਥ ਨੂੰ ਉਜਾਗਰ ਕਰਦਾ ਹੈ।

**(ਹ) ਅਰਥ ਪੱਧਰ ਉੱਤੇ ਸਮਾਨੰਤਰਤਾ:-** ਪਾਠ ਰਚਨਾ ਦੇ ਅਰਥ ਪੱਧਰ ਉੱਤੇ ਜਦੋਂ ਦੁਹਰਾਅ ਅਤੇ ਵਿਰੋਧ ਰਾਹੀ ਸਮਾਨੰਤਰਤਾ ਭਾਸ਼ਕ ਇਕਾਈਆਂ ਦੀ ਵਰਤੋਂ ਕੀਤੀ ਜਾਵੇ ਤਾਂ ਉਥੇ ਅਰਥ ਪੱਧਰ ਦੀ ਸਮਾਨੰਤਰਤਾ ਹੁੰਦੀ ਹੈ। ਇਹ ਦੋ ਤਰ੍ਹਾਂ ਦੀ ਹੁੰਦੀ ਹੈ ਸਮਤਾ ਅਤੇ ਵਿਰੋਧੀ। ਸ਼ਸ਼ੀ ਭੂਸ਼ਣ ਸ਼ੀਤਾਂਸ਼ੂ ਪਾਂਡੇ ਆਪਣੀ ਪੁਸਤਕ ***ਸ਼ੈਲੀ ਵਿਗਿਆਨ: ਪ੍ਰਤੀਮਾਨ ਔਰ ਵਿਸ਼ਲੇਸ਼ਣ*** ਵਿੱਚ ਲਿਖਦੇ ਹਨ: ਅਰਥ ਪੱਧਰੀ ਸਮਤਾ ਸਮਾਨੰਤਰਤਾ ਉੱਥੇ ਪ੍ਰਾਪਤ ਹੁੰਦੀ ਹੈ ਜਿੱਥੇ ਸਮਾਨਰਥਕਾਂ ਦੀ ਵਰਤੋਂ ਹੋਣ ਦੀ ਸੰਭਾਵਨਾ ਹੋਵੇ। (51) ਮਿਸਾਲ ਵਜੋਂ ਪਾਣੀ, ਜਲ, ਨੀਰ, ਆਦਿ ਵਿਚੋਂ ਕੁਝ ਸ਼ਬਦ ਜਦੋਂ ਵਿਸ਼ੇਸ ਤਰਤੀਬ ਜਾਂ ਦੁਹਰਾਅ ਨਾਲ ਪੇਸ਼ ਹੋਣਗੇ ਤਾਂ ਉੱਥੇ ਅਰਥ ਮੂਲਕ ਸਮਤਾ ਸਮਾਨੰਤਰਤਾ ਦੀ ਸਿਰਜਣਾ ਹੋਵੇਗੀ।

**(ਕ) ਪ੍ਰਵਚਨ ਪੱਧਰ ਉੱਤੇ ਸਮਾਨੰਤਰਤਾ: -** ਸ਼ਬਦ ਅਤੇ ਵਾਕ ਜਦੋਂ ਕਿਸੇ ਕਥਨ ਨੂੰ ਰਚਨਾ ਪਾਠ ਵਿਚ ਵਾਰ-ਵਾਰ ਵਰਤਿਆ ਜਾਂਦਾ ਹੈ ਤਾਂ ਉੱਥੇ ਪ੍ਰਵਚਨ ਪੱਧਰ ਉੱਤੇ ਸਮਾਨੰਤਰਤਾ ਹੁੰਦੀ ਹੈ। ਇਹ ਸਮਤਾ ਜਾਂ ਵਿਰੋਧ ਦੇ ਪੈਟਰਨਾਂ ਵਿਚੋਂ ਕਿਸੇ ਉਪਰ ਵੀ ਆਧਰਿਤ ਹੋ ਸਕਦੀ ਹੈ।

**(ਖ) ਲਿਖਤ ਪੱਧਰ ਉੱਤੇ ਸਮਾਨੰਤਰਤਾ: -** ਰਚਨਾ ਪਾਠ ਵਿਚ ਜਦੋਂ ਪ੍ਰਸ਼ਨ, ਚਿਹਨ, ਵਿਸਮਿਕ ਚਿਹਨ, ਸੰਕੇਤ ਜਾਂ ਲਿਖਤ ਵਿਧੀ ਇਹ ਦੁਹਰਾਅ ਉਪਲਬਧ ਹੋਵੇ। ਇਹ ਸਮਾਨੰਤਰਤਾ ਦੀ ਵਧੇਰੇ ਵਰਤੋਂ ਕਾਵਿ ਸਾਹਿਤ ਵਿਚ ਹੁੰਦੀ ਹੈ।

**1.11.1.4 ਵਿਰਲਤਾ (Rareness)**

ਅਗਰਭੂਮਣ ਦਾ ਇਹ ਚੌਥਾ ਪੱਧਰ ਹੈ। ਜੋ ਰਚਨਾ ਪਾਠ ਵਿੱਚ ਕਦੇ ਵਿਚਲਨ ਦੇ ਸਹਾਰੇ ਪੇਸ਼ ਹੁੰਦਾ ਹੈ। ਵਿਰਲਤਾ ਇੱਕ ਦੀ ਸੰਖਿਆ ਤੱਕ ਹੀ ਸੀਮਿਤ ਹੁੰਦੀ ਹੈ। ਇਸ ਵਿੱਚ ਸਾਰੀਆਂ ਭਾਸ਼ਕ ਇਕਾਈਆਂ ਇਕ ਵਾਰੀ ਪੇਸ਼ ਹੁੰਦੀਆਂ ਹਨ। ਇਸ ਵਿੱਚ ਦੁਹਰਾਅ ਜਾਂ ਵਿਕਲਪ ਦੀ ਗੁੰਜਾਇਸ਼ ਨਹੀਂ ਹੁੰਦੀ। ਜਦੋਂ ਕੋਈ ਭਾਸ਼ਕ ਇਕਾਈ ਦੁਹਰਾਅ ਦਿੱਤੀ ਜਾਂਦੀ ਹੈ ਤਾਂ ਉਹ ਸਮਾਨੰਤਰਤਾ ਬਣ ਜਾਂਦੀ ਹੈ। ਜੇਕਰ ਉਸਦਾ ਵਿਕਲਪ ਆ ਜਾਵੇ ਤਾਂ ਉਸ ਵਿੱਚੋਂ ਵਿਪਥਨ ਪ੍ਰਗਟ ਹੋ ਜਾਂਦਾ ਹੈ। ਜੇਕਰ ਰੂਪ ਅਭਿਧਾ ਮੂਲ ਨਹੀਂ ਤਾਂ ਉੱਥੇ ਵਿਚਲਨ ਹਾਜ਼ਰ ਹੋ ਜਾਂਦਾ ਹੈ। ਇਸ ਕਰਕੇ ਵਿਰਲਤਾ, ਸਾਧਾਰਨ ਅਤੇ ਇਕਵਚਨੀ ਸਰੂਪ ਦੀਆਂ ਭਾਸ਼ਕ ਇਕਾਈਆਂ ਦੇ ਸਮੂਹ ਵਿਚੋਂ ਜਨਮ ਲੈਂਦੀ ਹੈ। ਇਸੇ ਕਰਕੇ ਇੱਕ ਦੀ ਸੰਖਿਆ ਤੱਕ ਹੀ ਸੀਮਿਤ ਹੁੰਦੀ ਹੈ। ਪਾਂਡੇ ਸ਼ਸ਼ੀ ਭੂਸ਼ਣ ਸ਼ੀਤਾਂਸ਼ੂ ਵਲੋਂ ਵਿਰਲਤਾ ਨੂੰ ਅਗਰਭੂਮਣ ਦਾ ਇਕ ਅੰਗ ਬਣਾਇਆ ਗਿਆ ਹੈ। ਉਸ ਅਨੁਸਾਰ ਵਿਰਲਤਾ ਵਿੱਚ ਕਿਸੇ ਵੀ ਭਾਸ਼ਕ ਪੱਧਰ ਉੱਤੇ ਕਿਸੇ ਵੀ ਭਾਸ਼ਕ ਇਕਾਈ ਦੀ ਘੱਟ ਤੋਂ ਘੱਟ ਵਰਤੋਂ ਹੁੰਦੀ ਹੈ। ਇੱਥੇ ਘੱਟ ਤੋਂ ਘੱਟ ਨੂੰ ਵਿਆਕਰਨ ਦੀ ਸ਼੍ਰੇਣੀ ਇਕਵਚਨ ਵਾਂਗ ਹੀ ਸਮਝਿਆ ਜਾਣਾ ਚਾਹੀਦਾ ਹੈ।ਸ਼ਸ਼ੀ ਭੂਸ਼ਣ ਸ਼ੀਤਾਂਸ਼ੂ ਪਾਂਡੇ ਆਪਣੀ ਪੁਸਤਕ ***ਸ਼ੈਲੀ ਵਿਗਿਆਨ: ਪ੍ਰਤੀਮਾਨ ਔਰ ਵਿਸ਼ਲੇਸ਼ਣ*** ਵਿੱਚ ਲਿਖਦੇ ਹਨ:

> ਜਦੋਂ ਪਾਠ ਦੀ ਭਾਸ਼ਿਕ ਪ੍ਰਮੁੱਖਤਾ ਜਾਂ ਅਗਰਭੂਮਣ ਅਰਥ ਨਾਲ ਜੁੜ ਕੇ ਕਦੀ ਵਿਚਲਨ ਦੇ ਸਹਾਰੇ ਉਪਸਥਿਤ ਹੁੰਦੀ ਹੈ ਤੇ ਕਦੀ ਵਿਪਥਨ ਦੇ ਸਹਾਰੇ ਅਤੇ

> ਕਦੇ ਸਮਾਨੰਤਰਤਾ ਦੇ ਸਹਾਰੇ ਪ੍ਰੰਤੂ ਕ੍ਰਿਤ ਅਥਵਾ ਪਾਠ ਵਿੱਚ ਕਦੀ ਕਦੀ ਐਸੀ ਸਥਿਤੀ ਵੀ ਉਤਪੰਨ ਹੁੰਦੀ ਹੈ, ਜਦੋਂ ਨਾ ਤਾਂ ਉੱਥੇ ਵਿਚਲਨ ਹੁੰਦਾ ਅਤੇ ਨਾ ਹੀ ਵਿਪਥਨ ਅਤੇ ਨਾ ਹੀ ਸਮਾਨੰਤਰਤਾ ਫਿਰ ਵੀ ਸ਼ਬਦ ਪ੍ਰਮੁੱਖ ਹੋ ਕੇ ਸਾਡਾ ਧਿਆਨ ਆਕਰਸ਼ਿਤ ਕਰਦੇ ਹੋਏ ਅਗਰਭੂਮਿਤ ਹੋ ਜਾਂਦੇ ਹਨ। (31)

ਕਈ ਵਿਦਵਾਨ ਇਨ੍ਹਾਂ ਨੂੰ ਥੀਮ ਸ਼ਬਦ ਅਤੇ ਕੁੰਜੀ ਸ਼ਬਦ (theme and key word) ਵੀ ਕਹਿੰਦੇ ਹਨ। ਥੀਮ ਸ਼ਬਦ ਉਹ ਹੁੰਦੇ ਹਨ ਜੋ ਰਚਨਾ ਦੇ ਥੀਮ ਨਾਲ ਜੁੜਦੇ ਹਨ। ਇਹ ਕਿਰਤ ਵਿਚ ਇਕ ਅੱਧ ਵਾਰ ਉਭਰਦੇ ਹਨ ਇਨ੍ਹਾਂ ਦੀ ਕਿਰਿਆਸ਼ੀਲਤਾ ਨੂੰ ਸਮਾਨੰਤਰਤਾ ਦੇ ਤੱਤ ਦੁਆਰਾ ਉਦਘਾਟਿਤ ਕੀਤਾ ਜਾਂਦਾ ਹੈ। ਕੁੰਜੀ ਸ਼ਬਦ ਉਹ ਹੁੰਦੇ ਹਨ ਜੋ ਕਿਰਤ ਵਿਚ ਆਵਰਤਿਤ ਨਹੀਂ ਹੁੰਦੇ ਉਹਨਾਂ ਦਾ ਪ੍ਰਯੋਗ ਕਿਰਤ ਵਿਚ ਵਿਰਲ ਹੁੰਦਾ ਹੈ ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ ਸਿਧਾਂਤ ਤੇ ਵਿਹਾਰ ਵਿੱਚ*** ਲਿਖਦੇ ਹਨ: ਵਿਰਲਤਾ ਵਿੱਚ ਹੇਠ ਲਿਖੇ ਸ਼ੈਲੀਗਤ ਗੁਣ ਹੋਣੇ ਲਾਜ਼ਮੀ ਹੁੰਦੇ ਹਨ:

- ਕਥਨ ਨਾ ਵਿਚਲਿਤ ਹੋਵੇ ਨਾ ਸਮਾਨੰਤਰਿਤ ਅਤੇ ਨਾ ਹੀ ਵਿਪਥਿਤ ਹੋਵੇ। ਪਰ ਇਸ ਦੇ ਬਾਵਜੂਦ ਵੀ ਉਸ ਵਿੱਚ ਅਗਰਭੂਮਿਤ ਹੋਣ ਦੀ ਸਮੱਰਥਾ ਹੋਵੇ।
- ਉਹ ਵਿਆਕਰਨ ਤੇ ਅਰਥ ਦੀ ਦ੍ਰਿਸ਼ਟੀ ਤੋਂ ਸਵੀਕਾਰਨ ਯੋਗ ਹੋਵੇ। ਦੂਸਰੇ ਸ਼ਬਦਾਂ ਵਿੱਚ ਕਥਨ, ਵਿਆਕਰਨਕ ਨਿਯਮਾਂ ਦੇ ਅਨੁਸਾਰ ਹੋਵੇ ਤੇ ਉਸਦਾ ਕੋਈ ਅਰਥ ਵੀ ਨਿਕਲਦਾ ਹੋਵੇ।
- ਕਥਨ ਕਈ ਦਿਸ਼ਾਵਾਂ ਵਿਚ ਫੈਲਦਾ ਹੋਵੇ।
- ਕਥਨ ਰਚਨਾ-ਪਾਠ ਵਿਚ ਇਕ ਵਾਰ ਹੀ ਵਰਤਿਆ ਗਿਆ ਹੋਵੇ।
- ਕਥਨ ਜਾਂ ਪ੍ਰਵਚਨ, ਡੂੰਘ ਸੰਰਚਨਾ ਦਾ ਧਾਰਨੀ ਹੋਵੇ।
- ਜੇਕਰ ਵਿਰਲਤਾ ਪ੍ਰਵਚਨ ਦੇ ਪੱਧਰ 'ਤੇ ਕਾਰਜਸ਼ੀਲ ਹੈ ਤਾਂ ਇਹ ਸਮੁੱਚੇ ਥੀਮ ਨੂੰ ਖੋਲਦੀ ਹੋਵੇ। (115)

ਵਿਰਲਤਾ ਕਿਸੇ ਵੀ ਰਚਨਾ-ਪਾਠ ਜਾਂ ਸਾਹਿਤ ਪਾਠ ਵਿੱਚ ਧੁਨੀ, ਸ਼ਬਦ, ਰੂਪ, ਵਾਕ, ਪ੍ਰਵਚਨ, ਅਰਥ ਅਤੇ ਲਿਖਤ ਦੇ ਪੱਧਰ ਉੱਤੇ ਕਾਰਜਸ਼ੀਲ ਹੋ ਸਕਦੀ ਹੈ। ਪਰ ਇਨ੍ਹਾਂ ਸਾਰੇ ਭਾਸ਼ਕ ਪੱਧਰਾਂ ਵਿਚੋਂ, ਸਾਰੇ ਪੱਧਰਾਂ ਉੱਤੇ ਇਸਦੇ ਕਾਰਜਸ਼ੀਲ ਹੋਣ ਦੀਆਂ ਸੰਭਾਵਨਾਵਾਂ ਕਾਫ਼ੀ ਘੱਟ ਹੁੰਦੀਆਂ ਹਨ। ਪਰ ਫਿਰ ਵੀ ਇਨ੍ਹਾਂ ਭਾਸ਼ਕ ਪੱਧਰਾਂ ਵਿਚੋਂ ਕੁਝ ਭਾਸ਼ਕ ਪੱਧਰਾਂ ਉੱਤੇ ਵਿਰਲਤਾ ਦੀ ਨਿਸ਼ਾਨਦੇਹੀ ਕਿਸੇ ਵੀ ਸਾਹਿਤ-ਰਚਨਾ ਵਿਚ ਕੀਤੀ ਜਾ ਸਕਦੀ ਹੈ। ਵਿਚਲਨ, ਵਿਪਥਨ ਅਤੇ ਸਮਾਨੰਤਰਤਾ ਦੇ ਮੁਕਾਬਲੇ ਵਿਰਲਤਾ ਦੀ ਕ੍ਰਿਆਸ਼ੀਲਤਾ ਭਾਵੇਂ ਘੱਟ ਹੁੰਦੀ ਹੈ। ਪਰ ਫਿਰ ਵੀ ਰਚਨਾ-ਪਾਠ ਵਿਚ ਇਸਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਇਹ ਕਿਹਾ ਜਾ ਸਕਦਾ ਹੈ ਕਿ ਅਗਰਭੂਮਣ ਪ੍ਰਤੀਮਾਨ ਦੁਆਰਾ ਕਿਸੇ ਰਚਨਾ ਦਾ ਸ਼ੈਲੀ ਵਿਗਿਆਨਕ ਅਧਿਐਨ ਕਰਨ ਲਈ ਉਪਰੋਕਤ ਤੱਤਾਂ ਤੇ ਧਿਆਨ ਟਿਕਾਉਣਾ ਲਾਜ਼ਮੀ ਹੈ। ਭਾਸ਼ਾ ਵਿਗਿਆਨ ਅਤੇ ਸ਼ੈਲੀ ਵਿਗਿਆਨ ਦੇ ਖੇਤਰ ਵਿਚ ਬਹੁਤ ਪ੍ਰਤੀਮਾਨ ਪ੍ਰਾਪਤ ਹੁੰਦੇ ਹਨ ਪਰੰਤੂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਰਚਨਾਵਾਂ ਦਾ ਅਧਿਐਨ ਕਰਨ ਲਈ ਸ਼ੈਲੀ ਵਿਗਿਆਨ ਦੇ ਅਗਰਭੂਮਣ ਪ੍ਰਤੀਮਾਨ ਨੂੰ ਚੁਣਿਆ ਹੈ ਜਿਹੜਾ ਕਿ ਚਾਰਾਂ ਪੱਧਰਾਂ ਤੇ ਭਾਸ਼ਾ ਦੀਆਂ ਸਾਰੀਆਂ ਇਕਾਈਆਂ ਵਿਚ ਲੁਪਤ ਹੁੰਦਾ ਹੈ।

ਉਪਰੋਕਤ ਦੀ ਲੋਅ ਵਿਚ ਸਪੱਸ਼ਟ ਹੁੰਦਾ ਹੈ ਕਿ ਸ਼ੈਲੀ ਵਿਗਿਆਨ ਦੇ ਸਿਧਾਂਤਕ ਪੱਖ ਦੀ ਚਰਚਾ ਵਿਚ ਸ਼ੈਲੀ ਦਾ ਇਤਿਹਾਸ ਅਤੇ ਜੁਝਾਰਵਾਦ ਦੇ ਇਤਿਹਾਸ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਇਸ ਦੇ ਨਾਲ ਹੀ ਸ਼ੈਲੀ ਵਿਗਿਆਨ ਦਾ ਭਾਸ਼ਾ ਵਿਗਿਆਨ ਨਾਲ ਕੀ ਸਬੰਧ ਹੈ, ਇਸ ਬਾਰੇ ਵੀ ਵਿਚਾਰ-ਚਰਚਾ ਕੀਤੀ ਗਈ ਹੈ। ਸ਼ੈਲੀ ਵਿਗਿਆਨ ਦਾ ਦੂਜੇ ਵਿਗਿਆਨਾਂ ਨਾਲ ਕੀ ਸਬੰਧ ਹੈ ਬਾਰੇ ਵੀ ਵੇਖਿਆ ਗਿਆ ਹੈ। ਸ਼ੈਲੀ ਵਿਗਿਆਨ ਦੇ ਸਿਧਾਂਤਕ ਪੱਖ ਦੀ ਚਰਚਾ ਕਰਦਿਆਂ ਇਸ ਬਾਰੇ ਖੋਜ ਕਰ ਰਹੇ ਵੱਖ-ਵੱਖ ਸਕੂਲਾਂ ਨੂੰ ਵਿਚਾਰਿਆ ਗਿਆ ਹੈ। ਸ਼ੈਲੀ ਵਿਗਿਆਨ ਦੇ ਪ੍ਰਮੁੱਖ ਮਾਡਲ ਜਿਵੇਂ ਕਿ ਅਗਰਭੂਮਣ, ਵਿਚਲਨ, ਵਿਪਥਨ, ਸਮਾਨੰਤਰਤਾ ਅਤੇ ਵਿਰਲਤਾ ਆਦਿ ਦੀ ਸਿਧਾਂਤਕ ਚਰਚਾ ਕੀਤੀ ਹੈ। ਵਿਚਲਨ ਪੱਧਰ ਵਿਚ ਧੁਨੀ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ ਹੈ। ਇਸ ਦੇ ਅੰਤਰਗਤ ਧੁਨੀ ਬਦਲ ਵਿਚਲਨ, ਧੁਨੀ ਅਲੋਪ ਵਿਚਲਨ,

ਧੁਨੀ ਵਾਧਾ ਵਿਚਲਨ, ਧੁਨੀ ਘਾਟਾ ਵਿਚਲਨ, ਸ਼ਬਦ ਪੱਧਰ 'ਤੇ ਵਿਚਲਨ, ਅਰਥ ਪੱਧਰ 'ਤੇ ਵਿਚਲਨ ਆਦਿ ਨੂੰ ਵੇਖਿਆ ਗਿਆ ਹੈ। ਇਸ ਤੋਂ ਬਾਅਦ ਵਿਪਥਨ ਪੱਧਰ ਜਿਸ ਦੇ ਅੰਤਰਗਤ ਸ਼ਬਦ ਪੱਧਰ 'ਤੇ ਵਿਪਥਨ, ਅਰਥ ਪੱਧਰ 'ਤੇ ਵਿਪਥਨ, ਲਿਖਤ ਪੱਧਰ 'ਤੇ ਵਿਪਥਨ, ਜੋੜਨੀ ਅਤੇ ਬਿਨਾ ਜੋੜਨੀ ਤੋਂ ਸਮਾਸ ਰਾਹੀਂ ਵਿਪਥਨ, ਸਮਾਨਤਾ ਦੂਜੇ ਪੱਧਰ ਤੇ ਵਿਚਾਰ ਚਰਚਾ ਕੀਤੀ ਗਈ ਹੈ। ਇਸ ਤੋਂ ਬਾਅਦ ਸ਼ੈਲੀ ਵਿਗਿਆਨ ਦੇ ਤੀਜੇ ਤੱਤ ਸਮਾਨੰਤਰਤਾ ਨੂੰ ਵਿਚਾਰਿਆ ਗਿਆ ਹੈ। ਜਿਸ ਦੇ ਅੰਤਰਗਤ ਸਮਾਨੰਤਰਤਾ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ, ਮੱਧ ਸਥਿਤੀ ਸਮਤਾ ਪੱਖੀ ਸਮਾਨੰਤਰਤਾ, ਅੰਤ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ, ਤੀਹਰੀ ਸ਼ਬਦ ਬਣਤਰ ਸਮਤਾ ਪੱਖੀ ਸਮਾਨੰਤਰਤਾ ਆਦਿ ਨੂੰ ਲਿਆ ਗਿਆ ਹੈ। ਇਸ ਤੋਂ ਬਾਅਦ ਚੌਥੇ ਤੱਤ ਵਿਰਲਤਾ ਦੇ ਪੱਧਰ ਨੂੰ ਅੱਗੋਂ ਅਰਥ ਪੱਧਰ ਵਿਰਲਤਾ, ਸਮਾਸ ਪੱਧਰ ਤੇ ਵਿਰਲਤਾ, ਨਵੇਂ ਸਮਾਸ ਸ਼ਬਦਾਂ ਰਾਹੀਂ ਵਿਰਲਤਾ ਆਦਿ ਨੂੰ ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ ਨੂੰ ਵਿਸ਼ਲੇਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ ਵਿਚ ਉਨ੍ਹਾਂ ਦੀਆਂ ਵਿਭਿੰਨ ਸ਼ੈਲੀਆਂ ਨੂੰ ਵੀ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਜਿਸ ਦਾ ਅਧਿਐਨ ਛੇਵੇਂ ਅਧਿਆਇ ਵਿਚ ਵਿਸਥਾਰ ਪੂਰਵਕ ਕੀਤਾ ਗਿਆ ਹੈ।

## ਅਧਿਆਇ ਦੂਜਾ

## ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ : ਵਿਚਲਨ ਪੱਧਰ

**2.1 ਵਿਚਲਨ ਪੱਧਰ** : ਅਗਰਭੂਮਣ ਦਾ ਪਹਿਲਾ ਪੱਧਰ ਵਿਚਲਨ ਹੈ। ਵਿਚਲਨ ਨੂੰ ਪਰੰਪਰਿਕ ਰੂਪ ਵਿਚ 'ਪਰਾਹਨ' ਕਿਹਾ ਜਾਂਦਾ ਹੈ। ਵਿਚਲਨ ਨੂੰ ਅੰਗਰੇਜ਼ੀ ਭਾਸ਼ਾ ਵਿਚ **(Deviation)** ਸ਼ਬਦ ਵਜੋਂ ਜਾਣਿਆ ਜਾਂਦਾ ਹੈ। ਕਿਸੇ ਵੀ ਰਚਨਾਕਾਰ ਦੀ ਆਪਣੀ ਵਿਲੱਖਣ ਸ਼ਬਦਾਵਲੀ, ਲਿਖਤ ਰੂਪ, ਤਕਨੀਕ ਜਾਂ ਢੰਗ ਹੁੰਦਾ ਹੈ। ਇਸ ਵਿਲੱਖਣ ਸ਼ਬਦਾਵਲੀ ਨੂੰ ਪ੍ਰਸਤੁਤ ਕਰਨ ਲਈ ਰਚਨਾਕਾਰ ਲਈ ਨਵੇਂ ਅਤੇ ਮੌਲਿਕ ਅਨੁਭਵ ਦੀ ਜ਼ਰੂਰਤ ਹੁੰਦੀ ਹੈ। ਅਜਿਹੀ ਵਿਲੱਖਣਤਾ ਕਾਰਨ ਹੀ ਇਕ ਰਚਨਾਕਾਰ ਦੀ ਦੂਸਰੇ ਰਚਨਾਕਾਰ ਨਾਲੋਂ ਵਿਲੱਖਣ ਸ਼ੈਲੀ ਦੀ ਪਛਾਣ ਹੁੰਦੀ ਹੈ। ਹਰੇਕ ਰਚਨਾਕਾਰ ਨਵੇਂ ਅਤੇ ਆਪਣੇ ਨਿੱਜੀ, ਮੌਲਿਕ ਅਨੁਭਵ ਦੇ ਆਧਾਰ ਤੇ ਰਚਨਾ ਦੀ ਸਿਰਜਣਾ ਕਰਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਕਈ ਵਾਰ ਰਚਨਾਕਾਰ ਭਾਸ਼ਾਈ ਉਚਾਰਨ ਦੇ ਪ੍ਰਤੀਮਾਨ ਰੂਪ ਅਤੇ ਵਿਆਕਰਨਿਕ ਨਿਯਮਾਂ ਦੀ ਉਲੰਘਣਾ ਵੀ ਕਰ ਜਾਂਦਾ ਹੈ। ਮੂਲ ਰੂਪ ਵਿਚ ਸਾਹਿਤਕ ਸਿਰਜਣਾ ਵਿਚ ਇਸ ਨੂੰ ਹੀ ਵਿਚਲਨ ਦਾ ਨਾਮ ਦਿੱਤਾ ਜਾਂਦਾ ਹੈ। ਪੰਜਾਬੀ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਵਿਚ ਭਾਸ਼ਾਈ ਪੱਧਰਾਂ ਉੱਤੇ ਵਿਚਲਨ ਦੇ ਇਸ ਰੰਗ ਨੂੰ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਪੰਜਾਬੀ ਸਾਹਿਤਕ ਕਿਰਤਾਂ ਵਿਚ ਇਹ ਧੁਨੀ, ਸ਼ਬਦ, ਰੂਪ ਵਾਕ, ਪ੍ਰਵਚਨ, ਲਿਖਤ, ਅਰਥ ਆਦਿ ਪੱਧਰ 'ਤੇ ਵਾਪਰਦਾ ਹੈ। ਇਸ ਬਾਰੇ ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ ਸਿਧਾਂਤ ਤੇ ਵਿਹਾਰ*** ਵਿਚ ਲਿਖਦੇ ਹਨ: ਇਸ ਮੰਤਵ ਲਈ ਸਾਹਿਤਕਾਰ ਮੌਲਿਕ ਸਾਹਿਤ ਭਾਸ਼ਾ ਸਿਰਜਦਾ ਹੈ। ਇਸ ਮੰਤਵ ਲਈ ਉਹ ਭਾਸ਼ਾ ਦੇ ਪ੍ਰਤੀਮਾਨਕ ਰੂਪ ਅਤੇ ਵਿਆਕਰਨ ਦਾ ਉਲੰਘਣ ਕਰਦਾ ਹੈ। ਇਸ ਉਲੰਘਣ ਨੂੰ ਵਿਚਲਨ ਕਿਹਾ ਜਾਂਦਾ ਹੈ। (111)

### 2.2 ਧੁਨੀ ਪੱਧਰ ਉੱਤੇ ਵਿਚਲਨ

ਧੁਨੀਆਂ ਨੂੰ ਜਦੋਂ ਬਦਲਵੇਂ ਰੂਪ ਜਾਂ ਵਾਧੇ ਘਾਟੇ ਦੇ ਰੂਪ ਵਿਚ ਲਿਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਸ ਸਮੇਂ ਧੁਨੀ ਪੱਧਰ ਉੱਪਰ ਵਿਚਲਨ ਵਾਪਰਦਾ ਹੈ। ਧੁਨੀ ਪੱਧਰ ਉੱਪਰ ਵਿਚਲਨ ਵਾਪਰਨ ਨੂੰ ਦੂਸਰੇ

ਸ਼ਬਦਾਂ ਵਿਚ ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਕੋਈ ਲੇਖਕ ਜਾਂ ਰਚਨਾਕਾਰ ਕਿਸੇ ਵੀ ਸ਼ਬਦ ਜਾਂ ਪਾਠ ਵਿਚ ਅਜਿਹੀਆਂ ਧੁਨੀਆਂ ਦੀ ਜੜ੍ਹਤ ਦੁਆਰਾ ਸਿਰਜਣਾ ਕਰਦਾ ਹੈ, ਜਿਨ੍ਹਾਂ ਵਿਚ ਵਿਆਕਰਨ ਅਨੁਸਾਰ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ।ਇਸ ਅਧਿਆਇ ਵਿਚ ਲਾਲ ਸਿੰਘ ਦਿਲ ਦੇ ਕਾਵਿ ਸੰਗ੍ਰਹਿ '**ਨਾਗ ਲੋਕ**' ਅਤੇ '**ਸੰਪੂਰਨ ਪਾਸ਼ ਕਾਵਿ**' ਅਵਤਾਰ ਸਿੰਘ ਪਾਸ਼ ਦੁਆਰਾ ਰਚਿਤ ਚੋਣਵੀਂਆਂ ਕਵਿਤਾਵਾਂ ਦੇ ਕਾਵਿ ਸੰਗ੍ਰਹਿ ਨੂੰ ਆਧਾਰ ਬਣਾਇਆ ਗਿਆ ਹੈ। ਇਹਨਾਂ ਕਾਵਿ ਸੰਗ੍ਰਹਿ ਵਿਚ ਭਾਸ਼ਾ ਵਿਆਕਰਨ ਨਿਯਮਾਂ ਦੇ ਉਲੰਘਣ ਨੂੰ ਵਿਸ਼ਾ ਪੱਖ ਦੀ ਦ੍ਰਿਸ਼ਟੀ ਦੇ ਨਾਲ ਵੀ ਸਮਝਿਆ ਜਾ ਸਕਦਾ ਹੈ।

**2.3 ਧੁਨੀ ਬਦਲਾਅ ਦੁਆਰਾ ਵਿਚਲਨ:** ਜਦੋਂ ਕਿਸੇ ਵੀ ਪ੍ਰਚਲਿਤ ਧੁਨੀ ਦੀ ਥਾਂ ਉੱਪਰ ਕੋਈ ਹੋਰ ਬਰਾਬਰ ਦੀ ਧੁਨੀ ਨੂੰ ਵਰਤੋਂ ਵਿਚ ਲਿਆਂਦਾ ਜਾਂਦਾ ਹੈ ਤਾਂ ਉੱਥੇ ਧੁਨੀ ਬਦਲਾਅ ਵਜੋਂ ਵਿਚਲਨ ਅਗਰਭੂਮਿਤ ਹੋ ਜਾਂਦਾ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਮੈਂ ਹੁਣ ਵਿਦਾ ਹੁੰਦਾ ਹਾਂ ਵਿਚ ਬਿਆਨ ਕੀਤਾ ਹੈ:

ਧੁੱਪਾਂ ਵਾਂਗ ਧਰਤੀ ਤੇ ਖਿੜ ਜਾਣਾ

ਤੇ ਫਿਰ ਗਲਵੱਕੜੀ ਵਿਚ ਸਿਮਟ ਜਾਣਾ

ਬਰੂਦ ਵਾਂਗ ਭੜਕ ਉੱਠਣਾ

ਤੇ **ਚੌਹਾਂ-ਕੂਟਾਂ** ਅੰਦਰ **ਗੂੰਜ** ਜਾਣਾ

**ਜੀਣ** ਦਾ ਇਹੋ **ਈ** ਸਲੀਕਾ ਹੁੰਦਾ ਹੈ।

ਪਿਆਰ ਕਰਨਾ ਤੇ ਜੀਣਾ ਉਨ੍ਹਾਂ ਨੂੰ ਕਦੇ ਨਹੀਂ ਆਉਣਾ

ਜਿਨ੍ਹਾਂ ਨੂੰ ਜ਼ਿੰਦਗੀ ਨੇ ਬਾਣੀਏ ਬਣਾ ਦਿੱਤਾ। (133)

ਲਾਲ ਸਿੰਘ ਦਿਲ ਅਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਬਦ ਵਿਚ ਧੁਨੀ ਬਦਲਾਅ ਵਜੋਂ ਵਿਚਲਨ ਅਗਰਭੂਮਿਤ ਹੋ ਜਾਂਦਾ ਹੈ ਜਿਵੇਂ ਮਿਸਾਲ ਵਜੋਂ:

ਸ਼ਬਦ ਤਾਂ ਕਹੇ ਜਾ **ਚੁਕੇ** ਹਨ

ਅਸਾਥੋਂ ਵੀ ਬਹੁਤ  ਪਹਿਲਾਂ  ਦੇ

ਤੇ ਅਸਾਥੋਂ ਵੀ ਬਹੁਤ ਪਿੱਛੋਂ ਦੇ

ਅਸਾਡੀ ਹਰ **ਜ਼ਬਾਨ**

ਜੇ ਹੋ ਸਕੇ ਤਾਂ ਕੱਟ ਲੈਣਾ

ਪਰ ਸ਼ਬਦ ਤਾਂ ਕਹੇ ਜਾ ਚੁੱਕੇ ਹਨ। (49)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਵਿਚ ਕ੍ਰਾਂਤੀਕਾਰੀ ਵਿਚਾਰਾਂ ਤੇ ਵਿਅੰਗਮਈ ਵਿਚਲਨ  ਕਰਦਾ ਹੋਇਆ  "ਖੁੱਲ੍ਹੀ ਚਿੱਠੀ" ਵਿਚ ਲਿਖਦਾ ਹੈ :

ਤਾਰਿਆਂ ਵੱਲ ਤੱਕ ਕੇ ਕ੍ਰਾਂਤੀ ਲਿਆਉਣ ਦੀ

ਨਸੀਹਤ ਦੇਣ **ਵਾਲਿਓ**

ਕ੍ਰਾਂਤੀ, ਜਦ ਆਈ ਤਾਂ

ਤੁਹਾਨੂੰ  ਵੀ ਤਾਰੇ ਦਿਖਾ **ਦਏਗੀ**। (61)

ਲਾਲ ਸਿੰਘ ਦਿਲ ਅਪਣੀ ਪੁਸਤਕ ***ਨਾਗ ਲੋਕ*** ਕਵਿਤਾ ਵਿਚ ਵਿਚਾਰ ਪੇਸ਼ ਕਰਦੇ ਹਨ:

ਉਲਟ ਇਨਕਲਾਬ ਦੇ ਪੈਰ

ਸਾਡੀਆਂ ਹਿੱਕਾਂ ਤੇ **ਆਣ** ਟਿਕੇ

ਜ਼ਲੀਲ ਹੋਣਾ ਹੀ ਸਾਡਾ

ਜਿਵੇਂ ਇੱਕੋ ਇੱਕ

ਪੜਾਅ ਰਹਿ ਗਿਆ। (150)

| **ਪ੍ਰਚਲਿਤ ਰੂਪ** | **ਪਰਿਵਰਤਿਤ ਰੂਪ** | **ਪ੍ਰਚਲਿਤ ਧੁਨੀ** | **ਪਰਿਵਰਤਿਤ ਧੁਨੀ** |
|---|---|---|---|
| ਚਾਰ-ਕੂਟਾਂ | ਚੌਹਾਂ-ਕੂਟਾਂ | ਚਾ+ਰ | ਚੌ |
| ਗੂੰਝ | ਗੂੰਜ | ਝ | ਜ |

| | | | |
|---|---|---|---|
| ਜਿਉਣ | ਜੀਣ | ਉ | ਜੀ |
| ਹੀ | ਈ | ਹੀ | ਈ |
| ਚੁੱਕੇ | ਚੁਕੇ | ਚੁੱ | ਚੁ |
| ਜ਼ੁਬਾਨ | ਜ਼ਬਾਨ | ਜ਼ੁ | ਜ਼ |
| ਵਾਲਿਉ | ਵਾਲਿਓ | ਉ | ਓ |
| ਵਿਖਾ ਦੇਵੇਗੀ | ਦਿਖਾ ਦਏਗੀ | ਵਿ (ਦੇਵੇ) | ਦਿ (ਦਏ) |
| ਆਉਣ | ਆਣ | ਉ | ਆ |

ਉਪਰੋਕਤ ਰੂਪ ਵਿਚ ਸਮੁੱਚੀ ਸ਼ਬਦਾਵਲੀ ਧੁਨੀ ਰੂਪ ਦੇ ਬਦਲਾਅ ਰਾਹੀਂ ਵਿਚਲਨ ਪੱਧਰ ਤੇ ਅਗਰਭੂਮਿਤ ਹੋਈ ਹੈ। ਜਿਨ੍ਹਾਂ ਵਿਚ ਧੁਨੀ ਬਦਲਾਅ ਦੁਆਰਾ ਵਿਚਲਨ ਵਿਅੰਜਨ ਅਤੇ ਸਵਰ ਰੂਪ ਵਿਚ ਮਿਲਦਾ ਹੈ ਜਿਵੇਂ ਕਿ ਗੂੰਞ (ਗੂੰਜ) ਸ਼ਬਦ ਵਿਚ ਞ-ਧੁਨੀ ਦੀ ਥਾਂ ਤੇ ਜ- ਸਵਰ ਧੁਨੀ ਦਾ ਬਦਲਾਅ ਰੂਪ ਸਾਹਮਣੇ ਆਇਆ ਹੈ। ਜਿਉਣ (ਜੀਣ) ਸ਼ਬਦ ਵਿਚ 'ਉ' ਗੁਲਾਈ ਸਹਿਤ ਸਵਰ ਧੁਨੀ ਦੀ ਜਗ੍ਹਾ ਤੇ 'ਜੀ' ਸਵਰ ਧੁਨੀ ਦਾ ਬਦਲਾਅ ਰੂਪ ਕੀਤਾ ਗਿਆ ਮਿਲਦਾ ਹੈ। ਇਸ ਤੋਂ ਇਲਾਵਾ ਹੀ (ਈ) ਸਵਰ ਧੁਨੀ ਦੀ ਥਾਂ 'ਈ' ਸਵਰ ਧੁਨੀ ਦਾ ਬਦਲਾਅ ਰੂਪ ਪ੍ਰਗਟ ਹੁੰਦਾ ਹੈ । ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਆਪਣੇ ਕਾਵਿ ਰੂਪ ਵਿਚ ਧੁਨੀ ਪੱਧਰ ਤੇ ਬਦਲਾਅ ਕਵਿਤਾਵਾਂ ਵਿਚ ਪੇਸ਼ ਕਰਦੇ ਹਨ । ਇਕ ਸ਼ਬਦ ਦਾ ਬਦਲਾਅ ਨਹੀਂ ਕਰਦੇ, ਬਲਕਿ ਹੋਰ ਕਈ ਥਾਵਾਂ ਤੇ ਧੁਨੀਆਂ ਦਾ ਬਦਲਾਅ ਵੀ ਕਰਦੇ ਹਨ ਜਿਵੇਂ ਕਿ ਅਵਤਾਰ ਸਿੰਘ ਪਾਸ਼ ਆਪਣੀ ਕਵਿਤਾ ਵਿਚ **ਗੂੰਜ** ਸ਼ਬਦ ਦੀ ਵਰਤੋਂ ਕਰਦਾ ਹੈ ਹੋਇਆ 'ਞ' ਧੁਨੀ ਦਾ ਬਦਲਾਅ 'ਜ' ਵਿਚ ਕਰ ਦਿੰਦਾ ਹੈ। ਇਸ ਤੋਂ ਇਲਾਵਾ **'ਚਾਰ ਕੂਟਾਂ** ਸ਼ਬਦ ਅਸੀਂ ਰੋਜ਼ਾਨਾ ਜ਼ਿੰਦਗੀ ਵਿਚ ਕਈ ਵਾਰ ਵਰਤਦੇ ਹਾਂ ਪਰ ਅਵਤਾਰ ਸਿੰਘ ਪਾਸ਼ ਇਕ ਨਵੀਂ ਧੁਨੀ ਵਰਤ ਕੇ ਨਵੇਂ ਸ਼ਬਦ ਦੀ ਸਿਰਜਣਾ ਕਰ ਲੈਂਦਾ ਹੈ, ਜਿਹੜੀ ਅਰਥ ਪੱਖੋਂ ਇਕ ਸਮਾਨ ਹੈ ਚੌਹਾਂ-ਕੂਟਾਂ **'ਹ** ਧੁਨੀ ਦਾ ਬਦਲਾਅ 'ਹਾਂ' ਵਿਅੰਜਨ ਧੁਨੀ ਵਿਚ ਕਰ ਦਿੱਤਾ ਹੈ। ਲਾਲ ਸਿੰਘ ਦਿਲ ਨੇ ਹਨ੍ਹੇਰਾ (ਅੰਨ੍ਹੇਰਾ) ਹ, ਅ, ਜਿਵੇਂ (ਜਿਉਂ) ਏ, ਉ, ਉਹ (ਔਹ) ਉ, ਔ, ਨੌਜਵਾਨਾਂ

(ਨੌਜੁਆਨਾਂ), ਵ, ਅ, ਉੱਥੇ (ਓਦਰੇ) ਥ, ਦਰੇ, ਸਾਡੇ (ਅਸਾਡੇ) ਸ, ਅ, ਸਾਥੋਂ (ਅਸਾਥੋਂ) ਸਾ, ਅ, ਆਉਣਾ (ਆਵੀਂ) ਉ, ਵੀ, ਲਾਉਣ (ਲਾਣ) ਉ, ਣ, ਵਿਅੰਜਨ ਧੁਨੀ ਵਿਚ ਬਦਲ ਦਿੱਤਾ ਹੈ। ਇਸ ਤਰ੍ਹਾਂ ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਦੀ ਭਾਸ਼ਾ, ਬੋਲੀ, ਸ਼ੈਲੀ ਨਿਰੋਲ ਪੰਜਾਬੀ ਅਤੇ ਸੰਗਠਿਤ ਹੈ। ਅਭਿਧਾਪਰਕ ਭਾਸ਼ਾ ਦਾ ਸਾਨੂੰ ਭੁਲੇਖਾ ਲਾਜ਼ਮੀ ਪੈਂਦਾ ਹੈ।

**2.4 ਧੁਨੀ ਅਲੋਪ ਦੁਆਰਾ ਵਿਚਲਨ:** ਜਦੋਂ ਕਿਸੇ ਵੀ ਕਾਵਿ ਸਤਰ ਜਾਂ ਕਾਵਿ ਪਾਠ ਰੂਪ ਵਿਚ ਕਈ ਸ਼ਬਦਾਂ ਵਿਚ ਕਈ ਧੁਨੀਆਂ ਅਲੋਪ ਹੋ ਜਾਂਦੀਆਂ ਹਨ ਤਾਂ ਉੱਥੇ ਧੁਨੀ ਅਲੋਪ ਦੁਆਰਾ ਵਿਚਲਨ ਹੁੰਦਾ ਹੈ। ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਵਿਚ ਵੀ ਧੁਨੀ ਅਲੋਪ ਦੁਆਰਾ ਵਿਚਲਨ ਵੀ ਵੇਖਣ ਨੂੰ ਮਿਲਦਾ ਹੈ ਜਿਵੇਂ ਕਿ ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ “ਭਾਰਤ” ਵਿਚ ਧੁਨੀ ਅਲੋਪ ਦੁਆਰਾ ਵਿਚਲਨ ਬਿਆਨ ਕੀਤਾ ਹੈ :

ਉਸ ਦੀ ਟੋਪੀ ਹਵਾ **’ਚ** ਉਛਾਲ ਦਿਆਂ। (33)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਜਜ਼ਬੇ ਦੀ ਖੁਦਕੁਸ਼ੀ ਵਿਚ ਧੁਨੀ ਅਲੋਪ ਦੁਆਰਾ ਵਿਚਲਨ ਵਿਚਾਰ ਪੇਸ਼ ਕਰਦੇ ਹਨ :

**ਇਕੇਰਾਂ** ਨਾ ਮਿਲਣ ਉੱਤੇ

ਜੋ **ਅੰਗਾਰੇ** ਤੇਰੇ ਦਿਲ ਨੂੰ। (59)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਹੋਚੀ ਦਾ ਜਾਣਾ ਵਿਚ ਧੁਨੀ ਅਲੋਪ ਦੁਆਰਾ ਵਿਚਲਨ ਵਿਚਾਰ ਪੇਸ਼ ਕਰਦੇ ਹਨ :

**’ਵਾਜ** ਤੇਰੀ ਤਾਰਿਆਂ ਵਿਚ ਗਰਜਦੀ। (72)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਕਾਂਗਲਾ ਤੇਲੀ ਵਿਚ ਧੁਨੀ ਅਲੋਪ ਦੁਆਰਾ ਵਿਚਲਨ ਵਿਚਾਰ ਪੇਸ਼ ਕਰਦੇ ਹਨ :

ਵੈਲੀਆਂ ਨੂੰ **ਭੈ** ਸੀ ਪੀਰੂ ਰਾਠ ਦਾ

ਉੱਡਦੇ ਟਟਹਿਣੇ '**ਨ੍ਹੇਰ** ਪੱਛਦੇ।

ਬੱਧੇ-ਮੂੰਹਾਂ ਵਾਲਿਆਂ **ਜੁਆਨਾਂ** ਨੇ

ਛੋਟੇ ਰੁੱਖਾਂ ਉੱਤੋਂ ਛਾਲਾਂ ਮਾਰ '**ਗੇ।** (84)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਲਾਲ ਪੂਰਬ ਵਿਚ ਧੁਨੀ ਅਲੋਪ ਦੁਆਰਾ ਵਿਚਲਨ ਵਿਚਾਰ ਪ੍ਰਗਟ ਕਰਦੇ ਹਨ:

ਚੱਲੀਆਂ **ਮਜ਼ੂਰੀ** ਨੂੰ

ਬਸਤੀਆਂ ਕਿ ਸੁਬ੍ਹਾ ਸ਼ਾਮ। (92)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਜੇਲ੍ਹ ਦੀ ਕੰਧ ਵਿਚ ਧੁਨੀ ਅਲੋਪ ਦੁਆਰਾ ਵਿਚਲਨ ਵਿਚਾਰ ਪ੍ਰਗਟ ਕਰਦੇ ਹਨ:

ਦਾਤੀ-**ਥੌੜ੍ਹੀਆਂ** ਦੇ ਨਿਸ਼ਾਨ। (96)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਗ਼ਜ਼ਲਾਂ ਵਿਚ ਧੁਨੀ ਅਲੋਪ ਦੁਆਰਾ ਵਿਚਲਨ ਵਿਚਾਰ ਪ੍ਰਗਟ ਕਰਦੇ ਹਨ:

ਚਲੀ ਜਾਵੇਗੀ ਧਰਤੀ ਤੋਂ ਅਸਾਡੀ ਲਾਸ਼ ਦੀ **ਬੂ** ਵੀ। (80)

ਉਹ ਬਹੁਤ ਕੁਝ **ਵਗ੍ਹਾ** ਦੇਂਦੀ ਏ। (101)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਖ਼ਤ ਵਿਚ ਧੁਨੀ ਅਲੋਪ ਦੁਆਰਾ ਵਿਚਲਨ ਵਿਚਾਰ ਪ੍ਰਗਟ ਕਰਦੇ ਹਨ:

ਨਿੱਤ ਬੂਹੇ '**ਤੇ ਆਣ**। (108)

| **ਪ੍ਰਚਲਿਤ ਰੂਪ** | **ਪਰਿਵਰਤਿਤ ਰੂਪ** | **ਪ੍ਰਚਲਿਤ ਧੁਨੀ** | **ਪਰਿਵਰਤਿਤ ਧੁਨੀ** |
|---|---|---|---|
| ਵਿਚ | 'ਚ | ਵਿ | 'ਚ |
| ਇਕ ਵਾਰ | ਇਕੇਰਾਂ | ਇਕ | ਵਾਰ |

| | | | |
|---|---|---|---|
| ਅੰਗਆਰੇ | ਅੰਗਾਰੇ | ਅੰਗ | ਆਰੇ |
| ਅਵਾਜ | ਵਾਜ | ਅ | ਵਾਜ |
| ਭੈਅ | ਭੈ | ਭੈ | ਅ |
| ਹਨ੍ਹੇਰ | ਨ੍ਹੇਰ | ਹ | ਨ੍ਹੇਰ |
| ਨੌਜੁਆਨਾਂ | ਜੁਆਨਾਂ | ਨੌ | ਜੁਆਨਾਂ |
| ਗਏ | ਗੇ | ਗ | ਏ |
| ਮਜ਼ਦੂਰੀ | ਮਜ਼ੂਰੀ | ਮਜ਼ | ਦੂਰੀ |
| ਹਥੌੜੀਆਂ | ਥੌੜ੍ਹੀਆਂ | ਹ | ਥੌੜ੍ਹੀਆਂ |
| ਬਦਬੂ | ਬੂ | ਬਦ | ਬੂ |
| ਵਗਿਆ | ਵਗ੍ਹਾ | ਵਗ੍ਹ | ਆ |
| ਆਉਣ | ਆਣ | ਆਉ | ਣ |
| ਇਨਕਲਾਬ | ਇੰਕਲਾ | ਇੰਨ | ਕਲਾਬ |
| ਜ਼ਿੰਦਾਬਾਦ | ਜ਼ਿੰਦਾਬਾ | ਜ਼ਿੰਦਾ | ਬਾਦ |
| ਜਿਉਣਾ | ਜੀਣਾ | ਜਿਉ | ਣਾ |
| ਹਵਾਏ | ਵਾਏ | ਹ | ਵਾਏ |
| ਉੱਤੇ | ‘ਤੇ | ਉੱ | ‘ਤੇ |
| ਜਿਸਦਾ | ਜ੍ਹਿਦਾ | ਜਿਸ | ਦਾ |
| ਕੋਮਲ | ਕੂਲੇ | ਕੋ | ਮਲ |
| ਜਿਊਣਾ | ਜੀ | ਜਿਊ | ਣਾ |
| ਮਜ਼ਦੂਰ | ਮਜ਼ੂਰ | ਮ | ਜ਼ੂਰ |

| | | | |
|---|---|---|---|
| ਮਾਤਾ | ਮਾਂ | ਮਾ | ਤਾ |
| ਪਿਉ | ਪੇ | ਪਿ | ਉ |
| ਆਪਣੇ | ਆਪੇ | ਆਪ | ਣੇ |
| ਤੇਰੇ ਤੋਂ | ਤੈਥੋਂ | ਤੇਰੇ | ਤੋਂ |
| ਜਿਸਦੀ | ਜਿਦ੍ਹੀ | ਜਿਸ | ਦੀ |
| ਭੌਂਇ | ਭੌਂ | ਭੌਂ | ਇ |
| ਮੇਰੇ ਤੋਂ | ਮੈਥੋਂ | ਮੇਰੇ | ਤੋਂ |
| ਆਦਤ | ਆਦੀ | ਆਦ | ਤ |

ਇਸ ਤਰ੍ਹਾਂ ਸ਼ੈਲੀ ਵਿਗਿਆਨ ਵਿਚ 'ਧੁਨੀ ਅਲੋਪ ਵਿਚਲਨ ਪੱਧਰ ਵੀ ਧੁਨੀ ਪੱਧਰ ਦੇ ਇਕ ਵਿਸ਼ੇਸ਼ ਅੰਗ ਵਜੋਂ ਉੱਭਰਦਾ ਹੈ। ਧੁਨੀ ਅਲੋਪ ਵਿਚਲਨ ਪੱਧਰ ਤੋਂ ਭਾਵ ਹੈ ਕਿ ਇਸ ਵਿਚ ਕੋਈ ਵੀ ਰਚਨਾਕਾਰ ਧੁਨੀਆਂ ਦੀ ਵਰਤੋਂ ਨਹੀਂ ਕਰਦਾ। ਉਦਾਹਰਨ ਵਜੋਂ ਕੋਈ ਵੀ ਕਵੀ ਜਾਂ ਲੇਖਕ ਆਪਣੀ ਰਚਨਾ ਵਿਚ ਮੁੱਢਲੀ ਧੁਨੀ ਅੰਤ ਜਾਂ ਵਿਚਕਾਰਲੀ ਧੁਨੀ ਨੂੰ ਅਲੋਪ ਕਰ ਦਿੰਦਾ ਹੈ ਜਿਵੇਂ ਕਿ ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਦੇ ਉਪਰੋਕਤ ਕਾਵਿ ਟੋਟਿਆਂ ਨੂੰ ਵਿਚਾਰਦੇ ਹੋਏ ਕੁੱਝ ਉਦਾਹਰਨਾਂ ਵੀ ਦਿੱਤੀਆਂ ਹਨ। ਜਿਵੇਂ 'ਵਿਚ' ਸ਼ਬਦ ਲਈ 'ਚ' 'ਉੱਤੇ' ਸ਼ਬਦ ਲਈ 'ਤੇ' 'ਭੈਅ' ਸ਼ਬਦ ਲਈ 'ਭੈ', 'ਮਾਤਾ' ਸ਼ਬਦ ਲਈ 'ਮਾਂ', 'ਪਿਉ' ਸ਼ਬਦ ਲਈ 'ਪੇ', 'ਭੌਂਇ' ਸ਼ਬਦ ਲਈ 'ਭੌਂ, 'ਆਦਤ' ਸ਼ਬਦ ਲਈ 'ਆਦੀ' 'ਆਪਣੇ' ਸ਼ਬਦ ਲਈ 'ਆਪੇ' ਧੁਨੀ ਦੀ ਵਰਤੋਂ ਕੀਤੀ ਗਈ ਹੈ, ਇਸ ਤਰ੍ਹਾਂ ਇਹਨਾਂ ਕਵੀਆਂ ਨੇ 'ਵਿਚ' 'ਵਿ' 'ਭੈਅ' 'ਅ' 'ਮਾਤਾ' 'ਤਾ' 'ਪਿਉ' 'ਉ' ਉੱਤੇ 'ਉੱ' 'ਭੌਂਇ' 'ਇ' 'ਆਦਤ' 'ਤ' 'ਆਪਣੇ' 'ਣੇ' ਆਦਿ ਵਿਚ ਵਿਅੰਜਨ ਤੇ ਸਵਰ ਅਲੋਪ ਕਰ ਦਿੱਤੇ ਹਨ। ਪਿਉ ਤੋਂ 'ਪੇ' ਕਿਤੇ ਨਾ ਕਿਤੇ ਕਵਿਤਾਵਾਂ ਵਿੱਚ ਉਪਭਾਸ਼ਾਈ ਰੰਗਣ ਵੀ ਮਿਲਦਾ ਹੈ। ਇਸ ਤੋਂ ਇਲਾਵਾ ਇਸ ਤਰ੍ਹਾਂ ਦੀਆਂ ਕਈ ਹੋਰ ਉਦਾਹਰਨਾਂ ਵੀ ਮਿਲਦੀਆਂ ਹਨ।

**2.5 ਧੁਨੀ ਵਾਧੇ ਰਾਹੀਂ ਵਿਚਲਨ** : ਜਦੋਂ ਧੁਨੀਆਂ ਨੂੰ ਵਧਾ ਕੇ ਲਿਖਿਆ ਜਾਂਦਾ ਹੈ ਜਿਸ ਦੀ ਬੇਲੋੜੀ ਵਰਤੋਂ ਵੀ ਲੱਗਦੀ ਹੈ ਉੱਥੇ ਧੁਨੀ ਵਾਧੇ ਰਾਹੀਂ ਵਿਚਲਨ ਹੁੰਦਾ ਹੈ।

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਬਦ ਵਿਚ ਧੁਨੀ ਵਾਧੇ ਵਜੋਂ ਵਿਚਲਨ ਅਗਰਭੂਮਿਤ ਹੋ ਜਾਂਦਾ ਹੈ ਜਿਵੇਂ ਮਿਸਾਲ ਵਜੋਂ:

ਸ਼ਬਦ ਤਾਂ ਕਹੇ ਜਾ ਚੁਕੇ ਹਨ

**ਅਸਾਥੋਂ** ਵੀ ਬਹੁਤ ਪਹਿਲਾਂ ਦੇ

ਤੇ **ਅਸਾਥੋਂ** ਵੀ ਬਹੁਤ ਪਿੱਛੋਂ ਦੇ

**ਅਸਾਡੀ** ਹਰ ਜ਼ਬਾਨ

ਜੇ ਹੋ ਸਕੇ ਤਾਂ ਕੱਟ ਲੈਣਾ

ਪਰ ਸ਼ਬਦ ਤਾਂ ਕਹੇ ਜਾ ਚੁੱਕੇ ਹਨ। (49)

ਆਮ ਬੋਲ-ਚਾਲ ਅਤੇ ਸਾਹਿਤਕ ਪੱਧਰ ਤੇ ਅਸੀਂ 'ਸਾਡਾ' ਸ਼ਬਦ ਦੀ ਵਰਤੋਂ ਕਰਦੇ ਹਾਂ ਪਰ ਕਵੀ ਨੇ ਇੱਥੇ 'ਅਸਾਡਾ' ਸ਼ਬਦ ਦੀ ਵਰਤੋਂ ਕਰ ਕੇ 'ਅ' ਸ੍ਵਰ ਧੁਨੀ ਦਾ ਵਾਧਾ ਕੀਤਾ ਹੈ। ਜੋ ਕਵੀ ਦੀ ਇੱਕ ਵੱਖਰੀ ਸ਼ੈਲੀ ਦਾ ਪ੍ਰਭਾਵ ਵੀ ਪਾਉਂਦਾ ਹੈ।

**2.6 ਧੁਨੀ ਘਾਟੇ ਰਾਹੀਂ ਵਿਚਲਨ:** ਜਦੋਂ ਸ਼ਬਦਾਂ ਵਿੱਚ ਧੁਨੀਆਂ ਨੂੰ ਘਟਾ ਕੇ ਲਿਖਿਆ ਜਾਵੇ ਪਰ ਅਰਥ ਪੂਰਨ ਹੋਵੇ ਉੱਥੇ ਧੁਨੀ ਘਾਟੇ ਰਾਹੀ ਵਿਚਲਨ ਹੁੰਦਾ ਹੈ ।

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਸਫਰ ਵਿਚ ਧੁਨੀ ਘਟਾ ਵਜੋਂ ਵਿਚਲਨ ਅਗਰਭੂਮਿਤ ਹੋ ਜਾਂਦਾ ਹੈ ਜਿਵੇਂ ਮਿਸਾਲ ਵਜੋਂ:

ਪੁਰਾਣੇ **ਕਲੰਡਰ** 'ਚ ਸੁੱਟ ਦਿੱਤਾ ਹੈ

ਮੈਂ ਚਾਹਤ ਦੀਆਂ **ਸਧੀਆਂ** ਹੋਈਆਂ ਉਂਗਲਾਂ ਦਾ ਜਾਲ

ਬੀਤੇ ਦੇ ਸਾਗਰ 'ਚੋਂ ਕੱਢ ਲਿਆਵਾਂਗਾ

ਕੋਈ ਠਹਿਰਿਆ ਹੋਇਆ ਸਮਾਂ

ਤੇ ਉਸ ਨੂੰ ਆਪਣੀ ਅੱਜ ਦੇ ਹਜ਼ੂਰ ਪੇਸ਼ ਕਰਕੇ

ਫਿਟਕਾਰ ਦੇਵਾਂਗਾ (79)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਉਡੀਕ ਵਿਚ ਧੁਨੀ ਘਟਾ ਵਜੋਂ ਵਿਚਲਨ ਅਗਰਭੂਮਿਤ ਹੋ ਜਾਂਦਾ ਹੈ ਜਿਵੇਂ ਮਿਸਾਲ ਵਜੋਂ:

ਫਿਰ ਸ਼ਾਇਦ ਸਿਗਰਟ ਨਾਲ਼ ਅੰਦਰ ਲੂਹਣ ਦੀ

ਜ਼ਰੂਰਤ ਨਾ ਰਹੇ

ਸ਼ਾਇਦ **ਆਵਾਰਗੀ** ਦੀ ਜ਼ਿੱਲਤ ਘਟ ਜਾਏ

ਮੁੱਕ ਜਾਏ ਬੇਚਾਰਗੀ ਦਾ ਦਰਦ........... (101)

| **ਪ੍ਰਚਲਿਤ ਰੂਪ** | **ਪਰਵਰਤਿਤ ਰੂਪ** | **ਪ੍ਰਚਲਿਤ ਧੁਨੀ** | **ਪਰਵਰਤਿਤ ਧੁਨੀ** |
|---|---|---|---|
| ਸੋਧੀਆਂ | ਸਧੀਆਂ | ਸੋ | ਸ |
| ਕੈਲੰਡਰ | ਕਲੰਡਰ | ਕੈ | ਕ |
| ਅਵਾਰਾਗਰਦੀ | ਆਵਾਰਗੀ | ਆ | ਈ |

ਉਪਰੋਕਤ ਪ੍ਰਚਲਿਤ ਸ਼ਬਦ ਸੋਧੀਆਂ ਵਿੱਚ ਓ ਸਵਰ ਧੁਨੀ ਹੋੜਾ ਦੀ ਵਰਤੋ ਕੀਤੀ ਗਈ ਹੈ ਪਰ 'ਸਧੀਆਂ' ਸ਼ਬਦ ਵਿਚ ਹੋੜਾ ਲਗਾ ਧੁਨੀ ਦੀ ਵਰਤੋਂ ਨਹੀਂ ਕੀਤੀ ਗਈ। ਦੂਸਰਾ 'ਕੈਲੰਡਰ' ਸ਼ਬਦ ਵਿਚ ਕ ਵਿਅੰਜਨ ਨਾਲ ਦੁਲਾਵਾਂ ਦੀ ਮਾਤਰਾ ਧੁਨੀ ਦੀ ਵਰਤੋਂ ਨਹੀਂ ਕੀਤੀ ਗਈ। ਆ, ਦੀਰਘ ਸਵਰ ਦੀ ਵਰਤੋਂ ਕਵੀ ਨੇ ਸ਼ਬਦ ਦੇ ਸ਼ੁਰੂ ਵਿੱਚ ਕੀਤੀ ਹੈ ਜਦਕਿ ਪ੍ਰਚਲਿਤ ਰੂਪ ਵਿੱਚ 'ਅ' ਲਘੂ ਸਵਰ ਦੀ ਵਰਤੋਂ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਕਵੀ ਨੇ 'ਆਵਾਰਗੀ' ਸ਼ਬਦ ਨੂੰ ਰੂਪ ਬਦਲ ਕੇ 'ਰ' ਅਤੇ 'ਦ' ਵਿਅੰਜਨ ਨੂੰ ਧੁਨੀ ਘਾਟੇ ਰਾਹੀਂ ਲਿਖਿਆ ਹੈ। ਆਵਾਰਗੀ ਸ਼ਬਦ ਵਿਚ ਅ ਅਤੇ ਰ ਦ ਵਿਅੰਜਨ ਧੁਨੀ ਦੀ ਵਰਤੋਂ ਨਹੀਂ

ਕੀਤੀ ਗਈ। ਪਰ ਕਵੀ ਦੀ ਇਹ ਸ਼ਬਦ ਬਣਤਰ ਸਾਧਾਰਨ ਨਹੀਂ ਇਕ ਸ਼ੈਲੀਗਤ ਪ੍ਰਭਾਵ ਹੈ ਜੋ ਲਿਖਤ ਜਾਂ ਸਾਹਿਤਕ ਪੱਧਰ ਉੱਤੇ ਇਕ ਧੁਨੀ ਘਟਾ ਵਜੋਂ ਅਗਰਭੂਮਿਤ ਹੋਈ ਸ਼ਬਦਾਵਲੀ ਹੈ।

**ਅ) ਇਤਿਹਾਸ ਪ੍ਰੰਪਰਾ ਅਤੇ ਆਧੁਨਿਕਤਾ:-** ਡਾ. ਹਰਿਭਜਨ ਸਿੰਘ ਅਤੇ ਡਾ. ਜਗਤਾਰ ਨੇ ਪਾਸ਼ ਅਤੇ ਦਿਲ ਨੂੰ ਸੁਹਜਵਾਦੀ ਅਤੇ ਜੁਝਾਰਵਾਦੀ ਕਵੀ ਮੰਨਿਆ ਹੈ। ਕਿਉਂ ਜੋ ਕਵੀ ਵੱਖ-ਵੱਖ ਕਾਵਿ ਦੀਆਂ ਸਾਹਿਤਕ ਲਹਿਰਾਂ ਵਿਚ ਵਿਚਰਦਾ ਹੈ ਜਿਵੇਂ ਪ੍ਰੰਪਰਾਵਾਦੀ, ਪ੍ਰਗਤੀਵਾਦੀ, ਰੁਮਾਂਸਵਾਦੀ ਅਤੇ ਪ੍ਰਯੋਗਵਾਦੀ ਆਦਿ। ਜਿਨ੍ਹਾਂ ਦੀ ਝਲਕ ਪਾਸ਼ ਅਤੇ ਦਿਲ ਦੀਆਂ ਕਵਿਤਾਵਾਂ ਸਤਲੁਜ ਦੀ ਹਵਾ, ਸ਼ਾਮ ਦਾ ਰੰਗ, ਸ਼ਬਦ, ਰਾਜੇ ਸ਼ੀਂਹ, ਜਾਤ, ਲਾਲ ਪੂਰਬ, ਪੰਜਾਬ, ਮਾਂ ਭੂਮੀ, ਅਜੂਬਾ, ਉੱਚੀ ਨੀਵੀਂ ਸਭਿਅਤਾ, ਉਲਟ ਇਨਕਲਾਬ ਦੇ ਪੈਰ, ਭਾਰਤੀ ਸਭਿਆਚਾਰ, ਨਾਗ ਲੋਕ, ਸਮਾਜਵਾਦ, ਸਤਲੁਜ ਦੀ `ਵਾਏ ਨੀ ਅਤੇ ਪਾਸ਼ ਦੀਆਂ ਰਚਨਾਵਾਂ ਭਾਰਤ, ਦੇਸ਼ ਭਗਤ, ਮੇਰਾ ਦੇਸ਼, ਉੱਡਦਿਆਂ ਬਾਜ਼ਾਂ ਮਗਰ, ਮੈਂ ਪੁੱਛਦਾ ਹਾਂ, ਇਨਕਾਰ, ਬੇਵਫਾ ਦੀ ਦਸਤਾਵੇਜ, ਸਾਡੇ ਸਮਿਆਂ ਵਿਚ, 13 ਅਪ੍ਰੈਲ, ਬੇਦਖਲੀ ਲਈ ਬਿਨੈ -ਪੱਤਰ, ਧਰਮ ਦੀਕਸ਼ਾ ਲਈ ਬਿਨੈ ਪੱਤਰ, ਸਭ ਤੋਂ ਖਤਰਨਾਕ ਵਿਚੋਂ ਵੀ ਮਿਲਦੀ ਹੈ। ਦੂਸਰਾ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਆਧੁਨਿਕਤਾ ਅਤੇ ਪ੍ਰੰਪਰਾ ਦੋਨਾਂ ਦੀ ਰੰਗਤ ਮਹੱਤਵਪੂਰਨ ਹੈ। ਆਧੁਨਿਕ ਉਹ ਹੈ ਜੋ ਪ੍ਰੰਪਰਾਗਤ ਨਹੀਂ ਆਧੁਨਿਕ ਸ਼ਬਦ ਮਸ਼ੀਨੀ ਯੁੱਗ ਦੀ ਦੇਣ ਹੈ। ਜੋ ਇਕ ਅਤਿ ਵਿਸ਼ਾਲ ਸਕੰਲਪ ਹੈ। ਜਿਸ ਵਿੱਚ ਹਰ ਕਿਸਮ ਦੇ ਸੰਕਲਪ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪਾਸ਼ ਅਤੇ ਦਿਲ ਨੇ ਲਘੂਮਾਨਵ ਦੀ ਦ੍ਰਿਸ਼ਟੀ ਨੂੰ ਚਿੱਤਰਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਵਿੱਚ ਕੁਝ ਉਭਰਦੇ ਨੁਕਤੇ ਸਾਡੀ ਨਜ਼ਰੇ ਪੈਂਦੇ ਹਨ। ਜਿਵੇਂ ਇਕਲੱਤਾ, ਅਜਨਬੀਪਣ, ਬੇਗਾਨਗੀ, ਤੌਖਲਾ ਆਦਿ। ਮਸ਼ੀਨੀਯੁੱਗ ਨੇ ਮਨੁੱਖ ਦਾ ਅਜਿਹਾ ਅਮਨੁੱਖੀਕਰਨ ਕਰ ਦਿੱਤਾ ਹੈ ਕਿ ਮਨੁੱਖ ਨੂੰ ਮਨੁੱਖ ਸਮਝਣ ਤੋਂ ਅਸਮੱਰਥ ਹੋ ਗਿਆ ਹੈ। ਮਨੁੱਖ ਇਥੋਂ ਤੱਕ ਮਸ਼ੀਨ ਬਣ ਗਿਆ ਹੈ ਕਿ ਉਸਦਾ ਹਰ ਕਰਮ ਵੀ ਮਸ਼ੀਨ ਵਾਂਗ ਨਿਰਧਾਰਤ ਹੋ ਚੁੱਕਾ ਹੈ। ਉਨ੍ਹਾਂ ਦੀਆਂ ਰਚਨਾਵਾਂ ਦੇ ਵਿਸ਼ੇ 'ਚ ਭ੍ਰਿਸ਼ਟਾਚਾਰ ਨਾਲ ਸੰਬੰਧਤ ਵੀ ਹਨ ਅਜਿਹੇ ਵਿਸ਼ੇ ਜੋ ਸਮਾਜ ਨੂੰ ਖੋਖਲਾ ਕਰ ਰਹੇ ਹਨ। ਅਜਿਹੀਆਂ ਕਵਿਤਾਵਾਂ ਪਾਸ਼ ਅਤੇ ਦਿਲ ਦੀ ਤੀਖਣ ਬੁੱਧੀ ਦਾ ਪ੍ਰਭਾਵ ਪੈਦਾ ਕਰਦੀਆਂ ਹਨ।

**2.7 ਸ਼ਬਦ ਪੱਧਰ ਉੱਤੇ ਵਿਚਲਨ:** ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਦੀਆਂ ਰਚਨਾਵਾਂ ਵਿਚ ਸ਼ਬਦ ਪੱਧਰ ਉੱਤੇ ਵਿਚਲਨ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਮਿਲਦੀਆਂ ਹਨ ਕਿਉਂਕਿ ਸ਼ਬਦ ਪੱਧਰ ਉੱਤੇ ਵਿਚਲਨ ਦਾ ਆਧਾਰ ਸ਼ਬਦ ਹੁੰਦਾ ਹੈ। ਸ਼ਬਦ ਨੂੰ ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਅਤੇ ਅਰਥਪੂਰਨ ਇਕਾਈ ਵਜੋਂ ਜਾਣਿਆ ਜਾਂਦਾ ਹੈ। ਕਿਸੇ ਵੀ ਲੇਖਕ ਜਾਂ ਸਾਹਿਤਕਾਰ ਨੇ ਵਾਕ ਦੀ ਸਭ ਤੋਂ ਹੇਠਲੀ ਇਕਾਈ ਉੱਪਰ ਆਪਣਾ ਸ਼ੈਲੀਗਤ ਪ੍ਰਭਾਵ ਛੱਡਣਾ ਹੋਵੇ ਤਾਂ ਉਹ ਇਕਾਈ ਰੂਪ 'ਸ਼ਬਦ' ਹੈ। ਇਸ ਕਰਕੇ ਸ਼ਬਦ ਦੀ ਪੱਧਰ ਉੱਤੇ ਵਿਆਕਰਨ ਭੰਨ-ਤੋੜ ਦੀ ਗੁੰਜਾਇਸ਼ ਪੈਦਾ ਹੋ ਜਾਂਦੀ ਹੈ। ਸ਼ਬਦ ਪੱਧਰ ਉੱਤੇ ਵਿਚਲਨ ਦੋ ਮੂਲ ਤੌਰ ਤੇ ਦੋ ਪੱਧਰਾਂ ਉੱਪਰ ਵਿਚਰਦਾ ਹੈ।

**2.7.1 ਨਵੇਂ ਸ਼ਬਦਾਂ ਦੀ ਸ਼੍ਰੇਣੀ**

**ਲਾਲ ਸਿੰਘ ਦਿਲ ਕਾਵਿ ਸੰਗ੍ਰਹਿ ਨਾਗ ਲੋਕ**

| | | | | | |
|---|---|---|---|---|---|
| 1. | ਫਾਹੀਆਂ (35) | 12. | ਕੁਹਜੀਆਂ (59) | 23. | ਕੁੰਦਰੀ (168) |
| 2. | ਸੋਗੀ (35) | 13. | ਬੈਰਲ (66) | 24. | ਮੁਜਾਹਿਦ (171) |
| 3. | ਬਾਦਬਾਨ (36) | 14. | ਡੁਸਕਦੇ (72) | 25. | ਤੌਹੀਨ (171) |
| 4. | ਸਰੂਰ (37) | 15. | ਮੜ੍ਹਾਸਾ (87) | 26. | ਪਨਡੁੱਬੇ (175) |
| 5. | ਭਬੂਕਾ (37) | 16. | ਫ਼ਨਾਹ (107) | 27. | ਜੁਰਅਤ (175) |
| 6. | ਓਦਰੇ (40) | 17. | ਜ਼ਲੀਲ (150) | 28. | ਮੁਜਾਰਾ (179) |
| 7. | ਮੁਰਵੱਤ (41) | 18. | ਮਜਲਸ (156) | 29. | ਭਾਣਾ (180) |
| 8. | ਫ਼ਰੇਬ (52) | 19. | ਤਾਬੇਦਾਰ (159) | 30. | ਅਹਿਮ (186) |
| 9. | ਮਜੂਰਨ (53) | 20. | ਢੌਂਗ (160) | 31. | ਖੁੰਝਾਣਾ (201) |
| 10. | ਆਦਾਬ (54) | 21. | ਰੰਜ (162) | 32. | ਦੱਜਾਲ (206) |
| 11. | ਰੌਂਦ (56) | 22. | ਇਖ਼ਲਾਕ (165) | 33. | ਵਹਿਸ਼ਤ (209) |

34. ਜ਼ੀਨਤ (214) 35. ਹੁਧਾਰੀ (220)

**ਅਵਤਾਰ ਸਿੰਘ ਪਾਸ਼ ਕਾਵਿ ਸੰਗ੍ਰਹਿ ਸੰਪੂਰਨ ਪਾਸ਼-ਕਾਵਿ**

1. ਦਾਇਰ (33)
2. ਪੂਰਬਾਂ (34)
3. ਜ਼ਫਰਨਾਮਾ (34)
4. ਨੇਆ (34)
5. ਇਸ਼ਤਿਹਾਰੀ (34)
6. ਹੜਿਆਈ (34)
7. ਲੋਟੂ (36)
8. ਉਪਦਰੀ (37)
9. ਜਲਾਵਤਨ (39)
10. ਜੁੰਡੀ (39)
11. ਮਣਸਾ (39)
12. ਕਣਸੋਆ (40)
13. ਘਣੀ (42)
14. ਜਮਹੂਰੀਅਤ (42)
15. ਪਰੋਖਾ (45)
16. ਹਾਮਲਾ (45)
17. ਸੁਅੰਬਰ (49)
18. ਪੜੁੱਲ (49)
19. ਤ੍ਰੋਟਿਆ (50)
20. ਨਿਢਾਲ (50)
21. ਤਿਗੜਮ (50)
22. ਹਾਕਲ ਬਾਕਲ (51)
23. ਚੌਫਾਲ (51)
24. ਮਾਪੇ (55)
25. ਖੁਨਾਮੀ (55)
26. ਨੀਲੀਆ ਦੇਹਲੀਆਂ (56)
27. ਇਵਜ (57)
28. ਮਰੀਅਲ (57)
29. ਨਾਬਰ (60)
30. ਦਰਿੰਦਰਾਨਾ (61)
31. ਭਾਣੇ (63)
32. ਦਿਲਫਰੇਬ (65)
33. ਖੌਰੂ (67)
34. ਜਨਮਣ (76)
35. ਸਰਦਲ (77)
36. ਦੀਦੇ (78)

37. ਉਝਲ (78)

38. ਬੋਝਲ (87)

39. ਬੇ-ਹਯਾ (88)

40. ਜੇਰਾ (91)

41. ਕਿਆਸ (92)

42. ਧਵਾਂਖੀ (95)

43. ਨੂੜੇ (95)

44. ਆਡ (97)

45. ਵਾਹਰ (98)

46. ਜ਼ਿੱਲਤ (101)

47. ਅਭੱੜਵਾਹੇ (102)

48. ਲੱਪ (102)

49. ਹੇਠੀ (103)

50. ਜ਼ਿਬ੍ਹਾ (104)

51. ਲਤਾੜੇ (108)

52. ਝੱਗਾ (111)

53. ਕੋੜਮੇ (113)

54. ਮਨਸ਼ਾ (113)

55. ਮਸੋਸ (117)

56. ਨਿਹਚਾ (117)

57. ਜਹਾਲਤ (117)

58. ਝੋਰਾ (118)

59. ਅਸਤਣ (119)

60. ਅਫ਼ਜਾ (120)

61. ਚਾਰ ਭਵਾਟਣੀਆਂ (121)

62. ਟੰਬਿਆ (122)

63. ਚਗਲੇ (124)

64. ਪਿਚਕ (124)

65. ਲੂਸੇ (125)

66. ਕੰਰਘੜੀ (127)

67. ਅਲੋਕਾਰ (128)

68. ਹਸਰਤ (128)

69. ਅਲੰਬਰਦਾਰ (128)

70. ਧਾੜ (142)

71. ਬੇਵਰਦੀ (144)

72. ਜਾਹਿਲ (146)

73. ਜਕਦੇ (148)

74. ਕੰਨ-ਰਸੀ (151)

75. ਨਿੰਮੋਝੂਣਾ (156)

76. ਅਕੜਾਂਦ (159)

77. ਮੁਸ਼ਕਣ (161)
78. ਰੋਹੀ (161)
79. ਮਨਸੂਬਾ (163)
80. ਮੁਹਾਨਿਆਂ (164)
81. ਤਸਲੇ (164)
82. ਸਿਰੜੀ (164)
83. ਖਵਰੇ (167)
84. ਦੂਏ (168)
85. ਕੁੰਨਾਂ (168)
86. ਹਮਕ (169)
87. ਮਹਿਜ਼ (170)
88. ਗੁਹਾਰਾ (171)
89. ਅਵੈੜੀ ਬੁੱਧ (171)
90. ਖਾਨਾਬਦੋਸ਼ੀ (172)
91. ਬੇ-ਜ਼ਮੀਰੀ (173)
92. ਮਸਲਨ (175)
93. ਸੱਨਾਟਾ (178)
94. ਅਮੂਰਤ (178)
95. ਹੰਭੀ (180)
96. ਕੁਫਰ (181)
97. ਅਸਾਡੇ (181)
98. ਵਿੱਟਰ (182)
99. ਬੰਧਨਾ (183)
100. ਬੁਰਜੁਆਜ਼ੀ (183)
101. ਸਿੱਝਣ (183)
102. ਮੈਨੀਫੈਸਟੋ (185)
103. ਹਸਰਤ (188)
104. ਜ਼ਿਹਨ (192)
105. ਜਜ਼ਬ (192)
106. ਲਘੂਤਾ (198)
107. ਘਸਰ (198)
108. ਝਉਂ (200)
109. ਖਵਰੇ (200)
110. ਮਾਨਤਾਵਾਂ (203)
111. ਖੁਸ਼ਗਵਾਰ (204)
112. ਵਖ਼ਤਾਂ (204)
113. ਜੁੰਬਸ਼ (206)
114. ਜੀਅੜਾ (206)
115. ਪਵਾੜੇ (207)
116. ਝੁਣਝੁਣੀ (218)

117. ਚੋੜ-ਚੁਪੱਟ (218)

118. ਸੰਸਾ (219)

119. ਬਤੰਗੜ (223)

120. ਹਕੀਕਤਨ (223)

121. ਮੈਂਟਲਪੀਸ (236)

122. ਮਾਰਖੋਰੇ (258)

123. ਸਿਆੜ (261)

ਇਸ ਤਰ੍ਹਾਂ ਉਪਰੋਕਤ ਰੂਪ ਵਿਚ ਇਹ ਮੰਨਿਆਂ ਜਾਂਦਾ ਹੈ ਕਿ ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਨੇ ਆਪਣੀਆਂ ਰਚਨਾਵਾਂ ਵਿਚ ਨਵੇਂ ਸ਼ਬਦਾਂ ਦੇ ਵਿਚਲਨ ਦੁਆਰਾ ਨਵੀਂ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ, ਜਿਹੜੀ ਪੰਜਾਬੀ ਦੇ ਸੰਕਲਪ ਘੜਨ ਦੀ ਯੋਗਤਾ ਨੂੰ ਵਧਾਉਂਦੀ ਹੈ, ਕਿਉਂਕਿ ਸ਼ਬਦ ਨਿਰਮਾਣ ਦੇ (Neologism) ਕਾਵਿ ਰਚਨਾ ਵਿਚ ਬਹੁਤ ਸਾਰੇ ਪ੍ਰਕਾਰਜ ਹਨ, ਪਰੰਤੂ ਲੀਚ ਅਨੁਸਾਰ ਸਭ ਤੋਂ ਵੱਡਾ ਪ੍ਰਕਾਰਜ ਸੰਕਲਪ ਘੜਨਾ (Concept making) ਨੂੰ ਮੰਨਿਆ ਗਿਆ ਹੈ। ਆਮ ਤੌਰ ਉੱਤੇ ਅਸੀਂ ਕਿਸੇ ਵੀ ਭਾਸ਼ਾ ਵਿਚ ਕਿਸੇ ਭਾਵ ਵਿਚਾਰ ਨੂੰ ਵਿਅਕਤ ਕਰਨ ਲਈ ਪੂਰਾ ਵਾਕਾਂਸ਼ ਜਾਂ ਅਰਧ ਵਾਕ ਵਰਤਦੇ ਹਾਂ। ਪਰੰਤੂ ਸ਼ਬਦ ਨਿਰਮਾਣ ਸੰਬੰਧੀ ਜਦੋਂ ਅਸੀਂ ਨਵੇਂ ਸ਼ਬਦਾਂ ਦੀ ਘਾੜਤ ਕਰਦੇ ਹਾਂ ਤਾਂ ਉਸ ਸਮੇਂ ਭਾਸ਼ਾ ਵਿਚ ਸੰਕਲਪ ਜਾਂ ਗੁਣ ਪੈਦਾ ਹੋ ਜਾਂਦਾ ਹੈ, ਜਿਸ ਦੁਆਰਾ ਕੋਈ ਵੀ ਰਚਨਾਕਾਰ ਜਾਂ ਕਵੀ ਆਪਣੇ ਭਾਵਾਂ, ਵਿਚਾਰਾਂ ਨੂੰ ਬਹੁਤ ਹੀ ਸੰਜਮ ਅਤੇ ਸੰਖੇਪ ਰੂਪ ਵਿਚ ਵਿਅਕਤ ਕਰ ਸਕੇ। ਉਪਰੋਕਤ ਰੂਪ ਵਿਚ ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਦੀਆਂ ਰਚਨਾਵਾਂ ਵਿਚੋਂ ਅਧਿਐਨ ਕਰਕੇ ਨਵੇਂ ਸ਼ਬਦਾਂ ਦੀਆਂ ਉਦਾਹਰਨਾਂ ਦਿੱਤੀਆਂ ਹਨ। ਇਹ ਸਾਰੀਆਂ ਨਵੇਂ ਸ਼ਬਦ ਦੁਆਰਾ ਵਿਚਲਨ ਨਿਰਮਾਣ ਦੀਆਂ ਉਦਾਹਰਨਾਂ ਹਨ।

**2.7.2 ਪ੍ਰਚਲਿਤ ਸ਼ਬਦਾਂ ਦੇ ਰੂਪ ਪਰਿਵਰਤਨ ਦੁਆਰਾ ਵਿਚਲਨ:** ਪ੍ਰਚਲਿਤ ਸ਼ਬਦਾਂ ਦੇ ਰੂਪ ਪਰਿਵਰਤਨ ਦੁਆਰਾ ਵਿਚਲਨ ਉਸ ਸਮੇਂ ਪੈਦਾ ਹੁੰਦਾ ਹੈ, ਜਦੋਂ ਕੋਈ ਵੀ ਰਚਨਾਕਾਰ ਜਾਂ ਕਵੀ ਆਪਣੀਆਂ ਰਚਨਾਵਾਂ ਵਿਚ ਪ੍ਰਚਲਿਤ ਅਤੇ ਪਰੰਪਰਿਕ ਸ਼ਬਦਾਂ ਨੂੰ ਬਦਲਵੇਂ ਰੂਪ ਵਿਚ ਤਬਦੀਲ ਕਰਕੇ ਬਿਆਨ ਕਰੇ। ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਨੇ ਵੀ ਆਪਣੀਆਂ ਰਚਨਾਵਾਂ ਵਿਚ ਸ਼ੈਲੀਗਤ ਪਰਿਪੇਖ ਤੋਂ ਪ੍ਰਚਲਿਤ ਸ਼ਬਦਾਵਲੀ ਨੂੰ ਪਰਿਵਰਤਨ ਰੂਪ ਦੇ ਕੇ ਪੇਸ਼ ਕੀਤਾ ਹੈ ਜਿਵੇਂ ਕਿ ਅਵਤਾਰ ਸਿੰਘ ਪਾਸ਼ ਆਪਣੀ

ਪੁਸਤਕ ***ਸੰਪੂਰਨ ਪਾਸ਼ ਕਾਵਿ*** ਵਿਚ ਵਿਚਾਰ ਪ੍ਰਗਟ ਕਰਦੇ ਹਨ:

ਉਨ੍ਹਾਂ ਲਈ ਜ਼ਿੰਦਗੀ ਇਕ **ਪ੍ਰੰਪਰਾ** ਹੈ

ਉਸ ਦੀ ਟੋਪੀ ਹਵਾ 'ਚ ਉਛਾਲ ਦਿਆਂ।

ਸਗੋਂ ਖੇਤਾਂ ਵਿਚ **ਦਾਇਰ** ਹਨ। (33)

ਅਸ਼ੋਕ ਚੱਕਰ ਵਿਚ **ਪ੍ਰਵੇਸ਼** ਕਰ **ਲੀਤਾ** ਹੈ

ਇਸ਼ਤਿਹਾਰੀ ਮੁਲਜ਼ਮ **ਕਰਾਰ** ਦਿੱਤਾ ਹੈ।

ਤੇ ਅੱਜ ਵੀ **ਹਰ** ਜੇਲ੍ਹ। (34)

ਖੋਹ ਲਵੋ **ਮੈਥੋਂ** ਇਹ ਭੀੜ ਦੀ **ਟੈਂ ਟੈਂ**

ਸਾੜ ਦੇਵੋ ਮੈਨੂੰ ਮੇਰੀਆਂ ਨਜ਼ਮਾਂ ਦੀ ਧੂਣੀ **'ਤੇ**

ਚਲੋ **ਮੈਂ** ਮਾਓ ਦਾ **ਨਾਂ** ਵੀ ਨਹੀਂ ਲੈਂਦਾ। (86)

ਤਾਂ ਮੇਰੇ ਇਨਸਾਨ ਬਣਨ **ਤੀਕ**

ਤਾਂ ਪਸ਼ੂ ਬਣ **ਜਾਓਗੇ**। (89)

ਮੇਰੀ ਖ਼ਾਤਰ ਤੇਰੇ ਅੱਥਰੇ **ਜੇਹੇ** ਚਾਵਾਂ ਦਾ ਕੀ ਬਣਿਆ

ਕਵੀ ਹੋ ਕੇ ਹੀ **ਕਿੱਦਾਂ ਅਣ-ਪੜ੍ਹੀ** ਹੀ ਛੱਡ ਜਾਂਦਾ ਹਾਂ

ਬੜਾ **ਬੇ-ਸ਼ਰਮ** ਹੋ ਕੇ ਹੱਥਕੜੀ ਦਾ ਟੁਣਕਦਾ ਹਾਸਾ

ਮੇਰੇ ਪਿੰਡ ਵਿੱਚ ਹੀ ਸੱਤਿਆ ਹੈ, ਕਿ ਮੈਂ ਵਿਛ-ਵਿਛ ਕੇ

**ਜੀਂਦਾ** ਹਾਂ (96)

**ਮੈਂ ਅੱਗਿਓਂ** ਹਾਕਮਾਂ ਦੇ, ਸ਼ੇਰ **ਵਾਂਗੂੰ** ਬੁੱਕ ਕੇ ਲੰਘਦਾ ਹਾਂ

ਜੋ ਅੱਜ **ਤੀਕਣ** ਰਹੇ ਚਰਦੇ, **ਅਸਾਡਾ** ਹੁਸਨ ਖੇਤਾਂ ਦਾ

ਤੇਰੀ ਮੁਸਕਾਨ ਦੀ ਗਾਥਾ ਹੈ, ਹਰ **ਕਿਰਸਾਨ** ਦੀ ਗਾਥਾ

ਮੇਰਾ **ਚਿਹਰਾ** ਹੈ ਅੱਜ ਤਲਖ਼ੀ ਨੇ **ਏਦਾਂ** ਖੁਰਦਰਾ ਕੀਤਾ। (97)

**ਅਖ਼ਬਾਰਾਂ** ਨਹੀਂ ਪੜ੍ਹਦੇ

ਹੋਰ ਘੜੀ **ਤਾਈਂ** ਚੰਨ ਚੜ੍ਹੇਗਾ

**ਐਸ** ਤਰ੍ਹਾਂ ਦਾ ਚੰਨ ਹੁੰਦਾ **ਏ**? (98)

ਉਹ ਸੌਂ ਹੀ ਜਾਣਗੇ **ਆਖ਼ਰ**

**ਤਰੇਲੀ ਧਰਤ** ਦੇ ਉੱਤੇ। (99)

ਲਾਲ ਸਿੰਘ ਦਿਲ ਅਪਣੀ ਪੁਸਤਕ ***ਨਾਗ ਲੋਕ*** ਵਿਚ ਵਿਚਾਰ ਪੇਸ਼ ਕਰਦੇ ਹਨ

**ਚਾਰੋਂ** ਮੁੰਡੇ ਕੁੜੀਆਂ ਦਾ

ਵਿਆਹ ਹੋ ਗਿਆ। ਨਾ **ਦਹੇਜ਼** ਨਾ ਜ਼ਾਮਨੀ

**ਏਥੇ** ਉਨ੍ਹਾਂ ਦੇ ਦਾਦੇ ਸੁੱਤੇ ਨੇ

ਪਿੰਡ ਦੇ **ਮੁਖੀਏ** ਦੀ ਨੂੰਹ

ਉਹ **ਤੀਵੀਂ** ਮਰਦ ਵਾਲੀ ਪੁਰਾਣੀ ਦੁਸ਼ਮਣੀ

ਠਹਿਰਦੀ ਹੈ ਮਾਲ **ਧਨ** ਤੇ। (208)

"ਸਵੇਰੇ ਹੀ ਉੱਠ ਜਾਂਦੇ **ਨੇ**

'ਮਿੱਠਾ **ਨੀ**, ਪੱਤੀ 'ਚ ਮਿਰਚਾਂ ਨੇ, ਦੁੱਧ **ਕਿਹੜੈ**?

ਦਸ ਕਿਲੋ ਦੁੱਧ ਨਾਲ ਹਜ਼ਾਰ ਕੱਪ **ਬਣਦੈ**'

'**ਹੁਧਾਰ** ਹੋ ਗਿਆ, **ਕਰਾਏ** 'ਚ ਕੱਟੇ ਗਏ ਪੈਸੇ।

ਫੇਰ ਮੁੜਨ **ਲਗਦੇ** ਚਾਹ ਦੇ ਗਿਲਾਸ ਦਾ ਕਬੂਤਰਾਂ

**ਵਾਂਘ**। (209)

ਦੀਪ ਦਿਲਬਰ (ਸੰਪਾ.) ਨੇ ਆਪਣੀ ਪੁਸਤਕ ***ਲਾਲ ਸਿੰਘ ਦਿਲ ਦੀ ਜੀਵਨ, ਰਚਨਾ ਅਤੇ ਸਮੀਖਿਆ*** ਵਿੱਚ ਲਾਲ ਸਿੰਘ ਦਿਲ ਦੀਆਂ ਕੁਝ ਅਣਛਪੀਆਂ ਕਵਿਤਾਵਾਂ ਵਿਚੋਂ ਇਕ ਕਵਿਤਾ ਸੁਪਨੇ ਚ ਮਾਂ ਪੇਸ਼ ਕੀਤੀ ਹੈ:

**ਲਿੰਬਣ** ਪੋਚਣ 'ਚ ਰੁੱਝੀਆਂ ਹੋਈਆਂ ਨੇ

ਰੋਟੀ **ਕਾਹਦੇ** ਨਾਲ ਹੈ

ਮਾਂ ਕੰਮ 'ਚ **ਮਸ਼ਕੂਲ** ਹੈ

ਦੋਹਾਂ ਹੱਥਾਂ ਦੀਆਂ **ਚੂੰਢੀਆਂ** ਨਾਲ ਠੀਕ ਕਰਦੀ ਹੈ

ਜਾਹ ਨੀ ਲਿਆ ਦੇ **ਏਹਨੂੰ ਨਮੋਲੀਆਂ** ਦੀ ਦਾਲ

ਕਿੰਨੀ **ਬੇਸੁਆਦੀ** ਹੋਵੇਗੀ

**ਮੈਥੋਂ** ਗੁਆਚ ਗਈ ਸੀ

ਬਚਪਨ 'ਚ ਇਕ ਨਿੰਮ **ਗੁਆਂਢੀਆਂ** ਦੇ **ਦਰਾਂ ਮੂਹਰੇ** ਹੁੰਦੀ ਸੀ

**ਜਦ** ਮੀਂਹ ਪੈਂਦਾ ਤਾਂ **ਚੁਫ਼ੇਰੇ** ਨਮੋਲੀਆਂ ਮਹਿਕ ਛੱਡਦੀਆਂ

**ਏਨੀ ਗਾੜ੍ਹੀ** ਮਹਿਕ ਕਿ **ਉਕਤਾਹਟ** ਮਹਿਸੂਸ ਹੁੰਦੀ। (213)

ਲਾਲ ਸਿੰਘ ਦਿਲ ਅਪਣੀ ਪੁਸਤਕ ***ਨਾਗ ਲੋਕ*** ਕਵਿਤਾ ਸੰਤ ਰਾਮ ਉਦਾਸੀ ਅਤੇ ਮੇਰੀ ਪ੍ਰਥਾ ਦੇ ਸ਼ਾਇਰਾਂ ਦੇ ਨਾਂ ਵਿਚ ਵਿਚਾਰ ਪ੍ਰਗਟ ਕਰਦੇ ਹਨ:

ਕਿਉਂ ਕਰ ਅੱਖੀਂ **ਹਿੰਝ ਵਹਾਏ**?

ਤੂੰ ਵੱਖਰਾ **ਏਂ** ਲਿਸ਼ਕਣਹਾਰਾ।

**ਭੱਜਣ ਬਾਹਾਂ** ਦਰਦ ਅਨੋਖੇ।

ਉਹ ਜੋ ਹੱਕ ਦਾ ਗੀਤ ਨਾ **ਗਾਂਦੇ**।

ਪਰ ਸੂਰਜ ਤਾਂ ਕਰਮ **ਪੁਗਾਂਦੇ**

ਛਿੜਿਆ ਹੋਇਆ ਯੁੱਧ **ਲੰਮੇਰਾ।** (177)

ਉਪਰੋਕਤ ਦੇ ਅਧਾਰ ਤੇ ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਨੇ ਆਪਣੀਆਂ ਕਵਿਤਾਵਾਂ ਵਿਚ ਦਰਸਾਈ ਗਈ ਸਮੁੱਚੀ ਸ਼ਬਦਾਵਲੀ ਦਾ ਰੂਪ ਬਦਲਵੀਂ ਸ਼ਬਦਾਵਲੀ ਵਜੋਂ ਉੱਭਰਦਾ ਹੈ। ਇਹਨਾਂ ਕਵੀਆਂ ਨੇ ਪ੍ਰਚਲਿਤ ਸ਼ਬਦਾਂ ਵਿਚ ਅਗੇਤਰ ਪਿਛੇਤਰ ਲਗਾ ਕੇ ਜਾਂ ਲਿਖਣ ਢੰਗ ਵਿਚ ਪਰਿਵਰਤਨ ਲਿਆ ਕੇ ਇਕ ਵਿਸ਼ੇਸ਼ ਤੇ ਵਿਲੱਖਣ ਤਕਨੀਕ ਰਾਹੀਂ ਕਾਵਿ ਸਿਰਜਣਾ ਵਿਚ ਸ਼ਬਦਾਂ ਦੀ ਸਿਰਜਣਾ ਕੀਤੀ ਹੈ। ਉਦਾਹਰਨ ਵਜੋਂ: ਕਿਸਾਨ ਸ਼ਬਦ ਤੋਂ (ਕਿਰਸਾਨ), ਲਿਆ ਸ਼ਬਦ ਤੋਂ (ਲੀਤਾ) ਮੇਰੇ ਤੋਂ ਸ਼ਬਦ ਤੋਂ (ਮੈਥੋਂ) ਆਵਾਜ਼ ਸ਼ਬਦ ਤੋਂ (ਟੈਂ ਟੈਂ) ਤੱਕ ਸ਼ਬਦ ਤੋਂ (ਤੀਕ) ਹੈ ਸ਼ਬਦ ਤੋਂ (ਏਂ) ਲਿੱਪਣ ਸ਼ਬਦ ਤੋਂ (ਲਿੰਬਣ) ਦਰਵਾਜ਼ੇ ਸ਼ਬਦ ਤੋਂ (ਦਰਾਂ) ਚਾਰ-ਚੁਫ਼ੇਰੇ ਸ਼ਬਦ ਤੋਂ (ਚੁਫ਼ੇਰੇ) ਹੰਝੂ ਸ਼ਬਦ ਤੋਂ (ਹਿੰਝ) ਟੁੱਟਣ ਸ਼ਬਦ ਤੋਂ (ਭੱਜਣ) ਪੁਗਾਉਂਦੇ ਸ਼ਬਦ ਤੋਂ (ਪੁਗਾਂਦੇ) ਗਾਉਂਦੇ ਸ਼ਬਦ ਤੋਂ (ਗਾਂਦੇ) ਲੰਮੇ ਸ਼ਬਦ ਤੋਂ (ਲੰਮੇਰਾ) ਕਿਸ ਲਈ ਸ਼ਬਦ ਤੋਂ (ਕਾਹਦੇ) ਉੱਤੇ ਸ਼ਬਦ ਤੋਂ (‘ਤੇ) ਵਿਚ ਸ਼ਬਦ ਤੋਂ (‘ਚ) ਧਰਤੀ ਸ਼ਬਦ ਤੋਂ (ਧਰਤ) ਹਰੇਕ ਸ਼ਬਦ ਤੋਂ (ਹਰ) ਇਕਰਾਰ ਸ਼ਬਦ ਤੋਂ (ਕਰਾਰ) ਨਹੀਂ ਸ਼ਬਦ ਤੋਂ (ਨਾਂ) ਅਖ਼ਬਾਰ ਸ਼ਬਦ ਤੋਂ (ਅਖ਼ਬਾਰਾਂ) ਗੂੜ੍ਹੀ ਸ਼ਬਦ ਤੋਂ (ਗਾੜ੍ਹੀ) ਉਧਾਰ ਸ਼ਬਦ ਤੋਂ (ਹੁਧਾਰ) ਹਨ ਸ਼ਬਦ ਤੋਂ (ਨੇ) ਅਖੀਰ ਸ਼ਬਦ ਤੋਂ (ਆਖਰ) ਅੱਗੇ ਸ਼ਬਦ ਤੋਂ (ਮੂਹਰੇ) ਸੱਪ ਸ਼ਬਦ ਤੋਂ (ਸੱਪਾਂ) ਦਾਜ਼ ਸ਼ਬਦ ਤੋਂ (ਦਹੇਜ਼) ਤੀਮੀਂ ਸ਼ਬਦ ਤੋਂ (ਤੀਵੀਂ) ਵਾਂਗ ਸ਼ਬਦ ਤੋਂ (ਵਾਂਗੂੰ) ਆਦਿ ਸ਼ਬਦਾਵਲੀ ਦੀ ਸਿਰਜਣਾ ਦੁਆਰਾ ਕਾਵਿ ਰਚਨਾਵਾਂ ਨੂੰ ਉਭਾਰਿਆ ਹੈ। ਇਸ ਤੋਂ ਇਲਾਵਾ ਪ੍ਰਚਲਿਤ ਸ਼ਬਦਾਂ ਦੀ ਰੂਪ ਤਬਦੀਲੀ ਰਾਹੀਂ ਵਿਚਲਨ ਦੇ ਪੱਖ ਤੋਂ ਪਰੰਪਰਾ, ਪਰਵੇਸ਼, ਸ਼ਬਦ ਵਿਚ ‘ਪ’ ਦੇ ਪੈਰ ‘ਚ ‘ਰ’ ਪਾ ਕੇ ਅਜੇਹੇ ਸ਼ਬਦ ਵਿਚੋਂ ‘ਅ’ ਕੱਟ ਕੇ ਜਾਵੋਗੇ ਸ਼ਬਦ ਵਿਚ ‘ਵੋ’ ਦੀ ਥਾਂ ‘ਓ’ ਸਾਡਾ ਸ਼ਬਦ ਵਿਚ ‘ਅ’ ਨੂੰ ਅਗੇਤਰ ਵਜੋਂ ਵਰਤ ਕੇ ਅਣ-ਪੜ੍ਹ ਸ਼ਬਦ ਨਾਲ ‘ੜ੍ਹੀ’ ਵਰਤ ਕੇ ਬਾਵਾਂ ਸ਼ਬਦ ਵਿਚ ‘ਵਾਂ’ ਦੀ ਥਾਂ ‘ਹਾਂ’ ਸ਼ਬਦ ਵਰਤ ਸੋਹਣਾ ਸ਼ਬਦ ਵਿਚ ‘ਸੋ’ ਦੀ ਥਾਂ ‘ਸੁ’ ਸ਼ਬਦ ਆਦਿ ਵਰਤ ਕੇ ਰੂਪ ਬਦਲਿਆ ਹੈ। ਦਾਇਰੇ ਸ਼ਬਦ ਤੋਂ (ਦਾਇਰ) ਅੱਗੇ ਤੋਂ (ਅੱਗਿਓਂ) ਚਾਰ ਸ਼ਬਦ ਤੋਂ (ਚਾਰੋਂ) ਕਿਰਾਏ ਸ਼ਬਦ ਤੋਂ

(ਕਰਾਏ) ਇਸ ਨੂੰ ਸ਼ਬਦ ਤੋਂ (ਏਹਨੂੰ) ਆਦਿ ਸ਼ਬਦਾਵਲੀ ਨੂੰ ਰੂਪ ਪਰਿਵਤਰਨ ਵਜੋਂ ਵਰਤਿਆ ਹੈ, ਜਿਹੜੀ ਪਾਠਕ ਵਰਗ ਨੂੰ ਸਭ ਤੋਂ ਪਹਿਲਾਂ ਅਗਰਭੂਮਿਤ ਕਰਦੀ ਸ਼ਬਦਾਵਲੀ ਵਜੋਂ ਉੱਭਰਦੀ ਹੈ।

**2.8 ਅਰਥ ਪੱਧਰ ਉੱਤੇ ਵਿਚਲਨ:** ਅਰਥ ਪੱਧਰ ਉੱਤੇ ਵਿਚਲਨ ਤੋਂ ਭਾਵ ਹੈ ਕਿ ਕੋਈ ਵੀ ਰਚਨਾਕਾਰ ਜਾਂ ਕਵੀ ਆਪਣੀ ਸਾਹਿਤਕ ਭਾਸ਼ਾ ਵਿਚ ਵਿਲੱਖਣ ਢੰਗ ਜਾਂ ਤਰੀਕਿਆਂ ਅਨੁਸਾਰ ਮੂਲ ਵਾਕ ਬਣਤਰ ਤੋਂ ਉਨ੍ਹਾਂ ਦੇ ਮੂਲ ਅਰਥ ਖੋਹ ਕੇ ਆਪਣੇ ਉਦੇਸ਼ ਅਨੁਸਾਰ ਅਰਥ ਪ੍ਰਦਾਨ ਕਰਦਾ ਹੈ। ਇਸ ਕਿਸਮ ਦਾ ਵਿਚਲਨ ਸ਼ਬਦਾਂ ਦਾ ਸਤ੍ਹਈ ਅਤੇ ਡੂੰਘੇ ਪੱਧਰ ਵਿਚਕਾਰ ਆਪਸੀ ਟਕਰਾਓ ਸਦਕਾ ਪੈਦਾ ਹੁੰਦਾ ਹੈ, ਕਿਉਂਕਿ ਇਸ ਤਰ੍ਹਾਂ ਟਕਰਾਓ ਦੀ ਸਥਿਤੀ-ਪਰਸਥਿਤੀ ਰਚਨਾਕਾਰ ਜਾਂ ਕਵੀ ਦੀਆਂ ਹਰੇਕ ਵਿਸ਼ੇ ਨਾਲ ਸੰਬੰਧਿਤ ਰਚਨਾਵਾਂ ਵਿੱਚੋਂ ਮਿਲਦੀ ਰਹਿੰਦੀ ਹੈ। ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਦੀਆਂ ਕਾਵਿ ਰਚਨਾਵਾਂ ਵਿੱਚੋਂ ਵੀ ਅਰਥ ਪੱਧਰ ਉੱਤੇ ਵਿਚਲਨ ਦੇ ਵੇਰਵੇ ਨਿਮਨਲਿਖਤ ਅਨੁਸਾਰ ਉੱਭਰਦੇ ਹਨ।

ਇਸ ਤਰ੍ਹਾਂ ਅਰਥ ਪੱਧਰ ਉੱਤੇ ਵਿਚਲਨ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਨੂੰ ਵਿਸ਼ੇਸ਼ ਤੌਰ 'ਤੇ ਦੇਖਿਆ ਜਾ ਸਕਦਾ ਹੈ। ਜੇਲ੍ਹ ਜਾਂ ਕੈਦ ਦੇ ਨਾਲ-ਨਾਲ ਦੋਵਾਂ ਕਵੀਆਂ ਨੇ ਪੁਲਿਸ ਦੇ ਚਰਿੱਤਰ ਨੂੰ ਵਿਸ਼ੇਸ਼ ਰੂਪ ਵਿਚ ਪੇਸ਼ ਕੀਤਾ ਹੈ। ਪੁਲਿਸ ਚਰਿੱਤਰ ਸੱਤਾ ਦੇ ਤਸ਼ੱਦਦਮਈ ਸਟੇਟ ਉਪਕਰਨਾਂ ਦੇ ਰੂਪ ਵਿਚ ਹੀ ਸਾਹਮਣੇ ਆਇਆ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** "ਛੰਨੀ" ਲੋਕ ਗੀਤ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:

ਸਿਲਸਿਲਾ ਸ਼ਾਇਦ ਤੁਹਾਡੇ ਖੂਹ 'ਤੇ ਉਤਰੀ ਪੁਲਸੀਆਂ ਦੀ ਧਾੜ ਤੋਂ ਚੱਲੇ। (142)

ਕਵੀ ਆਪਣੇ ਸਮਕਾਲ ਦੇ ਨਾਲ-ਨਾਲ ਇਤਿਹਾਸਕ ਅਤੇ ਸਿਧਾਂਤਕ ਹਵਾਲਿਆਂ ਦੀ ਵਰਤੋਂ ਕਰਦਿਆਂ ਆਪਣੇ ਸੰਘਰਸ਼ ਨੂੰ ਸਦੀਵੀ ਲੋੜ ਵਜੋਂ ਪੇਸ਼ ਕਰਦੇ ਹਨ। ਇਨ੍ਹਾਂ ਕਵਿਤਾਵਾਂ ਦੀ ਅਰਥ ਪੱਧਰ ਦੇ ਵਿਚਲਨ ਪੱਖ ਤੋਂ ਖੂਬਸੂਰਤੀ ਇਹ ਹੈ ਕਿ ਇਨ੍ਹਾਂ ਕਵਿਤਾਵਾਂ ਦੇ ਸਥਾਨਕ ਜੀਵਨ/ ਪ੍ਰਕਿਰਤੀ/ ਇਤਿਹਾਸ ਵਿਚੋਂ ਚੁਣੇ ਚਿੰਨ੍ਹ ਇਨ੍ਹਾਂ ਦਾ ਪ੍ਰਭਾਵ ਖੇਤਰ ਵਧਾ ਦਿੰਦੇ ਹਨ। ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸਥਾਪਤੀ ਕੋਲ ਦੋ ਤਰ੍ਹਾਂ ਦੇ ਉਪਕਰਨ ਹੁੰਦੇ ਹਨ, ਵਿਚਾਰਧਾਰਕ ਸਟੇਟ ਉਪਕਰਨ ਅਤੇ ਤਸ਼ੱਦਦਮਈ

ਸਟੇਟ ਉਪਕਰਨ। ਇਨ੍ਹਾਂ ਵਿਚੋਂ ਵਿਚਾਰਧਾਰਕ ਸਟੇਟ ਉਪਕਰਨਾਂ ਦਾ ਘੇਰਾ ਵਿਸ਼ਾਲ ਹੈ ਅਤੇ ਇਨ੍ਹਾਂ ਦੀ ਮਾਰ ਅਪ੍ਰਤੱਖ ਹੈ। ਇਸ ਲਈ ਜੁਝਾਰ ਵਾਦੀ ਕਾਵਿ-ਧਾਰਾ, ਖ਼ਾਸਕਰ ਅਵਤਾਰ ਸਿੰਘ ਪਾਸ਼-ਕਾਵਿ ਅਤੇ ਲਾਲ ਸਿੰਘ ਦਿਲ ਕਾਵਿ ਸ਼ੈਲੀ ਵਿਚ ਸੱਤਾ ਸ਼ਬਦ ਦੇ ਵਿਚਾਰਧਾਰਕ ਅਰਥ ਉਪਕਰਨਾਂ ਵਿਚ ਉਲਝ ਕੇ ਰਹਿ ਗਈ ਆਮ ਮਨੁੱਖ ਦੀ ਜ਼ਿੰਦਗੀ ਨੂੰ ਪੇਸ਼ ਕੀਤਾ ਹੈ। ਵਿਚਾਰਧਾਰਕ ਸਾਧਨ ਸੱਤਾ ਦੁਆਰਾ ਆਮ ਮਨੁੱਖ ਨੂੰ ਜ਼ਿਹਨੀ ਕੈਦ ਕਰਨ ਦਾ ਸਭ ਤੋਂ ਕਾਰਗਰ ਹਥਿਆਰ ਹੈ, ਕਿਉਂਕਿ ਇਹ ਅਦਿੱਖ ਵਰਤਾਰਾ ਹੈ ਜੋ ਵਿਚਾਰਧਾਰਾ ਦੀ ਪਰਪੱਕਤਾ ਬਿਨਾਂ ਆਮ ਮਨੁੱਖ ਦੀ ਪਕੜ ਵਿਚ ਨਹੀਂ ਆਉਂਦਾ। ਇਸ ਸੰਦਰਭ ਵਿਚ ਪਾਸ਼ ਦੀ ਕਵਿਤਾ ਘਾਹ ਵਰਗੇ ਬੰਦੇ ਦੀ ਦਾਸਤਾਨ ਅਤੇ ਲਾਲ ਸਿੰਘ ਦਿਲ ਖ਼ਾਨਾਬਦੋਸ਼ ਜੀਵਨ ਦੇ ਕਠੋਰ ਅਨੁਭਵ ਨੂੰ ਸਹਿਜ, ਵਿਆਪਕ ਤੇ ਅਰਥ ਭਰਪੂਰ ਢੰਗ ਨਾਲ ਪੇਸ਼ ਕਰਦਿਆਂ ਕਵੀ ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਘਾਹ ਵਰਗੇ ਬੰਦੇ ਦੀ ਦਾਸਤਾਨ ਵਿਚ ਬਿਆਨ ਕਰਦਾ ਹੈ:

ਬੋਤੇ ਚਾਰਦਾ ਤੇਰਾ ਸਰਵਣ ਵੀਰ

ਬੋਤਿਆਂ ਨੇ ਚਰ ਲਿਆ ਹੈ ਭੈਣੇਂ

ਜਦ ਉਹ ਵਾਗੀਆਂ ਦੇ ਗੀਤਾਂ ਨੂੰ ਨਿਘਾਰ ਰਹੇ ਹੁੰਦੇ ਹਨ। (242)

ਲਾਲ ਸਿੰਘ ਦਿਲ ਅਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਾਮ ਦਾ ਰੰਗ ਵਿਚ ਵਿਚਾਰ ਪ੍ਰਗਟ ਕਰਦੇ ਹਨ:

ਛੱਡ ਤੁਰੇ ਹਨ

ਇਕ ਹੋਰ ਗੈਰਾਂ ਦੀ ਜ਼ਮੀਨ

ਪਤੀਲਿਆਂ ‘ਚ ਮਾਵਾਂ ਦੇ ਪੁੱਤ ਸੁੱਤੇ ਹਨ

ਜਾ ਰਿਹਾ ਏ ਲੰਮਾ ਲਾਰਾ। (39)

ਅਰਥ ਪੱਧਰ ਉੱਤੇ ਵਿਚਲਨ ਦੇ ਪੱਖ ਤੋਂ ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਦੀਆਂ ਕਾਵਿ ਰਚਨਾਵਾਂ ਵਿਚ ਇਹਨਾਂ ਸ਼ਬਦ-ਦ੍ਰਿਸ਼ਾਂ ਦੀ ਵਿਲੱਖਣਤਾ ਉਸ ਵਿਚਲੇ ਅਰਥ- ਰੂਪ ਕਰਕੇ ਹੈ ਜੋ

ਕਵਿਤਾ ਨੂੰ ਨਵਾਂ ਆਯਾਮ ਬਖ਼ਸ਼ਦੇ ਹਨ। 'ਬੋਤੇ ਚਾਰਦਾ, ਉੱਡਦੀ ਧੂੜ, ਬੁੱਟਾਂ ਦੇ ਚਰਨ ਦੀ ਆਵਾਜ਼, ਗ਼ੈਰਾਂ ਦੀ ਜ਼ਮੀਨ, ਲੰਮਾ ਲਾਰਾ, ਝਿੜਕਾਂ ਦੇ ਭੰਡਾਰ ਤੇ ਲੰਮਾ ਸਾਇਆ ਸ਼ਬਦ ਦ੍ਰਿਸ਼ ਨੂੰ ਅਸਾਵੇਂ ਆਰਥਿਕ ਰਿਸ਼ਤਿਆਂ ਦੇ ਤਣਾਓ ਤੇ ਅਟਿਕਵੀ ਜ਼ਿੰਦਗੀ ਦੇ ਇਤਿਹਾਸ ਨੂੰ ਸਿਰਜਦੇ ਹਨ। ਅਰਥ ਪੱਧਰ ਉੱਤੇ ਵਿਚਲਨ ਸੰਬੰਧੀ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਬਾਡਰ, ਜਦ ਬਗ਼ਾਵਤ ਖੌਲਦੀ ਹੈ ਆਦਿ ਦੇਖੀਆਂ ਜਾ ਸਕਦੀਆਂ ਹਨ, ਪਰ ਪਾਸ਼ ਲਈ ਵਿਚਾਰਧਾਰਕ ਉਪਕਰਨਾਂ ਦੁਆਰਾ ਬੀਜੇ ਜਾ ਰਹੇ ਗ਼ੁਲਾਮੀ ਦੇ ਬੀਜਾਂ ਦਾ ਵਧੇਰੇ ਡਰ ਹੈ, ਪ੍ਰਭਾਵ ਹੈ ਕਿਉਂਕਿ ਤਸ਼ੱਦਦਮਈ ਸਟੇਟ ਉਪਕਰਨਾਂ ਦਾ ਦੌਰ ਕਦੇ-ਕਦੇ ਆਉਂਦਾ ਹੈ ਤੇ ਵਿਚਾਰਧਾਰਕ ਉਪਕਰਨਾਂ ਦਾ ਦੌਰ ਅਕਸਰ ਜਾਰੀ ਰਹਿੰਦਾ ਹੈ। ਖ਼ਾਸਕਰ ਸਾਡੇ ਦੌਰ ਵਿਚ ਵਿਚਾਰਧਾਰਕ ਉਪਕਰਨਾਂ ਰਾਹੀਂ ਹੀ ਸਾਮਰਾਜਵਾਦ ਆਪਣੇ ਪੈਰ ਪਾਸਾਰ ਰਿਹਾ ਹੈ । ਇਸ ਲਈ ਅਵਤਾਰ ਪਾਸ਼ ਦੇ ਵਿਚਾਰ, ਸ਼ੈਲੀ ਪੱਖ ਤੋਂ ਅਗਰਭੂਮਿਤ ਹੁੰਦੇ ਹਨ ਜਿਵੇਂ ਕਿ ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਸਭ ਤੋਂ ਖ਼ਤਰਨਾਕ ਵਿਚ ਬਿਆਨ ਕੀਤਾ ਹੈ :

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ

ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ

ਸਭ ਤੋਂ ਖ਼ਤਰਨਾਕ ਹੁੰਦਾ ਹੈ

ਸਾਡੇ ਸੁਪਨਿਆਂ ਦਾ ਮਰ ਜਾਣਾ। (253)

ਅਸਲ ਵਿਚ ਮੁਰਦਾ ਸ਼ਾਂਤੀ ਨੂੰ ਲੋਕਾਂ ਦੇ ਮਨਾਂ ਵਿਚ ਵਸਾ ਦੇਣ ਵਾਲੇ ਵਿਚਾਰਧਾਰਕ ਉਪਕਰਨ ਹੀ ਹਨ। ਜਿਨ੍ਹਾਂ ਦੇ ਚੱਕਰਵੀਊ ਵਿਚ ਫਸਿਆ ਮਨੁੱਖ ਘਰਾਂ ਤੋਂ ਕੰਮ ਤਕ ਦੇ ਸਫ਼ਰ ਨੂੰ ਹੀ ਆਪਣੀ ਮੰਜ਼ਿਲ ਸਮਝ ਲੈਂਦਾ ਹੈ ਤੇ ਇਸ ਤਰ੍ਹਾਂ ਕਰਦਿਆਂ ਉਸ ਦੇ ਸੁਪਨਿਆਂ ਦੀ ਮੌਤ ਹੁੰਦੀ ਰਹਿੰਦੀ ਹੈ । ਪਾਸ਼ ਦੀਆਂ ਉਪਰੋਕਤ ਸਤਰਾਂ ਤੋਂ ਆਮ ਪਾਠਕ ਇਹ ਅਰਥ ਵੀ ਲੈ ਲੈਂਦਾ ਹੈ ਕਿ ਇਹ ਕਵਿਤਾ ਵਿਚਾਰਧਾਰਕ ਤੌਰ 'ਤੇ ਕੱਚੀ ਹੈ ਭਾਵ ਜੇ ਕਿਰਤ ਹੀ ਲੁੱਟੀ ਗਈ ਤਾਂ ਸੁਪਨਿਆਂ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਅਤੇ ਕਿਰਤ ਦੀ ਲੁੱਟ ਜ਼ਿਆਦਾ ਖ਼ਤਰਨਾਕ ਹੈ, ਇਸੇ ਤਰ੍ਹਾਂ ਪੁਲਿਸ ਦੀ ਕੁੱਟ ਤੇ ਗ਼ੱਦਾਰੀ-ਲੋਭ ਦੀ ਮੁੱਠ ਸਭ ਤੋਂ

ਖ਼ਤਰਨਾਕ ਹੈ ਪਰ ਅਜਿਹਾ ਨਹੀਂ ਹੈ, ਜੋ ਕਿਰਤ ਕਰਦੇ ਹਨ ਕਿ ਉਹ ਸਾਰੇ ਸੋਚਦੇ ਵੀ ਹਨ ਭਾਵ ਕ੍ਰਾਂਤੀ ਲਈ ਤਾਂਘਵਾਨ/ਕਾਰਜਸ਼ੀਲ ਵੀ ਹਨ ਜੇ ਅਜਿਹਾ ਹੁੰਦਾ ਤਾਂ ਮੱਧ-ਵਰਗ ਕਦੋਂ ਦਾ ਕ੍ਰਾਂਤੀ ਲਿਆ ਚੁੱਕਾ ਹੁੰਦਾ। ਦਿਸਦੇ ਨਾਲੋਂ ਅਣ ਦਿਸਦਾ ਤਸ਼ੱਦਦ, ਅਣ ਦਿਸਦੀ ਲੁੱਟ, ਸਭ ਤੋਂ ਖ਼ਤਰਨਾਕ ਹੈ, ਜੋ ਲੁੱਟ ਸਾਡੇ ਸਮਕਾਲੀ ਵਿਚ ਦਿਨੋਂ-ਦਿਨ ਵਧ ਰਹੀ ਹੈ। ਇਹੀ ਤਾਂ ਪਾਸ਼ ਦੀ ਖ਼ੂਬੀ ਹੈ ਕਿ ਉਸ ਦੀ ਕਵਿਤਾ ਨਿੱਤ ਨਵੇਂ ਅਰਥ ਦੇ ਰਹੀ ਹੈ। ਸਾਹਿਤ ਅਤੇ ਸਮਕਾਲ ਦਾ ਰਿਸ਼ਤਾ ਦਵੰਦਾਤਮਿਕ ਹੁੰਦਾ ਹੈ। ਜੁਝਾਰਵਾਦੀ ਕਵੀਆਂ ਦੇ ਸਮਕਾਲ ਵਿਚ ਦੁਨੀਆਂ ਭਰ ਵਿਚ ਉਥੱਲ-ਪੁਥਲ ਦਾ ਸਮਾਂ ਸੀ। ਇਕ ਤਰ੍ਹਾਂ ਨਾਲ ਦੁਨੀਆਂ ਸਮਾਜਵਾਦੀ ਅਤੇ ਪੂੰਜੀਵਾਦੀ/ ਸਾਮਰਾਜਵਾਦੀ ਧਰੁੱਵਾਂ ਵਿਚ ਵੰਡੀ ਜਾ ਰਹੀ ਸੀ। ਇਸ ਲਈ ਜੁਝਾਰਵਾਦੀ ਕਵੀ ਸਾਮਰਾਜਵਾਦ ਦੇ ਬਦਲਦੇ ਸਰੂਪ ਨੂੰ ਸਮਝਦੇ ਹਨ ਅਤੇ ਦੁਨੀਆਂ ਭਰ ਵਿਚਲੇ ਸੰਘਰਸ਼ਾਂ ਨਾਲ ਸੰਵਾਦ ਵੀ ਰਚਾਉਂਦੇ ਹਨ। ਜੁਝਾਰਵਾਦੀ ਕਵੀ ਆਪਣੇ ਵਿਚਾਰਧਾਰਕ ਆਧਾਰ ਕਾਰਨ ਦੁਨੀਆਂ ਭਰ ਵਿਚ ਚੱਲ ਰਹੇ ਹਥਿਆਰਬੰਦ ਸੰਘਰਸ਼ਾਂ ਦੀ ਹਿਮਾਇਤ ਕਰਦੇ ਹਨ। ਸਮਾਜਵਾਦ ਦਾ ਸੰਕਲਪ ਕਿਸੇ ਇਕ ਦੇਸ਼ ਨਾਲ਼ ਨਹੀਂ ਜੁੜਿਆ ਇਹ ਸੰਕਲਪ ਦੇਸ਼ ਕਾਲ ਤੋਂ ਸੁਤੰਤਰ ਹੈ ਕਿਉਂਕਿ ਇਹ ਦੁਨੀਆਂ ਦੇ ਹਰ ਭਾਗ ਵਿਚ ਅਤੇ ਇਤਿਹਾਸ ਦੇ ਹਰ ਪੜਾਅ ਲਈ ਬਰਾਬਰੀ ਵਾਲਾ ਸਮਾਜ ਚਾਹੁੰਦਾ ਹੈ। ਸਮਾਜਵਾਦ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਲੋਕਾਂ ਵਾਸਤੇ ਬਾਕੀ ਦੇ ਸਮਾਜਵਾਦੀ ਸੰਘਰਸ਼ ਬਹੁਤ ਮਹੱਤਤਾ ਰੱਖਦੇ ਹਨ। ਇਕ ਤਰ੍ਹਾਂ ਨਾਲ਼ ਉਹ ਇਨ੍ਹਾਂ ਸੰਘਰਸ਼ਾਂ ਨੂੰ ਆਪਣੇ ਸੰਘਰਸ਼ ਸਮਝਦੇ ਹਨ ਅਤੇ ਦੁਨੀਆਂ ਭਰ ਦੇ ਪੂੰਜੀਵਾਦ ਦਾ ਵਿਰੋਧ ਕਰਦੇ ਹਨ। ਵਿਚਾਰਧਾਰਕ ਤੌਰ 'ਤੇ ਇਹ ਆਪਣੇ ਵਿਚਾਰਾਂ ਨੂੰ ਵਿਸ਼ਵ ਵਿਆਪੀ ਦਰਸਾਉਣ ਦਾ ਕਾਵਿਕ ਢੰਗ ਵੀ ਹੈ। ਜੁਝਾਰਵਾਦੀ ਕਾਵਿ ਦਾ ਇਤਿਹਾਸਕ ਅਤੇ ਸਿਧਾਂਤਕ ਉਦੇਸ਼ ਕੇਂਦਰੀ ਸੂਤਰ ਸਥਾਪਤੀ ਪ੍ਰਤੀ ਹਰ ਪਹਿਲੂ 'ਤੇ ਵਿਦਰੋਹ ਕਰਨਾ ਹੈ। ਇਸ ਲਈ ਸਾਹਿਤ ਰਚਦਿਆਂ ਇਹ ਕਵੀ ਸਾਹਿਤ ਮਾਪਦੰਡਾਂ ਪ੍ਰਤੀ ਵਿਦਰੋਹ ਕਰਦੇ ਹਨ। ਇਸ ਵਿਦਰੋਹ ਨੂੰ ਕਈ ਵਾਰ ਸਾਡੇ ਆਲੋਚਕ ਸਮਝਣ ਤੋਂ ਉੱਕ ਜਾਂਦੇ ਹਨ ਅਤੇ ਕਵਿਤਾ ਨੂੰ ਨਾਅਰਾ ਹੀ ਆਖ ਦਿੰਦੇ ਹਨ। ਲਾਲ ਸਿੰਘ ਦਿਲ ਦੀ ਕਵਿਤਾ ਦਾ ਅਰਥ ਵਿਚਲਨ ਧੁਪੇ ਨਾਲ ਲੂਸੇ ਚਿਹਰਿਆਂ, ਬਦਰੰਗ ਲਿਬਾਸਾਂ ਅਤੇ ਭਾਰੀਆਂ ਪੰਡਾਂ ਹੇਠ ਬੇਸਿਆਣੇ ਹੋਏ ਕਿਰਤੀ ਮਨੁੱਖਾਂ ਦੀ ਮੁਸ਼ੱਕਤ

ਦੇ ਸੁਹਜ ਨੂੰ ਗ਼ੈਰ-ਰੁਮਾਨੀ ਸ਼ੈਲੀ ਵਾਲਾ ਹੈ। ਉਸ ਲਈ ਕਿਰਤ ਦਾ ਤਾਲ ਹੀ ਸਦੀਵੀ ਕਲਾ ਹੈ ਜਿਵੇਂ ਕਿ ਲਾਲ ਸਿੰਘ ਦਿਲ ਨੇ ਅਪਣੀ ਪੁਸਤਕ ***ਨਾਗ ਲੋਕ*** ਕਵਿਤਾ ਨਾਚ ਵਿਚ ਕਿਹਾ ਹੈ:

ਜਦ ਮਜ਼ੂਰਨ ਤਵੇ ‘ਤੇ

ਦਿਲ ਨੂੰ ਪਕਾਉਂਦੀ ਹੈ

ਚੰਨ ਟਾਹਲੀ ਥੀ ਹੱਸਦਾ ਹੈ

ਇਹ ਗੀਤ ਨਹੀਂ ਮਰਦੇ

ਨਾ ਦਿਲਾਂ ‘ਚ ਨਾਚ ਮਰਦੇ ਨੇ। (53)

ਲਾਲ ਸਿੰਘ ਦਿਲ ਅਪਣੀ ਪੁਸਤਕ ***ਨਾਗ ਲੋਕ*** ਕਵਿਤਾ ਸਤਲੁਜ ਦੀ ਹਵਾ ਵਿਚ ਵਿਚਾਰ ਪ੍ਰਗਟ ਕਰਦੇ ਹਨ:

ਕਣਕਾਂ ਦੀ ਉਦਾਸੀ ਵਿਚ

ਕਿੱਕਰਾਂ ਦੀ ਮਹਿਕ ਵਿਚ

ਤੂੰ ਦੂਰ ਦੂਰ ਤੱਕਦੀ ਏਂ ਰਾਜ-ਭਵਨ

ਜੋ ਸਾਂਭੀ ਬੈਠੇ ਅੱਜ ਤੱਕ

ਗੋਰੇ ਦੀਆਂ ਫਾਂਸੀਆਂ। (35)

‘ਕਣਕਾਂ ਦੀ ਉਦਾਸੀ’ ਤੇ ‘ਕਿੱਕਰਾਂ ਦੀ ਮਹਿਕ’ ਦਾ ਅਰਥ ਵਿਚਲਨ ਭਾਵ ਆਰਥਿਕ ਲੁੱਟ ਦੇ ਪ੍ਰਭਾਵ ਤੇ ਮਾਨਵੀ ਭਾਵਨਾਵਾਂ ਵਿਚ ਲੁਕੇ ਸੁਹਜ ਨੂੰ ਉਜਾਗਰ ਕਰਦਾ ਹੈ। ਇਸ ਵਿਚ ਨਾ ਤਾਂ ਤਰਸ ਭਾਵ ਹੈ ਤੇ ਨਾ ਹੀ ਭਾਵੁਕ ਪਹੁੰਚ। ਇਸ ਵਿਚ ਸਹਿਜ ਵਿਅੰਗ ਜ਼ਰੂਰ ਹੈ। ਦਿਲ ਆਪਣੇ ਕਾਵਿ ਅਨੁਭਵ ਨੂੰ ਅਰਥ ਵਿਚਲਨ ਤੋਂ ਸੌੜੀਆਂ ਕੌਮਾਂ, ਦੇਸ਼ਾਂ, ਧਰਮਾਂ ਤੇ ਜਾਤਾਂ-ਪਾਤਾਂ ਤੋਂ ਉੱਪਰ ਉੱਠ ਕੇ ਵਿਆਪਕਤਾ ਪ੍ਰਦਾਨ ਕਰਦਾ ਹੈ। ਅਰਥ ਵਿਚਲਨ ਦੇ ਪੱਖ ਤੋਂ ਪਾਸ਼ ਦੀ ਵਿਦਰੋਹੀ ਸੁਰ ਸਾਹਿਤ ਦੇ ਸੁਹਜ ਬਾਰੇ ਅਤੇ ਆਮ ਪ੍ਰਚਲਿਤ ਸਾਹਿਤ ਦੋਹਾਂ ਬਾਰੇ ਵੀ ਤੀਬਰ ਰੂਪ ਵਿਚ ਸਾਹਮਣੇ ਆਉਂਦੀ ਹੈ ਕਿਉਂਕਿ ਜਦੋਂ ਉਹ ਪੂਰੇ ਸਮਾਜ ਨੂੰ ਪੂਰੇ

ਪ੍ਰਬੰਧ ਨੂੰ ਬਦਲਣ ਦੀ ਗੱਲ ਕਰਦਾ ਹੈ ਤਾਂ ਇਸੇ ਸਮਾਜ/ਪ੍ਰਬੰਧ ਦਾ ਇੱਕ ਹਿੱਸਾ ਸਾਹਿਤ ਵੀ ਹੈ। ਇਹ ਕਵਿਤਾ ਦੇ ਮਨੁੱਖੀ ਜੀਵਨ ਵਿਚਲੇ ਰੋਲ ਤੋਂ ਸੁਚੇਤ ਅਤੇ ਚਾਲੂ ਕਵਿਤਾ ਦੀਆਂ ਸੀਮਾਵਾਂ ਤੋਂ ਚੇਤੰਨ ਹੋਣ ਦੇ ਨਾਲ਼-ਨਾਲ਼ ਸਥਾਪਤੀ ਦੇ ਵਿਚਾਰਧਾਰਕ ਉਪਕਰਨਾਂ ਵਿਚੋਂ ਕਲਾ ਦੇ ਸੰਦਰਭ ਵਿਚ ਬਹੁਤ ਮਹੱਤਵਪੂਰਨ ਤੇ ਸ਼ਕਤੀਸ਼ਾਲੀ ਵਿਦਰੋਹ ਹੈ। ਇਸ ਤਰ੍ਹਾਂ ਅਵਤਾਰ ਸਿੰਘ ਪਾਸ਼ ਨੇ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਅਰਥ ਵਿਚਲਨ ਤੋਂ ਕਵਿਤਾ ਸ਼ਬਦ, ਕਲਾ  ਤੇ ਕਵਿਤਾ ਵਿਚਾਰ ਹੈ ਕਿ:

ਸ਼ਬਦ ਜੋ ਰਾਜਿਆਂ ਦੀ ਘਾਟੀ 'ਚ ਨੱਚਦੇ ਹਨ
ਜੋ ਮਾਸ਼ੂਕ ਦੀ ਧੁੰਨੀ ਦਾ ਖੇਤਰਫਲ ਮਿਣਦੇ ਹਨ
ਜੋ ਮੇਜ਼ਾਂ ਉੱਤੇ ਟੈਨਸ-ਬਾਲਾਂ ਵਾਂਗ ਰਿੜਦੇ ਹਨ
ਜੋ ਮੰਚਾਂ ਦੀ ਕੱਲਰ-ਭੋਂ 'ਤੇ ਉਗਦੇ ਹਨ-
ਕਵਿਤਾ ਨਹੀਂ ਹੁੰਦੇ।  (੪੪)

ਜੁਝਾਰਵਾਦੀ ਕਾਵਿ ਅਰਥ ਵਿਚਲਨ ਦੇ ਪੱਖ ਤੋਂ ਇਤਿਹਾਸਕ ਅਤੇ ਸਿਧਾਂਤਕ ਦਾਇਰੇ ਵਿਚ ਆਪਣੇ ਵਿਚਾਰਧਾਰਕ ਪੈਂਤੜੇ ਤੋਂ ਲੋਕ-ਵਿਰੋਧੀ ਇਤਿਹਾਸਕ/ਮਿਥਿਹਾਸਿਕ ਚਿੰਨ੍ਹਾਂ ਦਾ ਵਿਸਫੋਟ ਕੀਤਾ ਗਿਆ ਹੈ। ਖ਼ਾਸਕਰ ਅਵਤਾਰ ਸਿੰਘ ਪਾਸ਼-ਕਾਵਿ ਤੇ ਲਾਲ ਸਿੰਘ ਦਿਲ ਕਾਵਿ ਉਨ੍ਹਾਂ ਬਹੁਤ ਸਾਰੀਆਂ ਮਿੱਥਾਂ ਦਾ ਭੰਜਕ ਬਣਿਆ ਹੈ ਜੋ ਅਜਿਹਾ ਭਰਮਤ ਯਥਾਰਥ ਸਿਰਜਦੀਆਂ ਹਨ ਜਿਸ ਨਾਲ ਮਨੁੱਖੀ ਚੇਤਨਾ ਖੁੰਢੀ ਹੋ ਜਾਂਦੀ ਹੈ। ਸਿਰਫ਼ ਮਿੱਥਾਂ ਹੀ ਨਹੀਂ ਲੋਕ-ਧਾਰਾ ਦੇ ਹੋਰ ਵੀ ਬਹੁਤ ਸਾਰੇ ਲੋਕ-ਵਿਸ਼ਵਾਸਾਂ, ਲੋਕ-ਗੀਤਾਂ ਦੇ ਭਰਮਤ ਬਿੰਬਾਂ ਦਾ ਵਿਸਫੋਟ ਕਰਦਾ ਹੈ। ਮਿਥਿਹਾਸ ਦੇ ਉਨ੍ਹਾਂ 'ਨਾਇਕਾਂ' ਦਾ ਨਾਇਕਤਵ ਤੋੜਦਾ ਹੈ ਜੋ ਸਮਾਜਿਕ ਬਦਲਾਅ ਦੇ ਰਾਹ 'ਚ ਰੋੜਾ ਬਣਦੇ ਹਨ। ਮਿੱਥ ਭੰਜਨ ਸਥਾਪਤੀ ਦੇ ਸਭਿਆਚਾਰ ਮੁੱਲ-ਵਿਧਾਨਾਂ/ਕਦਰਾਂ-ਕੀਮਤਾਂ ਪ੍ਰਤੀ ਵਿਦਰੋਹ ਦਾ ਮਿੱਥਾਂ ਦੁਆਰਾ ਸਿਰਜੀ ਗਈ ਭਰਮ ਚੇਤਨਾ, ਜੋ ਮਨੁੱਖਾਂ ਨੂੰ ਦਹਾਕੇ-ਸਦੀਆਂ ਤੱਕ ਮਾਨਸਿਕ ਗ਼ੁਲਾਮ ਬਣਾਈ ਰੱਖਦੀ ਹੈ, ਇਸ  ਬਾਰੇ ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਦਰੋਣਾਚਾਰੀਆ ਦੇ ਨਾਂ ਵਿਚ  ਵਿਚਾਰ  ਪ੍ਰਗਟ ਕਰਦੇ ਹਨ :

ਪਰ ਹੁਣ ਤੁਹਾਡਾ ਚੱਕਰ-ਵਯੂਹ

ਕਿਧਰੇ ਵੀ ਕਾਰਗਰ ਨਹੀਂ ਹੋਣਾ

ਤੁਸੀਂ ਇਕ ਭੀਲ ਬੱਚਾ ਸਮਝ ਕੇ

ਮੇਰਾ ਅੰਗੂਠਾ ਕੱਟ ਦਿੰਦੇ ਤਾਂ ਕਹਾਣੀ ਹੋਰ ਸੀ (85)

ਹੱਥਲੇ ਖੋਜ-ਕਾਰਜ ਦੀ ਸੀਮਾ ਅਰਥ ਪੱਧਰ ਉੱਤੇ ਵਿਚਲਨ ਦੇ ਪੱਖ ਤੋਂ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਕਾਵਿ ਦੇ ਇਤਿਹਾਸਕ ਅਤੇ ਸਿਧਾਂਤਕ ਪੱਖਾਂ ਦੇ ਵਿਚਾਰਧਾਰਾਈ ਆਧਾਰਾਂ ਦਾ ਅਧਿਐਨ ਹੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿਚ ਹੁਣ ਇਸ ਕਾਵਿ-ਧਾਰਾ ਦੀਆਂ ਕੁਝ ਰਚਨਾਵਾਂ ਦੇ ਪ੍ਰਕਾਸ਼ਿਤ ਹੋਣ ਤੋਂ ਬਿਨਾਂ ਇਕ ਤਰ੍ਹਾਂ ਇਹ ਕਾਵਿ-ਧਾਰਾ ਪੰਜਾਬੀ ਕਾਵਿ ਜਗਤ ਦੇ ਕੈਨਵਸ ਉੱਪਰੋਂ ਰਚਨਾਤਮਿਕ ਨਿਰੰਤਰਤਾ ਪੱਖੋਂ ਮੱਧਮ ਪੈ ਚੁੱਕੀ ਹੈ ਪਰ ਪਾਠਕਾਂ ਵਿਚ ਇਸ ਧਾਰਾ ਦੇ ਕਵੀ ਅਵਤਾਰ ਸਿੰਘ ਪਾਸ਼ ਅਤੇ ਲਾਲ ਸਿੰਘ ਦਿਲ ਸਭ ਤੋਂ ਵੱਧ ਮਕਬੂਲ ਹਨ। ਇੱਥੋਂ ਤਕ ਕਿ ਪਾਸ਼ ਦੀਆਂ ਕਵਿਤਾਵਾਂ ਹੋਰਨਾਂ ਭਾਸ਼ਾਵਾਂ ਵਿਚ ਅਨੁਵਾਦ ਵੀ ਹੋ ਰਹੀਆਂ ਹਨ ਤੇ ਉਸ ਦੀ ਤੁਲਨਾ ਦੁਨੀਆਂ ਦੇ ਵੱਡੇ ਕਵੀਆਂ ਨਾਲ ਕੀਤੀ ਜਾ ਰਹੀ ਹੈ। ਲਾਲ ਸਿੰਘ ਦਿਲ ਵੀ ਅਰਥ ਵਿਚਲਨ ਤੋਂ ਜੁਝਾਰਵਾਦੀ ਪੱਖ ਤੋਂ ਦਲਿਤ ਵਰਗ ਦੀ ਹਮਾਇਤ ਲਈ ਕਾਫ਼ੀ ਸੰਘਰਸ਼ਸ਼ੀਲ ਰਹੇ ਹਨ ਜਿਵੇਂ ਕਿ ਲਾਲ ਸਿੰਘ ਦਿਲ ਅਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਬਦ ਵਿਚ ਬਿਆਨ ਕੀਤਾ ਹੈ:

ਸ਼ਬਦ ਤਾਂ ਕਹੇ ਜਾ ਚੁਕੇ ਹਨ

ਅਸਾਥੋਂ ਵੀ ਬਹੁਤ ਪਹਿਲਾਂ ਦੇ

ਤੇ ਅਸਾਥੋਂ ਵੀ ਬਹੁਤ ਪਿੱਛੋਂ ਦੇ

ਅਸਾਡੀ ਹਰ ਜ਼ਬਾਨ

ਜੇ ਹੋ ਸਕੇ ਤਾਂ ਕੱਟ ਲੈਣਾ

ਪਰ ਸ਼ਬਦ ਤਾਂ ਕਹੇ ਜਾ ਚੁੱਕੇ ਹਨ। (49)

ਅਰਥ ਵਿਚਲਨ ਅਨੁਭਵ ਤੇ ਵਿਚਾਰਧਾਰਕ ਚੇਤਨਾ ਇਹਨਾਂ ਕਵੀਆਂ ਦੀ ਕਵਿਤਾਵਾਂ ਵਿਚ ਵੀ ਪੂਰੀ ਸਪੱਸ਼ਟਤਾ ਨਾਲ਼ ਦੇਖੀ ਜਾ ਸਕਦੀ ਹੈ। ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਆਪਣੇ ਸਮਕਾਲ ਦੀਆਂ ਘਟਨਾਵਾਂ ਨੂੰ ਅਰਥ ਵਿਚਲਨ ਤੋਂ ਚਿੰਨ੍ਹ ਬਣਾ ਕੇ ਕਾਵਿ ਵਿਚ ਬੜੀ ਕਲਾਤਮਿਕਤਾ ਨਾਲ਼ ਪੇਸ਼ ਕਰਦੇ ਵਰਗ ਸੰਘਰਸ਼ 'ਤੇ ਜ਼ੋਰ ਦਿੰਦੇ ਹਨ। ਅਰਥ ਵਿਚਲਨ ਤੋਂ ਇਹ ਚਿੰਨ੍ਹ ਅਜਿਹੀ ਕਾਵਿਕ ਖ਼ੂਬੀ ਬਣ ਜਾਂਦੇ ਹਨ ਕਿ ਸਮਾਜ ਦਾ ਆਮ ਮਨੁੱਖ ਕਵਿਤਾ ਦਾ ਹਿੱਸਾ ਬਣ ਕੇ ਉੱਭਰਦਾ ਹੈ। ਇਸ ਤਰ੍ਹਾਂ ਜਿੱਥੇ ਕਵਿਤਾ ਦਾ ਆਮ ਲੋਕਾਂ ਤੇ ਪ੍ਰਭਾਵ ਵਧਦਾ ਹੈ ਉਥੇ ਕਵੀ ਦੀ ਜ਼ਮੀਨੀ ਹਕੀਕਤਾਂ ਨਾਲ਼ ਜੁੜੇ ਹੋਣ ਦੀ ਵੀ ਪੁਸ਼ਟੀ ਹੁੰਦੀ ਹੈ ਜਿਵੇਂ ਕਿ ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਅਸੀਂ ਲੜਾਂਗੇ ਸਾਥੀ ਵਿਚ ਬਿਆਨ ਕਰਦਾ ਹੈ:

ਅਸੀਂ ਲੜਾਂਗੇ ਸਾਥੀ
ਅਸੀਂ ਲੜਾਂਗੇ ਤਦ ਤਕ
ਕਿ ਵੀਰੂ ਬੱਕਰੀਆਂ ਵਾਲਾ ਜਦੋਂ ਤਕ
ਬੱਕਰੀਆਂ ਦਾ ਮੂਤ ਪੀਂਦਾ ਹੈ
ਜਦੋਂ ਤਕ ਪੁਲਿਸ ਦੇ ਸਿਪਾਹੀ
ਆਪਣੇ ਹੀ ਭਰਾਵਾਂ ਦਾ ਗਲਾ ਘੁੱਟਣ ਤੇ ਬਾਧ ਹਨ
ਕਿ ਬਾਬੂ ਦਫਤਰਾਂ ਵਾਲੇ
ਜਦੋਂ ਤਕ ਲਹੂ ਦੇ ਨਾਲ਼ ਹਰਫ਼ ਪਾਉਂਦੇ ਹਨ (84)

ਅਨੁਸੂਚਿਤ ਜਾਤੀ ਦਾ ਕਾਫ਼ੀ ਵੱਡਾ ਹਿੱਸਾ ਅੱਜ ਵੀ ਪੂੰਜੀਵਾਦ/ਸਰਮਾਏਦਾਰੀ ਦੀ ਗੁਲਾਮੀ ਹੰਢਾਅ ਅਤੇ ਸਹਿਣ ਕਰ ਰਿਹਾ ਹੈ । ਜੁਝਾਰਵਾਦੀ ਲਹਿਰ ਦੇ ਪਰਿਪੇਖ ਵਿਚ ਸਾਂਸਕ੍ਰਿਤਿਕ ਵਿਦਰੋਹੀ ਪ੍ਰਵਚਨ ਨੂੰ ਮਹੱਤਵਪੂਰਨ ਸਮਾਜਿਕ ਮਾਨਤਾ ਹਾਸਲ ਹੋਈ ਹੈ। ਇਸ ਮਾਨਤਾ ਤਹਿਤ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀ ਵਿਦਰੋਹੀ ਸ਼ੈਲੀ ਅਰਥ ਵਿਚਲਨ ਤੋਂ ਇਕ ਦਲੇਰ ਜੁਝਾਰੂ ਯੋਧੇ ਦੇ ਰੂਪ ਵਿਚ ਪੂੰਜੀਪਤੀ

ਹਕੂਮਤ ਦੇ ਸ਼ਾਸਕਾਂ ਵਿਰੁੱਧ ਬਦਲੇ ਦੀ ਰੋਹ ਮਈ ਜੁਝਾਰਵਾਦੀ ਭਾਵਨਾ ਦਾ ਹਿੱਸਾ ਬਣ ਕੇ ਸਾਹਮਣੇ ਆਉਂਦੀ ਹੈ। ਜਿਵੇਂ ਕਿ ਲਾਲ ਸਿੰਘ ਦਿਲ ਇਸ ਭਾਵਨਾ ਨੂੰ ਅਪਣੀ ਪੁਸਤਕ ***ਨਾਗ ਲੋਕ*** ਕਵਿਤਾ ਬੇਲਚਕ ਵਿਚ ਪ੍ਰਗਟਾਅ ਰਹੇ ਹਨ:

ਉਹ ਤਾਂ ਸਾਨੂੰ ਸੁੱਟਦੇ ਨੇ

ਸਾਵੀ ਲਚਕੀਲੀ ਕਾਹੀ ਵਿਚ

ਜਾਂ ਪਹਾੜੀ ਕਿੱਕਰਾਂ ਦੀ ਮਹਿਕ ਵਿਚ

ਅਸੀਂ ਉਨ੍ਹਾਂ ਨੂੰ ਨਾਲੀਆਂ ’ਚ, ਗੋਹਿਆ ’ਚ

ਕੁੱਤਿਆਂ ਥੀ, ਲੋਕਾਂ ਦੀਆਂ ਜੁੱਤੀਆਂ ਦੇ ਹੇਠੋਂ ਦੀ ਘੜੀਸਾਂਗੇ। (61)

ਬਿਨਾਂ ਸ਼ੱਕ ਲਾਲ ਸਿੰਘ ਦਿਲ ਖ਼ੁਦ ਦਲਿਤ ਪਰਿਵਾਰ ਨਾਲ ਸੰਬੰਧਿਤ ਸੀ ਤੇ ਉਸ ਦੀ ਕਵਿਤਾ ਵਿਚ ਦਲਿਤਾਂ ਦਾ ਜ਼ਿਕਰ ਅਕਸਰ ਆਉਂਦਾ ਹੈ। ਉਹ ਦਲਿਤ ਜੀਵਨ ਦੇ ਚਿੰਨ੍ਹਾਂ ਨੂੰ ਅਰਥ ਵਿਚਲਨ ਤੋਂ ਆਪਣੀ ਕਵਿਤਾ ਵਿਚ ਵਰਤਦਾ ਰਿਹਾ ਹੈ, ਪਰ ਇਸ ਆਧਾਰ 'ਤੇ ਉਸ ਨੂੰ ਸਿਰਫ਼ ਦਲਿਤ ਚੇਤਨਾ ਦਾ ਕਵੀ ਕਹਿਣਾ ਉਚਿਤ ਨਹੀਂ। ਇਸ ਸਬੰਧੀ ਲਾਲ ਸਿੰਘ ਦਿਲ ਸਿਰਫ਼ ਵਰਗ ਸੰਘਰਸ਼ ਦੀ ਗੱਲ ਕਰਦਾ ਹੈ। ਅਵਤਾਰ ਸਿੰਘ ਪਾਸ਼ ਇਸ ਪੱਖੋਂ ਵੀ ਬਹੁਤ ਮਹੱਤਤਾ ਰੱਖਦਾ ਹੈ ਕਿ ਉਹ ਖ਼ੁਦ ਕਿਸਾਨੀ ਨਾਲ ਸੰਬੰਧਿਤ ਸੀ ਤੇ ਪੰਜਾਬੀ ਕਿਸਾਨੀ ਦਾ ਭਰਵਾਂ ਬਿੰਬ ਪੇਸ਼ ਕੀਤਾ। ਕਿਸਾਨੀ ਅਨੁਭਵ ਦੀ ਪੇਸ਼ਕਾਰੀ ਵੀ ਸਥਾਪਤੀ ਦੀ ਸੁਹਜ ਚੇਤਨਾ ਪ੍ਰਤੀ ਵਿਦਰੋਹ ਹੈ ਜਿਵੇਂ ਕਿ ਲਾਲ ਸਿੰਘ ਦਿਲ ਅਪਣੀ ਪੁਸਤਕ ***ਨਾਗ ਲੋਕ*** ਕਵਿਤਾ ਸਤਲੁਜ ਦੀਏ, ਵਾਏ ਨੀ ਵਿਚ ਕਹਿੰਦਾ ਹੈ ਕਿ:

ਸਤਲੁਜ ਦੀਏ, ਵਾਏ ਨੀ !

ਪ੍ਰੀਤ ਤੇਰੇ ਨਾਲ ਸਾਡੀ,ਵਾਏ ਨੀ

ਪਿਆਰ ਤੇਰਾ ਛੋਹੇ ਜਿਹੜੇ ਦਿਲ ਨੂੰ

ਉਹ ਸੂਰਜਾਂ ਦੀ ਅੱਗ ਬਣ ਜਾਏ ਨੀ (202)

ਅਸਾਡਾ ਹੌਸਲਾ ਵੀ ਧਿਆਨ ਖਿੱਚੇਗਾ ਬਾਜ਼ਾਰਾਂ ਦਾ

ਸ਼ਹਿਰ ਤੇਰੇ ’ਚ ਸੁਣਿਆ ਹੈ ਸਿਰਾਂ ਦੇ ਮੁੱਲ ਹੁੰਦੇ ਨੇ। (੪੦)

ਉਪਰੋਕਤ ਰੂਪ ਵਿਚ ਅਗਰਭੂਮਣ ਦੇ ਪ੍ਰਮੁੱਖ ਪੱਧਰ ਵਿਚਲਨ ਦੁਆਰਾ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਵਿਚਲਨ ਨੂੰ ਅਸੀਂ ਅੱਗੋਂ ਭਾਸ਼ਿਕ ਇਕਾਈਆਂ ਦੁਆਰਾ ਸਮਝਣ ਦੀ ਕੋਸ਼ਿਸ਼ਾਂ ਕੀਤੀ ਹੈ। ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਕਾਵਿ ਰਚਨਾਵਾਂ ਤੇ ਆਧਾਰਿਤ ਵੱਖਰੇ-ਵੱਖਰੇ ਵਿਸ਼ਿਆਂ ਨੂੰ ਚੋਣਵੇਂ ਰੂਪ ਵਿਚ ਬਿਆਨ ਕੀਤਾ ਗਿਆ ਹੈ। ਉਦਾਹਰਨ ਵਜੋਂ: ਕ੍ਰਾਂਤੀ, ਜਾਤ-ਪਾਤ ਵਿਰੋਧ, ਵਿਦਰੋਹ, ਇਤਿਹਾਸਕ-ਮਿਥਿਹਾਸਿਕ ਤੱਥ, ਆਰਥਿਕ, ਸਮਾਜਿਕ, ਧਾਰਮਿਕ ਬਰਾਬਰਤਾ ਆਦਿ ਹਨ। ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਕਾਵਿ ਸੰਗ੍ਰਹਿ ਤੇ ਆਧਾਰਿਤ ਵੱਖਰੇ-ਵੱਖਰੇ ਵਿਸ਼ਿਆਂ ਨੂੰ ਭਾਸ਼ਿਕ ਇਕਾਈ ਧੁਨੀ ਦੁਆਰਾ ਸਭ ਤੋਂ ਪਹਿਲਾਂ ਵਿਉਂਤਬੱਧ ਕੀਤਾ ਹੈ। ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਕਾਵਿ ਦੇ ਵਿਸ਼ਾ-ਪੱਖ ਵਿਚ ਸਾਨੂੰ ਧੁਨੀ ਪੱਧਰ ਦੇ ਚਾਰੇ ਰੂਪ ਮਿਲਦੇ ਹਨ ਜਿਵੇਂ ਕਿ ਧੁਨੀ ਬਦਲ ਦੁਆਰਾ ਵਿਚਲਨ, ਧੁਨੀ ਅਲੋਪ ਦੁਆਰਾ ਵਿਚਲਨ, ਧੁਨੀ ਵਾਧੇ ਦੁਆਰਾ ਵਿਚਲਨ ਅਤੇ ਧੁਨੀ ਘਾਟੇ ਦੁਆਰਾ ਵਿਚਲਨ ਆਦਿ। ਇਸ ਤੋਂ ਬਾਅਦ ਅਸੀਂ ਵਿਚਲਨ ਨੂੰ ਸ਼ਬਦ ਪੱਧਰ ਉੱਪਰ ਦੇਖਿਆ ਅਤੇ ਵਿਚਾਰਿਆ ਹੈ। ਸ਼ਬਦ ਪੱਧਰ ਉੱਪਰ ਵਿਚਲਨ ਦੇ ਦੋ ਰੂਪ ਉੱਭਰਦੇ ਹਨ (1) ਨਵੇਂ ਸ਼ਬਦਾਂ ਦੁਆਰਾ ਵਿਚਲਨ ਅਤੇ (2) ਪ੍ਰਚਲਿਤ ਸ਼ਬਦਾਂ ਦੀ ਰੂਪ ਤਬਦੀਲੀ ਦੁਆਰਾ ਵਿਚਲਨ। ਇਸ ਤੋਂ ਬਾਅਦ ਵਿਚਲਨ ਨੂੰ ਅਰਥ ਪੱਧਰ ਉੱਪਰ ਵਿਚਾਰਿਆ ਗਿਆ ਹੈ। ਅਰਥ ਪੱਧਰ ਤੇ ਵਿਚਲਨ ਨੂੰ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਵਿਚਾਰਿਆ ਗਿਆ ਹੈ। ਜਿਨ੍ਹਾਂ ਵਿਚ ਕਵੀਆਂ ਨੇ ਸ਼ਬਦਾਂ ਦੇ ਅਸਲੀ ਅਰਥਾਂ ਨੂੰ ਪਾਸੇ ਰੱਖ ਕੇ ਆਪਣੇ ਮਨੋਰਥ ਅਨੁਸਾਰ ਅਰਥ ਪ੍ਰਦਾਨ ਕਰਕੇ ਅਰਥ ਪੱਧਰ ਤੇ ਵਿਚਲਨ ਦੁਆਰਾ ਅਗਰਭੂਮਿਤ ਕੀਤਾ ਹੈ। ਇਸ ਤਰ੍ਹਾਂ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਦੀ ਕਾਵਿ ਸ਼ੈਲੀ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਧੁਨੀ ਪੱਧਰ, ਸ਼ਬਦ ਪੱਧਰ ਤੇ ਅਰਥ ਪੱਧਰ ਉੱਤੇ ਵਿਚਲਨ ਦੇ ਪੱਖ ਤੋਂ ਵਰਤੋਂ ਕੀਤੀ ਗਈ ਮਿਲਦੀ ਹੈ।

## ਅਧਿਆਇ ਤੀਜਾ

## ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ : ਵਿਪਥਨ ਦਾ ਪੱਧਰ

**3 .1 ਵਿਪਥਨ ਦਾ ਪੱਧਰ** : ਕਾਵਿ ਭਾਸ਼ਾ ਮਿਆਰੀ ਭਾਸ਼ਾ ਦੇ ਪ੍ਰਤੀਮਾਨਾਂ ਨੂੰ ਕਿੱਥੋਂ ਤੱਕ ਸਵੀਕਾਰ ਕਰਦੀ ਹੈ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਾਵਿ ਭਾਸ਼ਾ ਮਿਆਰੀ ਭਾਸ਼ਾ ਦਾ ਅੰਗ ਹੁੰਦੇ ਹੋਏ ਆਮ ਭਾਸ਼ਾ ਦਾ ਰੂਪ ਕਿਵੇਂ ਅਖਤਿਆਰ ਕਰ ਜਾਂਦੀ ਹੈ। ਕਾਵਿ ਭਾਸ਼ਾ ਆਪਣੇ ਆਪ ਵਿਚ ਇੰਨੀ ਤਾਕਤ ਰੱਖਦੀ ਹੈ ਕਿ ਉਹ ਮਿਆਰੀ ਭਾਸ਼ਾ ਦੀ ਸਮਰੱਥਾ ਨੂੰ ਆਪਣੇ ਅਨੁਸਾਰ ਢਾਲ ਲੈਂਦੀ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਕਾਵਿ ਭਾਸ਼ਾ ਦਾ ਜਨਮ ਮਿਆਰੀ ਭਾਸ਼ਾ ਵਿਚੋਂ ਹੀ ਹੁੰਦਾ ਹੈ। ਕਵੀ/ਲੇਖਕ ਜਾਣਕਾਰੀ ਹੋਣ ਦੇ ਬਾਵਜੂਦ ਹੀ ਮਿਆਰੀ ਭਾਸ਼ਾ ਦੇ ਵਿਸ਼ੇਸ਼ ਤੇ ਵਿਲੱਖਣ ਤੱਤਾਂ ਨੂੰ ਵਿਚਲਿਤ ਕਰ ਦਿੰਦਾ ਹੈ। ਇਸ ਵਿਚਲਿਤ ਸ਼ਬਦਾਵਲੀ ਨੂੰ ਕਵੀ ਕਵਿਤਾ ਵਿਚ ਸੁਹਜ ਪ੍ਰਭਾਵ ਪਾਉਣ ਲਈ ਵਰਤੋਂ ਵਿਚ ਲਿਆਉਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਕਾਵਿ ਭਾਸ਼ਾ ਵਿਚ ਹੀ ਮਿਆਰੀ ਸ਼ਬਦਾਵਲੀ ਜ਼ਿਆਦਾ ਮਾਤਰਾ ਵਿਚ ਵਿਚਲਿਤ ਹੁੰਦੀ ਹੈ। ਮਿਆਰੀ ਭਾਸ਼ਾ ਕਾਵਿ ਭਾਸ਼ਾ ਨੂੰ ਕਿਸੇ ਵੀ ਰੂਪ ਵਿਚ ਜਾਂ ਕਿਸੇ ਵੀ ਸਮੇਂ, ਸਥਾਨ ਅਨੁਸਾਰ ਕਦੇ ਵੀ ਵਿਚਲਿਤ ਨਹੀਂ ਕਰਦੀ। ਉਦਾਹਰਣ ਵਜੋਂ ਅਸੀਂ ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ ਦੀਆਂ ਕੁਝ ਰਚਨਾਵਾਂ ਨੂੰ ਵਿਚਾਰ ਸਕਦੇ ਹਾਂ। ਜਿਵੇਂ ਕਿ ਵਿਪਥਨ ਦੇ ਪੱਧਰ ਦੀ ਉੱਤਮ ਤੇ ਸਾਰਥਕ ਉਦਾਹਰਣ ਹੇਠ ਲਿਖੀਆਂ ਰਚਨਾਵਾਂ ਵਿਚੋਂ ਸਪੱਸ਼ਟ ਝਲਕਦੀ ਹੈ । ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਭਾਰਤ ਵਿਚ ਲਿਖਦੇ ਹਨ :

ਜਿੱਥੇ ਕਿਤੇ ਵੀ ਵਰਤਿਆ **ਜਾਏ**

ਆਪਣੇ ਅੰਗ ਵੀ **ਚਬਾ** ਸਕਦੇ ਹਨ,

ਉਸਦੀ ਟੋਪੀ ਹਵਾ 'ਚ ਉਛਾਲ **ਦਿਆ**। (33)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਉੱਚੀ ਨੀਵੀਂ ਸਭਿਅਤਾ ਵਿਚ ਕਹਿੰਦੇ ਹਨ :

ਚਾਨਣੀ ਦੇ ਕੋਲ **ਜੀਕੂੰ** ਕਹਿਕਸ਼ਾਂ

ਤੋਲਿਆ ਨਹੀਂ ਸੀ ਕਿਸੇ ਕੌਡਾਂ **ਸੰਗ**

ਢੋਲਾ ਉੱਤੇ **ਗਾਵਿਆ**

ਬਾਹਾਂ ਉੱਤੇ ਵਾਹੀਆਂ **ਲੀਕਾਂ** ਲੰਮੀਆਂ । (143)

ਜਾਏ, ਚਬਾ, ਦਿਆ, ਜੀਕੂੰ, ਸੰਗ, ਗਾਵਿਆ ਅਤੇ ਲੀਕਾਂ ਆਦਿ ਸ਼ਬਦ ਵਿਚਲਿਤ ਹੋਏ ਹਨ ਭਾਵੇਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਲੈ-ਤਾਲ, ਭਾਵ ਆਦਿ ਨੂੰ ਮੁੱਖ ਰੱਖ ਕੇ ਅਜਿਹਾ ਕੀਤਾ ਹੈ, ਪਰੰਤੂ ਮਿਆਰੀ ਭਾਸ਼ਾ ਦੇ ਪੱਧਰ ਤੇ ਇਹ ਸ਼ਬਦ ਜਾਵੇ, ਚੱਬ, ਦੀਆਂ, ਜਿਵੇਂ ਕਿ, ਸਾਥ, ਗਾਉਣਾ, ਲਕੀਰਾਂ ਦੀ ਥਾਂ ਤੇ ਵਰਤੇ ਗਏ ਹਨ। ਦੋਨੋਂ ਕਵੀਆਂ ਵਲੋਂ ਕਵਿਤਾਵਾਂ ਵਿਚ ਵਰਤੀ ਗਈ ਬਾਕੀ ਦੀ ਸ਼ਬਦਾਵਲੀ ਮਿਆਰੀ ਭਾਸ਼ਾਈ ਰੂਪ ਵਿਚ ਹੀ ਹੈ। ਇਸ ਤਰ੍ਹਾਂ ਕੋਈ ਵੀ ਤੱਤ ਅਗਰਭੂਮੀ ਵਿਚ ਆ ਸਕਦਾ ਹੈ। ਕਾਵਿ ਭਾਸ਼ਾ ਦਾ ਮੂਲ ਪ੍ਰਯੋਜਨ ਉਕਤੀ ਨੂੰ ਵੱਧ ਤੋਂ ਵੱਧ ਅਗਰਭੂਮੀ ਵਿਚ ਲਿਆਉਣਾ ਹੈ। ਅਸਲ ਵਿਚ ਮਿਆਰੀ ਭਾਸ਼ਾ ਦਾ ਸ਼ੁੱਧ ਰੂਪ ਵਿਗਿਆਨਿਕ ਲਿਖਤਾਂ ਵਿਚ ਹੀ ਦੇਖਿਆ ਜਾ ਸਕਦਾ ਹੈ। ਜਿਸ ਵਿਚ ਅਗਰਭੂਮਣ ਦੀ ਕੋਈ ਥਾਂ ਨਹੀਂ ਹੁੰਦੀ, ਪਰੰਤੂ ਕਈ-ਕਈ ਥਾਂ ਮਿਆਰੀ ਭਾਸ਼ਾ ਵਿਚ ਵੀ ਅਗਰਭੂਮੀ ਤੋਂ ਹੀ ਕੰਮ ਲਿਆ ਜਾਂਦਾ ਹੈ ਜਿਵੇਂ ਕਿ ਪੱਤਰਕਾਰੀ ਸ਼ੈਲੀ, ਕਾਵਿ ਭਾਸ਼ਾ ਅਤੇ ਮਿਆਰੀ ਭਾਸ਼ਾ ਦਾ ਨਿੱਖੜਵਾਂ ਅੰਗ ਸ਼ੈਲੀ ਵਿਗਿਆਨਿਕ ਪੱਧਰ 'ਤੇ ਵਿਪਥਨ ਦੁਆਰਾ ਹੀ ਸਪੱਸ਼ਟ ਰੂਪ ਵਿਚ ਦਿਖਾਈ ਦਿੰਦਾ ਹੈ। ਵਿਪਥਨ ਵਿਚਲਨ ਦੇ ਉਲਟਾ ਕਾਰਜ ਹੈ। ਜਿੱਥੇ ਵਿਚਲਨ ਵਿਚ ਵਿਆਕਰਨ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ, ਉੱਥੇ ਕਵੀ ਕਵਿਤਾਵਾਂ ਵਿਚ ਵਿਪਥਨ ਦੇ ਘੇਰੇ ਵਿਚ ਆਪਣੇ ਦੁਆਰਾ ਅਪਣਾਏ ਹੋਏ ਸ਼ਬਦਾਂ ਨੂੰ ਭੰਗ ਕਰਕੇ ਕੋਈ ਹੋਰ ਨਵੇਂ ਸ਼ਬਦਾਂ ਨੂੰ ਅਖਤਿਆਰ ਕਰ ਲੈਂਦਾ ਹੈ। ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ*** ਵਿਚ ਪਰਿਭਾਸ਼ਿਤ ਕਰਦੇ ਹੋਏ ਕਹਿੰਦੇ ਹਨ :

> ਸ਼ਬਦ ਦੇ ਪੱਧਰ ਉੱਤੇ ਵਿਪਥਨ, ਆਪਣੀ ਭਰਪੂਰ ਮਾਤਰਾ ਵਿਚ ਉਪਲਬਧ ਹੁੰਦਾ ਹੈ। ਇਹ ਸ਼ਬਦ ਪੱਧਰੀ ਵਿਪਥਨ ਪਾਠਾਤਮਕਤਾ (Textuality ਦੇ ਪੱਧਰ

ਉੱਤੇ ਵੀ ਉਪਲਬਧ ਹੈ ਅਤੇ ਅੰਤਰ-ਪਾਠਤਾ (Inter-Textuality) ਦੇ ਪੱਧਰ ਉੱਤੇ ਵੀ। ਪਾਠਾਤਮਕਤਾ ਤੋਂ ਇੱਥੇ ਭਾਵ ਕਿਸੇ ਸ਼ਬਦ ਦਾ ਉਸੇ ਵਾਕ ਵਿਚ ਹੀ ਵਿਪਥਨ। (141)

ਇਸ ਤਰ੍ਹਾਂ ਸਾਹਿਤਕ ਰਚਨਾ ਨੂੰ ਪਠਨ ਪਾਠਣ ਦੀ ਦ੍ਰਿਸ਼ਟੀ ਤੋਂ ਇਕ ਗੁੰਝਲਦਾਰ ਵਰਤਾਰਾ ਕਿਹਾ ਜਾਂਦਾ ਹੈ। ਜਿਸ ਦੇ ਕਈ ਪੱਧਰ ਹੁੰਦੇ ਹਨ ਅਤੇ ਕਈ ਅਰਥ ਅਤੇ ਕਈ ਸੰਬੰਧ ਹੁੰਦੇ ਹਨ। ਇਸ ਲਈ ਕਾਵਿ ਦੀ ਭਾਸ਼ਾ ਪ੍ਰਤੀਕਾਤਮਕ ਮੰਨੀ ਜਾਂਦੀ ਹੈ। ਜਿਸ ਨੂੰ ਬਿੰਬ ਵਿਧਾਨ, ਵਿਰੋਧਾਭਾਸ਼ (Paradox) ਤੋਲ-ਤੁਕਾਂਤ, ਛੰਦ-ਬੱਧ, ਰੂਪਕ ਉਪਮਾ ਅਲੰਕਾਰ, ਵਿਧਾ-ਵਿਧਾਨ,ਵਿਅੰਗਾਤਮਕ, ਪ੍ਰਸ਼ਨੋਤਰੀ, ਵਿਸਮਿਕ, ਭਾਸ਼ਾਈ ਲੇਖਣੀ ਪ੍ਰਯੋਗ, ਨਾਟਕੀ ਚੋਣ ਵਿਧੀ ਆਦਿ ਕਈ ਸਾਹਿਤਕ ਜੁਗਤਾਂ ਦੁਆਰਾ ਕਵੀ ਕਵਿਤਾਵਾਂ ਨੂੰ ਨਿਖਾਰਦਾ, ਸਿਰਜਦਾ ਅਤੇ ਸਜਾਉਂਦਾ ਹੈ। ਇਹ ਸਾਰੇ ਤੱਤ ਕਾਵਿ ਸਿਰਜਣਾ ਲਈ ਲਾਜ਼ਮੀ ਹਨ। ਕਾਵਿ ਸਿਰਜਣਾ ਵਿਚ ਸ਼ਬਦ ਅਤੇ ਅਰਥ ਨੂੰ ਕਾਵਿ ਰਚਨਾ ਦਾ ਸਰੀਰ ਮੰਨਿਆ ਜਾਂਦਾ ਹੈ। ਅਰਥ ਤੋਂ ਬਿਨਾਂ ਸ਼ਬਦ ਦੀ ਕੋਈ ਸਾਰਥਕਤਾ ਨਹੀਂ ਅਤੇ ਸ਼ਬਦ ਤੋਂ ਬਿਨਾਂ ਅਰਥ ਦਾ ਸੰਚਾਰ ਨਹੀਂ ਕੀਤਾ ਜਾ ਸਕਦਾ। ਕਾਵਿ ਭਾਸ਼ਾ ਭਾਵੇਂ ਭਾਸ਼ਾ ਦਾ ਹੀ ਰੂਪ ਮੰਨਿਆ ਜਾਂਦਾ ਹੈ, ਪਰ ਕਾਵਿ ਭਾਸ਼ਾ ਵਿਚ ਕਲਪਨਾ ਦਾ ਤੱਤ ਵਧੇਰੇ ਭਾਰੂ ਹੁੰਦਾ ਹੈ। ਸ਼ੈਲੀ ਵਿਗਿਆਨ ਇਸ ਨਿੱਖੜਵੇਂ ਅੰਗ ਨੂੰ ਸਮਝਣ ਲਈ ਇਕ ਉੱਤਮ ਯਤਨ ਹੈ। ਅਗਰਭੂਮਣ ਦੇ ਅੰਤਰਗਤ ਤੱਤ ਵਿਪਥਨ ਦਾ ਵਿਸਥਾਰ ਸਹਿਤ ਵਰਨਣ ਨਿਮਨ-ਲਿਖਤ ਅਨੁਸਾਰ ਹੈ:

**ਵਿਪਥਨ (Deflection):** ਵਿਪਥਨ ਨੂੰ 'ਉਰਾਹਣ' ਵਜੋਂ ਵੀ ਜਾਣਿਆ ਜਾਂਦਾ ਹੈ। ਵਿਪਥਨ ਪਾਠ ਭਾਸ਼ਾ ਵਿਚ ਕਿਸੇ ਵੀ ਰੂਪ ਵਿਚ ਕਵੀ/ਰਚਨਾਕਾਰ ਦੀ ਸ਼ੈਲੀ ਦੁਆਰਾ ਉਭਰਦਾ ਹੈ। ਇਸ ਵਿਚ ਕਵੀ ਆਪਣੀਆਂ ਕਵਿਤਾਵਾਂ ਜਾਂ ਪਾਠ ਭਾਸ਼ਾ ਵਿਚ ਪਹਿਲਾ ਆਪਣਾਏ ਪ੍ਰਤੀਮਾਨਾਂ ਨੂੰ ਰੱਦ ਕਰਕੇ ਨਵੇਂ ਹੋਰ ਪ੍ਰਤੀਮਾਨ ਸਿਰਜ ਲੈਂਦਾ ਹੈ। ਨਵੇਂ ਪ੍ਰਤੀਮਾਨ ਸਿਰਜਣਾ ਦੁਆਰਾ ਹੀ ਕਵਿਤਾਵਾਂ ਜਾ ਪਾਠ ਭਾਸ਼ਾ ਵਿਚ ਵਿਪਥਨ ਆਪਣਾ ਰੂਪ ਧਾਰਨ ਕਰ ਲੈਂਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਕਵੀ/ਸਾਹਿਤਕਾਰ ਆਪਣੇ ਦੁਆਰਾ ਪਹਿਲਾ ਵਾਲੇ ਅਪਣਾਏ ਧੁਨੀ ਵਿਧਾਨਾਂ ਨੂੰ ਨਵਾਂ ਰੂਪ ਵਿਧਾਨ ਦੇ ਕੇ ਅਪਣਾ ਲੈਂਦਾ ਹੈ ਤਾਂ ਇਸ

ਪ੍ਰਕਾਰ ਦੀ ਉਲੰਘਣਾ ਦੁਆਰਾ ਵੀ 'ਵਿਪਥਨ' ਦਾ ਜਨਮ ਹੋ ਜਾਂਦਾ ਹੈ। ਡਾ. ਸ਼ਸ਼ੀਭੂਸ਼ਨ ਸ਼ੀਤਾਸ਼ੂ ਵੀ ਵਿਪਥਨ ਬਾਰੇ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਸਿਧਾਂਤ ਤੇ ਵਿਹਾਰ*** ਵਿਚ ਪਰਿਭਾਸ਼ਿਤ ਕਰਦੇ ਹੋਏ ਕਹਿੰਦੇ ਹਨ : ਜਦੋਂ ਰਚਨਾਕਾਰ ਜਾਂ ਕਵੀ ਆਪਣੀ ਕਵਿਤਾ ਵਿਚ ਇਕ ਨਿਸ਼ਚਿਤ ਧੁਨੀ ਸੰਰਚਨਾ ਨੂੰ ਜਿਵੇਂ (ਘੋਸ਼, ਅਘੋਸ਼, ਅਲਪ੍ਰਾਣ, ਮਹਾਂਪ੍ਰਾਣ ਨਾਸਿਕ) ਆਦਿ ਨੂੰ ਵਰਤਦਾ ਅਚਾਨਕ ਹੋਰ ਧੁਨੀਆਂ ਦੀ ਵਰਤੋਂ ਕਰਨ ਲੱਗ ਜਾਵੇ ਉਦੋਂ ਧੁਨੀ ਪੱਧਰ ਦਾ ਵਿਪਥਨ ਪ੍ਰਾਪਤ ਹੁੰਦਾ ਹੈ। (95)

ਇਸ ਤਰ੍ਹਾਂ ਸ਼ੀਤਾਸ਼ੂ ਸ਼ਸ਼ੀਭੂਸ਼ਨ ਕਹਿੰਦੇ ਹਨ ਕਿ ਜਦੋਂ ਕੋਈ ਵੀ ਕਵੀ/ਰਚਨਾਕਾਰ ਵਲੋਂ ਵਰਤੋਂ ਵਿਚ ਲਿਆਂਦੀਆਂ ਗਈਆਂ ਪਹਿਲਾ ਵਾਲੀਆਂ ਸ਼ਬਦਾਵਲੀ ਧੁਨੀਆਂ ਨੂੰ ਤਿਆਗ ਕੇ ਹੋਰ ਨਵੀਆਂ ਸ਼ਬਦਾਵਲੀਆਂ ਧੁਨੀਆਂ ਨੂੰ ਵਰਤੋਂ ਵਿਚ ਲਿਆਂਦਾ ਜਾਂਦਾ ਹੈ, ਉਦੋਂ ਵਿਪਥਨ ਆਪਣਾ ਰੂਪ ਧਾਰਨ ਕਰ ਲੈਂਦਾ ਹੈ। ਭਾਸ਼ਕ ਇਕਾਈਆਂ ਦੇ ਪੱਖ ਤੋਂ ਵਿਪਥਨ ਵੱਖ-ਵੱਖ ਪੱਧਰਾਂ ਤੇ ਰੂਪਕ੍ਰਿਤ ਹੁੰਦਾ ਰਹਿੰਦਾ ਹੈ। ਜਿਵੇਂ ਕਿ ਧੁਨੀ ਪੱਧਰ ਉੱਤੇ ਵਿਪਥਨ, ਸ਼ਬਦ ਪੱਧਰ ਉੱਤੇ ਵਿਪਥਨ, ਰੂਪ ਪੱਧਰ ਉੱਤੇ ਵਿਪਥਨ, ਵਾਕ ਪੱਧਰ ਉੱਤੇ ਵਿਪਥਨ, ਅਰਥ ਪੱਧਰ ਉੱਤੇ ਵਿਪਥਨ, ਲਿਖਤ ਪੱਧਰ ਉੱਤੇ ਵਿਪਥਨ ਆਦਿ।

**3.2 ਧੁਨੀ ਪੱਧਰ ਉਤੇ ਵਿਪਥਨ:** ਜਦੋਂ ਕੋਈ ਵੀ ਕਵੀ/ਰਚਨਾਕਾਰ ਇਕੋਂ ਧੁਨੀ ਨੂੰ ਵਾਰ-ਵਾਰ ਵਰਤਦਾ-ਵਰਤਦਾ ਅਚਨਚੇਤ ਕਿਸੇ ਹੋਰ ਧੁਨੀ ਦੀ ਵਰਤੋਂ ਇਸ ਧੁਨੀ ਦੀ ਜਗ੍ਹਾ ਕਰਦਾ ਹੈ ਤਾਂ ਇਸ ਨੂੰ ਧੁਨੀ ਪੱਧਰ ਉੱਤੇ ਵਿਪਥਨ ਵਜੋਂ ਜਾਣਿਆ ਜਾਂਦਾ ਹੈ। ਡਾ. ਸੁਧਾ ਜਤਿੰਦਰ ਆਪਣੀ ਪੁਸਤਕ ***ਸਾਹਿਤਯ ਸੰਕੇਤਕ ਵਿਗਿਆਨ: ਸਿਧਾਂਤ ਔਰ ਪ੍ਰਤੀਮਾਨ*** ਵਿਚ ਪਰਿਭਾਸ਼ਿਤ ਕਰਦੇ ਹੋਏ ਕਹਿੰਦੇ ਹਨ : ਧੁਨੀ ਪੱਧਰ ਉੱਤੇ ਵਿਪਥਨ ਉਦੋਂ ਹੁੰਦਾ ਹੈ, ਜਦੋਂ ਕਵੀ/ਰਚਨਾਕਾਰ ਇਕ ਨਿਸ਼ਚਿਤ ਪ੍ਰਕਾਰ ਦੀ ਧੁਨੀ ਸੰਰਚਨਾ ਦੀ ਵਰਤੋਂ ਕਰਦੇ ਸਮੇਂ ਅਚਾਨਕ ਆਪਣੇ ਦੁਆਰਾ ਨਵੇਂ ਸ਼ਬਦ ਦੀ ਵਰਤੋਂ ਕਰਦਾ ਹੈ। (96)

ਇਸ ਤਰ੍ਹਾਂ ਕਵੀ/ਰਚਨਾਕਾਰ ਜਦੋਂ ਆਪਣੀ ਹੀ ਧੁਨੀ ਸੰਰਚਨਾ ਨੂੰ ਤੋੜ ਭੰਨ ਕੇ ਕੋਈ ਨਵੀਂ ਧੁਨੀ ਦਾ ਪ੍ਰਯੋਗ ਕਰਦਾ ਤਾਂ ਉਦੋਂ ਧੁਨੀ ਪੱਧਰ ਉੱਤੇ ਵਿਪਥਨ ਵਾਪਰਦਾ ਹੈ।

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਗਲੇ ਸੜੇ ਫੁੱਲਾਂ ਦੇ ਨਾਂ ਵਿਚ ਵਿਪਥਨ ਦੀ ਉਦਾਹਰਣ ਪੇਸ਼ ਕਰਦੇ ਹਨ :

ਅਸੀਂ ਤਾਂ ਪਿੰਡਾਂ ਦੇ ਵਾਸੀ ਹਾਂ,

ਤੁਸੀਂ ਸ਼ਹਿਰ ਦੇ ਵਾਸੀ ਤਾਂ ਸੜਕਾਂ ਵਾਲੇ ਹੋ।

ਤੁਸੀਂ ਕਾਸ ਨੂੰ **ਰੀਂਗ ਰੀਂਗ** ਕੇ ਚਲਦੇ ਹੋ?

**ਸਾਥੋਂ** ਪਹਿਲਾਂ ਬੁੱਢੇ **ਕੀਕਣ** ਹੋ ਜਾਂਦੇ ਹੋ?

ਸਾਡੀ ਦੌੜ ਤਾਂ ਕਾਲ਼ੇ ਮਹਿਰ ਦੀ ਮਟੀ **ਤੀਕ**

ਜਾਂ ਤੁਲਸੀ ਸੂਦ ਦੇ ਟੂਣੇ **ਤੱਕ** ਹੈ,

ਤੁਸੀਂ **ਅਸਾਥੋਂ** ਪਹਿਲਾਂ **ਕਿਉਂ** ਮਰ ਜਾਂਦੇ ਹੋ?

ਅਸੀਂ ਕਾਲਜੇ **ਕੱਟ ਕੱਟ** ਕੇ ਵੀ ਸੀ ਨਹੀਂ ਕੀਤੀ।

ਤੁਸੀਂ ਜੋ **ਰੰਗ ਬਰੰਗੇ** ਝੰਡੇ ਚੁੱਕੀ ਫਿਰਦੇ। (43)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਜਦ ਬਗ਼ਾਵਤ ਖੌਲਦੀ ਹੈ ਵਿਚ ਲਿਖਦੇ ਹਨ :

ਨੇਰ੍ਹੀਆਂ, ਸ਼ਾਹ ਨੇਰ੍ਹੀਆਂ ਰਾਤਾਂ ਦੇ **ਵਿੱਚ**,

ਜਦ **ਪਲ ਪਲਾਂ** ਤੋਂ ਸਹਿਮਦੇ ਹਨ, ਤਰਭਕਦੇ ਹਨ।

ਬਾਰੀਆਂ **'ਚ** ਕੁੱਦ ਕੇ ਖ਼ੁਦਕੁਸ਼ੀ ਕਰ ਲੈਂਦੀ ਹੈ। (44)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਸਤਲੁਜ ਦੀ ਹਵਾ ਵਿਚ ਕਹਿੰਦੇ ਹਨ:

ਜਦੋਂ ਤੇਰੇ **ਪੱਲੂਆਂ** ਨੂੰ ਕਾਹੀ **ਦਿਆਂ** ਖੇਤਾਂ **ਵਿਚੋਂ**

ਮੈਂ ਤੈਨੂੰ ਸਾਹਾਂ ਵਿਚ ਬਾਹਾਂ ਵਿਚ **ਤੱਕਿਆ**

ਕਦੇ ਬੁੱਕਲਾਂ **'ਚ** ਸਾਂਭੇ-

ਲਾਹੌਰ **ਦੀਆਂ** ਫਾਹੀਆਂ ਤੋਂ ਲਾਹੇ ਹੋਏ ਸ਼ਹੀਦ।

ਮੈਂ ਤੈਨੂੰ ਉਦਾਸ **ਤੱਕਦਾ** ਤੇਰੇ ਉੱਡਦੇ **ਪੱਲੂ** (35)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਸਤਲੁਜ ਦੀ ਹਵਾ ਵਿਚ ਵਿਪਥਨ ਦੀ ਉਦਾਹਰਣ ਪੇਸ਼ ਕਰਦੇ ਹਨ:

ਤੂੰ **ਦੂਰ ਦੂਰ** ਤੱਕਦੀ ਕਾਵੇਰੀ **ਤਕ**

ਜੋ ਸਾਂਭੀ ਬੈਠੇ ਅੱਜ **ਤੀਕ** ਤੇਰੀ ਮੁਸਕਾਣ **ਚਿੱਟੀ ਚਿੱਟੀ**

ਅੱਜ **ਤੱਕ** ਜਾਪਦੈ ਮੋਢਿਆਂ **'ਤੇ** ਮੇਰੇ ਜਿਉਂ ਬੰਦੂਕ ਹੈ

ਸਿਰਾਂ **ਉੱਤੇ** ਪੱਤੇ ਬੰਨ੍ਹੀ

ਵੈਰੀ ਘਰ ਨਾਅਰੇ **ਗੂੰਜੇ** ਹਿੰਦ ਦੀ ਜ਼ਮੀਨ **ਗੂੰਜੀ।** (36)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਰਿਹਾਈ ਦੀ ਖ਼ੁਸ਼ੀ 'ਚ ਗੀਤ ਵਿਚ ਆਪਣੇ ਵਿਚਾਰ ਪ੍ਰਗਟਾਉਂਦੇ ਹਨ :

**ਸੁਹਣੇ ਸੁਹਣੇ ਕਾਲੇ ਕਾਲੇ** ਲਾਲ ਲੋਕ।

ਮੱਛੀਆਂ ਨੂੰ ਲਾਂਵਦੇ ਨੇ **ਜਾਲ** ਲੋਕ।

ਸੁਰਗਾਂ **'ਚ**, ਧਰਤੀ 'ਤੇ, ਜ਼ਿੰਦਗੀ **'ਚ**

ਪਲਾਂ **ਵਿਚ ਜਾਲਾਂ** ਨੂੰ ਮਰੋੜਦੇ

ਜੇਲ੍ਹਾਂ **'ਚ** ਦਬਾਉਂਦੇ **ਸਾਲਾਂ ਸਾਲ** ਲੋਕ।

ਖੜ੍ਹੇ ਰਹਿੰਦੇ **ਸਾਰਾ ਸਾਰਾ** ਸਾਲ ਲੋਕ। (62)

ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਨੇ ਆਪਣੀਆਂ ਕਵਿਤਾਵਾਂ ਵਿਚ ਉਪਰੋਕਤ ਸ਼ਬਦਾਵਲੀ ਨੂੰ ਇਕ ਤੋਂ ਵੱਧ ਧੁਨੀ ਬਦਲ ਰਾਹੀਂ ਵਰਤੀ ਹੈ। ਇਕ ਧੁਨੀ ਨੂੰ ਵਰਤਦੇ ਹੋਏ ਕਵੀ ਇਕ ਦਮ ਹੀ ਦੂਸਰੀ

ਧੁਨੀ ਨੂੰ ਵਰਤ ਲੈਂਦੇ ਹਨ। ਜਿਸ ਨੂੰ ਧੁਨੀ ਪੱਧਰ ਤੇ ਵਿਪਥਨ ਦਾ ਨਾਮ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਸਾਥੋਂ, ਅਸਾਥੋਂ ਦੋ ਤਰ੍ਹਾਂ ਦੀ ਸ਼ਬਦ ਬਣਤਰ ਨੂੰ ਅਪਣਾਉਂਦਾ ਹੈ ਤੇ ਅਚਾਨਕ ਹੀ 'ਸਾਥੋਂ' ਲਿਖਦਾ ਲਿਖਦਾ 'ਅ' ਸਵਰ ਦੀ ਵਰਤੋਂ ਦੁਆਰਾ 'ਅਸਾਥੋਂ' ਸ਼ਬਦ ਦੀ ਵਰਤੋਂ ਕਰਦਾ ਹੈ। ਇਸੇ ਤਰ੍ਹਾਂ ਹੋਰ ਵੀ ਕਾਫ਼ੀ ਸ਼ਬਦਾਵਲੀ ਇਹੋ ਜਿਹੀ ਹੈ ਜਿਵੇਂ ਕਿ ਕਿਉਂ>ਕੀਂਕਣ, ਤੱਕ>ਤਕ, ਤੀਕ, ਪਲ>ਪਲਾਂ, ਵਿਚ>'ਚ, ਰੀਂਗ-ਰੀਂਗ > ਕੱਟ-ਕੱਟ ਆਦਿ ਅਤੇ ਜੋ ਧੁਨੀ ਪੱਧਰ ਤੇ ਵਿਪਸਿਥਤ ਹੋਈ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ। ਇਸੇ ਤਰ੍ਹਾਂ ਲਾਲ ਸਿੰਘ ਦਿਲ ਸ਼ਬਦ ਦੀ ਥਾਂ 'ਤੇ 'ਗੂੰਜੇ' ਸ਼ਬਦ 'ਜੇ' ਵਿਅੰਜਨ ਧੁਨੀ ਦੀ ਥਾਂ 'ਤੇ 'ਜੀ' ਵਿਅੰਜਨ ਧੁਨੀ ਦੀ ਵਰਤੋਂ ਕਰਦਾ ਹੋਇਆ ਗੂੰਜੀ ਸ਼ਬਦ ਨੂੰ ਉਚਾਰਦਾ ਹੈ। ਇਸੇ ਤਰ੍ਹਾਂ ਪੱਲੂ, ਪੱਲੂਆ, ਜਾਲ, ਜਾਲਾਂ, ਸਾਲ, ਸਾਲਾਂ ਦੋ ਤਰ੍ਹਾਂ ਦੀ ਸ਼ਬਦ ਬਣਤਰ ਨੂੰ ਅਪਣਾਉਂਦਾ ਹੈ ਤੇ ਅਚਾਨਕ ਹੀ 'ਪੱਲੂ, ਜਾਲ, ਸਾਲ ਲਿਖਦਾ ਲਿਖਦਾ 'ਆ, ਲਾਂ' ਦੀ ਵਰਤੋਂ ਦੁਆਰਾ 'ਪੱਲੂਆ, ਜਾਲਾਂ, ਸਾਲਾਂ' ਸ਼ਬਦ ਦੀ ਵਰਤੋਂ ਕਰਦਾ ਹੈ। ਇਸੇ ਤਰ੍ਹਾਂ ਹੋਰ ਵੀ ਕਾਫ਼ੀ ਸ਼ਬਦਾਵਲੀ ਇਹੋ ਜਿਹੀ ਹੈ ਜਿਵੇਂ ਕਿ ਦੀਆਂ>ਦਿਆ, ਤੱਕ>ਤਕ, ਤੀਕ,ਤੱਕਦਾ, ਤੱਕਿਆ, ਉੱਤੇ>'ਤੇ, ਵਿਚ>'ਚ, ਦੂਰ-ਦੂਰ > ਚਿੱਟੀ-ਚਿੱਟੀ > ਸੁਹਣੇ-ਸੁਹਣੇ > ਕਾਲੇ-ਕਾਲੇ > ਸਾਰਾ-ਸਾਰਾ ਆਦਿ ਅਤੇ ਜੋ ਧੁਨੀ ਪੱਧਰ ਤੇ ਵਿਪਸਿਥਤ ਹੋਈ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਬੇਗਾਨੀਆਂ ਵਿਚ ਕਹਿੰਦੇ ਹਨ :

**ਔਹ** ਤਸਲਾ ਜੋ ਸਦਾ ਉਸ ਦੇ ਸਿਰ ਤੇ ਰਹਿੰਦਾ ਹੈ

ਉਫ ! **ਉਹ** ਰੋਣ ਜਿਵੇਂ

ਰੰਗਦਾਰ ਕੰਧਾਂ ਭਿੱਜੀਆਂ ਹੋਣ। (71)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਸ਼ੀਸ਼ੇ ਦੀ ਕੈਦ ਵਿਚ ਕਹਿੰਦੇ ਹਨ :

ਤੁਸੀ **ਸਾਡੇ** ਲਈ

ਕੁਝ ਕਰਨ ਵਾਲੇ ਕੌਣ ਹੁੰਦੇ ਹੋ?

**ਅਸਾਡੇ** ਖ਼ੂਨ ਡੁਲਹਣ ਦਾ। (67)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਕੈਦਣ ਧਰਤੀ ਵਿਚ ਆਪਣੇ ਵਿਚਾਰ ਪ੍ਰਗਟਾਉਂਦੇ ਹਨ :

**ਏਸ** ਕਿਲੇ ਦੀ ਇਕ ਨੁੱਕਰ ਵੱਲ

**ਏਸੇ** ਕਿਲੇ ਦੀ ਇਕ ਨੁੱਕਰ ਵੱਲ। (69)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਹੋਚੀ ਦਾ ਜਾਣਾ ਵਿਚ ਆਪਣੇ ਵਿਚਾਰ ਪ੍ਰਗਟਾਉਂਦੇ ਹਨ :

**ਧਰਤ** ਦੇ ਦਿਲ ਨਾਲ ਤੜਪਣ ਵਾਲਿਆ

ਅੱਜ ਤੇਰੇ ਗ਼ਮ 'ਚ **ਧਰਤੀ** ਰੋ ਪਈ। (72)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਰੇਡੀਅਮ ਦਾ ਗੀਤ ਵਿਚ ਆਪਣੇ ਵਿਚਾਰ ਪ੍ਰਗਟਾਉਂਦੇ ਹਨ :

**ਅਨ੍ਹੇਰਿਆਂ** ਦੇ ਜੇਰੇ

**ਅਨ੍ਹੇਰਾ** ਆਪਣਾ ਰੰਗ। (76)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਕਾਂਗਲਾ ਤੇਲੀ ਵਿਚ ਆਪਣੇ ਵਿਚਾਰ ਪ੍ਰਗਟਾਉਂਦੇ ਹਨ :

ਮਹਾਰਾਜ ! ਤੱਕੋ **ਔਹ** ਚਾਨਣੀ

ਫੇਰ ਨਾ **ਉਹ** ਹਿੱਲਿਆ ਨਾ ਬੋਲਿਆ

ਦੀਵਾ ਕੋਈ ਦੂਰ **ਏਦਾਂ** ਜਾਪਦਾ

ਜਾਪਿਆ **ਇਉਂ** ਹੇਠ ਆਇਆ ਕਾਂਗਲਾ। (83)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਲਾਲ ਪੂਰਬ ਵਿਚ ਆਪਣੇ ਵਿਚਾਰ ਪ੍ਰਗਟਾਉਂਦੇ ਹਨ :

ਅੱਸੂ ਦਿਆਂ ਬੱਦਲਾਂ **ਜਹੇ** ਨੈਣ ਲਈ

ਜਟਾਂ **ਜਿਹਾ** ਦੁਖੀ ਸਿਰ। (92)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਯੁੱਗ ਪਲਟਾਵਾ ਵਿਚ ਲਿਖਦੇ ਹਨ :

ਹਰ ਸਾਹ **ਮੁੜਕੋ-ਮੁੜਕੀ**

ਮੇਰਾ ਲਹੂ ਤੇ **ਮੁੜਕਾ** ਮਿੱਟੀ ਵਿਚ ਡੁੱਲ ਗਿਆ ਹੈ। (44)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਅਰਥਾਂ ਦਾ ਅਪਮਾਨ ਵਿਚ ਲਿਖਦੇ ਹਨ :

**ਤੁਸਾਂ** ਨੇ ਜਾਣ ਬੁੱਝ ਕੇ **ਅਰਥਾਂ** ਦਾ ਅਪਮਾਨ ਕੀਤਾ ਹੈ

**ਤੁਸੀ** ਸਮਝੋਗੇ

ਮੈਂ ਤਾਂ ਖੱਡਾਂ ਦੇ **ਅਰਥ** ਬਦਲੇ ਹਨ। (49)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਸ਼ਰਧਾਂਜਲੀ ਵਿਚ ਲਿਖਦੇ ਹਨ :

**ਅਸਾਂ** ਅੱਡੀਆਂ ਹੋਈਆਂ ਤਲ਼ੀਆਂ ‘ਤੇ ਵੀ ਥੁੱਕ ਦੇਣਾ ਹੈ

ਤੇ **ਅਸੀਂ** ਸਮੇਂ ਦੇ ਪੱਥਰ ਵਿਚ

ਬਾਬਾ ਤੂੰ ਤਾਂ **ਜਾਣੀ ਜਾਣ ਏਂ**

ਅਸੀਂ ਭਾਗੋ ਦੇ ਭੋਜ ਨੂੰ ਠੁਕਰਾ ਦਿੱਤਾ **ਹੈ**। (60)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਅੰਤਿਕਾ ਵਿਚ ਲਿਖਦੇ ਹਨ :

ਸਾਨੂੰ **ਸਾਡੇ** ਹਿੱਸੇ ਦੀ ਕਟਾਰ ਦੇ ਦੇਵੋ

**ਅਸਾਡਾ** ਪੇਟ ਹਾਜ਼ਰ ਹੈ। (67)

ਉਪਰੋਕਤ ਕਾਵਿ ਟੋਟਿਆਂ ਵਿਚ ਕਾਫ਼ੀ ਸ਼ਬਦਾਵਲੀ ਜੋ ਅਗਰਭੂਮਿਤ ਹੋਈ ਮਿਲਦੀ ਹੈ ਜਿਵੇਂ ਕਿ ਲਾਲ ਸਿੰਘ ਦਿਲ ਤੇ ਅਵਤਾਰ ਸਿੰਘ ਪਾਸ਼ 'ਅਸਾਥੋਂ', 'ਵਿਚ', 'ਪੱਲੂਆਂ', 'ਉੱਤੇ', ਆਦਿ ਸ਼ਬਦਾਂ ਨੂੰ 'ਸਾਥੋਂ, 'ਚ, ਪੱਲੂ, 'ਤੇ ਵਿਅੰਜਨ ਧੁਨੀਆਂ ਰਾਹੀਂ ਅਗਰਭੂਮਿਤ ਕਰਦੇ ਹਨ। ਭਾਵੇਂ ਇੱਥੇ ਧੁਨੀਆਂ ਦਾ ਅਲੋਪ ਹੈ, ਪਰੰਤੂ ਕਵੀ ਕਈ ਥਾਂ ਇਸ ਨੂੰ ਪੂਰਾ ਵਰਤਦੇ ਹਨ ਜਿਵੇਂ ਕਿ 'ਵਿਚ', ਉੱਤੇ ਆਦਿ ਪ੍ਰਚਲਿਤ ਸ਼ਬਦ ਰੂਪ ਹੈ, 'ਵਿੱਚ' 'ਵਿੱ' ਵਿਅੰਜਨ ਧੁਨੀ ਲਗਾਂ ਮਾਤਰਾਂ ਦੇ ਅਲੋਪ ਅਤੇ 'ਉੱਤੇ' 'ਉ' ਸਵਰ ਧੁਨੀ ਲਗਾਂ ਮਾਤਰਾਂ ਦੇ ਅਲੋਪ ਰਾਹੀਂ ਕਵੀਆਂ ਨੇ ਵਰਤਿਆ ਹੈ। ਕਵੀ ਇਨ੍ਹਾਂ ਦੋਨਾਂ ਰੂਪਾਂ ਦਾ ਪ੍ਰਯੋਗ ਭਾਵੇਂ ਕਰਦੇ ਹਨ, ਪਰ ਕਈ ਥਾਂ ਸ਼ਬਦ ਨੂੰ ਮਾਨਕ ਰੂਪ ਵਿਚ ਵਰਤਦੇ ਵਰਤਦੇ ਅਚਾਨਕ ਛੱਡ ਦਿੰਦੇ ਹਨ ਤੇ ਉਸ ਦੀ ਜਗ੍ਹਾ ਧੁਨੀ ਲਗਾਂ ਮਾਤਰਾ ਅਲੋਪ ਜਾਂ ਧੁਨੀ ਲਗਾਂ ਮਾਤਰਾ ਬਦਲ ਰਾਹੀਂ ਵਿਪਸਥਿਤ ਰੂਪ ਨੂੰ ਸਾਹਮਣੇ ਲੈ ਆਉਂਦੇ ਹਨ ਜਿਵੇਂ ਕਿ ਕੁਝ ਹੋਰ ਸ਼ਬਦਾਵਲੀ ਅਸਾਥੋਂ (ਸਾਥੋਂ) ਕਿਉਂ (ਕੀਂਕਣ) ਤੱਕ (ਤੀਕ, ਤਕ, ਤੱਕਦਾ, ਤੱਕਿਆ) ਪਲ (ਪਲਾਂ) ਦੀਆਂ (ਦਿਆਂ) ਉਹ (ਔਹ, ਅਹੁ) ਧਰਤੀ (ਧਰਤ) ਤੁਸੀ (ਤੁਸਾਂ) ਅਸੀਂ (ਅਸਾਂ) ਅਰਥ (ਅਰਥਾਂ) ਜਿਹਾ (ਜਹੇ) ਹੈ (ਏ) ਆਦਿ ਕਿਉਂਕਿ ਕਵੀ ਆਪ ਹੀ ਪ੍ਰਤੀਮਾਨਕ ਰੂਪ ਵਰਤਦੇ ਹਨ, ਪਰੰਤੂ ਆਪ ਹੀ ਉਸ ਦਾ ਉਲੰਘਣ ਕਰਕੇ ਹੋਰ ਰੂਪ ਵਰਤ ਲੈਂਦੇ ਹਨ। ਕਈ ਜਗ੍ਹਾ ਕਵੀ ਲਗਾਂ ਮਾਤਰਾ, ਸ਼ਬਦਾਂ ਦੀ ਵਰਤੋਂ ਦੁਹਰਾਓ ਰੂਪ ਤੇ ਖੇਤਰੀ ਭਾਸ਼ਾ ਅਨੁਸਾਰ ਕਰ ਜਾਂਦੇ ਹਨ ਜਿਵੇਂ ਕਿ ਸ਼ਬਦ ਏਸ, ਏਸੇ, ਏਦਾਂ, ਇਉਂ, ਮੁੜਕੋ-ਮੁੜਕੀ, ਮੁੜਕਾ, ਜਾਣੀ-ਜਾਣ, ਰੀਂਗ-ਰੀਂਗ, ਕੱਟ-ਕੱਟ, ਸਾਰਾ-ਸਾਰਾ, ਸੁਹਣੇ-ਸੁਹਣੇ, ਕਾਲੇ-ਕਾਲੇ, ਚਿੱਟੀ-ਚਿੱਟੀ ਆਦਿ। ਸੋ ਉਪਰੋਕਤ ਸਾਰੀ ਸ਼ਬਦਾਵਲੀ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਵਲੋਂ ਆਪਣੇ ਅਪਣਾਏ ਪ੍ਰਤੀਮਾਨਕ ਰੂਪ ਨੂੰ ਛੱਡ ਕੇ ਦੂਜੇ ਰੂਪ ਨੂੰ ਅਪਣਾਉਣ ਤੇ ਵਿਪਥਨ ਰਾਹੀਂ ਅਗਰਭੂਮਿਤ ਹੋਈ ਸ਼ਬਦਾਵਲੀ ਹੈ।

**3.3 ਸ਼ਬਦ ਪੱਧਰ ਉਤੇ ਵਿਪਥਨ :** ਇਸ ਵਿਚ ਰਚਨਾਕਾਰ ਆਪਣੇ ਦੁਆਰਾ ਅਪਣਾਏ ਹੋਏ ਸ਼ਬਦਾਂ ਨੂੰ ਆਪ ਹੀ ਤਿਆਗ ਕੇ ਨਵੇਂ ਸ਼ਬਦਾਂ ਨੂੰ ਅਪਣਾ ਲੈਂਦਾ ਹੈ। ਨਵੇਂ ਸ਼ਬਦ ਪ੍ਰਬੰਧ ਨੂੰ ਅਪਣਾਉਣਾ ਹੀ ਸ਼ਬਦ

ਪੱਧਰ ਦਾ ਵਿਪਥਨ ਕਿਹਾ ਜਾਂਦਾ ਹੈ। ਰਚਨਾਕਾਰ ਆਪਣੀ ਸ਼ੈਲੀ ਦਾ ਪ੍ਰਭਾਵ ਛੱਡਣ ਲਈ ਕੁਝ ਸ਼ਬਦਾਂ ਦੀ ਚੋਣ ਕਰਦਾ ਹੈ। ਪਰ ਅਚਾਨਕ ਹੀ ਰਚਨਾਕਾਰ ਜਾਂ ਕਵੀ ਇਨ੍ਹਾਂ ਵਿਸ਼ੇਸ਼ ਸ਼ਬਦਾਂ ਦਾ ਵੀ ਤਿਆਗ ਕਰਕੇ ਨਵੇਂ ਸ਼ਬਦ ਪ੍ਰਤੀਮਾਨ ਨੂੰ ਅਪਣਾ ਲੈਂਦਾ ਹੈ। ਇਸ ਪ੍ਰਵਿਰਤੀ ਨੂੰ ਅਗਰਭੂਮਣ ਪ੍ਰਤੀਮਾਨ ਰੂਪ ਵਿਚ ਸ਼ਬਦ ਪੱਧਰ ਦਾ ਵਿਪਥਨ ਕਿਹਾ ਜਾਂਦਾ ਹੈ। ਸ਼ਬਦ ਪੱਧਰ ਵਿਪਥਨ ਦੋ ਤਰ੍ਹਾਂ ਦਾ ਹੁੰਦਾ ਹੈ। ਅੰਤਰ-ਪਾਠਤਾ (Inter-Textuality) ਅਤੇ ਪਾਠਾਤਮਕਤਾ (Textuality) ਪਾਠਾਤਮਕਤਾ ਤੋਂ ਇੱਥੇ ਭਾਵ ਕਿਸੇ ਸ਼ਬਦ ਦਾ ਵਿਪਸਥਿਤ ਹੋਣ ਤੋਂ ਹੈ ਜਿਸ ਦਾ ਪ੍ਰਸਾਰ ਖੇਤਰ ਦੂਜੀਆਂ ਪੁਸਤਕਾਂ ਤੱਕ ਹੁੰਦਾ ਹੈ। ਡਾ. ਮੰਗਤ ਰਾਮ ***ਖੋਜ ਪੱਤਰ ਸੰਵਾਦ*** ਵਿੱਚ ਜਨਵਰੀ - ਜੂਨ 2016 ਦੇ ਅਨੁਸਾਰ :

> ਵਿਪਥਨ (Deflection) ਇਸ ਨੂੰ ਇੱਕ ਤਰ੍ਹਾਂ ਦਾ ਪਰਾਹਨ ਹੀ ਮੰਨ ਲਿਆ ਜਾਂਦਾ ਹੈ । ਫਰਕ ਸਿਰਫ ਇੰਨਾ ਹੈ ਕਿ ਪਰਾਹਨ ਜਿੱਥੇ ਵਿਆਕਰਨਕ ਪੱਧਰ ਤੇ ਵਾਪਰਦਾ ਹੈ । ਵਿਪਥਨ ਪਾਠ ਦੀ ਪਿੱਠ ਭੂਮੀ ਵਿਚ ਵਾਪਰਦਾ ਹੈ । ਇਸ ਵਿਚ ਰਚਨਾਕਾਰ ਆਪਣੇ ਪਾਠ ਪ੍ਰਤੀਮਾਨ ਨੂੰ ਭੰਗ ਕਰਦਾ ਹੈ। (178)

ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ*** ਪਰਿਭਾਸ਼ਿਤ ਕਰਦੇ ਹੋਏ ਕਹਿੰਦੇ ਹਨ : ਅੰਤਰ ਪਾਠ ਪੱਧਰ ਉੱਤੇ ਰੂਪ ਵਿਪਥਨ ਦਾ ਵਿਸ਼ਲੇਸ਼ਣ ਕਰਨ ਲਈ ਇਕ ਪਾਠ ਵਿਚ ਉਪਲਬਧ ਸ਼ਬਦ-ਰੂਪਾਂ ਦੀ ਤੁਲਨਾ, ਦੂਸਰੇ ਰਚਨਾ ਪਾਠਾਂ ਵਿਚ ਉਪਲਬਧ ਹੋਣ ਵਾਲੇ ਸ਼ਬਦ ਰੂਪਾਂ ਨਾਲ ਕੀਤੀ ਜਾਂਦੀ ਹੈ। (145)

ਪਰੰਤੂ ਅਸੀਂ ਇੱਥੇ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਨੂੰ ਪਾਠ ਪੱਧਰ ਉੱਤੇ ਮਨੁੱਖੀ ਸਮਾਜਿਕ ਹੋਂਦ ਨਾਲ ਸੰਬੰਧਿਤ ਰਚਨਾਵਾਂ ਨੂੰ ਆਧਾਰ ਬਣਾ ਕੇ ਚਰਚਾ ਕਰਾਂਗੇ ਜਿਵੇਂ ਕਿ ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਮੈਂ ਪੁੱਛਦਾ ਹਾਂ ਵਿਚ ਲਿਖਦੇ ਹਨ :

ਕਿਉਂ **ਗਿੜਗਿੜਾਉਂਦਾ** ਹੈ

ਮੇਰੇ ਪਿੰਡ ਦਾ ਕਿਰਸਾਨ

ਇਕ ਮਾਮੂਲੀ ਪੁਲਸੀਏ ਅੱਗੇ?

ਕਿਉਂ ਕਿਸੇ ਦਰੜੇ ਜਾ ਰਹੇ ਬੰਦੇ ਦੇ **ਚੀਕਣ** ਨੂੰ ਹਰ ਵਾਰ

ਕਵਿਤਾ ਕਹਿ ਦਿੱਤਾ ਜਾਂਦਾ ਹੈ? (72)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਮੈਨੂੰ ਚਾਹੀਦੇ ਹਨ ਕੁਝ ਬੋਲ ਵਿਚ ਲਿਖਦੇ ਹਨ :

ਜੇ ਤੁਹਾਡੇ ਕੋਲ ਨਹੀਂ ਹੈ ਕੋਈ **ਬੋਲ**, ਕੋਈ ਗੀਤ

ਮੈਨੂੰ **ਬਕਣ** ਦੇਵੋ ਮੈਂ ਕੀ **ਬਕਦਾ** ਹਾਂ। (87)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਘੁਣ ਵਿਚ ਕਹਿੰਦੇ ਹਨ :

**ਲੱਕੜ** ਖਤਮ ਹੋ ਜਾਵੇਗੀ

**ਬਾਲਣ** ਬਣਨ ਲਈ ਘੁਣ ਧੁਕਿਆ ਜਾਵੇਗਾ ਭੱਠੀ ‘ਚ।

ਪਰ ਤਾਂ ਵੀ ਉਹ **ਲੱਕੜ** ਨੂੰ ਕੁਰੇਂਦਦਾ ਰਹਿੰਦਾ ਹੈ। (166)

ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਨੇ ਆਪਣੀਆਂ-ਆਪਣੀਆਂ ਇਕੋ ਕਾਵਿ ਰਚਨਾਵਾਂ ਵਿਚ ਕੁਝ ਸ਼ਬਦਾਂ ਨੂੰ ਬੋਲਣ ਲਹਿਜੇ ਪੱਖ ਤੋਂ ਵੱਖਰੇਵੇ ਵਜੋਂ ਤੇ ਅਰਥ ਪੱਖ ਤੋਂ ਥੋੜ੍ਹੇ ਬਹੁਤੇ ਅੰਤਰ ਭੇਦ ਅਨੁਸਾਰ ਵਰਤਿਆ ਹੈ ਜਿਵੇਂ ਕਿ ਅਵਤਾਰ ਸਿੰਘ ਪਾਸ਼ ਗਿੜਗਿੜਾਉਂਦਾ ਅਤੇ ਚੀਕਣ, ਬੋਲ ਅਤੇ ਬਕਣ, ਬਕਦਾ ਆਦਿ ਅਤੇ ਲਾਲ ਸਿੰਘ ਦਿਲ ਲੱਕੜ ਅਤੇ ਬਾਲਣ ਆਦਿ ਸ਼ਬਦਾ ਨੂੰ ਅਰਥ ਪੱਖ ਤੋਂ ਦੋਨੋਂ ਕਵੀਆਂ ਦੇ ਦੂਹਰੇ ਸ਼ਬਦਾਂ ਵਿਚ ਬੜਾ ਸੂਖਮ ਅੰਤਰ ਹੈ ਜਿਵੇਂ ਕਿ ਅਵਤਾਰ ਸਿੰਘ ਪਾਸ਼ ਦੇ ਸ਼ਬਦ ‘ਗਿੜਗਿੜਾਉਣਾ’, ਚੀਕਣਾ, ਬੋਲਣਾ, ਬਕਣਾ ਕਿਸੇ ਅੱਗੇ ਨੀਵਾ ਹੋਣਾ, ਕਿਸੇ ਦੇ ਪੈਰਾਂ ਵਿਚ ਖੜ ਜਾਣਾ, ਕਿਸੇ ਦੇ ਅੱਗੇ ਉੱਚੀ-ਉੱਚੀ ਰੌਲਾ ਪਾ ਕੇ ਚੀਕਣਾ, ਉੱਚੀ ਆਵਾਜ ਵਿਚ ਬੋਲ ਕੇ ਮਿੰਨਤ-ਤਰਲੇ ਕਰਨਾ, ਵਾਰ-ਵਾਰ ਭੌਂਕਣ ਤੇ ਸੁਣਵਾਈ ਨਾ ਹੋਣਾ ਆਦਿ ਪ੍ਰਕਿਰਿਆ ਇਕੋ ਅਰਥ ਦੀ ਧਾਰਨੀ ਹੈ, ਪਰੰਤੂ ਅਵਤਾਰ ਸਿੰਘ ਪਾਸ਼ ਨੇ ਗਿੜਗਿੜਾਉਣਾ,

ਚੀਕਣਾ, ਬੋਲਣਾ, ਬਕਣਾ ਸ਼ਬਦਾਂ ਨੂੰ ਵੱਖਰਾ ਕਰਕੇ ਸ਼ਬਦ ਪੱਧਰ ਉੱਤੇ ਵਿਪਥਨ ਦੇ ਆਧਾਰ ਤੇ ਅਗਰਭੂਮਿਤ ਕੀਤਾ ਹੈ। ਇਸੇ ਤਰ੍ਹਾਂ ਲਾਲ ਸਿੰਘ ਦਿਲ ਦੇ ਵੀ ਸ਼ਬਦ ਲੱਕੜ, ਬਾਲਣ ਤੋਂ ਭਾਵ ਅੱਗ ਨਾਲ ਸੜਨ ਵਾਲੀ ਵਸਤੂ, ਸੜ ਕੇ ਸਵਾ ਹੋਣ ਵਾਲੀ ਵਸਤੂ ਆਦਿ ਇਕੋਂ ਅਰਥ ਦੇ ਧਾਰਨੀ ਸ਼ਬਦ ਹਨ, ਪਰ ਲਾਲ ਸਿੰਘ ਨੇ ਲੱਕੜ ਅਤੇ ਬਾਲਣ ਦੋਨੋਂ ਸ਼ਬਦਾਂ ਨੂੰ ਵੱਖਰਾ ਕਰਕੇ ਸ਼ਬਦ ਪੱਧਰ ਉੱਤੇ ਵਿਪਥਨ ਦੇ ਆਧਾਰ ਤੇ ਅਗਰਭੂਮਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁੱਝ ਸਤਰਾਂ ਦੇ ਨਮੂਨੇ ਇਸ ਪ੍ਰਕਾਰ ਹਨ। ਜਿਵੇਂ ਕਿ ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਉਹਦੇ ਨਾਂ ਵਿਚ ਲਿਖਦੇ ਹਨ:

**ਬੜੀ ਕੌੜੀ**, **ਬੜੀ ਬੇਰਸ** ਮੇਰੇ ਰੁਜਗਾਰ ਦੀ ਕਵਿਤਾ। (96)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਸੰਤ ਰਾਮ ਉਦਾਸੀ ਅਤੇ ਮੇਰੀ ਪ੍ਰਥਾ ਦੇ ਹੋਰ ਸ਼ਾਇਰਾਂ ਦੇ ਨਾਂ ਵਿਚ ਕਹਿੰਦੇ ਹਨ:

ਚੰਦ ਵਿਚਾਰ ਨਾ **ਮਿਟਣ ਮਟਾਏ**।

ਜਿਸਦਾ ਹਰ ਪਾਸੇ **ਲਿਸ਼ਕਾਰਾ**।

ਜੋ ਇਹ **ਰੌਸ਼ਨ** ਸੁਰਖ਼ ਮੁਨਾਰਾ।

ਸਦਾ ਲਈ **ਚਾਨਣ** ਜੱਗ ਸਾਰਾ। (171)

ਸ਼ਬਦ ਪੱਧਰ ਤੇ ਵਿਪਥਨ ਦੀ ਇਕ ਹੋਰ ਨਵੀਂ ਸ਼੍ਰੇਣੀ ਹੈ ਜੋ ਅੰਤਰ-ਪਾਠਤਾ ਦੀ ਪੱਧਰ ਦੀ ਹੈ ਜਿਵੇਂ ਕਿ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚ ਬੜੀ ਕੌੜੀ ਅਤੇ ਬੜੀ ਬੇਰਸ ਅਤੇ ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਵਿਚ ਮਿਟਣ ਮਟਾਏ, ਲਿਸ਼ਕਾਰਾ, ਰੌਸ਼ਨ ਅਤੇ ਚਾਨਣ ਆਦਿ ਸ਼ਬਦ ਅੰਤਰ-ਪਾਠਤਾ ਦੀ ਪੱਧਰ ਤੇ ਵੱਖਰੇ-ਵੱਖਰੇ ਹਨ। ਅਵਤਾਰ ਸਿੰਘ ਪਾਸ਼ ਦੇ ਸ਼ਬਦ ਬੜੀ ਕੌੜੀ ਸ਼ਬਦ ਦਾ ਅਰਥ ਬੇਸਵਾਦਾ, ਬਕਬਕਾ ਹੋਣਾ, ਬੜੀ ਬੇਰਸ ਸ਼ਬਦ ਦਾ ਅਰਥ ਵੀ ਕੋਈ ਸਵਾਦ ਨਾ ਹੋਣਾ, ਬੇਸਵਾਦਲਾ ਹੋਣਾ ਹੈ। ਲਾਲ ਸਿੰਘ ਦਿਲ ਦੇ ਸ਼ਬਦ ਮਿਟਣ ਮਟਾਏ ਸ਼ਬਦ ਦਾ ਅਰਥ ਖਤਮ ਹੋ ਜਾਣਾ, ਮੁੱਕ ਜਾਣਾ ਆਦਿ ਤੇ ਲਿਸ਼ਕਾਰਾ, ਰੌਸ਼ਨ ਅਤੇ ਚਾਨਣ ਆਦਿ ਸ਼ਬਦ ਦਾ ਅਰਥ ਸਭ ਕੁਝ ਦਿਖਾਈ ਦੇਣਾ, ਹਨ੍ਹੇਰਾ ਨਾ ਹੋਣਾ, ਬਿੱਲਕੁੱਲ

ਚਮਕਣਾ ਹੈ। ਅਵਤਾਰ ਸਿੰਘ ਪਾਸ਼ ਦੇ ਸ਼ਬਦ ਬੜੀ ਕੌੜੀ, ਬੜੀ ਬੇਰਸ ਅਤੇ ਲਾਲ ਸਿੰਘ ਦਿਲ ਦੇ ਸ਼ਬਦ ਮਿਟਣ ਮਟਾਏ, ਲਿਸ਼ਕਾਰਾ, ਰੌਸ਼ਨ, ਚਾਨਣ ਆਦਿ ਅੰਤਰ-ਪਾਠਤਾ ਦੀ ਪੱਧਰ ਤੇ ਸ਼ਬਦ ਪੱਧਰ ਉੱਤੇ ਵਿਪਥਨ ਦੇ ਧਾਰਨੀ ਸ਼ਬਦ ਹਨ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਕੰਡੇ ਦਾ ਜ਼ਖ਼ਮ ਵਿਚ ਲਿਖਦੇ ਹਨ :

**ਅਜੇ ਵੀ** ਜੀਉਂਦਾ ਹੈ

**ਹਾਲੇ ਵੀ** ਇਕ ਕੰਡੇ ਦਾ ਜ਼ਖ਼ਮ ਹੱਸਦਾ ਹੈ। (120)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਮੈਂ ਹੁਣ ਵਿਦਾ ਹੁੰਦਾ ਹਾਂ ਲਿਖਦੇ ਹਨ :

ਕਿ ਮੈਨੂੰ **ਜੀਣ** ਦੀ ਬਹੁਤ ਲੋਚਾ ਸੀ

ਮੇਰੇ ਵੀ ਹਿੱਸੇ ਦਾ **ਜੀਅ** ਲੈਣਾ ਮੇਰੀ ਦੋਸਤ। (133)

ਲਾਲ ਸਿੰਘ ਦਿਲ ਆਪਣੀ ਪੁਸਤਕ ***ਸੱਥਰ*** ਦੀ ਕਵਿਤਾ ਨਾਗ ਲੋਕ ਵਿਚ ਕਹਿੰਦੇ ਹਨ :

ਤੇਰੇ **ਨੈਣਾਂ** ਅੰਦਰ ਲਿਖਿਆ ਹੈ ਸੀ ਨਾਗ ਲੋਕ।

**ਨਜ਼ਰ ਨਜ਼ਰ** ਤੋਂ ਮੰਗਿਆ ਹੈ ਸੀ ਨਾਗ ਲੋਕ।

**ਅਜੇ** ਵੀ ਸੁੱਤਾ ਘੂਕ ਪਿਆ ਸੀ ਨਾਗ ਲੋਕ।

**ਅੱਜ** ਖ਼ਿਆਲੀ ਉਭਰਿਆ ਸੀ ਨਾਗ ਲੋਕ। (172)

ਉਪਰੋਕਤ ਕਾਵਿ ਸਤਰਾਂ ਵਿਚ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਨੇ ਦੋ ਸ਼ਬਦਾਂ ਨੂੰ ਵਰਤਿਆ ਹੈ ਜਿਵੇਂ ਕਿ ਅਵਤਾਰ ਸਿੰਘ ਪਾਸ਼ ਨੇ ਅਜੇ ਵੀ, ਹਾਲੇ ਵੀ, ਜੀਣ, ਜੀਅ ਆਦਿ। ਲਾਲ ਸਿੰਘ ਦਿਲ ਨੇ ਨੈਣਾਂ, ਨਜ਼ਰ-ਨਜ਼ਰ, ਅਜੇ, ਅੱਜ ਆਦਿ। ਆਮ ਤੌਰ 'ਤੇ ਅਵਤਾਰ ਸਿੰਘ ਪਾਸ਼ ਦੇ ਸ਼ਬਦ ਅਜੇ ਵੀ, ਹਾਲੇ ਵੀ ਸ਼ਬਦ ਨੂੰ ਹੁਣ, ਵਰਤਮਾਨ ਸ਼ਬਦ ਦੇ ਅਰਥ ਤੋਂ ਲੈਂਦੇ ਹਾਂ ਤੇ ਜੀਣ, ਜੀਅ ਸ਼ਬਦ ਨੂੰ ਵੀ ਜਿਉਣ ਸ਼ਬਦ ਦੇ ਅਰਥ ਤੋਂ ਲੈਂਦੇ ਹਾਂ। ਲਾਲ ਸਿੰਘ ਦਿਲ ਦੇ ਸ਼ਬਦ ਨੈਣਾਂ, ਨਜ਼ਰ-ਨਜ਼ਰ ਸ਼ਬਦ ਨੂੰ ਵੀ ਅੱਖਾਂ ਸ਼ਬਦ ਦੇ

ਅਰਥ ਵਜੋਂ ਵਰਤਦੇ ਹਾਂ ਤੇ ਅਜੇ, ਅੱਜ ਸ਼ਬਦ ਨੂੰ ਵੀ ਵਰਤਮਾਨ, ਅਜੋਕੇ ਸ਼ਬਦ ਦੇ ਅਰਥ ਤੋਂ ਵਰਤਦੇ ਆ ਰਹੇ ਹਾਂ। ਇਸ ਤਰ੍ਹਾਂ ਅਵਤਾਰ ਸਿੰਘ ਪਾਸ਼ ਦੀਆਂ ਸਤਰਾਂ **ਅਜੇ ਵੀ** ਜੀਉਂਦਾ ਹੈ **ਹਾਲੇ ਵੀ** ਇਕ ਕੰਡੇ ਦਾ ਜ਼ਖ਼ਮ ਹੱਸਦਾ ਹੈ ਤੋਂ ਭਾਵ ਹੈ ਕਿ ਅਜੇ ਮਰਿਆ ਨਹੀਂ ਅਤੇ ਕਿ ਮੈਨੂੰ **ਜੀਣ** ਦੀ ਬਹੁਤ ਲੋਚਾ ਸੀ ਮੇਰੇ ਵੀ ਹਿੱਸੇ ਦਾ **ਜੀਅ** ਲੈਣਾ ਮੇਰੀ ਦੋਸਤ ਤੋਂ ਜ਼ਿੰਦਗੀ ਜਿਉਣ ਦੀ ਇੱਛਾ, ਚਾਹਤ ਪ੍ਰਗਟਾਉਣਾ ਹੈ, ਪਰ ਅਵਤਾਰ ਪਾਸ਼ ਕਵਿਤਾ ਦੀਆਂ ਵੱਖਰੀਆਂ-ਵੱਖਰੀਆਂ ਸਤਰਾਂ ਪੇਸ਼ ਕਰਕੇ ਸ਼ਬਦਾ ਦੇ ਅਰਥ, ਭਾਵ ਹੋਰ ਲਏ ਹਨ, ਜਿਵੇਂ ਕਿ ਅਜੇ ਵੀ ਜਿਉਂਦਾ ਹੈ ਜਿਉਣ ਦੀ ਇੱਛਾ ਤੇ ਹਾਲੇ ਵੀ ਇਕ ਕੰਡੇ ਦਾ ਜ਼ਖ਼ਮ ਹੱਸਦਾ ਹੈ ਤੋਂ ਭਾਵ ਤਸ਼ੱਦਦ ਸਹਿ ਕੇ ਵੀ ਜਿਉਣ ਦੀ ਚਾਹਤ ਹੈ। ਮੈਨੂੰ ਜੀਣ ਦੀ ਬਹੁਤ ਲੋਚਾ ਸੀ ਤੋਂ ਭਾਵ ਜਿਉਣ ਦੀ ਚਾਹਤ ਰੱਖਣਾ ਤੇ ਮੇਰੇ ਵੀ ਹਿੱਸੇ ਦਾ ਜੀਅ ਲੈਣਾ ਮੇਰੀ ਦੋਸਤ ਤੋਂ ਭਾਵ ਕਿ ਮੈਨੂੰ ਮਰਨ ਨਾ ਦੇ ਹਮੇਸ਼ਾ ਜਿਉਂਦਾ ਰੱਖ। ਲਾਲ ਸਿੰਘ ਦਿਲ ਦੀਆਂ ਸਤਰਾਂ"ਤੇਰੇ **ਨੈਣਾਂ** ਅੰਦਰ ਲਿਖਿਆ ਹੈ ਸੀ ਨਾਗ ਲੋਕ। **ਨਜ਼ਰ ਨਜ਼ਰ** ਤੋਂ ਮੰਗਿਆ ਹੈ ਸੀ ਨਾਗ ਲੋਕ ਤੋਂ ਭਾਵ ਹੈ ਕਿ ਤੇਰੀਆਂ ਅੱਖਾਂ ਵਿਚ ਮੇਰਾ ਵਾਸਾ ਹੈ ਅਤੇ ਇਹਨਾਂ ਅੱਖਾਂ ਤੋਂ ਮੈਂ ਤੈਨੂੰ ਖੁਦ ਮੰਗਿਆ ਸੀ। **ਅਜੇ** ਵੀ ਸੁੱਤਾ ਘੂਕ ਪਿਆ ਸੀ ਨਾਗ ਲੋਕ। **ਅੱਜ** ਖ਼ਿਆਲੀ ਉਭਰਿਆ ਸੀ ਨਾਗ ਲੋਕ ਤੋਂ ਭਾਵ ਹੈ ਕਿ ਅਜੋਕੇ, ਵਰਤਮਾਨ ਸਮੇਂ ਵੀ ਮੇਰੇ ਸੁਪਨਿਆ, ਮੇਰੇ ਖ਼ਿਆਲਾ ਵਿਚ ਤੇਰਾ ਵਾਸਾ ਹੈ ਤੇ ਹਮੇਸ਼ਾ ਰਹੇਗਾ। ਇਸ ਤਰ੍ਹਾਂ ਅਵਤਾਰ ਸਿੰਘ ਪਾਸ਼ ਦੀਆਂ ਸਤਰਾਂ ਅਜੇ ਵੀ, ਹਾਲੇ ਵੀ, ਜੀਣ, ਜੀਅ ਅਤੇ ਲਾਲ ਸਿੰਘ ਦਿਲ ਦੀਆਂ ਸਤਰਾਂ ਨੈਣਾਂ, ਨਜ਼ਰ ਨਜ਼ਰ ਦਾ ਅਰਥ ਕੋਸ਼ੀ ਅਤੇ ਬਾਅਦ ਵਿਚ ਵਿਅੰਜਨਾਂ ਮੂਲਕ ਹੋ ਜਾਂਦਾ ਹੈ। ਅਵਤਾਰ ਸਿੰਘ ਪਾਸ਼ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਚਿੜੀਆਂ ਦਾ ਚੰਬਾ ਵਿਚ ਲਿਖਦੇ ਹਨ :

**ਐਥੇ ਹੀ ਕਿਤੇ** ਉਰੇ ਪਰੇ ਲੁਕ ਕੇ

**ਕੱਲਮ ਕੱਲਿਆਂ** ਰੋਇਆ ਕਰੇਗਾ। (143)

ਇਹਨਾਂ ਸਤਰਾਂ ਵਿਚ ਅਵਤਾਰ ਪਾਸ਼ ਇਕੋ ਜਿਹੇ ਸ਼ਬਦ ਵਰਤ ਕੇ ਉਨ੍ਹਾਂ ਦੇ ਅਰਥਾਂ ਨੂੰ ਸੂਖਮ ਪੱਧਰ ਤੇ ਨਿਖੇੜਨ ਦੀ ਕੋਸ਼ਿਸ਼ ਕਰਦਾ ਹੈ। ਉਦਾਹਰਣ ਵਜੋਂ ਐਥੇ ਇਕ ਵਚਨ ਸ਼ਬਦ ਹੈ, ਭਾਵ ਕਿ ਐਥੇ ਦੂਜੇ ਕਿਤੇ ਸ਼ਬਦ ਦਾ ਅਰਥ ਹੈ ਇਕ ਜਗ੍ਹਾ, ਇਕ ਥਾਂ ਸੋ, ਐਥੇ ਵਿਚੋਂ ਕਿਤੇ ਉਰੇ ਪਰੇ ਲੁਕ ਕੇ ਦਾ ਭਾਵ ਐਥੇ

ਵਿਚੋਂ ਇਕ ਜਗ੍ਹਾਂ, ਇਕ ਥਾਂ ਤੋਂ ਹੈ। ਦੂਸਰੀ ਸਤਰ ਵਿਚ ਕੱਲਮ ਇਕ ਵਚਨ ਸ਼ਬਦ ਹੈ, ਇਸ ਸ਼ਬਦ ਦਾ ਅਰਥ ਹੈ ਕਿ ਕੱਲਮ ਕੱਲਿਆਂ ਭਾਵ ਇਕ, ਇਕੱਲਾ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਗੀਤ ਵਿਚ ਕਹਿੰਦੇ ਹਨ :

ਦਿਓ ਕੋਈ ਸਮਾਜ **ਖੁੱਲ੍ਹਾ-ਡੁੱਲ੍ਹਾ**

ਅੰਬਰੀ ਨੀਲੱਤਣਾਂ ਤੋਂ ਖੁੱਲ੍ਹਾ

ਇਕ ਪਰਿਵਾਰ, ਇਕ ਪਿਆਨੇ

ਇਕ ਪਰਿਵਾਰ **ਇਕ ਚੁੱਲ੍ਹਾ**

ਗਿਰਜੀਂ ਮਸੀਂਤੀ ਝੁੱਲੇ **ਨ੍ਹੇਰੀ**

ਮੰਦਰ ਉਡਾਏ ਕੋਈ **ਬੁੱਲ੍ਹਾ** (120)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਗੀਤ ਵਿਚ ਸ਼ਬਦ ਪੱਧਰ ਤੇ ਵਿਪਥਨ ਦੀ ਉਦਾਹਰਣ ਪ੍ਰਗਟ ਕਰਦੇ ਹਨ:

ਗੀਤ ਕੋਈ ਮਿਹਨਤਾਂ ਦੇ ਗਾਏ

ਛੱਡ ਰਾਂਝਾ ਹੀਰ ਭੱਟੀ ਦੁੱਲ੍ਹਾ

ਬੁੱਕਲਾਂ 'ਚੋਂ ਖੋਹੇ ਨਾ ਕੋਈ ਦਾਣੇ

ਕੱਜਣਾ ਤੋਂ ਲਾਹੇ ਨਾ ਕੋਈ ਜੁੱਲਾ

**ਛੇੜੋ ਛੇੜੋ** ਦਿਲ ਦੀਆਂ ਗੱਲਾਂ

**ਕਰੋ** ਕਿਤੇ ਕੋਈ **ਹੱਲਾ-ਗੁੱਲਾ**। (121)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਉਮਰ ਵਿਚ ਕਹਿੰਦੇ ਹਨ :

**ਕੂੜ, ਫਰੇਬ, ਧੋਖਾ-ਧੜੀ ।**

ਮੈਂ ਦੱਸਾਂ ਤੁਸੀ ਕੀ ਚਾਹੁੰਦੇ ਹੋ?

ਜੋ ਕਦੇ ਵੀ ਨਹੀਂ ਪਾ ਸਕੋਗੇ। (52)

ਇਨ੍ਹਾਂ ਸਤਰਾਂ ਵਿੱਚ ਲਾਲ ਸਿੰਘ ਦਿਲ ਨੇ ਇਕੋ ਅਰਥ ਦੇ ਧਾਰਨੀ ਕਈ-ਕਈ ਸ਼ਬਦ ਵਰਤੇ ਹਨ। ਜਿਨ੍ਹਾਂ ਦੇ ਅਰਥ ਸਮਾਨਆਰਥਕ ਹਨ। ਪਰੰਤੂ ਸੂਖਮ ਪੱਧਰ ਤੇ ਇਨ੍ਹਾਂ ਦੇ ਅਰਥ ਥੋੜ੍ਹੇ ਵੱਖਰੇ ਹਨ। ਉਪਰੋਕਤ ਕਾਵਿ ਸਤਰਾਂ ਵਿਚ ਖੁੱਲ੍ਹਾ-ਡੁੱਲਾ, ਨ੍ਹੇਰੀ, ਬੁੱਲ੍ਹਾ, ਕੂੜ, ਫਰੇਬ, ਧੋਖਾ-ਧੜੀ, ਹੱਲਾ-ਗੁੱਲਾ, ਛੇੜੋ ਛੇੜੋ, ਕਰੋ ਆਦਿ ਸ਼ਬਦ ਇਕ ਅਰਥ ਦੇ ਧਾਰਨੀ ਹਨ। ਪਰੰਤੂ ਜਿਵੇਂ ਕਿ ਬੋਲਚਾਲ ਦੀ ਭਾਸ਼ਾ ਵਿਚ ਅਸੀਂ ਹੱਲਾ-ਗੁੱਲਾ ਨੂੰ (ਧਾਵਾ, ਵਾਰ ਆਦਿ) ਸ਼ਬਦ ਵਜੋਂ ਵੀ ਬੋਲ ਦਿੰਦੇ ਹਾਂ। ਪਰੰਤੂ ਲਾਲ ਸਿੰਘ ਦਿਲ ਨੇ ਇਹਨਾਂ ਰਚਨਾਵਾਂ ਦੀਆਂ ਪੰਕਤੀਆਂ ਵਿਚ ਵੱਖਰੇ-ਵੱਖਰੇ ਸ਼ਬਦ ਵਰਤ ਕੇ ਸ਼ਬਦ ਪੱਧਰ ਤੇ ਵਿਪਥਨ ਅਗਰਭੂਮਿਤ ਕੀਤਾ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਜਦ ਬਗ਼ਾਵਤ ਖੌਲਦੀ ਹੈ ਵਿਚ ਲਿਖਦੇ ਹਨ :

ਨ੍ਹੇਰੀਆਂ, ਸ਼ਾਹ **ਨ੍ਹੇਰੀਆਂ ਰਾਤਾਂ** ਦੇ ਵਿਚ,

ਜਦ ਪਲ ਪਲਾਂ ਤੋਂ **ਸਹਿਮਦੇ** ਹਨ, **ਤ੍ਰਭਕਦੇ** ਹਨ?

ਚੁਬਾਰਿਆਂ ਦੀ **ਰੌਸ਼ਨੀ** ਤਦ,

ਬਾਰੀਆਂ 'ਚੋਂ ਕੁੱਦ ਕੇ ਖ਼ੁਦਕੁਸ਼ੀ ਕਰ ਲੈਂਦੀ ਹੈ?

ਇਨ੍ਹਾਂ ਸ਼ਾਂਤ ਰਾਤਾਂ ਦੇ ਗਰਭ 'ਚ

ਜਦ ਬਗ਼ਾਵਤ ਖੌਲਦੀ ਹੈ,

**ਚਾਨਣੇ, ਬੇਚਾਨਣੇ** ਵੀ ਕਤਲ ਹੋ ਸਕਦਾ ਹਾਂ ਮੈਂ। (144)

ਇਨ੍ਹਾਂ ਕਾਵਿ ਸਤਰਾਂ ਵਿਚ ਸਹਿਮਦੇ ਅਤੇ ਤ੍ਰਭਕਦੇ ਇਕੋ ਅਰਥ ਦੇ ਧਾਰਨੀ ਸ਼ਬਦ ਹਨ। ਇਨ੍ਹਾਂ ਸ਼ਬਦਾਂ ਦੇ ਕੋਸ਼ੀ ਅਰਥ ਜਿਉਂਣ, ਜੀਉਂਦੇ ਰਹਿਣ ਲਈ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਰੌਸ਼ਨੀ, ਚਾਨਣੇ, ਨੇਰ੍ਹੀਆਂ, ਰਾਤਾਂ, ਬੇਚਾਨਣੇ ਆਦਿ ਸ਼ਬਦ ਲਾਲ ਸਿੰਘ ਦਿਲ ਨੇ ਇਕੋ ਭਾਵ ਨੂੰ ਪ੍ਰਗਟ ਕਰਨ ਲਈ ਇਕ ਤੋਂ ਵੱਧ ਸ਼ਬਦਾਂ ਦੀ ਸਿਰਜਣਾ ਕੀਤੀ ਹੈ। ਸੋ, ਇਹ ਸਾਰੀ ਸ਼ਬਦਾਵਲੀ ਮੂਲ ਤੌਰ 'ਤੇ ਦਿਨ ਤੇ ਰਾਤ ਨੂੰ ਹੀ

ਵਿਪਸਥਿਤ ਕਰਦੀ ਹੈ।

**3.4 ਅਰਥ ਪੱਧਰ ਉਤੇ ਵਿਪਥਨ:** ਅਰਥ ਦੀ ਪੱਧਰ ਉੱਤੇ ਵਿਪਥਨ ਉਸ ਸਮੇਂ ਵਾਪਰਦਾ ਹੈ। ਜਦ ਸਮਾਨਰਥੀ ਸ਼ਬਦ ਇੱਕ ਅਰਥ ਦੀ ਥਾਂ ਜ਼ਿਆਦਾ ਅਰਥਾਂ ਨੂੰ ਪ੍ਰਗਟ ਕਰਨ ਜਾਂ ਇਕ ਸ਼ਬਦ ਦਾ ਵਾਰ-ਵਾਰ ਇਸਤੇਮਾਲ ਇਕ ਖ਼ਾਸ ਪ੍ਰਚਲਿਤ ਅਰਥ ਵਿਚ ਹੋ ਰਿਹਾ ਹੋਵੇ। ਪਰ ਉਸ ਪਾਠ ਦੇ ਅੰਤ ਵਿਚ ਉਸ ਸ਼ਬਦ ਦੇ ਅਰਥ ਬਦਲ ਜਾਣ ਤਾਂ ਪਾਠ ਦਾ ਰਚੈਤਾ ਆਪਣੇ ਅਪਣਾਏ ਪ੍ਰਤੀਮਾਨ ਤੋਂ ਪਰੇ ਹਟ ਕੇ ਵਿਪਥਨ ਦੀ ਸਿਰਜਣਾ ਕਰਦਾ ਹੈ। ਅਰਥ ਦੇ ਪੱਧਰ ਤੇ ਭਾਸ਼ਾ ਬੇਜਾਨ/ਨਿਰਜੀਵ ਹੈ। ਆਚਾਰੀਆ ਦਵਿੰਦਰ ਨਾਥਾ ਸ਼ਰਮਾ ਆਪਣੀ ਪੁਸਤਕ ***ਭਾਸ਼ਾ ਵਿਗਿਆਨ*** ਦੀ ਭੂਮਿਕਾ ਵਿਚ ਪਰਿਭਾਸ਼ਿਤ ਕਰਦੇ ਹੋਏ ਕਹਿੰਦੇ ਹਨ : ਜਿਸ ਸ਼ਬਦ ਦੇ ਉਚਾਰਣ ਤੋਂ ਜਿਸ ਅਰਥ ਦੀ ਜਾਣਕਾਰੀ ਹੁੰਦੀ ਹੈ, ਉਹ ਹੀ ਉਸ ਦਾ ਅਰਥ ਹੈ। (267)

ਅਰਥ ਉਲੰਘਣਾ ਉਦੋਂ ਮੌਜੂਦ ਹੁੰਦੀ ਹੈ, ਜਦੋਂ ਰਚਨਾ ਦੇ ਮੂਲ ਅਰਥ ਨੂੰ ਬਿਆਨ ਕਰਨ ਵਾਲੇ ਵਾਕ ਨਾਲੋਂ ਵੱਖਰਾ ਵਾਕ ਵਰਤਿਆ ਜਾਂਦਾ ਹੈ। ਸ਼ਸ਼ੀਭੂਸ਼ਣ ਸ਼ੀਤਾਂਸੂ ਪਾਂਡੇ ਆਪਣੀ ਪੁਸਤਕ ***ਸ਼ੈਲੀ ਵਿਗਿਆਨ: ਪ੍ਰਤੀਮਾਨ ਅਤੇ ਵਿਸ਼ਲੇਸ਼ਣ*** ਵਿਚ ਪਰਿਭਾਸ਼ਿਤ ਕਰਦੇ ਹੋਏ ਕਹਿੰਦੇ ਹਨ : ਅਰਥਾਂ ਦੇ ਪੱਧਰ ਦਾ ਵਿਘਨ ਉਨ੍ਹਾਂ ਵਿਸ਼ੇਸ਼ ਸਥਿਤੀਆਂ ਵਿਚ ਪ੍ਰਤੀਬਿੰਬਤ ਹੁੰਦਾ ਹੈ ਜਾਂ ਵਾਕਾਂ ਦੇ ਸਮੂਹ ਤੋਂ ਬਾਹਰ ਹੁੰਦਾ ਹੈ, ਬਣਤਰ ਦੇ ਪੱਧਰ ਤੇ ਮੌਜੂਦ ਰਹੇ, ਪਰ ਡੂੰਘੀ ਬਣਤਰ ਦੇ ਪੱਧਰ ਤੇ ਇਹ ਮੂਲ ਅਰਥਾਂ ਨਾਲ ਜੁੜਿਆ ਹੋਇਆ ਹੈ। (43)

ਇਸ ਤਰ੍ਹਾਂ ਜਦੋਂ ਲੇਖਕ ਪਾਠਕ ਦਾ ਧਿਆਨ ਆਪਣੇ ਕੰਮ ਵਿਚ ਕੇਂਦਰਿਤ ਕਰਨ ਲਈ ਆਪਣੇ ਸਾਹਿਤ ਵਿਚ ਪ੍ਰਵਾਨਿਤ ਅਤੇ ਸਥਾਪਤ ਮਿਆਰ ਦੇ ਚਿੱਤਰ ਨੂੰ ਪਾਰ ਕਰਦਾ ਹੈ ਤਾਂ ਉਸ ਸਮੇਂ ਵਿਘਨ ਦੀ ਸਥਿਤੀ ਮੌਜੂਦ ਹੁੰਦੀ ਹੈ। ਭਾਵੇਂ ਇਹ ਅਵਾਜ਼ ਸ਼ਬਦ ਦੇ ਪੱਧਰ ਤੇ ਹੋਵੇ ਜਾਂ ਵਾਕ ਅਤੇ ਅਰਥ ਦੇ ਪੱਧਰ ਤੇ ਹੋਵੇ। ਜਿਵੇਂ ਕਿ ਕਵੀਆਂ ਦੇ ਰਚਨਾਵਾਂ ਨੂੰ ਅਰਥ ਪੱਧਰ ਤੇ ਵਾਪਰੇ ਵਿਪਥਨ ਦੁਆਰਾ ਸਮਝਿਆ ਜਾ ਸਕਦਾ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਸਲਮਾ ਤੇ ਮਾਹੀ ਮੁਨੀਰ ਵਿਚ ਕਹਿੰਦੇ ਹਨ :

ਦੇਖ **ਭੈਣ** ਆਪਾਂ **ਮਾਮੇ** ਦੀ

ਉਸ **ਮਾਂ** ਦੀਆਂ **ਦੋਹਤੀਆਂ** ਹਾਂ

ਜਿਸ ਨੂੰ ਉਸਦੇ ਲੁਹਾਰ **ਪਿਉ** ਨੇ ਵੇਚ ਦਿੱਤਾ ਸੀ

ਢਾਈ ਸੇਰ ਕਣਕ ਬਦਲੇ ਇਕ **ਰੰਡੀ** ਪਾਸ। (219)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਸੰਵਿਧਾਨ ਵਿਚ ਲਿਖਦੇ ਹਨ :

ਇਹ ਪੁਸਤਕ **ਮਰ** ਚੁੱਕੀ ਹੈ

ਇਹਨੂੰ ਨਾ ਪੜ੍ਹੋ

ਇਸ ਦੇ ਲਫ਼ਜਾਂ ਵਿਚ **ਮੌਤ** ਦੀ ਠੰਡ ਹੈ

ਤੇ ਇਕ ਇਕ ਸਫ਼ਾ

ਜ਼ਿੰਦਗੀ ਦੇ ਆਖਰੀ ਪਲ ਵਰਗਾ ਭਿਆਨਕ। (89)

ਲਾਲ ਸਿੰਘ ਦਿਲ ਨੇ ਔਰਤ ਨੂੰ ਭੈਣ, ਮਾਂ, ਦੋਹਤੀਆਂ, ਰੰਡੀ ਅਤੇ ਮਰਦ ਨੂੰ ਮਾਮੇ, ਪਿਉ ਸ਼ਬਦ ਵਜੋਂ ਵਰਤ ਕੇ ਰਚਨਾਵਾਂ ਸਿਰਜੀਆਂ ਹਨ, ਪਰ ਭੈਣ, ਮਾਂ, ਦੋਹਤੀਆਂ, ਮਾਮੇ, ਪਿਉ ਆਦਿ ਸ਼ਬਦ ਰਿਸ਼ਤੇ-ਨਾਤੇ ਨੂੰ ਬਿਆਨ ਕਰਦੇ ਹਨ । ਲਾਲ ਸਿੰਘ ਦਿਲ ਨੇ ਔਰਤ-ਮਰਦ ਦੇ ਲਿੰਗ ਪੁਲਿੰਗ ਸ਼ਬਦ ਦੇ ਅਰਥ ਤੋਂ ਪਰੇ ਜਾ ਕੇ ਭੈਣ, ਮਾਂ, ਦੋਹਤੀਆਂ, ਰੰਡੀ, ਮਾਮੇ, ਪਿਉ ਆਦਿ ਨੂੰ ਰਿਸ਼ਤੇ-ਨਾਤੇ ਸ਼ਬਦ ਦੇ ਅਰਥ ਵਜੋਂ ਵਰਤਿਆ ਹੈ। ਅਵਤਾਰ ਸਿੰਘ ਨੇ ਵੀ ਮਰ, ਮੌਤ ਸ਼ਬਦ ਦੀ ਵਰਤੋਂ ਕੀਤੀ ਹੈ। ਮਰ, ਮੌਤ ਦੋਵੇਂ ਸ਼ਬਦ ਨਾਸ਼ਵਾਨ ਹਨ ਭਾਵ ਖਤਮ ਹੋਣ ਵਾਲੇ, ਪਰ ਅਵਤਾਰ ਸਿੰਘ ਪਾਸ਼ ਨੇ ਪਹਿਲੇ ਵਿਚ ਮਰ ਨੂੰ ਖਤਮ ਤੇ ਨਾਸ਼ਵਾਨ ਵਜੋਂ ਵਰਤਿਆ ਹੈ ਤੇ ਦੂਸਰੇ ਸ਼ਬਦ ਮੌਤ ਨੂੰ ਡਰ ਵਜੋਂ ਵਰਤੋਂ ਵਿਚ ਲਿਆਂਦਾ ਹੈ। ਇਸ ਤਰ੍ਹਾਂ ਉਪਰੋਕਤ ਦੋਨੋਂ ਕਵੀਆਂ ਦੀ ਸ਼ਬਦਾਵਲੀ ਵਿਪਸਥਿਤ ਹੋਈ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ***

***ਲੋਕ*** ਦੀ ਕਵਿਤਾ ਅੱਖਾਂ ਵਾਲਾ ਵਿਚ ਕਹਿੰਦੇ ਹਨ :

ਜਦ ਤਾਈਂ ਉਹ ਸਸਤੇ ਭਾਅ ਵੇਚ ਕੇ

**ਲਾਂਭੇ** ਨਹੀਂ ਹੁੰਦਾ। (199)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਸਾਡੀ ਮਰਜੀ ਵਿਚ ਕਹਿੰਦੇ ਹਨ :

**ਚੜ੍ਹਦੀ ਉਮਰੇ** ਹੈ ਮਰ ਜਾਣਾ।

ਐਸਾ ਸਬਕ ਪੜ੍ਹਾ ਕੇ ਮਰਨਾ

ਅੱਗੇ ਜੀਣਾ **ਡਾਢਾ** ਔਖਾ। (200)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਉੱਡਦਿਆਂ ਬਾਜ਼ਾਂ ਮਗਰ ਵਿਚ ਲਿਖਦੇ ਹਨ :

ਉੱਡ ਗਏ ਹਨ ਬਾਜ਼ ਚੁੰਝਾਂ 'ਚ ਲੈ ਕੇ

ਸਾਡੀ **ਚੈਨ** ਦਾ ਇਕ ਪਲ ਬਿਤਾ ਸਕਣ ਦੀ **ਖ਼ਾਹਸ਼**

ਏਥੇ ਤਾਂ ਪਤਾ ਨਹੀਂ ਕਦੋਂ ਆ **ਧਮਕਣ**

ਲਾਲ ਪੱਗੜੀਆਂ ਵਾਲੇ ਆਲੋਚਕ

ਤੇ ਸ਼ੁਰੂ ਕਰ ਦੇਣ

ਕਵਿਤਾ ਦੀ **ਦਾਦ** ਦੇਣੀ। (69)

ਲਾਲ ਸਿੰਘ ਦਿਲ ਦੀ ਲਾਂਭੇ, ਚੜ੍ਹਦੀ ਉਮਰੇ, ਡਾਢਾ ਅਤੇ ਅਵਤਾਰ ਸਿੰਘ ਪਾਸ਼ ਦੀ ਚੈਨ, ਖ਼ਾਹਸ਼, ਧਮਕਣ, ਦਾਦ, ਆਦਿ ਸ਼ਬਦਾਵਲੀ ਇਕ ਉੱਤਮ ਨਮੂਨਾ ਹੈ ਜਿਵੇਂ ਕਿ ਲਾਲ ਸਿੰਘ ਦਿਲ ਨੇ ਪਾਸੇ, ਅਲੱਗ, ਵੱਖਰੇ ਲਈ (ਲਾਂਭੇ) ਭਰ ਜਵਾਨੀ ਲਈ (ਚੜ੍ਹਦੀ ਉਮਰੇ) ਔਖੇ ਲਈ (ਡਾਢਾ) ਅਤੇ ਅਵਤਾਰ ਸਿੰਘ ਪਾਸ਼ ਨੇ ਸ਼ਾਂਤੀ, ਆਨੰਦ, ਖੁਸ਼ੀ ਲਈ (ਚੈਨ) ਚਾਹਤ, ਇੱਛਾ ਲਈ (ਖ਼ਾਹਸ਼) ਦੁਆ, ਦਾਤ ਦੇਣ ਲਈ (ਦਾਦ) ਆਦਿ ਸ਼ਬਦ ਕਵੀਆਂ ਨੇ ਵਰਤੇ ਹਨ ਜੋ ਸਿੱਧੇ ਅਰਥਾਂ ਦੀ ਥਾਂ ਭਾਵ ਪੂਰਤ ਅਰਥ ਦਿੰਦੇ ਹਨ।

**3.5 ਲਿਖਤ ਪੱਧਰ ਉਤੇ ਵਿਪਥਨ:** ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਰਚਨਾਵਾਂ ਵਿਚ ਲਿਖਤ ਪੱਧਰੀ ਵਿਪਥਨ ਮਿਲਦਾ ਹੈ, ਜਿਸ ਵਿੱਚ ਦੋਨੋਂ ਕਵੀ ਇਕ ਲਿਖਣ ਢੰਗ ਦੇ ਵਿਰੋਧ ਵਿਚ ਦੂਸਰੀ ਕਿਸਮ ਦੇ ਲਿਖਣ ਢੰਗ ਨੂੰ ਸਥਾਪਿਤ ਕਰ ਲੈਂਦੇ ਹਨ। ਜਿਸ ਨੂੰ ਲਿਖਤ ਪੱਧਰੀ ਵਿਪਥਨ ਕਿਹਾ ਜਾਂਦਾ ਹੈ। ਦੋਨੋਂ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਲਿਖਤ ਪ੍ਰਤੀਮਾਨਾਂ ਦਾ ਉਲੰਘਣ ਕਰਕੇ ਵਿਪਥਨ ਕੀਤਾ ਹੈ। ਸਮਾਸੀ ਸ਼ਬਦਾਂ ਰਾਹੀਂ, ਕਾਮਾ, ਬਿੰਦੀ ਕਾਮਾ, ਜੋੜਨੀ, ਦੋ ਬਿੰਦੀ ਦੀ ਵਰਤੋਂ, ਵਿਸਮਿਕ ਚਿੰਨ੍ਹ, ਡੈਸ਼ ਦੀ ਵਰਤੋਂ ਸਮਾਸ ਸਮਾਨਾਰਥਕ, ਵਿਰੋਧਾਰਥਕ ਜਾਂ ਦੁਹਰਾਅ ਮੂਲਕ ਬਣਤਰ ਵਾਲੇ ਹੁੰਦੇ ਹਨ, ਪਰੰਤੂ ਹੇਠ ਲਿਖੇ ਸ਼ਬਦ ਸਮਾਨਆਰਥਕ ਸਮਾਸ ਤਾਂ ਹਨ, ਪਰ ਇਨ੍ਹਾਂ ਵਿਚ ਜੋੜਨੀ ਦੀ ਵਰਤੋਂ ਨਹੀਂ ਕੀਤੀ ਗਈ।

**3.5.1 ਜੋੜਨੀ ਤੋਂ ਬਿਨਾ ਅਤੇ ਜੋੜਨੀ ਵਾਲੇ ਸਮਾਸ ਰਾਹੀਂ ਵਿਪਥਨ** : ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਦੀ ਕਵਿਤਾ ਲਾਲ ਪੂਰਬ, ਵਿਚ ਕਹਿੰਦੇ ਹਨ :

ਸੂਰਜ ਦਾ ਵੱਡਾ ਗੋਲਾ

**ਸੂਹੀ ਸੂਹੀ** ਪੂਰਬਾਂ ਚੋਂ ਉੱਠਦਾ

ਬਸਤੀਆਂ ਕਿ ਨੰਗੇ ਪੈਰੀ ਮਾਵਾਂ ਜਿੱਥੇ

ਕੋਰੇ 'ਤੇ ਤੁਰਦੀਆਂ ਚਲੀਆਂ ਮਜ਼ੂਰੀ ਨੂੰ

ਚਾਹ **ਵੇਲੇ ਰੋਣ ਬੱਚੇ**

ਰੋਟੀ **ਵੇਲੇ ਰੋਣ ਬੱਚੇ (92)**

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਵਿਚ ਕਵਿਤਾ ਲਾਲ ਪੂਰਬ ਵਿਚ ਜੋੜਨੀ ਤੋਂ ਬਿਨਾ ਸਮਾਸ ਰਾਹੀਂ ਵਿਪਥਨ ਦੀ ਉਦਾਹਰਣ ਪ੍ਰਗਟ ਕਰਦੇ ਹਨ:

**ਬਸਤੀਆਂ** ਕਿ ਕੁੱਲੀਆਂ ਵਿਚ ਸਿਕਲੀਗਰ

**ਰਾਤ ਰਾਤ** ਜਾਗਦੇ

ਦੀਵਿਆਂ ਦੇ ਨਾਲ ਜਲੇ ਜ਼ਿੰਦਗੀ

ਬਸਤੀਆਂ ਕਿਸਾਨ ਜਿੱਥੇ

ਲਾਹਣਤਾਂ ਦੀ ਖਾਣ ਰੋਟੀ

ਲੱਸੀ ਤੀਕ ਵੇਚ ਦੇਣ

ਗਹਿਣੇ ਪਏ ਖੱਤਿਆਂ ਦਾ ਗਮ ਖਾਏ

ਘਰ ਆਉਣ ਸਿਰਾਂ ਉੱਤੇ ਡਿੱਗਣ ਸ਼ਤੀਰੀਆਂ। (93)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੀ ਕਵਿਤਾ ਜਿਥੇ ਕਵਿਤਾ ਖ਼ਤਮ ਨਹੀਂ ਹੁੰਦੀ ਵਿਚ ਲਿਖਦੇ ਹਨ :

ਮੁੰਡਿਓ, ਮੈਂ ਵੀ ਕਦੇ ਤੁਹਾਡੇ ਵਰਗਾ ਸਾਂ

**ਨਿੱਕੀਆਂ ਨਿੱਕੀਆਂ** ਚੋਰੀਆਂ ਕਰਦਾ ਹੋਇਆ ਵੀ ਚੋਰ ਨਹੀਂ ਸਾਂ

**ਗੱਲ ਗੱਲ** 'ਤੇ ਪੱਜ ਲਾਉਂਦਾ ਸਾਂ, ਮੈਂ ਪਰ ਝੂਠਾ ਨਹੀਂ ਸਾਂ

ਗੱਲ ਕੀ ਇਨ ਬਿਨ ਤੁਹਾਡੇ ਵਰਗਾ ਸਾਂ। (126)

ਉਪਰੋਕਤ ਸਮਾਸੀ ਸ਼ਬਦਾਵਲੀ ਜੋ ਸਮਾਨਆਰਥਕ ਹੈ, ਪਰੰਤੂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਕਿਸੇ ਵਿੱਚ ਵੀ ਜੋੜਨੀ ਦੀ ਵਰਤੋਂ ਨਹੀਂ ਕੀਤੀ। ਜੋ ਲਿਖਤ ਪੱਧਰ ਰੂਪ ਦੀ ਪੁਖਤਾ ਉਦਾਹਰਣ ਹੈ।

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਨਾਚ ਬੋਲੀਆਂ ਵਿੱਚ ਜੋੜਨੀ ਵਾਲੇ ਸਮਾਸ ਰਾਹੀਂ ਵਿਪਥਨ ਦੀ ਉਦਹਾਰਣ ਪੇਸ਼ ਕਰਦੇ ਹਨ:

ਬਾਗ ਲਵਾਇਆ, ਬਗੀਚਾ ਲਵਾਇਆ **ਵਿੱਚ- ਵਿੱਚ** ਫਿਰਦੇ ਮੋਰ

ਹੁਣ ਅਸਾਂ ਨਹੀਂ ਛੱਡਣੇ ਇਹ ਫਸਲਾਂ ਦੇ ਚੋਰ,

ਹੁਣ ਅਸਾਂ ਨਹੀ ਛੱਡਣੇ ..........

ਤਿੱਖੀ ਨੋਕ ਦੀ ਜੁੱਤੀ ਵੀ ਘਸ ਗਈ ਨਾਲੇ ਘਸ ਗਈਆਂ ਖੁਰੀਆਂ

ਬਈ **ਮਾਰੋ-ਮਾਰੋ** ਕਰਦੀਆਂ ਯਾਰੋ ਫ਼ੌਜਾਂ ਕਿਧਰ ਨੂੰ ਤੁਰੀਆਂ (207)

(ਨੀ) **ਚੁਣ-ਚੁਣ** ਕੇ ਅਣਖੀਲੇ ਯੋਧੇ ਤੂੰ ਜੇਲ੍ਹਾਂ ਵਿਚ ਤਾੜੇ

ਗੱਜਦੇ ਸ਼ੇਰਾਂ ਨੇ ਕਦੇ ਨਾ ਕੱਢਣੇ ਹਾੜੇ।

ਗੱਜਦੇ ਸ਼ੇਰਾਂ ਨੇ .......... (208)

ਦੋਹੇ

ਛੱਪੜ ਦੀਏ ਟਟਰੀਏ ਮੰਦੇ ਬੋਲ ਨਾ ਬੋਲ

ਦੁਨੀਆਂ ਤੁਰ ਪਈ ਹੱਕ ਲੈਣ ਨੂੰ ਤੂੰ ਬੈਠੀ ਚਿੱਕੜ ਫੋਲ

ਪਿੰਡ ਦਾ **ਘਰ-ਘਰ** ਹੋਇਆ ਕੱਠਾ

ਵਿੰਗ ਤੜਿੰਗੀ ਲੱਕੀ ਉੱਤੇ ਬੈਠਾ ਮੋਰ

ਕੰਮੀ ਵਿਚਾਰੇ **ਟੁੱਟ-ਟੁੱਟ** ਮਰਦੇ ਹੱਡੀਆਂ ਲੈਂਦੇ ਖੋਰ

ਸੇਠ ਲੋਕ ਲੁੱਟਦੇ ਨਾ ਰੱਜਦੇ **ਖੋਹ-ਖੋਹ** ਮੰਗਣ ਹੋਰ

ਅੱਥਰੂ ਥੰਮ੍ਹਦੇ ਨਾ ਜਦ ਮਾੜਿਆਂ ਦਾ ਪੈਂਦਾ ਜ਼ੋਰ । ਓ ਗੱਭਰੂਆ...

ਟਿੰਡਾਂ ਦੇ ਗਲ ਵਿਚ ਗਾਨੀਆਂ ਇਹ **ਖਿੱਚ ਖਿੱਚ** ਲਿਆਉਂਦੀਆਂ ਨੀਰ

ਆਡੋਂ ਪਾਣੀ ਐ ਰਿੜ੍ਹੇ ਜਿਉਂ ਬ੍ਰਾਹਮਣ ਖਾਵੇ ਖੀਰ

ਨਾਕੀ ਵਿਚਾਰਾ ਐਂ ਫਿਰੇ ਜਿਉਂ **ਦਰ-ਦਰ** ਫਿਰੇ ਫ਼ਕੀਰ

**ਬਾਬੂ-ਬਾਬੂ** ਜੜ ਤੋਂ ਵੱਢਿਆ ਉੱਚੇ ਹੋਏ ਕਸੀਰ (209)

ਅਣਖੀ ਲੋਕਾਂ ਦੀ ਹੋਣੀ ਜਿੱਤ ਅਖੀਰ। ਓ ਗੱਭਰੂਆ....

**ਆਲ਼ੇ-ਆਲ਼ੇ** ਬੋਹਟੀਆਂ **ਬੋਹਟੀ-ਬੋਹਟੀ** ਰੂੰ

ਨਾਲੇਂ ਕਿਸਾਨਾਂ ਤੂੰ ਲੁੱਟ ਹੋਇਆ ਨਾਲੇ ਕੰਮੀਆਂ ਤੂੰ (210)

**ਬਸਤੀਆਂ** ਕਿ ਜਿੱਥੇ ਲਾਲ ਧੂੜ ਵਿਚ ਭੋਲੀਆਂ

ਕਰੂੰਬਲਾ **ਭਾਰੇ-ਭਾਰੇ** ਟੋਕਰੇ ਉਠਾਂਦੀਆਂ (92)

ਉਪਰੋਕਤ ਸਮਾਸੀ ਸ਼ਬਦਾਵਲੀ ਜੋ ਸਮਾਨ ਆਰਥਕ ਹੈ ਕਵੀ ਨੇ ਇਸ ਵਿੱਚ ਜੋੜਨੀ ਦੀ ਵਰਤੋਂ ਕੀਤੀ ਹੈ ਜੋ ਲਿਖਤ ਪੱਧਰ ਰੂਪ ਦੀ ਪੁਖਤਾ ਉਦਹਾਰਣ ਹੈ।

**3.5.2 ਡੈਸ਼ ਦੀ ਵਰਤੋਂ ਰਾਹੀਂ ਵਿਪਥਨ** : ਜਦੋਂ ਕਿਸੇ ਵਾਕ ਵਿਚ ਕੋਈ ਅਚਾਨਕ ਯਾਦ ਆ ਜਾਣ ਵਾਲੀ ਅਸੰਬੰਧਤ ਗਲ ਕਹੀ ਜਾਵੇ ਤਾਂ ਉਸ ਦੇ ਪਹਿਲਾ ਡੈਸ਼ ਦੀ ਵਰਤੋਂ ਕੀਤੀ ਜਾਂਦੀ ਹੈ ਜਾਂ ਕਿਸੇ ਵਾਕ ਵਿਚ ਕੋਈ ਵਾਧੂ ਗੱਲ ਕਹਿਣੀ ਹੋਵੇ ਜਾਂ ਹਟਕੋਰਿਆ ਭਰੀ ਗੱਲ ਨੂੰ ਦੱਸਣਾ ਹੋਵੇ ਜਾਂ ਪਾਤਰਾਂ ਦੀ ਵਾਰਤਾਲਾਪ ਦੱਸਣੀ ਹੋਵੇ ਤਾਂ ਉਸ ਤੋਂ ਪਹਿਲਾਂ ਡੈਸ਼ ਦੀ ਵਰਤੋਂ ਕੀਤੀ ਜਾਂਦੀ ਹੈ ਪਰੰਤੂ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿੱਚ ਬਹੁਤ ਥਾਵਾਂ ਤੇ ਹੇਠ ਲਿਖੇ ਅਨੁਸਾਰ ਡੈਸ਼ ਦੀ ਵਰਤੋਂ ਕੀਤੀ ਗਈ ਹੈ।

ਮੈਂ ਜਲਿਆਂਵਾਲੇ ਕਾਂਡ ਵੇਲੇ ਵੈਰੀ ਨਾਗ ਦੇ ਝਰਨੇ

.... .... .... .... .... .... .... .... .... (225)

ਗੁਰਦੁਆਰੇ ਦਾ ਸਪੀਕਰ ਜਦ ਬਾਣੀ ਦੀ ਥਾਂ ਸ਼ੋਰ ਉਗਲਦਾ ਹੈ

ਸਾਡੇ ਉਲਟ ਭੁਗਤਦੇ

.... .... .... .... .... .... (229)

ਰੱਬ ਨਾਲ ਅਜੀਬ ਰਿਸ਼ਤਾ ਹੈ

ਕਿ ਫਿਰਦੇ ਹਨ ਤਾਂ ਰੇਤ ਫਕਦੇ ਹਨ

..... .... ...... (239)

**3.5.3 ਡਾਟਸ ਰਾਹੀਂ ਵਿਪਥਨ** : ਜਿੱਥੇ ਕਵੀ ਜਾਂ ਰਚਨਾਕਾਰ ਅਪੂਰਨ ਵਾਕ ਛੱਡ ਦਿੰਦਾ ਹੈ ਜਾਂ ਅਧੂਰੀ ਗੱਲ ਛੱਡ ਦਿੰਦਾ ਹੈ ਤਾਂ ਉੱਥੇ ਡਾਟਸ ਦੀ ਵਰਤੋਂ ਕਰਦਾ ਹੈ ਜੋ ਲਿਖਤ ਪੱਧਰ ਤੇ ਵਿਪਥਨ ਦੀ ਸ਼੍ਰੇਣੀ ਵਿਚ ਆਉਂਦਾ ਹੈ। ਜਿਵੇਂ ਲਾਲ ਸਿੰਘ ਦਿਲ ਆਪਣੀ ਪੁਸਤਕ ਨਾਗਲੋਕ ਕਵਿਤਾ ਵਿੱਚ ਉਦਾਹਰਣ ਪੇਸ਼ ਕਰਦੇ ਹਨ।

ਦੁਨੀਆਂ ਭਰ ਦਾ ਭਾਸ਼ਨ ਦੇਈਏ

ਜਾਨ ਦੇਣ ਤੋਂ ਸੰਗੇ ਲੋਕਾ

ਅਸੀਂ ਕਾਮਰੇਡ.....। (188)

ਉਚੇ ਸ਼ਬਦਾਂ ਸੰਗ ਪੁਕਾਰਦੇ ਨੇ

ਤੇ ਮੈਲਾ ਭਰੀ ਜ਼ਿੰਦਗੀ ਨੂੰ

''ਏ...ਅ...ਅ...ਬੀਬੀ

ਏ...ਅ...ਅ..ਬੀਬੀ`` (142)

ਉਪਰੋਕਤ ਰੂਪ ਵਿਚ ਸ਼ੈਲੀ ਵਿਗਿਆਨ ਦੇ ਪੱਧਰ ਅਗਰਭੂਮਣ ਦਾ ਇਹ ਦੂਜਾ ਮਹੱਤਵਪੂਰਨ ਤੱਤ ਹੈ। ਵਿਪਥਨ ਨੂੰ ਅਸੀਂ ਆਪਣੇ ਅਧਿਆਇ ਵਿਚ ਵੱਖੋ-ਵੱਖਰੀਆਂ ਭਾਸ਼ਕ ਇਕਾਈਆਂ ਰਾਹੀਂ ਸਮਝਿਆ ਹੈ। ਜਿਵੇਂ ਧੁਨੀ ਪੱਧਰ, ਸ਼ਬਦ ਪੱਧਰ, ਰੂਪ ਪੱਧਰ, ਵਾਕ ਪੱਧਰ, ਅਰਥ ਪੱਧਰ ਅਤੇ ਲਿਖਤ ਪੱਧਰ ਆਦਿ ਜਿਸ ਨੂੰ ਅਸੀਂ ਵਿਪਥਨ ਪੱਧਰ ਵਿਚ ਰੱਖ ਕੇ ਦੇਖਿਆ ਹੈ। ਕਵੀ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀ ਇਹ ਵਰਤੋਂ ਬਾਕੀ ਕਵੀਆਂ ਨਾਲੋਂ ਉਸ ਨੂੰ ਵੱਖਰਾ ਕਰਦੀ ਹੈ। ਧੁਨੀ ਪੱਧਰ ਦੀ ਜੇ ਗੱਲ ਕਰੀਏ ਤਾਂ ਕਵੀਆਂ ਨੇ ਇਕ ਸ਼ਬਦ ਨੂੰ ਕਈ ਬਦਲਵੀਆਂ ਧੁਨੀਆਂ ਰਾਹੀਂ ਲਿਖਿਆ ਹੈ। ਇਸੇ ਤਰ੍ਹਾਂ ਸ਼ਬਦ ਪੱਧਰ ਤੇ ਵਿਪਥਨ ਵਿੱਚ ਇਕ ਸ਼ਬਦ ਰਾਹੀਂ ਵੱਖੋ-ਵੱਖਰੇ ਸਮਾਨਰਥੀ ਸ਼ਬਦਾਂ ਨੂੰ ਵਰਤਿਆ ਹੈ ਜੋ ਦੋਨੋਂ ਕਵੀਆਂ ਦਾ ਇਕ ਵੱਖਰੀ ਕਿਸਮ ਦਾ ਸ਼ੈਲੀ ਪ੍ਰਭਾਵ ਹੈ। ਅਰਥ ਪੱਧਰ ਤੇ ਕਵੀਆਂ ਨੇ ਕਈ ਸ਼ਬਦਾਂ ਨੂੰ ਪਹਿਲੇ ਅਰਥਾਂ ਨਾਲੋਂ ਵੱਖਰੇ ਅਰਥਾਂ ਵਿਚ ਵਰਤਿਆ ਹੈ। ਇਹ ਵਰਤੋਂ ਇਕ ਕਵਿਤਾ ਵਿਚ ਵੀ ਅਲੱਗ-ਅਲੱਗ ਅਰਥਾਂ ਵਿੱਚ ਕੀਤੀ ਹੈ ਅਤੇ ਕਈ ਸ਼ਬਦ ਦੂਜੀ ਕਵਿਤਾ ਵਿਚ ਅਰਥ ਬਦਲੀ ਨਾਲ ਵਰਤੇ ਹਨ। ਲਿਖਤ ਪੱਧਰ ਉੱਤੇ ਦੋਨੋਂ ਕਵੀਆਂ ਨੇ ਵਿਸ਼ਰਾਮ ਚਿੰਨ੍ਹਾਂ ਨੂੰ ਵੀ ਲਿਆ ਹੈ। ਜਿਵੇਂ ਜੋੜਨੀ ਤੋਂ ਬਿਨ੍ਹਾਂ ਸਮਾਸ ਅਤੇ ਜੋੜਨੀ ਵਾਲੇ ਸਮਾਸ ਰਾਹੀਂ ਵਿਪਥਨ, ਦੋ ਬਿੰਦੀ ਦੀ ਨਾ ਵਰਤੋਂ ਰਾਹੀਂ ਵਿਪਥਨ, ਲਿਖਤ ਪੱਧਰ ਤੇ ਵਿਪਥਨ, ਡਾਟਸ ਰਾਹੀਂ ਵਿਪਥਨ ਆਦਿ ਨੂੰ ਵੇਖਿਆ ਗਿਆ ਹੈ ਜੋ ਕਵੀਆਂ ਨੇ ਇਕ ਵੱਖਰਾ ਸ਼ੈਲੀਗਤ ਪ੍ਰਭਾਵ ਸਿਰਜਿਆ ਹੈ।

# ਅਧਿਆਇ ਚੌਥਾ

## ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ: ਸਮਾਨੰਤਰਤਾ ਦਾ ਪੱਧਰ

**4.1. ਸਮਾਨੰਤਰਤਾ ਦਾ ਪੱਧਰ:-** ਸਮਾਨੰਤਰਤਾ ਤੋਂ ਭਾਵ ਹੈ, ਕਿਸੇ ਭਾਸ਼ਕ ਲੱਛਣ ਜਾਂ ਵਿਧਾਨ ਦੇ ਵਾਰ-ਵਾਰ ਦੁਹਰਾਉ ਦੀ ਨਿਯਮਬੱਧਤਾ ਜਾਂ ਬਕਾਇਦਗੀ। ਦੁਹਰਾਓ ਦਾ ਨੇਮ ਵੱਖ-ਵੱਖ ਪੱਧਰਾਂ ਤੇ ਮਿਲਦਾ ਹੈ। ਸਮਾਨੰਤਰਤਾ ਇੱਕ ਪ੍ਰਕਾਰ ਦੀ ਅਗਰਭੂਮਿਤ ਨੇਮਬੱਧਤਾ (Foregrounding regularity)ਹੈ। ਸਮਾਨੰਤਰਤਾ ਸੰਬੰਧੀ ਵਰਣਨ ਰੋਮਨ ਜੈਕਬਸਨ ਅਤੇ ਐਸ.ਆਰ. ਲਿਵਿਨ ਨੇ ਕੀਤਾ ਹੈ ਪਰ ਇਸਦੇ ਬਾਵਜੂਦ ਸਮਾਨੰਤਰਤਾ ਦੀ ਧਾਰਨਾ ਦਾ ਜਨਮਦਾਤਾ ਰੋਮਨ ਜੈਕਬਸਨ ਨੂੰ ਹੀ ਮੰਨਿਆ ਜਾਂਦਾ ਹੈ। ਉਸਨੇ ਹੀ ਸਾਹਿਤ ਭਾਸ਼ਾ ਦੇ ਸੰਦਰਭ ਵਿਚ ਇਸ ਧਾਰਨਾ ਪ੍ਰਤੀ ਸੁਚੇਤ ਕੀਤਾ।ਸਮਾਨੰਤਰਤਾ ਵਿਚ ਦੁਹਰਾਉ ਦੇ ਨਾਲ-ਨਾਲ ਲੈਅ ਨੂੰ ਵੀ ਉਜਾਗਰ ਕੀਤਾ ਜਾਂਦਾ ਹੈ। ਵਿਦਵਾਨਾਂ ਦਾ ਕਥਨ ਹੈ ਕਿ ਸਮਾਨੰਤਰਤਾ ਵਿਚਲਨ ਦੇ ਵਿਰੋਧ ਵਿੱਚ ਰੱਖ ਕੇ ਵਧੇਰੇ ਠੀਕ ਢੰਗ ਨਾਲ ਸਮਝੀ ਜਾ ਸਕਦੀ ਹੈ। ਵਿਚਲਨ ਵਿਚ ਸਾਹਿਤਕਾਰ ਕੋਲ ਚੋਣ ਦੇ ਬਹੁਤ ਸਾਰੇ ਵਿਕਲਪ ਉਪਲਬਧ ਹੁੰਦੇ ਹਨ ਪ੍ਰੰਤੂ ਉਹ ਇਹਨਾਂ ਵਿਕਲਪਾਂ ਦਾ ਤਿਆਗ ਕਰਕੇ ਕਿਸੇ ਨਿਵੇਕਲੇ ਵਿਕਲਪ ਦੀ ਚੋਣ ਕਰਦਾ ਹੈ ਸਮਾਨੰਤਰਤਾ ਵਿਚ ਉਹ ਆਪਣੇ ਆਪ ਨੂੰ ਕਿਸੇ ਇਕ ਭਾਸ਼ਕ ਚੋਣ ਤੱਕ ਹੀ ਸੀਮਿਤ ਰੱਖਦਾ ਹੈ। ਜਿੱਥੇ ਵਿਚਲਨ ਵਿੱਚੋਂ ਭਾਸ਼ਕ ਅਨੇਮਤਾ ਦੇਖਣ ਨੂੰ ਮਿਲਦੀ ਹੈ, ਉੱਥੇ ਸਮਾਨੰਤਰਤਾ ਵਿਚ ਅਤਿਨੇਮਤਾ (Extra Regularity) ਹੁੰਦੀ ਹੈ। ਜਿਸ ਨੂੰ ਅਸੀਂ ਸ਼ਬਦਾਂ ਦੀ ਚੁਣ-ਚੁਣ ਕੇ ਕੀਤੀ ਚੋਣ ਕਹਿ ਸਕਦੇ ਹਾਂ। ਇਹ ਚੋਣ ਹੀ ਰਚਨਾ ਵਿੱਚ ਜੋੜ ਤੇ ਇਕਮੁੱਠਤਾ ਨੂੰ ਜਨਮ ਦਿੰਦੀ ਹੈ, ਕਿਉਂਕਿ ਕਿਸੇ ਇੱਕ ਸ਼ਬਦ ਦਾ ਮੁੜ-ਮੁੜ ਕੇ ਹੋ ਰਿਹਾ ਦੁਹਰਾ ਪੰਗਤੀਆਂ ਵਿਚਕਾਰ ਸਮਾਨੰਤਰਤਾ ਦੇ ਨਾਲ-ਨਾਲ ਇਕਮੁੱਠਤਾ ਨੂੰ ਵੀ ਪੈਦਾ ਕਰਦਾ ਹੈ। ਇਸ ਤਰ੍ਹਾਂ ਸਮਾਨੰਤਰਤਾ ਤੋਂ ਭਾਵ ਹੈ ਕਿਸੇ ਭਾਸ਼ਕ ਲੱਛਣ ਜਾਂ ਵਿਧਾਨ ਦਾ ਵਾਰ-ਵਾਰ ਦੁਹਰਾਉ ਜਾਂ ਬਕਾਇਦਗੀ। ਡਾ. ਰਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ***, ਵਿਚ ਲਿਖਦੇ ਹਨ :

ਸਮਾਨੰਤਰਤਾ ਵਿਚ ਸਮਤਾ ਅਤੇ ਵਿਰੋਧ ਦੀਆਂ ਦੋ ਦਿਸ਼ਾਵਾਂ ਖੁਲਦੀਆਂ ਹਨ।

> ਵਿਭਿੰਨ ਕਿਸਮ ਦੇ ਦੁਹਰਾਉ ਉੱਤੇ ਆਧਾਰਿਤ ਸਮਾਨੰਤਰਤਾ ਸਮਤਾਮੂਲਕ ਸਮਾਨੰਤਰਤਾ ਬਣ ਕੇ ਆਉਂਦੀ ਹੈ ਅਤੇ ਵਿਰੋਧ ਉੱਤੇ ਨਿਰਭਰ ਸਮਾਨੰਤਰਤਾ ਵਿਰੋਧੀ ਸਮਾਨੰਤਰਤਾ ਬਣ ਕੇ ਆਉਂਦੀ ਹੈ। ਸਮਾਨੰਤਰਤਾ ਦੀਆਂ ਇਹਨਾਂ ਦੋਵੇਂ ਹੀ ਦਿਸ਼ਾਵਾਂ ਵਿਚ ਭਾਸ਼ਾ ਦੇ ਸਾਰੇ ਪੱਧਰ ਕ੍ਰਿਆਸ਼ੀਲ ਹੁੰਦੇ ਹਨ। (114)

ਇਸ ਤਰ੍ਹਾਂ ਸਮਾਨੰਤਰਤਾ ਦੁਆਰਾ ਕੀਤਾ ਗਿਆ ਅਗਰਭੂਮਨ ਪਰਾਹਨ ਦੁਆਰਾ ਕੀਤੇ ਗਏ ਅਗਰਭੂਮਨ ਤੋਂ ਬਿਲਕੁੱਲ ਉਲਟ ਦਿਸ਼ਾ ਵਿਚ ਕਿਰਿਆਸ਼ੀਲ ਹੁੰਦਾ ਹੈ। ਜਿੱਥੇ ਪਰਾਹਨ ਅਨਿਯਮਤਾ ਦੀ ਧਾਰਣਾ ਨੂੰ ਆਧਾਰ ਬਣਾਉਂਦਾ ਹੈ, ਉੱਥੇ ਸਮਾਨੰਤਰਤਾ ਨਿਯਮਤਾ ਨੂੰ ਆਧਾਰ ਬਣਾਉਂਦਾ ਹੈ। ਆਤਮਜੀਤ ਸਿੰਘ ਆਪਣੀ ਪੁਸਤਕ ***ਪ੍ਰਤਿਮਾਨ ਤੇ ਪਰਾਹਨ, ਸਾਹਿਤਕੀ*** ਵਿਚ ਪ੍ਰਭਾਸ਼ਿਤ ਕਰਦੇ ਹੋਏ ਲਿਖਦੇ ਹਨ: ਸਮਾਨੰਤਰਤਾ ਤੋਂ ਭਾਵ ਕਿਸੇ ਭਾਸ਼ਕ ਲੱਛਣ ਜਾਂ ਵਿਧਾਨ ਦੇ ਵਾਰ-ਵਾਰ ਦੁਹਰਾਉ ਦੀ ਨਿਯਮਬਧਤਾ। (92) ਪੀ.ਐਸ.ਬੀ.ਸੀਤਾਂਸ਼ੂ ਆਪਣੀ ਪੁਸਤਕ ***ਸ਼ੈਲੀ ਵਿਗਿਆਨਕ ਆਲੋਚਨਾ*** ਵਿਚ ਲਿਖਦੇ ਹਨ : ਜਦੋਂ ਕੋਈ ਭਾਸ਼ਾਈ ਆਈਟਮ ਨੂੰ ਇਕ ਤੋਂ ਜ਼ਿਆਦਾ ਵਾਰ ਦੁਹਰਾਇਆ ਜਾਂਦਾ ਹੈ ਤਾਂ ਉੱਥੇ ਸਮਾਨੰਤਰਤਾ ਹੁੰਦੀ ਹੈ। ਇਹ ਸਮਾਂਤਰਤਾ ਦੁਹਰਾ ਦੇ ਨਾਲ ਲੈਅ ਵੀ ਸਿਰਜਦੀ ਹੈ। (206)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਵਿਚਲੀਆਂ ਕਵਿਤਾਵਾਂ ਵਿਚ ਸਮਾਨੰਤਰਤਾ ਦੇ ਪੱਧਰ ਨੂੰ ਦੋ ਪੱਖਾਂ ਤੋਂ ਵਿਚਾਰਿਆਂ ਜਾਵੇਗਾ ।

**4.2. ਸਮਤਾ ਪੱਖੀ ਸਮਾਨੰਤਰਤਾ:-** ਸਮਾਨੰਤਰਤਾ ਦਾ ਸੂਤਰ ਦੁਹਰਾ ਦੀ ਧਾਰਨਾ ਤੇ ਟਿਕਿਆ ਹੋਇਆ ਹੈ, ਜਿਵੇਂ ਕਿ ਜਦੋਂ ਭਾਸ਼ਾ ਦੀ ਕਿਸੇ ਵੀ ਸਤਹਿ ਤੇ ਕਿਸੇ ਸ਼ਬਦ ਨੂੰ ਇਕ ਤੋਂ ਜ਼ਿਆਦਾਵਾਰ ਦੁਹਰਾਇਆ ਜਾਂਦਾ ਹੈ ਤਾਂ ਉੱਥੇ ਸਮਾਨੰਤਰਤਾ ਸਮਤਾ ਪੱਖੀ ਉਭਰਦੀ ਹੈ। ਸਮਾਨੰਤਰਤਾ ਵਿਚ ਦੁਹਰਾ ਦੇ ਨਾਲ ਨਾਲ, ਲੈ, ਤੋਲ, ਤੁਕਾਂਤ, ਤਾਲ ਨੂੰ ਵੀ ਸਿਰਜਿਆ ਜਾਂਦਾ ਹੈ। ਦੁਹਰਾ ਤੇ ਨਿਰਭਰ ਸਮਾਨੰਤਰਤਾ ਨੂੰ ਸਮਤਾ ਪੱਖੀ ਸਮਾਨੰਤਰਤਾ ਕਿਹਾ ਜਾਂਦਾ ਹੈ। ਸਮਤਾ ਪੱਖੀ ਸਮਾਨੰਤਰਤਾ ਕਾਫ਼ੀ ਮਹੱਤਵਪੂਰਨ ਹੈ। ਜਦੋਂ ਧੁਨੀ ਦਾ ਕੋਈ ਅੰਸ਼ ਸੁਰ ਰਾਹੀਂ ਜਾਂ ਲੈ, ਤੋਲ ਤੁਕਾਂਤ ਅੰਤ ਤੇ ਦੁਹਰਾਇਆ ਜਾਵੇ ਤਾਂ ਉੱਥੇ ਸਮਤਾ ਪੱਖੀ ਸਮਾਨੰਤਰਤਾ

ਸਾਹਮਣੇ ਆਉਂਦੀ ਹੈ ਭਾਸ਼ਾਈ ਤੌਰ ਤੇ ਧੁਨੀ ਦੀ ਖ਼ਾਸ ਪਹਿਚਾਣ ਨੂੰ ਵੀ ਦੇਖਿਆ ਗਿਆ ਹੈ ਕਿ ਦੁਹਰਾਈ ਜਾਣ ਵਾਲੀ ਧੁਨੀ ਅਲਪਪ੍ਰਾਣ ਹੈ ਜਾਂ ਮਹਾਂਪ੍ਰਾਣ, ਨਾਲ ਹੀ ਨਾਲ ਦੁਹਰਾਉ ਦਾ ਕ੍ਰਮ ਵੀ ਮਹੱਤਵ ਰੱਖਦਾ ਹੈ। ਇਸ ਤਰ੍ਹਾਂ ਦੀ ਸਮਾਨੰਤਰਤਾ ਕਵਿਤਾ ਦਾ ਪ੍ਰਮੁੱਖ ਗੁਣ ਵੀ ਹੈ। ਜਿਸ ਤੋਂ ਕਵਿਤਾ ਵਿਚ ਲੈਅ, ਤੁਕਾਂਤ ਦਾ ਮੇਲ ਵੀ ਹੁੰਦਾ ਹੈ। ਜਿਵੇਂ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੇ ਗੀਤਾਂ ਵਿਚ ਸਮਤਾ ਪੱਖੀ ਸਮਾਨੰਤਰਤਾ ਦੇ ਅੰਸ਼ ਇਹਨਾਂ ਸਤਰਾਂ ਦੁਆਰਾ ਦੇਖੇ ਜਾ ਸਕਦੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਗੀਤ ਵਿਚ ਸਮਤਾ ਪੱਖੀ ਸਮਾਨੰਤਰਤਾ ਦੇ ਵਿਚਾਰ ਪ੍ਰਗਟ ਕਰਦੇ ਹਨ :

ਦਿਓ ਕੋਈ ਸਮਾਜ **ਖੁੱਲ੍ਹਾ-ਡੁੱਲ੍ਹਾ**

ਅੰਬਰੀ ਨੀਲੱਤਣਾਂ **ਤੋਂ ਖੁੱਲ੍ਹਾ**

ਇਕ ਪਰਿਵਾਰ **ਇਕ ਚੁੱਲ੍ਹਾ**

ਮੰਦਰ ਉਡਾਏ **ਕੋਈ ਬੁੱਲ੍ਹਾ**

ਛੱਡ ਰਾਂਝਾ ਹੀਰ **ਭੱਟੀ ਦੁੱਲ੍ਹਾ**

ਕੱਜਣਾ ਤੋਂ ਲਾਹੇ ਨਾ **ਕੋਈ ਜੁੱਲ੍ਹਾ**

ਕਰੋ ਕਿਤੇ ਕੋਈ **ਹੱਲਾ-ਗੁੱਲਾ।** (121)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਗੀਤ ਵਿਚ ਵਿਚਾਰ ਪ੍ਰਗਟ ਕਰਦੇ ਹਨ:

ਸੁਣੀ ਅਸੀਂ ਚੁੱਪ ਦੀ **ਸਦਾ**

ਅੰਬਰਾਂ 'ਤੇ ਚੰਨ ਨਾ **ਘਟਾ**

ਪੈਰਾਂ 'ਚ ਨਿਵਾ ਲਿਆ **ਖ਼ੁਦਾ**

ਹਾਸੇ ਨੂੰ ਕਰਾ ਲਿਆ **ਜ਼ਿਬ੍ਹਾ**

ਦਿਲ ਮੇਰਾ ਕਿੱਧਰ ਗਿਆ। (104)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਆਪਣੇ 'ਗੀਤਾਂ ਵਿਚ ਹਰ ਇਕ ਸਤਰ ਦੇ ਅੰਤ ਤੇ ਧੁਨੀ ਦਾ ਤੁਕਾਂਤ ਮੇਲ ਕੀਤਾ ਹੈ। ਇੱਥੇ ਅੰਤ ਤੇ ਸ੍ਵਰ ਧੁਨੀ ਦਾ ਤੁਕਾਂਤ ਮਿਲਦਾ ਹੈ। 'ਅ' ਸ੍ਵਰ ਧੁਨੀ ਜੋ ਅੰਤ ਤੇ ਅੰਕਿਤ ਹੁੰਦੀ ਹੈ। 'ਅ' ਧੁਨੀ ਗੋਲਾਈ ਰਹਿਤ, ਪਿਛਲੀ, ਅੱਧ ਉੱਚੀ ਅਤੇ ਮਹਾਂਪ੍ਰਾਣ ਧੁਨੀ ਹੈ, ਜਿਸ ਦਾ ਕਵੀਆਂ ਨੇ ਵਾਰ-ਵਾਰ ਦੁਹਰਾ ਕੀਤਾ ਹੈ। ਇਸ ਤਰ੍ਹਾਂ ਸਮਤਾ ਪੱਖੀ ਸਮਾਨੰਤਰਤਾ ਧੁਨੀ ਕਿਸੇ ਵਾਕ ਜਾਂ ਵਾਕੰਸ਼ ਵਿਚ ਸਮਾਨ ਧੁਨੀਆਂ ਦੇ ਦੁਹਰਾਓ ਨਾਲ ਪੈਦਾ ਹੁੰਦੀ ਹੈ। ਸਮਤਾ ਪੱਖੀ ਸਮਾਨੰਤਰਤਾ ਧੁਨੀ ਦੋ ਤਰ੍ਹਾਂ ਦੀ ਹੁੰਦੀ ਹੈ। ਜਿਵੇਂ ਕਿ (1) ਵਿਅੰਜਨ ਸਮਤਾ ਪੱਖੀ ਸਮਾਨੰਤਰਤਾ (2) ਸਵਰ ਸਮਤਾ ਪੱਖੀ ਸਮਾਨੰਤਰਤਾ।

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗਾ ਲੋਕ*** ਕਵਿਤਾ ਸਾਡੀ ਮਰਜ਼ੀ ਵਿਚ ਵਿਚਾਰ ਪ੍ਰਗਟ ਕਰਦੇ ਹਨ:

ਰੋਂਦੇ ਰਹਿਣੇ ਹੱਟੀਆਂ ਦੇ **ਖਾਤੇ**

ਛੱਡ ਤੁਰਨਾ ਦੁਨੀਆਂ ਦੇ **ਨਾਤੇ**

ਇਕ ਸਵਰਗ ਹੈ **ਪਾਣਾ**

ਸਾਡੀ ਮਰਜ਼ੀ ਹੈ ਮਰ **ਜਾਣਾ।**

ਮਰਨਾਂ ਜਦ ਮੁੱਛ ਫੁੱਟਦੀ **ਹੋਵੇ**

ਮਰੀਏ ਵੀ ਤਾਂ ਦੁਨੀਆਂ **ਰੋਵ੍ਹੇ**

ਬੱਸ ਦੇ ਪਹੀਏ ਥੱਲੇ **ਆਣਾ**

ਚੜ੍ਹਦੀ ਉਮਰੇ ਹੈ ਮਰ **ਜਾਣਾ।** (200)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਗੀਤ ਵਿਚ ਵਿਚਾਰ ਪ੍ਰਗਟ ਕਰਦੇ ਹਨ :

ਯੁੱਗਾਂ ਦੀ ਉਸਾਰੀ ਤੇਰੇ ਕੱਖਾਂ ਵਿਚ **ਖੇਲ੍ਹਦੀ**

ਸਦੀਆਂ ਤੋਂ ਆਈ ਏਂ ਗੁਲਾਮੀਆਂ ਤੂੰ **ਝੇਲਦੀ**

ਉੱਠ ਤੇਰੇ ਵਾਰਸਾਂ ਦਾ ਆ ਗਿਆ **ਜ਼ਮਾਨਾ ਨੀ**

ਪੌਣਾਂ ਵਿਚ ਗੂੰਜਿਆ ਅਜ਼ਾਦੀ ਦਾ **ਤਰਾਨਾ ਨੀ**

ਲੋਕਾਂ ਚੁੱਕੇ ਹਥਿਆਰ, ਅੱਜ ਬੰਨ੍ਹ ਕੇ **ਕਤਾਰ ਨੀ**

ਕਈ ਤੇਰੇ ਵਾਰਸਾਂ ਨੇ ਦਿੱਤੀ ਜਿੰਦ **ਵਾਰ ਨੀ**

ਜਿਹੜੇ ਰਾਹੇ ਗਿਆ ਸੀ ਸਰਾਭਾ **ਕਰਤਾਰ ਨੀ**

ਕੱਲ੍ਹ ਬਾਬਾ ਬੁੱਢਾ ਇੱਕ ਮਾਰਿਆ **ਪੁਲੀਸ ਨੇ**

ਹਿੱਕ ਵਿਚ ਗੋਲ਼ੀ ਖਾਧੀ ਬਾਬੂ ਤੇ **ਦਲੀਪ ਨੇ।** (106)

ਲਾਲ ਸਿੰਘ ਦਿਲ ਨੇ ਆਪਣੀ ਕਵਿਤਾ 'ਸਾਡੀ ਮਰਜ਼ੀ' ਵਿਚ ਦੋ-ਦੋ ਸਤਰਾਂ ਦਾ ਧੁਨੀ ਮੇਲ ਕੀਤਾ ਹੈ। ਜਿਵੇਂ ਕਿ 'ਖਾਤੇ ਤੇ 'ਨਾਤੇ' 'ਪਾਣਾ' ਤੇ 'ਜਾਣਾ' 'ਹੋਵੇ' ਤੇ 'ਰੋਵੇ' 'ਆਣਾ' ਤੇ ਜਾਣਾ ਆਦਿ 'ਤੇ' 'ਵੇ' ਵਿਅੰਜਨ ਧੁਨੀਆਂ ਦੀ ਸਮਤਾ ਪੱਖੀ ਸਮਾਨੰਤਰਤਾ ਅਤੇ 'ਣਾ' ਨਾਸਿਕੀ ਵਿਅੰਜਨ ਧੁਨੀਆਂ ਦੀ ਸਮਤਾ ਪੱਖੀ ਸਮਾਨੰਤਰਤਾ ਅੰਤ ਪੱਧਰ ਤੇ ਮਿਲਦੀ ਹੈ। ਇਸੇ ਤਰ੍ਹਾਂ ਅਵਤਾਰ ਸਿੰਘ ਪਾਸ਼ ਨੇ ਵੀ ਆਪਣੇ ਗੀਤ ਵਿਚ ਦੋ-ਦੋ ਸਤਰਾਂ ਦਾ ਧੁਨੀ ਮੇਲ ਕੀਤਾ ਹੈ। ਜਿਵੇਂ ਕਿ 'ਖੇਲਦੀ' ਤੇ 'ਡ਼ੇਲਦੀ' 'ਜ਼ਮਾਨਾ' ਤੇ 'ਤਰਾਨਾ' ਕਤਾਰ' 'ਵਾਰ' ਤੇ ਕਰਤਾਰ  ਆਦਿ 'ਦੀ' 'ਰ' ਵਿਅੰਜਨ ਧੁਨੀਆਂ ਦੀ ਸਮਤਾ ਪੱਖੀ ਸਮਾਨੰਤਰਤਾ ਅਤੇ 'ਨਾ ਨਾਸਿਕੀ ਵਿਅੰਜਨ ਧੁਨੀਆਂ ਦੀ ਸਮਤਾ ਪੱਖੀ ਸਮਾਨੰਤਰਤਾ ਅੰਤ ਪੱਧਰ ਤੇ ਮਿਲਦੀ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਹੋਚੀ ਦਾ ਜਾਣਾ ਵਿਚ ਵਿਚਾਰ ਪ੍ਰਗਟ ਕਰਦੇ ਹਨ :

ਪਾਪ ਹਾਲੇ ਵੀ ਸਹਾਰੇ **ਭਾਲਦਾ**

ਪਰ ਗੁਰੀਲਾ ਕਦ ਸਮੇਂ ਨੂੰ **ਗਾਲਦਾ**

ਲੰਘ ਡੂੰਘਾ ਗ਼ਮ ਦਾ ਸਾਗਰ **ਲਿਸ਼ਕਿਆ**

ਲੱਖ ਬਹਿ ਕੇ ਮੋਰਚੇ ਵਿਚ **ਸਿਸਕਿਆ**

ਲੱਖ ਹੰਝੂ ਬੈਰਲਾਂ ਤੇ **ਢਾਲਦਾ**

ਚਿੱਟੇ ਘਰ ਇਕ ਹੋਰ ਦੀਵਾ **ਟਿਮਕਿਆ**

ਪਾਪ ਹਾਲੇ ਵੀ ਸਹਾਰੇ **ਭਾਲਦਾ।** (110)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਗੀਤ ਵਿਚ ਵਿਚਾਰ ਪ੍ਰਗਟ ਕਰਦੇ ਹਨ:

ਜ਼ਿੰਦਗੀ ਦੇ ਯੁੱਗ ਦੀ **ਸਵੇਰ**

ਆਏਗੀ ਜ਼ਰੂਰ ਇਕ **ਵੇਰ**

ਹੋਰ ਸਾਨੂੰ ਵੰਡ ਲੈ **ਅਨ੍ਹੇਰ।**

ਡਿੱਗੀਆਂ ਇਮਾਰਤਾਂ ਦੇ **ਢੇਰ**

ਘੇਰ ਇਹਨੂੰ ਮੂਹਰੇ ਹੋ ਕੇ **ਘੇਰ।**

ਤੇਰੇ ਸ਼ਬਦ-ਕੋਸ਼ ਥੋੜ੍ਹੀ **ਦੇਰ।**

ਆਸਣਾਂ ਤੋਂ ਸੁੱਕਣੇ **ਕਨੇਰ।** (79)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਵੇਲ਼ਾ ਆ ਗਿਆ, ਵਿਚ ਵਿਚਾਰ ਪ੍ਰਗਟ ਕਰਦੇ ਹਨ:

ਹੁਣ ਵਕਤ ਆ ਗਿਆ ਹੈ

ਕਿ ਆਪੋ ਵਿਚਲੇ ਰਿਸ਼ਤੇ ਦਾ ਇਕਬਾਲ **ਕਰੀਏ**

ਤੇ ਵਿਚਾਰਾਂ ਦੀ ਲੜਾਈ

ਮੱਛਰਦਾਨੀ ਵਿੱਚੋਂ ਬਾਹਰ ਹੋ ਕੇ **ਲੜੀਏ**

ਤੇ ਹਰ ਇਕ ਦੇ ਗਿਲ੍ਹੇ ਦੀ ਸ਼ਰਮ

ਨੰਗੇ ਮੂੰਹ 'ਤੇ **ਜਰੀਏ।**

ਵਕਤ ਆ ਗਿਆ ਹੈ

ਕਿ ਹੁਣ ਉਸ ਕੁੜੀ ਨੂੰ,

ਜੋ ਮਾਸ਼ੂਕਾ ਬਣਨ ਤੋਂ ਪਹਿਲਾਂ ਹੀ

ਪਤਨੀ ਬਣ ਗਈ, ਭੈਣ ਕਹਿ **ਦੇਈਏ**

ਲਹੂ ਦੇ ਰਿਸ਼ਤੇ ਦਾ ਪਿੰਗਲ **ਬਦਲੀਏ**

ਤੇ ਮਿੱਤਰਾਂ ਦੀ ਨਵੀਂ ਪਹਿਚਾਣ **ਘੜੀਏ**

ਆਪੋ ਆਪਣੇ ਲਹੂ ਦੇ ਦਰਿਆ ਨੂੰ **ਤਰੀਏ**

ਸੂਰਜ ਨੂੰ ਖ਼ੂਨਾਮੀ ਤੋਂ ਬਚਾਉਣ ਲਈ

ਹੋ ਸਕੇ ਤਾਂ ਰਾਤ ਭਰ ਆਪ **ਬਲ਼ੀਏ।** (55)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਉਪਰੋਕਤ ਇਨ੍ਹਾਂ ਸਤਰਾਂ ਦੇ ਵਿਅੰਜਨ ਧੁਨੀਆਂ ਦੀ ਸਮਤਾ ਪੱਖੀ ਸਮਾਨੰਤਰਤਾ ਦਾ ਮੇਲ ਹੈ ਜਿਹੜਾ ਰਚਨਾ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਇਕਸਾਰ ਰੂਪ ਵਿਚ ਚਲਦਾ ਹੈ। ਜਿਵੇਂ ਕਿ ਲਾਲ ਸਿੰਘ ਦੀ ਕਵਿਤਾ 'ਹੋਚੀ ਦਾ ਜਾਣਾ' ਵਿਚਲੀ ਸਤਰ ਦੇ ਅੰਤ ਦੇ 'ਦਾ' 'ਆ' ਅਤੇ 'ਗੀਤ' ਵਿਚਲੀ ਸਤਰ ਦੇ ਅੰਤ ਦੇ 'ਰ' ਵਿਅੰਜਨ ਧੁਨੀ ਦੀ ਸਮਤਾ ਪੱਖੀ ਸਮਾਨੰਤਰਤਾ ਦਾ ਮੇਲ ਹੈ, ਜਿਹੜਾ ਰਚਨਾ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਇਸ ਤਰ੍ਹਾਂ ਹੀ ਚਲਦਾ ਹੈ। ਜਿਵੇਂ ਕਿ ਭਾਲਦਾ, ਗਾਲਦਾ, ਢਾਲਦਾ, ਲਿਸਕਿਆ, ਸਿਸਕਿਆ, ਟਿਮਕਿਆ, ਸਵੇਰ, ਵੇਰ, ਅਨ੍ਹੇਰ, ਢੇਰ, ਘੇਰ, ਦੇਰ, ਕਨੇਰ ਆਦਿ ਸ਼ਬਦਾਵਲੀ ਵਿਚ 'ਦਾ' ਸੁਰ 'ਆ'ਗੁਲਾਈ ਰਹਿਤ 'ਰ' ਫਟਕਵੀਂ ਵਿਅੰਜਨ ਧੁਨੀ ਦੀ ਸਮਤਾ ਪੱਖੀ ਸਮਾਨੰਤਰਤਾ ਦਾ ਵਾਰ-ਵਾਰ ਦੁਹਰਾ ਹੋਇਆ ਹੈ। ਅਵਤਾਰ ਸਿੰਘ ਪਾਸ਼ ਦੀ ਕਵਿਤਾ 'ਵੇਲ਼ਾ ਆ ਗਿਆ' ਵਿਚ ਵੀ ਸਤਰ ਦੇ ਅੰਤ ਦੇ 'ਏ' ਵਿਅੰਜਨ ਧੁਨੀ ਦੀ ਸਮਤਾ ਪੱਖੀ ਸਮਾਨੰਤਰਤਾ ਦਾ ਮੇਲ ਹੈ, ਜਿਹੜਾ ਰਚਨਾ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਇਕਰੂਪਤਾ ਵਿਚ ਹੀ ਚਲਦਾ ਦਿਖਾਈ ਦਿੰਦਾ ਹੈ, ਜਿਵੇਂ ਕਿ ਕਰੀਏ, ਲੜੀਏ, ਜ਼ਰੀਏ, ਦੇਈਏ, ਬਦਲੀਏ, ਘੜੀਏ, ਤਰੀਏ, ਬਲ਼ੀਏ ਆਦਿ ਸ਼ਬਦਾਵਲੀ ਵਿਚ 'ਏ' ਵਿਅੰਜਨ ਧੁਨੀ ਦੀ ਸਮਤਾ ਪੱਖੀ ਸਮਾਨੰਤਰਤਾ ਦਾ ਵੀ ਵਾਰ-ਵਾਰ ਦੁਹਰਾ ਆਉਂਦਾ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਗੀਤ ਮਰ ਚੁੱਕੀਆਂ ਕਦਰਾਂ ਦੇ ਧਾਰਨੀ ਭੂਤਨੇ ਤੋਂ ਲੱਕੜਹਾਰਾ ਵਿਚ ਵਿਚਾਰ ਪ੍ਰਗਟ

ਕਰਦੇ ਹਨ:

ਉਹ ਨਾ ਸੁੱਤਾ ਸੀ ਹੁਣ **ਤਾਈਂ**

ਆਖੇ ਨਾ ਜਾਈਂ ਨਾ **ਜਾਈਂ**

ਹਿੱਲ ਸਕੀ ਨਾ ਮਾਸ਼ਾ **ਰਾਈ**

ਹੱਥ ਜੋੜਦੀ ਕਹੇ **ਦੁਹਾਈ।**

ਜਾਂ ਉਹ ਰੁੱਖ ਦੇ ਨੇੜੇ **ਖੜ੍ਹਿਆ**

ਨਾ ਜਾਈਂ ਲੱਕੜਹਾਰੇ **ਪੜ੍ਹਿਆ।**

ਉਹ ਵੀ ਹੋ ਕੇ ਟੋਟੇ **ਮੋਇਆ**

ਕਹੇ ਭੂਤਨੀ ਕੰਮ ਅੱਧਾ **ਹੋਇਆ।**

ਇਕ ਭੂਤਨਾ ਤੁਰਿਆ **ਹੱਸਦਾ**

ਹੋ ਭੂਤਨੀ ਅੱਗੇ **ਨੱਸਦਾ** **।**

ਉਹ ਉੱਡਦੀ ਉਹ ਪਿੱਛੇ **ਆਉਂਦਾ**

ਕਹੇ ਭੂਤਨੀ ਕਿਉਂ **ਘਬਰਾਉਂਦਾ**? (158)

ਅਵਤਾਰ ਸਿੰਘ ਪਾਸ਼ ਦੀ ਛੰਦਬੱਧ ਰਚਨਾਵਾਂ ਤੇ ਵੀ ਮੁਹਾਰਤ ਹਾਸਲ ਸੀ । ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਬੋਲੀਆਂ ਵਿਚ ਵਿਚਾਰ ਪ੍ਰਗਟ ਕਰਦੇ ਹਨ :

ਸੁੱਕੀਆਂ ਸੜਨ **ਜ਼ਮੀਨਾਂ।**

ਕੰਮ ਨਾ ਆਉਣ **ਮਸ਼ੀਨਾਂ।**

ਗੱਭਰੂ ਲੱਗ ਗਏ **ਫੀਮਾਂ**

ਚੋਬਰ ਜੱਟ **ਸ਼ਕੀਨਾਂ।**

ਚਮਕ ਨਾ ਦਏ **ਨਗੀਨਾ।**

ਲੁਕ ਛਿਪ ਕਟੇਂ **ਮਹੀਨਾ।**

ਕਰਕੇ ਮਿਹਨਤ **ਜੀਨਾ**

ਬਣ ਜਾ ਕਬੂਤਰ **ਚੀਨਾ,**

ਢਾਈਆਂ ! ਢਾਈਆਂ ! ਢਾਈਆਂ !

ਕੁਛ ਨਾ ਖੋਹਣ **ਕਮਾਈਆਂ ।**

ਹੁਣ ਨਾ ਟਪੀਂਦੀਆਂ **ਖਾਈਆਂ ।**

ਪੀ ਲਈ ਰੱਤ **ਸਿਪਾਹੀਆਂ**

ਆਰੀ ! ਆਰੀ ! **ਆਰੀ !**

ਨਹੀਓਂ ਲੱਗਦੀ ਰੌਸ਼ਨੀ **ਭਾਰੀ**

ਯਾਰੋ ਖਾ ਗਈ ਡੈਣ **ਸਰਕਾਰੀ**

ਲੈ ਗਈ ਨੂੜ ਕੇ ਪੁਲਸ ਦੀ **ਲਾਰੀ।** (219)

ਇਹਨਾਂ ਸਤਰਾਂ ਵਿਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਤਿੰਨ ਪਹਿਰਿਆਂ ਵਿਚ ਰਚਨਾ ਰਚੀ ਹੈ। ਜਿਸ ਵਿਚ ਲਾਲ ਸਿੰਘ ਦਿਲ ਦੀ ਕਵਿਤਾ 'ਮਰ ਚੁੱਕੀਆਂ ਕਦਰਾਂ ਦੇ ਧਾਰਨੀ ਭੂਤਨੇ ਤੋਂ ਲੱਕੜਹਾਰਾ, ਵਿਚ ਵੱਖੋ-ਵੱਖ ਤਿੰਨ ਧੁਨੀਆਂ ਦਾ ਮੇਲ ਸਮਤਾ ਪੱਖੀ ਸਮਾਨੰਤਰਤਾ ਵਜੋਂ ਹੁੰਦਾ ਹੈ। ਜਿਵੇਂ ਕਿ ਪਹਿਲੇ ਪਹਿਰੇ ਵਿਚ 'ਈਂ' ਤੇ 'ਈ' ਸਵਰ ਧੁਨੀ ਦਾ ਸਮਤਾ ਪੱਖੀ ਸਮਾਨੰਤਰਤਾ ਦੁਹਰਾਓ, ਦੂਜੇ ਪਹਿਰੇ ਵਿਚ 'ਆ' ਸਵਰ ਧੁਨੀ, ਤੀਸਰ ਪਹਿਰੇ ਵਿਚ 'ਦਾ' ਵਿਅੰਜਨ ਧੁਨੀ ਦਾ ਮੇਲ ਸਮਤਾ ਪੱਖੀ ਸਮਾਨੰਤਰਤਾ ਵਜੋਂ ਉਭਰਕੇ ਸਾਹਮਣੇ ਆਉਂਦਾ ਹੈ। ਅਵਤਾਰ ਸਿੰਘ ਪਾਸ਼ ਦੀਆਂ 'ਬੋਲੀਆਂ' ਵਿਚ ਵੀ ਵੱਖੋ-ਵੱਖ ਤਿੰਨ ਧੁਨੀਆਂ ਦਾ ਮੇਲ ਸਮਤਾ ਪੱਖੀ ਸਮਾਨੰਤਰਤਾ ਸਪੱਸ਼ਟ ਹੁੰਦਾ ਹੈ। ਉਦਾਹਰਣ ਵਜੋਂ ਪਹਿਲੇ ਪਹਿਰੇ ਵਿਚ 'ਨਾਂ' ਤੇ 'ਨਾ' ਨਾਸਿਕੀ ਵਿਅੰਜਨ ਧੁਨੀ ਦਾ ਸਮਤਾ ਪੱਖੀ ਸਮਾਨੰਤਰਤਾ ਦੁਹਰਾਓ, ਦੂਜੇ ਪਹਿਰੇ ਵਿਚ 'ਆਂ' ਨਾਸਿਕੀ ਸਵਰ ਧੁਨੀ, ਤੀਸਰੇ ਵਿਚ 'ਰੀ' ਵਿਅੰਜਨ ਧੁਨੀ ਦਾ ਮੇਲ ਸਮਤਾ ਪੱਖੀ ਸਮਾਨੰਤਰਤਾ ਵਜੋਂ

ਸਪੱਸ਼ਟ ਹੁੰਦਾ ਦਿਖਾਈ ਦਿੰਦਾ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਰਕਾਬਤ ਵਿਚ ਵਿਚਾਰ ਪ੍ਰਗਟ ਕਰਦੇ ਹਨ:

ਛੱਤ ਚੌੜੀ ਤੇ ਟਹਿਲੇ

ਜਿਉਂ ਚਿੰਤਕ ਹੈ **ਕੋਈ।**

ਦੇਖੇ ਏਧਰ ਉਧਰ ਦੂਰੇ

ਫ਼ਸਲ ਜੋ ਮੀਹਾਂ **ਮੋਈ।**

ਅੱਜ ਨਾ ਦਾਰੂ ਚੰਗੀ ਲਗਦੀ

ਘਾਟਾ ਚਾਹੇ ਨਾ **ਕੋਈ।**

ਕੀ ਮੁੱਕਦਾ ਹੈ ਕਾਲ ਮੁਕਾਇਆਂ

ਜਿਨਸ ਰੱਜ ਰੱਜ **ਢੋਈ।** (178)

ਕੁਲਵਿੰਦਰ (ਸੰਪਾ.) ਆਪਣੀ ਪੁਸਤਕ ***ਸਭ ਤੋਂ ਖ਼ਤਰਨਾਕ (ਪਾਸ਼ ਦੀ ਸਮੁੱਚੀ ਉਪਲੱਬਧ ਸ਼ਾਇਰੀ)*** ਵਿਚ ਅਵਤਾਰ ਸਿੰਘ ਪਾਸ਼ ਗ਼ਜ਼ਲ ਦਾ ਹਵਾਲਾ ਪ੍ਰਗਟ ਕਰਦੇ ਹਨ :

ਖੇਤਾਂ ਵਿੱਚ ਚਰੀਆਂ ਦੇ ਦੁੱਬੇ ਮੁੱਕਿਆਂ ਵਾਗੂੰ ਤਣੇ **ਹੋਏ**

ਖੜਕ ਖੜਕ ਕੇ ਰੁੱਖ ਟਾਹਲੀ ਦਾ ਜੂਝਣ ਦਾ ਪੈਗਾਮ **ਕਹੇ।**

ਤੂੰਬਾ ਤੂੰਬਾ ਸੂਹੇ ਬੱਦਲ ਰੋਹਲੇ ਅੱਖਰ ਬਣ **ਪਏ**

ਲੋਕ-ਯੁੱਧ ਅੰਬਰ ਵਿਚ ਛੁਪਿਆ, ਕ੍ਰਾਂਤੀ ਦਾ ਐਲਾਨ **ਕਹੇ।**

ਚਿੜੀਆਂ ਦਾ ਝੁੰਡ ਅੱਥਰਾ ਹੋਇਆ, ਝਪਟ ਝਪਟ ਕੇ ਮੁੜ **ਜਾਵੇ**

ਦੱਸੇ ਜਾਂਚ ਗੁਰੀਲਾ ਯੁੱਧ ਦੀ, ਯੋਧਿਆਂ ਨੂੰ ਪ੍ਰਣਾਮ **ਕਹੇ।**

ਮੌਸਮ ਨੂੰ ਜੇਲ੍ਹਾਂ ਵਿਚ ਪਾਵੋ, ਨਹੀਂ ਤਾਂ ਸਭ ਕੁਝ ਚੱਲਿਆ **ਜੇ**

ਤੜਕਾ ਆਖੇ ਤਕੜੇ ਹੋਵੋ, ਮੁੜ ਉੱਠਣ ਲਈ ਸ਼ਾਮ **ਕਹੇ।** (218)

ਲਾਲ ਸਿੰਘ ਦਿਲ ਨੇ'ਈ' ਅਗਲਾ ਸ੍ਵਰ, ਉੱਚਾ ਸ੍ਵਰ, ਗੁਲਾਈ ਰਹਿਤ, ਮਹਾਂ ਪ੍ਰਾਣ ਸ੍ਵਰ ਦੀ ਵਰਤੋਂ ਕਰਦੇ ਹੋਏ ਰਚਨਾ ਦੇ ਅੰਤ ਤੇ ਵਾਰ-ਵਾਰ ਕੀਤੀ ਹੈ। ਅਵਤਾਰ ਸਿੰਘ ਪਾਸ਼ ਨੇ 'ਹੇ' ਅਗਲਾ ਵਿਅੰਜਨ, ਉੱਚਾ ਸੁਰ, ਗੁਲਾਈ ਰਹਿਤ, ਅਲਪ ਪ੍ਰਾਣ ਵਿਅੰਜਨ ਦੀ ਵਰਤੋਂ ਕਰਕੇ ਰਚਨਾ ਦੇ ਅਖੀਰ ਤੇ ਵਾਰ-ਵਾਰ ਕੀਤੀ ਹੈ। ਸੋ, ਇਹਨਾਂ ਦੋਵਾਂ ਕਵੀਆਂ ਦੀਆਂ ਰਚਨਾਵਾਂ ਦੇ ਵੀ ਚਾਰ ਪਹਿਰੇ ਹਨ। ਦੋਨੋਂ ਕਵੀਆਂ ਨੇ ਚਾਰਾਂ ਪਹਿਰਿਆਂ ਵਿਚ 8-8 ਸਤਰ੍ਹਾਂ ਦਾ ਮੇਲ ਕੀਤਾ ਹੈ ਅਤੇ ਚਾਰਾਂ ਵਿਚ ਹੀ ਅਲੱਗ-ਅਲੱਗ ਧੁਨੀਆਂ ਦਾ ਦੁਹਰਾ ਮਿਲਦਾ ਹੈ, ਜਿਹੜਾ ਕਿ ਧੁਨੀ ਸਮਤਾ ਪੱਖੀ ਸਮਾਨੰਤਰਤਾ ਦੀ ਉੱਤਮ ਉਦਾਹਰਨ ਕਹੀ ਜਾ ਸਕਦੀ ਹੈ। ਇਸ ਤੋਂ ਇਲਾਵਾ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚ ਸ਼ਬਦ ਪੱਧਰ ਦੀ ਸਮਤਾ ਪੱਖੀ ਸਮਾਨੰਤਰਤਾ ਵੀ ਉਭਰਕੇ ਸਾਹਮਣੇ ਆਉਂਦੀ ਹੈ। ਇਹ ਸਮਾਨੰਤਰਤਾ ਉਦੋਂ ਵਾਪਰਦੀ ਹੈ, ਜਦੋਂ ਕਿਸੇ ਰਚਨਾ ਪਾਠ ਵਿਚ ਕਿਸੇ ਵਿਸ਼ੇਸ਼ ਸ਼ਬਦ ਨੂੰ ਦੁਹਰਾਇਆ ਜਾਂਦਾ ਹੈ। ਸ਼ਬਦ ਦੇ ਦੁਹਰਾਉ ਲਈ ਰਾਖਵੀਂ ਥਾਂ ਆਦਿ, ਮੱਧ, ਅੰਤ ਕੋਈ ਵੀ ਹੋ ਸਕਦਾ ਹੈ। ਸਮਤਾ ਤੇ ਵਿਰੋਧ ਪੱਖੀ ਸਮਾਨੰਤਰਤਾ ਇਸ ਵਿਚ ਖਾਸ ਕਿਸਮ ਦੀ ਹੈ। ਪ੍ਰੰਤੂ ਸ਼ਬਦ ਪੱਧਰ ਉੱਤੇ ਸਮਤਾ ਪੱਖੀ ਸਮਾਨੰਤਰਤਾ ਦੀ ਸੰਭਾਵਨਾ ਵਧੇਰੇ ਰਹਿੰਦੀ ਹੈ। ਦੁਹਰਾਉ ਉੱਤੇ ਨਿਰਭਰ ਸਮਾਨੰਤਰਤਾ ਨੂੰ ਸਮਤਾ ਪੱਖੀ ਸਮਾਨੰਤਰਤਾ ਕਿਹਾ ਜਾਂਦਾ ਹੈ, ਜਦੋਂ ਕਿਸੇ ਵੀ ਭਾਸ਼ਾਈ ਸਤਹਿ ਉੱਤੇ ਇਕ ਦੂਜੇ ਦਾ ਵਿਰੋਧ ਜ਼ਾਹਰ ਕਰਨ ਵਾਲੇ ਭਾਸ਼ਾਈ ਰੂਪ ਸਾਹਮਣੇ ਆਉਂਦੇ ਹਨ ਤਾਂ ਉੱਥੇ ਵਿਰੋਧ ਪੱਖੀ ਸਮਾਨੰਤਰਤਾ ਪ੍ਰਗਟ ਹੁੰਦੀ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿੱਚ ਸ਼ਬਦ ਪੱਧਰ ਦੀ ਸਮਤਾ ਪੱਖੀ ਸਮਾਨੰਤਰਤਾ ਦਾ ਅੱਗੇ ਵਰਗ-ਵੰਡ ਅਨੁਸਾਰ ਵਿਸਥਾਰਪੂਰਵਕ ਵੇਰਵਾ ਹੇਠ ਲਿਖੇ ਅਨੁਸਾਰ ਹੈ:

**4.2.1 ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ:-** ਕਾਵਿ ਰਚਨਾ ਵਿਚ ਜਾਂ ਕਾਵਿ ਦੀ ਵਾਕ ਰਚਨਾ ਵਿਚ ਵਾਕ ਦੇ ਵੱਖਰੇ-ਵੱਖਰੇ ਕਾਵਿ-ਟੋਟਿਆਂ ਵਿਚ ਇਕੋ ਹੀ ਸ਼ਬਦ ਨੂੰ ਰਚਨਾ ਦੇ ਸ਼ੁਰੂ ਵਿਚ ਵਾਰ-ਵਾਰ ਦੁਹਰਾਇਆ ਜਾਵੇ ਤਾਂ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਪੈਦਾ ਹੁੰਦੀ ਹੈ। ਜਿਵੇਂ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚ ਝਲਕਦੀ ਨਜ਼ਰ ਆਉਂਦੀ ਹੈ। ਲਾਲ

ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਕਾਮਰੇਡ ਵਿਚ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਪ੍ਰਗਟ ਕਰਦੇ ਹਨ:

**ਅਸੀਂ** ਕਾਮਰੇਡ ਚੰਗੇ ਵੇ ਲੋਕਾ,

**ਅਸੀਂ** ਕਾਮਰੇਡ ਚੰਗੇ।

ਦੁਸ਼ਮਣ ਦੇ ਤਾਂ ਮਿੱਤਰ ਹੋਏ,

ਲੋਕਾਂ ਨਾਲ ਦੰਗੇ ਵੇ ਲੋਕਾ।

ਦੁਨੀਆ ਭਰ ਦਾ ਭਾਸ਼ਣ ਦੇਈਏ,

ਜਾਨ ਦੇਣ ਤੋਂ ਸੰਗੇ ਵੇ ਲੋਕਾ।

ਇਨਕਲਾਬ ਦਾ ਨਾਉਂ ਕਿਉਂ ਲਈਏ,

ਇਹ ਤਾਂ ਬਲੀਆਂ ਮੰਗੇ ਵੇ ਲੋਕਾ।

ਬੇਸਮਝੀ ਦੇ ਮਾਰੇ ਹੋਏ,

ਲੋਕੀਂ ਭੁੱਖੇ ਨੰਗੇ ਵੇ ਲੋਕਾ।

**ਅਸੀਂ** ਕਾਮਰੇਡ ਚੰਗੇ ਵੇ ਲੋਕਾ

**ਅਸੀਂ** ਕਾਮਰੇਡ ਚੰਗੇ। (188)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਲਾਲ ਪੂਰਬ ਵਿਚ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਪ੍ਰਗਟ ਕਰਦੇ ਹਨ:

**ਭਾਰੇ - ਭਾਰੇ** ਟੋਕਰੇ ਉਠਾਂਦੀਆਂ

**ਰਾਤ ਰਾਤ** ਜਾਗਦੇ

ਦੀਵਿਆਂ ਦੇ ਨਾਲ ਜਲੇ ਜ਼ਿੰਦਗੀ। (93)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਲੋਕ ਗੀਤ ਛੰਨੀ ਵਿਚ **ਆਦਿ**

ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ:

**ਹੌਲ਼ੀ ਹੌਲ਼ੀ** ਪੈ ਜਾਏਗੀ ਮੱਠੀ

ਉਸਦੇ ਪੱਟਾਂ ਦੀਆਂ ਘੁੱਗੀਆਂ ਦੀ ਉਡਾਰ

**ਢੱਕ ਢੱਕ** ਕੇ ਰੱਖਣ ਦਾ ਫ਼ਿਕਰ ਨਾ ਹੁੰਦਾ। (141)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਵਿਚ ਕਵਿਤਾ ਲਾਲ ਪੂਰਬ ਵਿਚ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਪ੍ਰਗਟ ਕਰਦੇ ਹਨ:

**ਬਸਤੀਆਂ** ਕਿ ਜਿੱਥੇ ਲਾਲ ਧੂੜ ਵਿਚ

ਭੁੱਖੀਆਂ ਕਰੂੰਬਲਾ

**ਭਾਰੇ-ਭਾਰੇ** ਟੋਕਰੇ ਉਠਾਂਦੀਆਂ

**ਬਸਤੀਆਂ** ਕਿ ਨੰਗੇ ਪੈਰੀ ਮਾਵਾਂ ਜਿੱਥੇ

ਕੋਰੇ ਉੱਤੇ ਤੁਰਦੀਆਂ ਚਲੀਆਂ ਮਜ਼ੂਰੀ ਨੂੰ

ਚਾਹ ਵੇਲੇ ਰੋਣ ਬੱਚੇ

ਰੋਟੀ ਵੇਲੇ ਰੋਣ ਬੱਚੇ

**ਬਸਤੀਆਂ** ਕਿ ਕੁੱਲੀਆਂ ਵਿਚ ਸਿਕਲੀਗਰ

**ਰਾਤ ਰਾਤ** ਜਾਗਦੇ

ਦੀਵਿਆਂ ਦੇ ਨਾਲ ਜਲੇ ਜ਼ਿੰਦਗੀ

**ਬਸਤੀਆਂ** ਕਿਸਾਨ ਜਿੱਥੇ

ਲਾਹਣਤਾਂ ਦੀ ਖਾਣ ਰੋਟੀ

ਲੱਸੀ ਤੀਕ ਵੇਚ ਦੇਣ

ਗਹਿਣੇ ਪਏ ਖੱਤਿਆਂ ਦਾ ਗਮ ਖਾਏ

ਘਰ ਆਉਣ ਸਿਰਾਂ ਉੱਤੇ ਡਿੱਗਣ ਸ਼ਤੀਰੀਆਂ। (93)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਯੁੱਧ ਤੇ ਸ਼ਾਂਤੀ ਵਿਚ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ :

**ਯੁੱਧ** ਇਸ਼ਕ ਦੀ ਸਿਖਰ ਦਾ ਨਾਂ ਹੈ

**ਯੁੱਧ** ਲਹੂ ਦੇ ਲਾਡ ਦਾ ਨਾਂ ਹੈ

**ਯੁੱਧ** ਜੀਣ ਦੇ ਨਿੱਘ ਦਾ ਨਾਂ ਹੈ

**ਯੁੱਧ** ਕੋਮਲ ਹਸਰਤਾਂ ਦੀ ਮਾਲਕੀ ਦਾ ਨਾਂ ਹੈ

**ਯੁੱਧ** ਅਮਨ ਦੇ ਸ਼ੁਰੂ ਦਾ ਨਾਂ ਹੈ

**ਯੁੱਧ** ਵਿਚ ਰੋਟੀ ਦੇ ਹੁਸਨ ਨੂੰ

ਨਿਹਾਰਨ ਜਿਹੀ ਸੂਖਮਤਾ ਹੈ

**ਯੁੱਧ** ਵਿਚ ਸ਼ਰਾਬ ਨੂੰ ਸੁੰਘਣ ਜਿਹਾ ਅਹਿਸਾਸ ਹੈ (150)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਯੁੱਧ ਤੇ ਸ਼ਾਂਤੀ ਵਿਚ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ :

**ਅਸੀਂ** ਜਿਨ੍ਹਾਂ ਨੇ ਯੁੱਧ ਨਹੀਂ ਕੀਤਾ

ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ

ਉਂਜ ਅਸੀਂ ਸਦਾ ਸਾਊ ਬਣਨਾ ਲੋਚਦੇ ਰਹੇ

**ਅਸੀਂ** ਦੋ ਰੋਟੀਆਂ ਤੇ ਮਾੜੀ ਜਿਹੀ ਰਜਾਈ ਬਦਲੇ

**ਯੁੱਧ** ਦੇ ਆਕਾਰ ਨੂੰ ਸੁੰਗੋੜਨਾ ਚਾਹਿਆ

**ਅਸੀਂ** ਬੇਅਣਖੀ ਦੀਆਂ ਤੰਦਾਂ 'ਚ ਅਮਨ ਵਰਗਾ ਕੁਝ ਉਣਦੇ ਰਹੇ। (148)

ਲਾਲ ਸਿੰਘ ਦਿਲ ਦੁਆਰਾ ਰਚਿਤ ਰਚਨਾਵਾਂ ਵਿਚ 'ਅਸੀਂ ਕਾਮਰੇਡ' 'ਬਸਤੀਆਂ' ਅਤੇ

ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚ 'ਯੁੱਧ' 'ਅਸੀਂ' ਸ਼ਬਦ ਜੋ ਮੁੱਢਲੀਆਂ ਕਾਵਿ ਸਤਰਾਂ ਵਿਚ ਸਾਰੀ ਰਚਨਾ ਵਿਚ ਇਸੇ ਤਰ੍ਹਾਂ ਹੀ ਵਰਤਿਆ ਗਿਆ ਹੈ। ਸੰਬੋਧਨੀ ਜੁਗਤ ਵਜੋਂ ਲਾਲ ਸਿੰਘ ਦਿਲ ਦੇ ਸ਼ਬਦ 'ਅਸੀਂ ਕਾਮਰੇਡ' ' ਬਸਤੀਆਂ' ਅਤੇ ਅਵਤਾਰ ਸਿੰਘ ਪਾਸ਼ ਦੇ ਸ਼ਬਦ 'ਯੁੱਧ' 'ਅਸੀਂ' ਦਾ ਦੁਹਰਾਓ ਵਾਰ-ਵਾਰ ਜੋ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਦੀ ਉੱਤਮ ਉਦਾਹਰਨ ਮੰਨ ਸਕਦੇ ਹਾਂ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਕਤੀ ਵਿਚ ਪ੍ਰਗਟ ਕਰਦੇ ਹਨ:

**ਉਨ੍ਹਾਂ** ਨੂੰ ਦੱਸਿਆ ਜਾਂਦਾ ਹੈ

ਕਿ ਉਹ ਦੇਵਤੇ ਦੇ ਪੈਰਾਂ 'ਚੋਂ ਜੰਮਦੇ ਹਨ

**ਉਨ੍ਹਾਂ** ਤੋਂ ਲੁਕਾਇਆ ਜਾਂਦਾ ਹੈ

ਕਿ ਉਹ ਸਭ ਦਰਾਵੜ ਹਨ। (134)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਦੇਸ਼ ਵਿਚ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਪ੍ਰਗਟ ਕਰਦੇ ਹਨ:

**ਇਕ** ਮੇਰੇ ਵਤਨ ਦੀ ਦੂਜੀ ਸ਼ਕਲ ਹੈ

**ਇਕ** ਮੇਰੀ ਕੌਮ ਕੋਈ ਹੋਰ ਵੀ ਹੈ

ਜਿੱਥੇ ਕਿਤੇ ਇਕ ਵੀ ਮੁਹੱਲਾ

ਅੱਧ-ਭੁੱਖਾ

ਅੱਧ ਸੁੱਤਾ

ਸੌਂ ਰਿਹਾ ਹੈ

**ਕਿਤੇ ਵੀ** ਜਿੱਥੇ ਮੁਸ਼ੱਕਤ

**ਕਿਤੇ ਵੀ** ਵਸਦੀ ਉਹ ਮੇਰੀ ਕੌਮ ਹੈ। (47)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਦੇਸ਼ ਵਿਚ ਆਦਿ ਦੁਹਰਾਉ ਵਾਲੀ

ਸਮਤਾ ਪੱਖੀ ਸਮਾਨੰਤਰਤਾ ਪ੍ਰਗਟ ਕਰਦੇ ਹਨ:

**ਮੈਂ ਦੱਸਾਂ** ਤੁਹਾਡੀ ਉਮਰ ਕਿੰਨੀ ਹੈ?

ਜਿੰਨੀ ਇਕ ਉੱਲੂ ਦੀ ਹੁੰਦੀ ਹੈ ਜਾਂ ਸ਼ੈਤਾਨ ਬਾਂਦਰ ਦੀ।

**ਮੈਂ ਦੱਸਾਂ** ਤੁਹਾਡੀ ਮੁੱਠੀ 'ਚ ਕੀ ਹੈ?

ਐਨ ਜੋ ਤੁਹਾਡੇ ਦਿਲ 'ਚ ਹੈ

ਕੂੜ, ਫਰੇਬ, ਧੋਖਾ-ਧੜੀ।

**ਮੈਂ ਦੱਸਾਂ** ਤੁਸੀ ਕੀ ਚਾਹੁੰਦੇ ਹੋ?

ਜੋ ਕਦੇ ਵੀ ਨਹੀਂ ਪਾ ਸਕੋਗੇ। (52)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਅਸੀਂ ਲੜਾਂਗੇ ਸਾਥੀ ਵਿਚ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ :

**ਜਦੋਂ** ਬੰਦੂਕ ਨਾ ਹੋਈ, ਉਦੋਂ ਤਲਵਾਰ ਹੋਵੇਗੀ

**ਜਦੋਂ** ਤਲਵਾਰ ਨਾ ਹੋਈ, ਲੜਣ ਦੀ ਲਗਨ ਹੋਵੇਗੀ। (84)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਯੁੱਧ ਤੇ ਸ਼ਾਂਤੀ ਵਿਚ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ :

**ਸ਼ਾਂਤੀ** ਵੀਣੀ 'ਚ ਖੁਭੀ ਵੰਗ ਦਾ ਹੰਝੂ ਦੇ ਜੇਡਾ ਜ਼ਖਮ ਹੈ,

**ਸ਼ਾਂਤੀ** ਢੋਏ ਫਾਟਕ ਦੇ ਪਿੱਛੇ ਮੱਛਰੀਆਂ ਹਵੇਲੀਆਂ ਦਾ ਹਾਸਾ ਹੈ,

**ਸ਼ਾਂਤੀ** ਸੱਥਾਂ 'ਚ ਰੁਲਦੀਆਂ ਦਾਹੜੀਆਂ ਦਾ ਹੌਕਾ ਹੈ। (148)

ਉਪਰੋਕਤ ਰੂਪ ਵਿਚ ਦੋਨੋਂ ਕਵੀ ਮੁੱਢ ਅੱਖਰੀ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਨੂੰ ਆਪਣੀਆਂ ਰਚਨਾਵਾਂ ਵਿਚ ਕਈ ਥਾਵਾਂ ਤੇ ਸਮਾਨੰਤਰ ਸ਼ਬਦਾਂ ਰਾਹੀਂ ਵਰਤਦੇ ਹਨ, ਪਰੰਤੂ ਕਈ ਥਾਵਾਂ ਤੇ ਸੰਬੋਧਨੀ ਜੁਗਤ ਰਾਹੀਂ ਜਿਵੇਂ ਕਿ ਲਾਲ ਸਿੰਘ ਦਿਲ ਨੇ 'ਅਸੀਂ ਕਾਮਰੇਡ' ' ਬਸਤੀਆਂ' ਉਨ੍ਹਾਂ, ਜਿੱਥੇ,

ਇਕ, ਅੱਧ, ਕਿਤੇ, ਮੈਂ ਦੱਸਾਂ ਅਤੇ ਅਵਤਾਰ ਸਿੰਘ ਪਾਸ਼ ਨੇ 'ਯੁੱਧ' 'ਅਸੀਂ' ਜਦੋਂ, ਸ਼ਾਂਤੀ ਆਦਿ ਵਜੋਂ ਸ਼ਬਦ ਵਰਤੇ ਹਨ, ਉੱਥੇ ਹੀ ਦੋਨੋਂ ਕਵੀ ਕਈ ਰਚਨਾਵਾਂ ਸੰਬੋਧਨੀ ਜੁਗਤ ਤੋਂ ਬਿਨਾਂ ਹੀ ਰਚਦੇ ਹਨ। ਇੱਥੇ ਜੇ ਅਸੀਂ ਦੇਖੀਏ ਕਿ ਰਚਨਾ ਦੇ ਸ਼ੁਰੂ ਵਿਚ ਜਦੋਂ ਕਵੀ ਦੋ-ਦੋ ਸ਼ਬਦ ਵਰਤਦਾ ਹੈ, ਪ੍ਰੰਤੂ ਉਹਨਾਂ ਵਿਚ ਜੋੜਨੀ ਦੀ ਵਰਤੋਂ ਨਹੀਂ ਕਰਦਾ, ਜਿਹੜੀ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀ ਆਪਣੀ ਇਕ ਵੱਖਰੀ ਸ਼ੈਲੀਗਤ ਪਹਿਚਾਣ ਹੈ।

**4.2.2 ਮੱਧ ਸਥਿਤੀ ਸਮਤਾ ਪੱਖੀ ਸਮਾਨੰਤਰਤਾ:** ਵਿਦਵਾਨਾਂ ਅਨੁਸਾਰ ਇਸ ਵਿੱਚ ਕੋਈ ਸ਼ਬਦ ਬਿਨ੍ਹਾਂ ਕਿਸੇ ਦੂਜੇ ਸ਼ਬਦ ਨੂੰ ਵਿਚਕਾਰ ਲਿਆਏ ਉਸੇ ਵਕਤ ਦੁਹਰਾਇਆ ਜਾਵੇ ਤਾਂ ਉੱਥੇ ਇਸ ਤਰ੍ਹਾਂ ਦੀ ਸਮਾਨੰਤਰਤਾ ਪੇਸ਼ ਹੁੰਦੀ ਹੈ। ਇਸ ਤਰ੍ਹਾਂ ਦੀ ਸਮਾਨੰਤਰਤਾ ਦੋ ਸ਼ਬਦਾਂ ਦੇ ਮੇਲ ਤੋਂ ਬਣਦੀ ਹੈ। ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚ ਹਰ ਵਿਸ਼ੇ ਨਾਲ ਸੰਬੰਧਿਤ ਅਜਿਹੇ ਵੇਰਵਿਆਂ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਕਿ ਇਹਨਾਂ ਦੋਨੋਂ ਕਵੀਆਂ ਦੀਆਂ ਕਵਿਤਾਵਾਂ ਵਿਚ ਮਾਨਸਿਕ ਹੋਂਦ ਦਾ ਪ੍ਰਗਟਾਵਾ ਹੁੰਦਾ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਜਵਾਲਾਮੁਖੀ ਵਿਚ ਮੱਧ ਸਥਿਤੀ ਸਮਤਾ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ:

ਫੁੱਲ ਉਸ ਨੂੰ **ਰੱਬ ਰੱਬ** ਕਰਦਾ
ਉਹ ਫੁੱਲ ਨੂੰ **ਚੁੰਮ ਚੁੰਮ** ਦੱਸਦਾ। (194)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਲੋਕ ਗੀਤ ਛੰਨੀ ਵਿਚ ਮੱਧ ਸਥਿਤੀ ਸਮਤਾ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ:

ਕਣਸੋਆਂ ਨੂੰ **ਸੁੰਘ ਸੁੰਘ** ਕੇ ਲੰਘੇਗਾ
ਫਿਰ **ਹੌਲ਼ੀ ਹੌਲ਼ੀ** ਬਦਲ ਜਾਣਗੀਆਂ ਸੱਥ ਦੀਆਂ ਗੱਲਾਂ। (140)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਵਿਚ ਕਵਿਤਾ ਸ਼ਕਤੀ ਵਿਚ ਮੱਧ ਸਥਿਤੀ ਸਮਤਾ ਪੱਖੀ ਸਮਾਨੰਤਰਤਾ ਪ੍ਰਗਟ ਕਰਦੇ ਹਨ:

ਲੋਕ **ਮਾਰੇ ਮਾਰੇ** ਫਿਰਦੇ ਹਨ

ਹੈਂ ਜੀ ਹੈਂ ਜੀ ਕਰਦੇ ਹਨ। (134)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਗਲ਼ੇ ਸੜੇ ਫੁੱਲਾਂ ਦੇ ਨਾਂ ਵਿਚ ਮੱਧ ਸਥਿਤੀ ਸਮਤਾ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ:

ਅਸੀਂ ਤਾਂ ਪਿੰਡਾਂ ਦੇ ਵਾਸੀ ਹਾਂ,

ਤੁਸੀਂ ਸ਼ਹਿਰ ਦੇ ਵਾਸੀ ਤਾਂ ਸੜਕਾਂ ਵਾਲੇ ਹੋ।

ਤੁਸੀਂ ਕਾਸ ਨੂੰ **ਰੀਂਗ ਰੀਂਗ** ਕੇ ਚਲਦੇ ਹੋ? (43)

ਇਸ ਤਰ੍ਹਾਂ ਲਾਲ ਸਿੰਘ ਦਿਲ ਦੀ ਕਵਿਤਾ 'ਜਵਾਲਾਮੁਖੀ (ਤਾਰਾ ਸਿੰਘ ਕਾਮਿਲ ਦੇ ਨਾਂ) ਅਤੇ ਅਵਤਾਰ ਸਿੰਘ ਦੀ ਕਵਿਤਾ 'ਛੰਨੀ' ਵਿਚ ਮਾਨਸਿਕ ਹੋਂਦ ਵਾਲੀਆਂ ਸਥਿਤੀਆਂ-ਪ੍ਰਸਥਿਤੀਆਂ ਸਾਨੂੰ ਇਕੋ ਉਦਾਹਰਣ ਵਜੋਂ ਉਪਲੱਬਧ ਹੁੰਦੀਆਂ ਹਨ,ਜਿਹੜੀਆਂ ਬਿਨ੍ਹਾਂ ਸ਼ਬਦਾਂ ਦੇ ਵਿਚਕਾਰ ਆਏ ਲਗਾਤਾਰ ਦੁਹਰਾਉ ਵਾਲੀ ਸਾਧਾਰਣ ਸਮਾਨੰਤਰਤਾ ਉਭਰਕੇ ਸਾਹਮਣੇ ਆਉਂਦੀ ਹੈ। ਲ਼ਗਾਤਾਰ ਦੁਹਰਾਉ ਵਾਲੀ ਸਮਤਾ ਪੱਖੀ ਸ਼ਬਦ ਸਮਾਨੰਤਰਤਾ ਦੀਆਂ ਕਾਫ਼ੀ ਮਹੱਤਵਪੂਰਨ ਉਦਾਹਰਨਾਂ ਹਨ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਆਪਣੀਆਂ ਕਵਿਤਾਵਾਂ ਵਿਚ ਮਨੁੱਖ ਦੀਆਂ ਹਰ ਮਾਨਸਿਕ ਗੁੰਝਲਾਂ ਨੂੰ ਪੇਸ਼ ਕਰਦੇ ਹਨ। ਉਹ ਗੁੰਝਲਾਂ ਨੂੰ ਹੀ ਨਹੀਂ ਪੇਸ਼ ਕਰਦੇ, ਸਗੋਂ ਸ਼ਬਦਾਵਲੀ ਦੀ ਵੀ ਘਾੜਤ ਕਰਦਾ ਹਨ, ਜਿਸ ਕਰਕੇ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀ ਆਪਣੀ ਇੱਕ ਵੱਖਰੀ ਸ਼ੈਲੀ ਹੈ। ਸਮਾਜ ਵਿਚ ਫੈਲੇ ਜਾਤੀ ਵਿਤਕਰੇ ਅਤੇ ਘਰੇਲੂ ਗ਼ਰੀਬੀ ਕਾਰਨ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੂੰ ਅਨੇਕਾਂ ਮਾਨਸਿਕ ਕਸ਼ਟ ਸਹਿਣੇ ਪਏ। ਪਰਿਵਾਰ ਦੀਆਂ ਆਰਥਿਕ ਤੰਗੀਆਂ-ਤੁਰਸ਼ੀਆਂ ਅਤੇ ਜਾਤ-ਪਾਤ ਦੇ ਵਿਤਕਰੇ ਨੇ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੂੰ ਬੇਹੱਦ ਸੰਵੇਦਨਸ਼ੀਲ ਸੁਭਾਅ ਦਾ ਬਣਾ ਦਿੱਤਾ। ਇਸ ਸੰਵੇਦਨਸ਼ੀਲ ਪ੍ਰਵਿਰਤੀ ਨੂੰ ਦੋਨੋਂ ਕਵੀ ਲਗਾਤਾਰ ਦੁਹਰਾਉ ਵਾਲੀ ਸਾਧਾਰਣ ਸਮਤਾ ਪੱਖੀ ਸਮਾਨੰਤਰਤਾ ਵਜੋਂ ਉਭਾਰਦੇ ਹੋਏ ਕਹਿੰਦੇ ਹਨ।

**4.2.3 ਅੰਤ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ:-** ਇਸ ਤਰ੍ਹਾਂ ਦੀ ਸਮਾਨੰਤਰਤਾ ਵਾਕਾਂ, ਵਾਕੰਸ਼ਾਂ ਦੇ ਅਖੀਰ ਵਿਚ ਕਿਸੇ ਖ਼ਾਸ ਸ਼ਬਦ ਨੂੰ ਵਾਰ-ਵਾਰ ਦੁਹਰਾਏ ਜਾਣ ਤੋਂ ਉਭਰਦੀ ਹੈ। ਜਿਵੇਂ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚ ਅੰਤ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਉਦੋਂ ਉਭਰਦੀ ਹੈ, ਜਦੋਂ ਦੋਨੋਂ ਕਵੀ ਵਿਵਸਥਾ ਦੇ ਜ਼ੁਲਮ ਹੇਠ ਲਿਤਾੜੇ ਵਰਗ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ ਤਬਦੀਲੀ ਲਈ ਹਥਿਆਰਬੰਦ ਸੰਘਰਸ਼ ਦੇ ਰਾਹ ਉੱਪਰ ਤੋਰਦੇ ਹਨ। ਇਹਨਾਂ ਦੇ ਕਾਵਿ ਵਿਚ ਵਿਅਕਤੀਗਤ ਚੇਤਨਾ ਸਮੂਹਿਕ ਚੇਤਨਾ ਵਿਚ ਰੂਪਾਂਤਰਿਤ ਹੁੰਦੀ ਨਜ਼ਰ ਆਉਂਦੀ ਹੈ। ਇਹਨਾਂ ਦਾ ਕਾਵਿ ਇਨਕਲਾਬ ਦਾ ਸਪੱਸ਼ਟ ਸੁਨੇਹਾ ਹੈ। ਇਲਕਲਾਬ ਦਾ ਮਤਲਬ ਹੁੰਦਾ ਹੈ ਜੱਦੋ-ਜਹਿਦ ਰਾਹੀਂ ਜੁਲਮ ਕਰਨ ਵਾਲੀ ਵਿਵਸਥਾ ਦਾ ਖਾਤਮਾ ਕਰਕੇ ਨਿਆਂ ਯੁਕਤ ਤੇ ਸਰਬ ਸਾਂਝੀ ਵਿਵਸਥਾ ਦੀ ਸਥਾਪਨਾ ਕਰਨਾ। ਇਨਕਲਾਬ ਦਲਿਤਾਂ ਦੇ ਗੁਆਚੇ ਜੀਵਨ-ਅਰਥਾਂ, ਗੌਰਵ, ਮਾਨ-ਸਨਮਾਨ ਨੂੰ ਮੁੜ ਪ੍ਰਾਪਤ ਕਰਨ ਦਾ ਜ਼ਰੀਆ ਹੈ। ਇਹ ਇਨਕਲਾਬ ਮੌਸਮਾਂ ਵਾਂਗ ਆਪਣੇ ਆਪ ਨਹੀਂ ਆਉਂਦਾ । ਇਨਕਲਾਬ ਲਿਆਉਣ ਲਈ ਸ਼ੋਸ਼ਿਤ ਵਰਗ ਨੂੰ ਬੜੇ ਭਿਆਨਕ ਖੂਨੀ ਰਸਤੇ ਤੋਂ ਲੰਘਣਾ ਪੈਂਦਾ ਹੈ। ਧਰਤੀ ਦਾ ਹੁਲੀਆ ਵਿਗਾੜਨਾ ਪੈਂਦਾ ਹੈ। ਵਿਵਸਥਾ ਵਿਰੁੱਧ ਤੁਫ਼ਾਨ, ਝੱਖੜ, ਹਨੇਰੀਆਂ ਤੇ ਭੂਚਾਲ ਲਿਆਉਣੇ ਪੈਂਦੇ ਹਨ। ਆਪਣੇ ਕਾਵਿ ਵਿਚ ਇਸ ਤਰ੍ਹਾਂ ਦੇ ਭਿਆਨਕ ਰਸਤੇ ਦੀ ਗੱਲ ਕਰਦਾ ਹੋਇਆ ਲਾਲ ਸਿੰਘ ਦਿਲ ਕਹਿੰਦਾ ਹੈ ਕਿ ਇਨਕਲਾਬ ਬੰਦੂਕਾਂ ਦੀਆਂ ਨਾਲੀਆਂ 'ਚੋਂ ਨਿਕਲਦਾ ਹੈ । ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਵਿਚ ਕਵਿਤਾ ਲਾਲ ਪੂਰਬ ਵਿਚ ਪ੍ਰਗਟ ਕਰਦੇ ਹਨ:

ਐ ਕੁੱਲੀਆਂ ਵਿਚ **ਜਾਗਦਿਓ ਲੋਕੋ,**

ਇਨਕਲਾਬ ਝੁੱਗੀਆਂ 'ਚੋਂ ਨਿਕਲਦਾ ।

ਐ ਖੱਤਿਆਂ ਚੋਂ **ਜਾਗਦਿਓ ਲੋਕੋ ।**

ਐ ਨਾਲੀਆਂ ਦੇ ਕੰਢਿਆਂ ਤੇ **ਜਾਗਦਿਓ ਲੋਕੋ**

ਇਨਕਲਾਬ ਬੰਦੂਕ ਦੀ ਨਾਲੀ 'ਚੋਂ ਨਿਕਲਦਾ ਹੈ । (95)

ਲਾਲ ਸਿੰਘ ਦਿਲ ਦੀ ਕਵਿਤਾ ਕਿਰਤੀ ਅਤੇ ਕਿਰਤੀ ਦੇ ਆਰ-ਪਾਰ ਫ਼ੈਲੀ ਹੋਈ ਹੈ। ਕਿਰਤੀ ਵਰਗ ਦੀ ਦਿਨ-ਰਾਤ ਦੀ ਮਿਹਨਤ ਨਾਲ ਪੈਦਾ ਕੀਤਾ ਉਤਪਾਦਨ ਸਰਮਾਏਦਾਰਾਂ ਦੇ ਗੋਦਾਮਾਂ ਦਾ ਸ਼ਿੰਗਾਰ ਬਣ ਜਾਂਦਾ ਹੈ। ਸਰਮਾਏਦਾਰਾਂ ਦੀਆਂ ਗੋਹਲਕਾਂ ਕਿਰਤੀ ਦੀ ਸਾਰੀ ਮਿਹਨਤ ਦੇ ਫ਼ਾਇਦੇ ਨੂੰ ਡਕਾਰ ਜਾਂਦੀਆਂ ਹਨ। ਕਿਰਤ ਦੇ ਉਤਪਾਦਨ ਨੂੰ ਵਪਾਰੀ ਵਰਗ ਸਸਤੇ ਭਾਅ ਖਰੀਦ ਲੈਂਦਾ ਹੈ ਤੇ ਬਾਅਦ ਵਿਚ ਉਤਪਾਦਨ ਦੀ ਝੂਠੀ ਕਮੀ ਦਿਖਾ ਕੇ ਮਹਿੰਗੇ ਭਾਅ ਵੇਚਦਾ ਹੈ। ਇਸ ਪ੍ਰਕਾਰ ਕਿਰਤੀ ਦੇ ਪੈਦਾ ਕੀਤੇ ਉਤਪਾਦਨ ਦਾ ਸਾਰਾ ਫ਼ਾਇਦਾ ਇਹ ਸਰਮਾਏਦਾਰ ਵਰਗ ਖੱਟ ਜਾਂਦਾ ਹੈ। ਕਿਰਤੀ ਦਾ ਆਪਣੇ ਦੁਆਰਾ ਪੈਦਾ ਕੀਤੇ ਗਏ ਉਤਪਾਦਨ ਉੱਪਰ ਵੀ ਕੋਈ ਹੱਕ ਨਹੀਂ ਹੁੰਦਾ। ਉਹ ਸਿਰਫ਼ ਕੋਹਲੂ ਦਾ ਬਲਦ ਬਣਕੇ ਕੰਮ ਕਰੀ ਜਾ ਰਿਹਾ ਹੈ। ਆਪਣੀ ਫ਼ਸਲ ਨੂੰ ਉਹ ਆਪਣੀ ਮਰਜ਼ੀ ਦੇ ਭਾਅ ਵੀ ਨਹੀਂ ਵੇਚ ਸਕਦਾ। ਲਾਲ ਸਿੰਘ ਦਿਲ ਵਿਅੰਗ ਦਾ ਉਸਤਾਦ ਕਵੀ ਹੈ। ਉਹ ਕਮਿਊਨਿਸਟ ਲਹਿਰ ਵਿਚ ਪੈਦਾ ਹੋਏ ਉਨ੍ਹਾਂ ਅਵਸਰਵਾਦੀ ਕਾਮਰੇਡਾਂ ਉੱਪਰ ਵਿਅੰਗ ਕਰਦਾ ਹੈ ਜੋ 1954 ਈ: ਤੋਂ ਬਾਅਦ ਰੂਸੀ ਕਮਿਊਨਿਸਟ ਪਾਰਟੀ ਵਿਚ ਹਾਵੀ ਹੋਈ ਸੋਧਵਾਦੀ ਨੀਤੀ ਵੱਲ ਝੁਕਾਅ ਕਰ ਗਏ। ਸੋਧਵਾਦੀ ਨੀਤੀ ਤੋਂ ਪ੍ਰਭਾਵਿਤ ਇਨ੍ਹਾਂ ਲੋਕਾਂ ਨੇ ਹਥਿਆਰਬੰਦ ਇਨਕਲਾਬ ਦੇ ਨਾਅਰੇ ਨੂੰ ਆਪਣੇ ਏਜੰਡੇ ਵਿਚੋਂ ਬਾਹਰ ਕੱਢ ਦਿੱਤਾ।ਇਸ ਨਾਲ ਭਾਰਤੀ ਕਮਿਊਨਿਸਟ ਪਾਰਟੀ ਦੁਫੇੜੇ ਦਾ ਸ਼ਿਕਾਰ ਹੋ ਗਈ। ਨਕਸਲੀ ਵਿਚਾਰਧਾਰਾ ਵਾਲੇ ਕਾਮਰੇਡ ਨਿੱਕੇ-ਨਿੱਕੇ ਗਰੁੱਪਾਂ ਵਿਚ ਵੰਡੇ ਗਏ। ਰੂਸ ਦੀ ਸੋਧਵਾਦੀ ਨੀਤੀ ਤੋਂ ਪ੍ਰਭਾਵਿਤ ਕਾਮਰੇਡ ਗੱਲਾਂ ਤੇ ਭਾਸ਼ਣਾ ਤੱਕ ਹੀ ਸੀਮਿਤ ਹੋ ਗਏ। ਇਹ ਲੋਕ ਆਪ ਤਾਂ ਕੁਰਬਾਨੀ ਦੇਣ ਤੋਂ ਡਰਦੇ ਸਨ ਪਰ ਭਾਸ਼ਣਬਾਜੀ ਰਾਹੀ ਲੋਕਾਂ ਨੂੰ ਇਨਕਲਾਬ ਲਈ ਪ੍ਰੇਰਿਤ ਕਰਦੇ ਸਨ। ਲਾਲ ਸਿੰਘ ਦਿਲ ਦੀ ਕਵਿਤਾ ਅਜਿਹੇ ਨਕਲੀ ਕਾਮਰੇਡਾਂ ਨੂੰ ਝਾੜ ਪਾਉਂਦੀ ਹੈ ਜੋ ਕੇਵਲ ਭਾਸ਼ਣਬਾਜੀ ਰਾਹੀਂ ਸਮਾਜਵਾਦੀ ਉਦੇਸ਼ਾਂ ਦੀ ਪ੍ਰਾਪਤੀ ਕਰਨਾ ਚਾਹੁੰਦੇ ਹਨ । ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਵਿਚ ਕਵਿਤਾ ਕਾਮਰੇਡਾਂ ਦਾ ਗੀਤ ਵਿਚ ਪ੍ਰਗਟ ਕਰਦੇ ਹਨ:

ਅਸੀਂ ਕਾਮਰੇਡ ਚੰਗੇ ਵੇ **ਲੋਕਾ**,

ਅਸੀਂ ਕਾਮਰੇਡ ਚੰਗੇ ।

ਦੁਸ਼ਮਣ ਦੇ ਤਾਂ ਮਿੱਤਰ ਹੋਏ,

ਲੋਕਾਂ ਨਾਲ ਦੰਗੇ ਵੇ **ਲੋਕਾ** ।

ਜਾਨ ਦੇਣ ਤੋਂ ਸੰਗੇ ਵੇ **ਲੋਕਾ**।

ਇਨਕਲਾਬ ਦਾ ਨਾਉਂ ਕਿਉਂ ਲਈਏ,

ਇਹ ਤਾਂ ਬਲੀਆਂ ਮੰਗੇ ਵੇ **ਲੋਕਾ**।

ਬੇਸਮਝੀ ਦੇ ਮਾਰੇ ਹੋਏ,

ਲੋਕੀਂ ਭੁੱਖੇ ਨੰਗੇ ਵੇ **ਲੋਕਾ**। (188)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਸੰਘਰਸ਼ ਨੂੰ ਵਰਗ ਸੰਘਰਸ਼ ਨਾਲ ਜੋੜਕੇ ਚਿੱਤਰਦੇ ਹਨ। ਇਹਨਾਂ ਦੋਨੋਂ ਕਵੀਆਂ ਅਨੁਸਾਰ ਸਰਮਾਏਦਾਰਾਂ ਅਤੇ ਕਿਰਤੀਆਂ ਵਿਚਕਾਰ ਸੰਘਰਸ਼ ਹੋ ਰਿਹਾ ਹੈ। ਦਿਲ ਦੀ ਹਮਦਰਦੀ ਕਿਰਤੀ ਵਰਗ ਨਾਲ ਹੈ। ਬੁਰਜ਼ੂਆ ਤੇ ਪ੍ਰੋਲੇਤਾਰੀਆਂ ਦਾ ਸੰਘਰਸ਼ ਨੇਕੀ ਤੇ ਬਦੀ ਦਾ ਸੰਘਰਸ਼ ਹੈ। ਇਹ ਲੜਾਈ ਸੱਚ ਤੇ ਝੂਠ ਵਿਚਕਾਰ ਹੈ। ਸੋ, ਦੋਨੋਂ ਕਵੀਆਂ ਦਾ ਕਾਵਿ ਸ਼ਾਂਤੀ ਦੇ ਵਿਰੋਧ ਵਿਚ ਸੰਘਰਸ਼ ਦਾ ਰਾਹ ਅਪਣਾਉਂਦਾ ਹੈ। ਦਿਲ ਅਤੇ ਪਾਸ਼-ਕਾਵਿ ਅਨੁਸਾਰ ਸੰਘਰਸ਼ ਸਮੇਂ ਦੀ ਜ਼ਰੂਰਤ ਹੈ।ਸੰਘਰਸ਼ ਆਪਣੀ ਹੋਂਦ ਦੇ ਅਰਥਾਂ ਨੂੰ ਮੁੜ ਤੋਂ ਸੁਰਜੀਤ ਕਰਨ ਦਾ ਢੰਗ ਹੈ। ਅਸਲ ਵਿਚ ਇਹ ਉਹ ਸਮਾਂ ਹੈ ਜਦੋਂ ਸੰਘਰਸ਼ਾਂ, ਯੁੱਧਾਂ ਰਾਹੀਂ ਦੁਨੀਆਂ ਦੀ ਸੱਤਾ ਦੇ ਸਮੀਕਰਨ ਬਦਲੇ ਜਾ ਰਹੇ ਸਨ। ਅਵਤਾਰ ਸਿੰਘ ਪਾਸ਼ ਵੀ ਇਸ ਸੰਘਰਸ਼ਮਈ ਯੁੱਧ ਦੀ ਮਹੱਤਤਾ ਬਾਰੇ ਲਿਖਦਾ ਹੋਇਆ ਆਖਦਾ ਹੈ । ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਯੁੱਧ ਤੇ ਸ਼ਾਂਤੀ ਵਿਚ ਵਿਚਾਰ ਪ੍ਰਗਟ ਕਰਦੇ ਹਨ:

ਯੁੱਧ ਇਸ਼ਕ ਦੀ ਸਿਖਰ ਦਾ **ਨਾਂ ਹੈ**

ਯੁੱਧ ਲਹੂ ਦੇ ਲਾਡ ਦਾ **ਨਾਂ ਹੈ**

ਯੁੱਧ ਜੀਣ ਦੇ ਨਿੱਘ ਦਾ **ਨਾਂ ਹੈ**

ਯੁੱਧ ਕੋਮਲ ਹਸਰਤਾਂ ਦੀ ਮਾਲਕੀ ਦਾ **ਨਾਂ ਹੈ**

ਯੁੱਧ ਅਮਨ ਦੇ ਸ਼ੁਰੂ ਦਾ **ਨਾਂ ਹੈ** । (150)

ਇਸ ਤਰ੍ਹਾਂ ਲਾਲ ਸਿੰਘ ਦਿਲ ਵਲੋਂ 'ਦਿਓ, ਲੋਕਾਂ ਵਰਤੇ ਗਏ ਸ਼ਬਦ ਦੇ ਅਰਥ ਦੇਣਾ, ਦਿੱਤਾ, ਲੋਕਾਈ, ਲੋਕ ਆਦਿ ਅਤੇ ਅਵਤਾਰ ਸਿੰਘ ਪਾਸ਼ ਵਲੋਂ 'ਯੁੱਧ, ਦਾ ਨਾਂ, ਸ਼ਬਦ ਦੇ ਅਰਥ ਲੜਾਈ, ਜੰਗ, ਨਾਮ ਆਦਿ ਹਨ। ਇਹਨਾਂ ਦੋਨੋਂ ਕਵੀਆਂ ਦੀਆਂ ਰਚਨਾਵਾਂ ਆਧੁਨਿਕ ਦੌਰ ਨੂੰ ਅਤੇ ਆਧੁਨਿਕਤਾ ਵਿਚ ਹੋ ਰਹੇ ਭ੍ਰਿਸ਼ਟਾਚਾਰ, ਸਰਮਾਏਦਾਰੀ ਦੀ ਵਿਰੋਧਤਾ ਤੇ ਬੁਰਜ਼ੂਆ ਤੇ ਪ੍ਰੋਲੋਤਾਰੀਆਂ ਸੰਘਰਸ਼ ਨੂੰ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ ਲਾਲ ਸਿੰਘ ਦਿਲ ਦੀਆਂ ਰਚਨਾਵਾਂ ਵਿਚ ਪਹਿਲੀ ਸਤਰ ਤੋਂ ਅਖੀਰਲੀ ਸਤਰ ਵਿਚ ਦਿਓ, ਲੋਕਾਂ ਅਤੇ ਅਵਤਾਰ ਸਿੰਘ ਪਾਸ਼ ਦੀਆਂ ਰਚਨਾਵਾਂ ਵਿਚ ਸਤਰ ਦੇ ਸ਼ੁਰੂ ਤੇ ਅਖੀਰ ਵਿਚ ਯੁੱਧ, ਦਾ ਨਾਂ ਸ਼ਬਦ ਦੀ ਅੰਤ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਮਿਲਦੀ ਹੈ ਜੋ ਕਵੀਆਂ ਨੇ ਅੰਤ ਤੇ ਵਾਰ-ਵਾਰ ਵਰਤੀ ਹੈ। ਦੋਨੋਂ ਕਵੀਆਂ ਦੀਆਂ ਰਚਨਾਵਾਂ ਵਿੱਚ ਜਿੱਥੇ ਵਿਸ਼ੇ ਦਾ ਨਿਭਾਅ ਹਰ ਪੱਖੋਂ ਸੁਚੱਜਾ ਹੈ, ਉੱਥੇ ਦੋਨੋਂ ਕਵੀ, ਸਮਾਜਿਕ, ਰਾਜਨੀਤਿਕ, ਕ੍ਰਾਂਤੀਕਾਰੀ ਸੋਚ ਆਦਿ ਵਜੋਂ ਮਨੁੱਖੀ ਜ਼ਿੰਦਗੀ ਨੂੰ ਸੰਵਾਰਨ, ਨਿਖਾਰਨ ਪ੍ਰਤੀ ਸੰਵੇਦਨਸ਼ੀਲ ਵੀ ਹਨ ਅਤੇ ਰਚਨਾਵਾਂ ਦੇ ਨਿਭਾਅ ਵਿੱਚ ਕਵਿਤਾ ਦੇ ਤੱਤਾਂ ਨੂੰ ਵੀ ਪੂਰਾ ਕਰਨ ਵਿਚ ਸਫਲ ਹੋਏ ਹਨ ਜਿਵੇਂ ਦੋਨੋਂ ਕਵੀ ਕ੍ਰਾਤੀਕਾਰੀ ਪੱਖ ਤੋਂ ਲੈਅ, ਤੋਲ ਤੁਕਾਂਤ ਆਦਿ ਨੂੰ ਵੀ ਨਜ਼ਰੋਂ ਉਹਲੇ ਨਹੀਂ ਕਰਦੇ, ਸਗੋਂ ਹਰ ਤੱਤ ਦੀ ਮਹੱਤਤਾ ਨੂੰ ਸਮਝਦੇ ਹੋਏ ਰਚਨਾਵਾਂ ਕਰਦੇ ਹਨ। ਜਿੱਥੇ ਅਸੀਂ ਕਹਿ ਸਕਦੇ ਹਾਂ ਕਿ ਦੋਨੋਂ ਕਵੀ ਕੁੱਜੇ ਵਿੱਚ ਸਮੁੰਦਰ ਨੂੰ ਬੰਦ ਕਰਨਾ ਜਾਣਦੇ ਹਨ।

**4.2.4 ਤੀਹਰੀ ਸ਼ਬਦ ਬਣਤਰ ਪੱਖੀ ਸਮਾਨੰਤਰਤਾ:-**ਤੀਹਰੀ ਬਣਤਰ ਵਾਲੀ ਸ਼ਬਦ ਸਮਤਾ ਸਮਾਨੰਤਰਾ ਵਿਚ ਲਗਾਤਾਰ ਤਿੰਨ ਤਿੰਨ ਜੁਟਾ ਰਾਹੀਂ ਦੁਹਰਾ ਕੀਤਾ ਜਾਂਦਾ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਛੱਲ ਵਿੱਚ ਤੀਹਰੀ ਸ਼ਬਦ ਬਣਤਰ ਸਮਤਾ ਪੱਖੀ ਸਮਾਨੰਤਰਤਾ ਦੀ ਉਦਾਹਰਨ ਪੇਸ਼ ਕਰਦੇ ਹਨ:

ਉਹ

ਸਾਂਵਲੀ ਤੀਵੀਂ

ਜਦ ਕਦੇ

ਖੁਸ਼ੀ ਦੇ ਬੱਠਲ ਵਾਂਗ ਭਰੀ

ਕਹਿੰਦੀ ਹੈ :

''ਮੈਂ ਬੜੀ ਹਰਾਮੜ ਆਂ !``

ਉਹ ਬਹੁਤ ਕੁਝ ਵਗ੍ਹਾ ਦੇਂਦੀ ਏ

ਮੇਰੇ ਵਾਂਙ

ਲੁੱਕ ਹੇਠ ਬਲਦੀ ਅੱਗ ਦੇ ਟੋਏ ਵਿਚੋ

ਮੂਰਤਾਂ

ਪੋਥੀਆਂ

ਆਪਣੀ ਜੁੱਤੀ ਦਾ ਪੈਰ

ਬਣ ਰਹੀ ਛੱਤ

ਤੇ

**ਇੱਟਾਂ ਇੱਟਾਂ ਇੱਟਾਂ** (101)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਛੱਲ ਵਿੱਚ ਤੀਹਰੀ ਸ਼ਬਦ ਬਣਤਰ ਸਮਤਾ ਪੱਖੀ ਸਮਾਨੰਤਰਤਾ ਦੀ ਉਦਾਹਰਨ ਪੇਸ਼ ਕਰਦੇ ਹਨ:

ਮੈਂ ਯਾਰੋ ਯੁੱਧ ਵਿਚ ਜੇ ਹਾਰ ਵੀ ਗਿਆ,

ਤਾਂ ਉਹ ਛੇਆਂ ਕਕਾਰਾਂ ਦੀ ਹੀ ਕੋਈ ਤਕਦੀਰ ਹੋਵੇਗੀ

ਜੋਗਾ ਸਿੰਘ ਤਾਂ ਨਾ ਕਦੇ ਹਰਦਾ, ਨਾ ਜਿੱਤਦਾ ਹੈ,

ਜੋਗਾ ਸਿੰਘ ਤਾਂ **ਤਿਆਰ ਬਰ ਤਿਆਰ ਹੈ**, ਹੁਕਮ ਦਾ ਬੱਧਾ ਹੈ।

ਜੋਗਾ ਸਿੰਘ ਤਾਂ ਨਾ ਕਦੇ ਹਰਦਾ, ਨਾ ਜਿੱਤਦਾ ਹੈ। (155)

ਇੱਟਾਂ-ਇੱਟਾਂ-ਇੱਟਾਂ, ਤਿਆਰ-ਬਰ-ਤਿਆਰ ਆਦਿ ਸ਼ਬਦ ਤੀਹਰੀ ਬਣਤਰ ਨਾਲ ਸੰਬੰਧਿਤ ਹਨ। ਇਹ ਸ਼ਬਦ ਦੋਹਰੀ ਸ਼ਬਦ ਬਣਤਰ ਨਾਲੋਂ ਵੱਖਰੀ ਸ਼੍ਰੇਣੀ ਵਿਚ ਆਉਂਦੇ ਹਨ। ਇਨ੍ਹਾਂ ਨੂੰ ਰਚਨਾ ਵਿਚ ਵਰਤਦੇ ਸਮੇਂ ਕਵੀ ਨੇ ਕੋਈ ਬਿੰਦੀ, ਕਾਮਾ, ਜੋੜਨੀ ਆਦਿ ਦੀ ਵਰਤੋਂ ਨਹੀਂ ਕੀਤੀ ਸਗੋਂ ਲਗਾਤਾਰ ਤੀਹਰੀ ਸ਼ਬਦ ਬਣਤਰ ਦੀ ਇਕ ਵੱਖਰੀ ਸ਼੍ਰੇਣੀ ਨੂੰ ਵਰਤਿਆ ਹੈ। ਜੋ ਕਵੀ ਦੀ ਸ਼ੈਲੀ ਦਾ ਵੱਖਰਾ ਪ੍ਰਭਾਵ ਸਿਰਜਦੀ ਹੈ। ਸ਼ਬਦਾਂ ਦੀ ਘਾੜਤ ਅਤੇ ਸ਼ਬਦਾਂ ਦੀ ਜੜਤ ਕਵੀ ਦਾ ਇਕ ਅਨੋਖਾ ਗੁਣ ਹੈ ਜੋ ਰਚਨਾਵਾਂ ਵਿੱਚ ਆਪ ਮੁਹਾਰੇ ਹੀ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀ ਪਹਿਚਾਣ ਕਰਵਾ ਜਾਂਦੇ ਹਨ।

**4.3. ਵਿਰੋਧ ਪੱਖੀ ਸਮਾਨੰਤਰਤਾ:-** ਜਦੋਂ ਕਿਸੇ ਵੀ ਭਾਸ਼ਾਈ ਸਤਹਿ ਤੇ ਇਕ ਦੂਜੇ ਦਾ ਵਿਰੋਧ ਜ਼ਾਹਰ ਕਰਨ ਵਾਲੇ ਭਾਸ਼ਾਈ ਰੂਪ ਸਾਹਮਣੇ ਆਉਂਦੇ ਹਨ ਤਾਂ ਉੱਥੇ ਵਿਰੋਧ ਪੱਖੀ ਸਮਾਨੰਤਰਤਾ ਮੰਨੀ ਜਾਂਦੀ ਹੈ। ਵਿਰੋਧ ਪੱਖੀ ਸਮਾਨੰਤਰਤਾ ਉਦੋਂ ਪੈਦਾ ਹੁੰਦੀ ਹੈ, ਜਦੋਂ ਸਾਹਿਤਕਾਰ ਪਰਸਪਰ ਵਿਰੋਧ ਅਰਥੀ ਸ਼ਬਦਾਂ ਦਾ ਦੁਹਰਾਉ ਕਰਦਾ ਹੈ। ਵਿਰੋਧ ਪੱਖੀ ਸਮਾਨੰਤਰਤਾ ਅਗਰਭੂਮਨ ਦੀ ਪ੍ਰਮੁੱਖ ਜੁਗਤ ਹੈ। ਕਵੀ ਪਰਸਪਰ ਵਿਰੋਧੀ ਜੋੜਿਆਂ ਦੇ ਦੁਹਰਾਉ ਨਾਲ ਕਵਿਤਾ ਵਿਚ ਇਕ ਖਿੱਚ ਪੈਦਾ ਕਰਦਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚ ਵੀ ਸ਼ਬਦ ਪੱਧਰ ਤੋਂ ਵਿਰੋਧ ਪੱਖੀ ਸਮਾਨੰਤਰਤਾ ਉਭਰਦੀ ਦਿਖਾਈ ਦਿੰਦੀ ਹੈ। ਦੀਪ ਦਿਲਬਰ (ਸੰਪਾ.) ਨੇ ਆਪਣੀ ਪੁਸਤਕ ***ਲਾਲ ਸਿੰਘ ਦਿਲ (ਜੀਵਨ, ਰਚਨਾ ਅਤੇ ਸਮੀਖਿਆ)*** ਅਣਛਪੀਆਂ ਪੰਜਾਬੀ ਗ਼ਜ਼ਲਾਂ ਦੇ ਹੇਠ ਲਿਖਤ ਖਰੜੇ ਵਿਚੋਂ ਲਾਲ ਸਿੰਘ ਦਿਲ ਦੇ ਕਵਿਤਾ ਦਾ ਹਵਾਲਾ ਪੇਸ਼ ਕੀਤਾ ਹੈ

ਬੁਝਿਆ **ਚੰਦ ਸੂਰਜ** ਕਾਲ਼ਾ ਹੈ।

ਆਪਣਾ ਹਨੇਰੇ ਨਾਲ਼ ਪਾਲ਼ਾ ਹੈ। (223)

"ਟੁੱਟਿਆ ਤੁੱਅਲਕ ***ਜੋੜਨਾ*** ਪੈਂਦਾ ਹੈ ਰੋਜ਼ ਹੀ।

ਕਿਲਾ ਸ਼ਹਿਰ ਦਾ ***ਤੋੜਨਾ*** ਪੈਂਦਾ ਹੈ ਰੋਜ਼ ਹੀ।

ਇਹ ਜੁ ਖਿਡਾਉਣਾ ਹੈ ਮੇਰੇ ਮਹਿਬੂਬ ਦਾ,

ਟੁੱਟਿਆ ਦਿਲ **ਜੋੜਨਾ** ਪੈਂਦਾ ਹੈ ਰੋਜ਼ ਹੀ।

ਮੈਂ ਜੋ **ਧਿਆਨ ਧਿਆਨ** ਕਹਿੰਦਾ ਗਿਆ,

ਉਹ **ਬੇ ਧਿਆਨ ਬੇ ਧਿਆਨ** ਹੁਣ ਵੀ ਨੇ।(227)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਜਦ ਬਗ਼ਾਵਤ ਖ਼ੌਲਦੀ ਹੈ ਵਿਚ ਵਿਰੋਧ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ:

**ਨੇਰ੍ਹੀਆਂ, ਸ਼ਾਹ ਨੇਰ੍ਹੀਆਂ** ਰਾਤਾਂ ਦੇ ਵਿਚ

ਜਦ **ਪਲ ਪਲਾਂ** ਤੋਂ ਸਹਿਮਦੇ ਹਨ, ਤ੍ਰਭਕਦੇ ਹਨ।

ਚੌਬਾਰਿਆਂ ਦੀ **ਰੌਸ਼ਨੀ** ਤਦ,

ਬਾਰੀਆਂ 'ਚੋਂ ਕੁੱਦ ਕੇ **ਖ਼ੁਦਕੁਸ਼ੀ** ਕਰ ਲੈਂਦੀ ਹੈ।

ਇਨ੍ਹਾਂ **ਸ਼ਾਂਤ** ਰਾਤਾਂ ਦੇ ਗਰਭ 'ਚ

ਜਦ **ਬਗ਼ਾਵਤ** ਖੌਲਦੀ ਹੈ,

**ਚਾਨਣੇ, ਬੇਚਾਨਣੇ** ਵੀ ਕਤਲ ਹੋ ਸਕਦਾ ਹਾਂ ਮੈ। (44)

ਭੈਰੋਂ ਬੈਠਾ ਖੂਹ ਤੇ ਖੂਹ ਦੀ ਕਰੇ ਤਦਬੀਰ

ਚੰਨੇ **ਆਹਮੋ-ਸਾਹਮਣੇ** ਕਾਂਜਣ ਸਿੱਧੀ ਤੀਰ.... (209)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਬੇਕਦਰੀ ਥਾਂ ਵਿਚ ਵਿਰੋਧ ਪੱਖੀ ਸਮਾਨੰਤਰਤਾ ਵਿਚਾਰ ਪ੍ਰਗਟ ਕਰਦੇ ਹਨ:

ਮੇਰਾ **ਅਪਮਾਨ** ਕਰ ਦੇਵੋ

ਮੈਂ ਕਿਹੜਾ **ਮਾਣ** ਕਰਦਾ ਹਾਂ

ਕਿ ਅੰਤ ਤੀਕਰ ਸਫ਼ਰ ਕੀਤਾ ਹੈ,

ਸਗੋਂ ਮੈਂ ਤਾਂ ਉਨ੍ਹਾਂ ਪੈਰਾਂ ਦਾ ਮੁਜਰਮ ਹਾਂ

ਕਿ ਜਿਨ੍ਹਾਂ ਦਾ 'ਭਰੋਸਾ' ਮੈਂ ਕਿਸੇ **ਬੇਕਦਰ** ਥਾਂ 'ਤੇ ਰੋਲ਼ ਦਿੱਤਾ

ਪ੍ਰਾਪਤੀਆਂ ਦਾ ਮੌਸਮ

ਆਉਣ ਤੋਂ ਪਹਿਲਾਂ ਹੀ

ਮੇਰੇ **ਰੰਗ** ਨੂੰ **ਬਦਰੰਗ** ਕਰ ਦੇਵੇ। (52)

ਇਸ ਤਰ੍ਹਾਂ ਇਹਨਾਂ ਰਚਨਾਵਾਂ ਵਿਚ ਦੋਨੋਂ ਕਵੀਆਂ ਨੇ ਸ਼ਬਦ ਪੱਧਰ ਦੀ ਵਿਰੋਧ ਪੱਖੀ ਸਮਾਨੰਤਰਤਾ ਨੂੰ ਉਭਾਰਿਆ ਹੈ ਜਿਵੇਂ ਕਿ ਲਾਲ ਸਿੰਘ ਦਿਲ ਨੇ ਚੰਦ, ਸੂਰਜ, ਹਨੇਰੇ, ਟੁੱਟਣਾ, ਜੋੜਨਾ, ਤੋੜਨਾ, ਧਿਆਨ, ਬੇ ਧਿਆਨ ਆਦਿ ਅਵਤਾਰ ਸਿੰਘ ਪਾਸ਼ ਨੇ ਨੇਰ੍ਹੀਆਂ ਰਾਤਾਂ, ਰੋਸ਼ਨੀ, ਸ਼ਾਂਤ, ਬਗਾਵਤ, ਚਾਨਣੇ, ਬੇਚਾਨਣੇ, ਮਾਣ, ਅਪਮਾਨ, ਰੰਗ-ਬਦਰੰਗ ਆਦਿ ਸ਼ਬਦਾਵਲੀ ਵਿਰੋਧ ਪੱਖੀ ਸਮਾਨੰਤਰਤਾ ਜੁੱਟਾਂ ਦੀ ਧਾਰਨੀ ਹੈ। ਇਹਨਾਂ ਦੋਨੋਂ ਕਵੀਆਂ ਨੇ ਉਪਰੋਕਤ ਸਤਰਾਂ ਵਿਚ ਪਰਸਪਰ ਵਿਰੋਧੀ ਅਰਥਾਂ ਵਾਲੇ ਸ਼ਬਦਾਂ ਦਾ ਪ੍ਰਯੋਗ ਕਰਕੇ ਜਿੱਥੇ ਇਕਸਾਰਤਾ ਤੇ ਲੈਅ ਪੈਦਾ ਕੀਤੀ ਹੈ, ਉੱਥੇ ਨਾਲ ਹੀ ਵਿਰੋਧ ਪੱਖੀ ਸਮਾਨੰਤਰਤਾ ਦੀ ਇਸ ਜੁਗਤ ਨਾਲ ਪਾਠਕ ਦੇ ਮਸ਼ੀਨੀ ਅਨੁਭਵਾਂ ਦਾ ਅਗਰਭੂਮਨ ਕੀਤਾ ਹੈ। ਅਧਿਐਨ ਅਧੀਨ ਕਵਿਤਾਵਾਂ ਦੇ ਪਾਠਣ ਤੋਂ ਬਾਅਦ ਇਹ ਸਪੱਸ਼ਟ ਹੁੰਦਾ ਹੈ ਕਈ ਦੋਨੋਂ ਕਵੀਆਂ ਦੀਆਂ ਰਚਨਾਵਾਂ ਵਿੱਚ ਪਹਿਲੇ ਪਹਿਰੇ ਨੂੰ ਅੰਤ ਤੇ ਕਈ ਵਾਰ ਰਚਨਾ ਦੀ ਪਹਿਲੀ ਸਤਰ ਨੂੰ ਉਵੇਂ ਹੀ ਵਾਰ ਵਾਰ ਰਚਨਾ ਦੇ ਹਰ ਪਹਿਰੇ ਤੇ ਦੁਹਰਾਇਆ ਗਿਆ ਹੈ।ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਆਪਣੀਆਂ ਸਾਰੀਆਂ ਕਾਵਿ ਰਚਨਾਵਾਂ ਵਿੱਚ ਅਨੇਕਾਂ ਹੀ ਜੁਗਤਾਂ ਦੀ ਵਰਤੋਂ ਕੀਤੀ ਹੈ। ਪਰ ਵਾਕ ਪੱਧਰ ਦੀ ਵਿਰੋਧ ਪੱਖੀ ਸਮਾਨੰਤਰਤਾ ਵਿੱਚ ਦੋਨੋਂ ਕਵੀਆਂ ਨੇ ਰਚਨਾਵਾਂ ਦੇ ਤੁਕਾਂਤ ਨੂੰ ਮੱਧੇਨਜ਼ਰ ਰੱਖਦੇ ਹੋਏ ਪਹਿਲੀਆਂ ਸਤਰ੍ਹਾਂ ਵਿੱਚ ਜੋ ਪੰਗਤੀਆਂ ਵਰਤੀਆਂ ਹਨ। ਉਹ ਅੰਤਲੇ ਪਹਿਰੇ ਜਾਂ ਫਿਰ ਰਚਨਾ ਦੇ ਹਰ ਪਹਿਰੇ ਦੇ ਅੰਤ ਤੇ ਉਹੀ ਸਤਰ੍ਹਾਂ ਵਰਤੀਆਂ ਹਨ ਜਿਵੇਂ ਉਪਰੋਕਤ ਸਤਰ੍ਹਾਂ ਹਨ ਲਾਲ ਸਿੰਘ ਦਿਲ ਦੀਆਂ ਹਨ: "ਟੁੱਟਿਆ ਤੁੱਅਲਕ ਜੋੜਨਾ ਪੈਂਦਾ ਹੈ ਰੋਜ਼ ਹੀ, ਕਿਲਾ ਸ਼ਹਿਰ ਦਾ ਤੋੜਨਾ ਪੈਂਦਾ ਹੈ ਰੋਜ਼ ਹੀ, ਟੁੱਟਿਆ ਦਿਲ ਜੋੜਨਾ ਪੈਂਦਾ ਹੈ ਰੋਜ਼ ਹੀ। ਅਵਤਾਰ ਸਿੰਘ ਪਾਸ਼ ਦੀਆਂ ਸਤਰਾਂ ਹਨ: "ਨੇਰ੍ਹੀਆਂ, ਸ਼ਾਹ ਨੇਰ੍ਹੀਆਂ ਰਾਤਾਂ ਦੇ ਵਿਚ, ਇਨ੍ਹਾਂ ਸ਼ਾਂਤ ਰਾਤਾਂ ਦੇ

ਗਰਭ 'ਚ ਜਦ ਬਗ਼ਾਵਤ ਖੌਲਦੀ ਹੈ। ਦੋਨੋਂ ਕਵੀਆਂ ਨੇ ਇਹ ਸਤਰ੍ਹਾਂ ਰਚਨਾਵਾਂ ਦੇ ਹਰ ਪਹਿਰੇ ਦੇ ਅੰਤ ਤੇ ਵਾਰ ਵਾਰ ਦੁਹਰਾਈਆਂ ਹਨ ਇਸੇ ਤਰ੍ਹਾਂ ਹੋਰ ਵੀ ਅਨੇਕਾਂ ਉਦਾਹਰਨਾਂ ਹਨ। ਇਸ ਤੋਂ ਇਲਾਵਾ ਅਰਥ ਪੱਧਰ ਉੱਤੇ ਵਿਰੋਧ ਪੱਖੀ ਸਮਤਾ ਸਮਾਨੰਤਰਤਾ ਉਦੋਂ ਪੈਦਾ ਹੁੰਦੀ ਹੈ, ਜਦੋਂ ਦੁਹਰਾਅ ਅਤੇ ਵਿਰੋਧ ਰਾਹੀਂ ਸਮਾਨੰਤਰ ਭਾਸ਼ਕ ਆਈਟਮਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਰਥ ਪੱਧਰ ਉੱਤੇ ਵਿਰੋਧ ਪੱਖੀ ਸਮਤਾ ਸਮਾਨੰਤਰਤਾ ਦੋ ਕਿਸਮਾਂ ਦੀ ਹੁੰਦੀ ਹੈ। ਡਾ. ਰਾਜਿੰਦਰ ਸਿੰਘ ਸੇਖੋਂ, ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ ਸਿਧਾਂਤ ਤੇ ਵਿਹਾਰ*** ਵਿਚ ਡਾ. ਸ਼ੀਤਾਸ਼ੂ ਦਾ ਹਵਾਲਾ ਲਿਖਦੇ ਹਨ: ਅਰਥ ਪੱਧਰੀ ਸਮਤਾ ਸਮਾਨੰਤਰਤਾ ਉੱਥੇ ਹੁੰਦੀ ਹੈ। ਜਿੱਥੇ ਸਮਾਨਰਥਕਾਂ ਦੀ ਵਰਤੋਂ ਹੋਣ ਦੀ ਸੰਭਾਵਨਾ ਹੋਵੇ। (114)

ਉਦਾਹਰਨ ਦੇ ਤੌਰ ਤੇ ਅਸੀਂ ਦੇਖਦੇ ਹਾਂ ਔਰਤ ਲਈ ਇਸਤਰੀ, ਤੀਵੀਂ, ਤ੍ਰੀਮਤ, ਨਾਰੀ ਸੁਆਣੀ ਆਦਿ ਵਿਚੋਂ ਕੁਝ ਸ਼ਬਦ ਜਦੋਂ ਵਿਸ਼ੇਸ਼ ਤਰਤੀਬ ਜਾਂ ਦੁਹਰਾਅ ਨਾਲ ਪੇਸ਼ ਹੋਣ ਤਾਂ ਉੱਥੇ ਅਰਥ ਪੱਖੀ ਸਮਤਾ ਸਮਾਨੰਤਰਤਾ ਦੀ ਸਿਰਜਣਾ ਹੁੰਦੀ ਹੈ। ਅਰਥ ਪੱਧਰ ਦੀ ਵਿਰੋਧ ਪੱਖੀ ਸਮਤਾ ਸਮਾਨੰਤਰਤਾ ਉੱਥੇ ਪੈਦਾ ਹੁੰਦੀ ਹੈ, ਜਿੱਥੇ ਵਿਰੋਧ ਅਰਥੀ ਭਾਸ਼ਕ ਇਕਾਈਆਂ ਨੂੰ ਇਕੋ ਥਾਂ ਪੇਸ਼ ਕੀਤਾ ਗਿਆ ਹੋਵੇ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਰਚਨਾਵਾਂ ਵਿੱਚ ਇਸ ਕਿਸਮ ਦੀਆਂ ਕੁੱਝ ਉਦਾਹਰਨਾਂ ਮਿਲਦੀਆਂ ਹਨ, ਪਰ ਅਸੀਂ ਇਸ ਨੂੰ ਵੀ ਦੋ ਭਾਗਾਂ ਵਿੱਚ ਵੰਡਿਆ ਹੈ।(ੳ) ਸਮਤਾ ਪੱਖੀ ਅਰਥ ਸਮਾਨੰਤਰਤਾ (ਅ) ਵਿਰੋਧ ਪੱਖੀ ਅਰਥ ਸਮਾਨੰਤਰਤਾ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਵਿਚ ਕਵਿਤਾ ਵੇਸਵਾਵਾਂ ਤ੍ਰੀਮਤਾਂ ਵਿਚ ਪ੍ਰਗਟ ਕਰਦੇ ਹਨ: :

ਮਿੱਤਰੋ

ਜਿੰਨਾਂ ਮਰਜੀ ਘ੍ਰਿਣਤ ਤੁਸੀਂ ਮੈਨੂੰ ਸਮਝੋ

ਇਹ **ਵੇਸਵਾਵਾਂ**, **ਤ੍ਰੀਮਤਾਂ**, **ਕੁੜੀਆਂ**

ਮੇਰੀਆਂ **ਮਾਵਾਂ**, **ਭੈਣਾਂ** ਤੇ **ਧੀਆਂ** ਹਨ

ਤੇ ਤੁਹਾਡੀਆਂ ਵੀ

ਇਹ ਵੱਡੇ ਪੂੰਜੀਦਾਰਾਂ ਦੀਆਂ

**ਮਾਵਾਂ**, **ਭੈਣਾਂ** ਤੇ **ਧੀਆਂ** ਹਨ

ਜੇ ਨਹੀਂ

ਤਾਂ ਇਹ ਆਉਣ ਵਾਲੇ ਇਨਕਲਾਬ ਦੀਆਂ

**ਮਾਵਾਂ**, **ਭੈਣਾਂ** ਤੇ **ਧੀਆਂ** ਹਨ। (138)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਵਿਚ ਕਵਿਤਾ ਅਜੂਬਾ ਵਿਚ ਪ੍ਰਗਟ ਕਰਦੇ ਹਨ:

ਲਹਿਰਨ ਫਸਲਾਂ ਪੱਲੂਆਂ ਵਾਂਕਣ

ਇਸੇ ਲਈ ਤਾਂ ਧਰਤੀ ਤੇ **ਪਾਣੀ**

ਇੰਨੇ **ਨਿਰਮਲ** ਤੇ ਠੰਡੇ ਹਨ। (139)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਵਿਚ ਕਵਿਤਾ ਉਮਰ ਵਿਚ ਪ੍ਰਗਟ ਕਰਦੇ ਹਨ:

ਮੈਂ ਦੱਸਾਂ ਤੁਹਾਡੀ ਮੁੱਠੀ 'ਚ ਕੀ ਹੈ?

ਐਨ ਜੋ ਤੁਹਾਡੇ ਦਿਲ 'ਚ ਹੈ

**ਕੂੜ, ਫਰੇਬ, ਧੋਖਾ-ਧੜੀ।** (52)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਰੋਜ਼ ਹੀ ਏਸੇ ਤਰ੍ਹਾਂ ਹੁੰਦਾ ਹੈ ਵਿਚ

ਵਿਚਾਰ ਪ੍ਰਗਟ ਕਰਦੇ ਹਨ:

ਜ਼ਿਦੇ ਤੋਂ **ਸੱਚੀ ਮੁੱਚੀ** ਕੁਝ ਵੀ ਕੁਰਬਾਨ ਹੋ ਸਕਦਾ ਹੈ।

ਪਹਿਲੀ ਮਾਹਵਾਰੀ ਦਾ ਦਰਦ **ਸਹਿਜੇ ਸਹਿਜੇ** ਟਪਕਣਾ

ਇਤਿਹਾਸ ਵਰਗੀ **ਵਿੰਗ ਤੜਿੰਗੀ** ਲੀਕ

ਜੋ ਮੁੰਦ ਕੇ ਅਸਮਾਨ ਵਰਗੇ **ਨੈਣ**

ਜ਼ਿੰਦਗੀ ਦੀਆਂ ਝਨਾਂ ਅੰਦਰ ਰੁੜ੍ਹ ਗਈ ਸੋਹਣੀ ਦੇ **ਨਕਸ਼**,

ਰੋਜ਼ ਹੀ ਰਹਿ ਰਹਿ ਕੇ ਲਹੂ ਥੁੱਕਦੀ ਰਹੀ। (118)

ਲਾਲ ਸਿੰਘ ਦਿਲ ਨੇ ਵੇਸਵਾਵਾਂ, ਤ੍ਰੀਮਤਾਂ, ਕੁੜੀਆਂ, ਮਾਵਾਂ, ਭੈਣਾਂ ਤੇ ਧੀਆਂ, ਪਾਣੀ, ਨਿਰਮਲ,ਕੂੜ, ਫਰੇਬ, ਧੋਖਾ-ਧੜੀ ਆਦਿ ਅਤੇ ਅਵਤਾਰ ਸਿੰਘ ਪਾਸ਼ ਨੇ ਸੱਚੀ-ਮੁੱਚੀ, ਸਹਿਜੇ ਸਹਿਜੇ, ਵਿੰਗ ਤੜਿੰਗੀ, ਨੈਣ, ਨਕਸ਼ ਆਦਿ ਸ਼ਬਦਾਵਲੀ ਰਚਨਾਵਾਂ ਵਿੱਚ ਵਰਤੀ ਹੈ। ਇਸ ਸਾਰੀ ਸ਼ਬਦਾਵਲੀ ਨੂੰ ਅਸੀਂ ਇਕ ਸਮਾਨ ਅਰਥਾਂ ਲਈ ਵਰਤਦੇ ਹਾਂ, ਪ੍ਰੰਤੂ ਦੋਨੋਂ ਕਵੀਆਂ ਦੀ ਚੋਣ ਇੱਥੇ ਢੁਕਵੇਂ ਸ਼ਬਦਾਂ ਨਾਲ ਸੰਬੰਧਤ ਹੈ। ਸ਼ਬਦ ਇਕੋ ਜਿਹੇ ਵਰਤੇ ਹਨ' ਪ੍ਰੰਤੂ ਅਰਥ ਇਨ੍ਹਾਂ ਤੋਂ ਵੱਖਰੇ ਵੀ ਲਏ ਹਨ ਜਿਵੇਂ ਕਿ ਲਾਲ ਸਿੰਘ ਦਿਲ ਦੁਆਰਾ ਰਚਿਤ ਸਤਰਾਂ "ਇਹ ਵੇਸਵਾਵਾਂ, ਤ੍ਰੀਮਤਾਂ, ਕੁੜੀਆਂ ਮੇਰੀਆਂ ਮਾਵਾਂ, ਭੈਣਾਂ ਤੇ ਧੀਆਂ ਹਨ"ਨੂੰ ਵੱਖਰੇ-ਵੱਖਰੇ ਰਿਸ਼ਤੇ-ਨਾਤੇ ਤੋਂ ਉਭਾਰਦੀਆਂ ਹਨ। ਅਵਤਾਰ ਸਿੰਘ ਪਾਸ਼ ਦੀਆਂ ਸਤਰਾਂ "ਜੋ ਮੁੰਦ ਕੇ ਅਸਮਾਨ ਵਰਗੇ ਨੈਣ, ਜ਼ਿੰਦਗੀ ਦੀਆਂ ਝਨਾਂ ਅੰਦਰ ਰੁੜ੍ਹ ਗਈ ਸੋਹਣੀ ਦੇ ਨਕਸ਼, ਔਰਤ ਦੀ ਖੂਬਸੂਰਤੀ ਨੂੰ ਵੱਖਰੇ-ਵੱਖਰੇ ਢੰਗ ਤੋਂ ਬਿਆਨ ਕਰਦੀਆਂ ਹਨ। 'ਕਾਵਿ' ਕਲਾ ਦਾ ਇਹ ਇੱਕ ਮਹੱਤਵਪੂਰਨ ਪੱਖ ਹੈ ਕਿ ਸ਼ਬਦਾਂ ਤੋਂ ਪਾਰ ਸ਼ਬਦ ਅਰਥਾਂ ਦਾ ਨਿਆਂ ਲਿਆ ਜਾਂਦਾ ਹੈ। ਇੱਥੇ ਦੋਨੋਂ ਕਵੀਆਂ ਨੇ ਇਸ ਸ਼ਬਦਾਵਲੀ ਦੀ ਚੋਣ ਰਾਹੀਂ ਅਰਥ ਸਮਾਨੰਤਰਤਾ ਸਿਰਜੀ ਹੈ।

ਉਪਰੋਕਤ ਵਿਚਾਰ-ਚਰਚਾ ਦੇ ਪੱਖ ਤੋਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚੋਂ ਸਮਤਾ ਪੱਖੀ ਤੇ ਵਿਰੋਧ ਪੱਖੀ ਸਮਾਨੰਤਰਤਾ ਦੇ ਅੰਸ਼ਾਂ ਦਾ ਵਿਸਤ੍ਰਿਤ ਵੇਰਵਾ ਪ੍ਰਾਪਤ ਹੁੰਦਾ ਹੈ। ਇਹ ਵਿਸਤ੍ਰਿਤ ਵਿਸ਼ਲੇਸ਼ਣ ਭਾਸ਼ਾ ਦੀਆਂ ਸਮੁੱਚੀਆਂ ਇਕਾਈਆਂ ਧੁਨੀ, ਸ਼ਬਦ, ਵਾਕ ਅਤੇ ਅਰਥ ਆਦਿ ਵਿਚ ਮਿਲਦਾ ਹੈ। ਕਿਹਾ ਜਾ ਸਕਦਾ ਹੈ ਕਿ ਸਮਾਨੰਤਰਤਾ ਦੇ ਵਿਭਿੰਨ ਪੱਧਰ ਦੋਨੋਂ ਕਵੀਆਂ ਦੀਆਂ ਰਚਨਾਵਾਂ ਨੂੰ ਅਗ੍ਰਭੂਮਿਤ ਕਰਨ ਵਿੱਚ ਵਿਲੱਖਣ ਮਹੱਤਵ ਦੇ ਧਾਰਨੀ ਬਣਦੇ ਹਨ,ਉਥੇ ਆਦਿ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ, ਮੱਧ ਸਥਿਤੀ ਸਮਤਾ ਪੱਖੀ ਸਮਾਨੰਤਰਤਾ,ਅੰਤ ਦੁਹਰਾਉ ਵਾਲੀ ਸਮਤਾ ਪੱਖੀ ਸਮਾਨੰਤਰਤਾ ਅਤੇ ਤੀਹਰੀ ਸ਼ਬਦ ਬਣਤਰ ਵਾਲੀ ਸਮਾਨੰਤਰਤਾ ਆਦਿ ਨਿਵੇਕਲੀ ਅਤੇ ਵਿਲੱਖਣ ਸਿਰਜਨਾਤਮਕਤਾ ਦੀ ਧਾਰਨੀ ਹੈ।

## ਅਧਿਆਇ ਪੰਜਵਾਂ

## ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ : ਵਿਰਲਤਾ ਦਾ ਪੱਧਰ

**5.1 ਵਿਰਲਤਾ ਦਾ ਪੱਧਰ:** ਸ਼ੈਲੀ ਵਿਗਿਆਨ ਵਿਚ ਵਿਚਲਨ, ਵਿਪਥਨ ਅਤੇ ਸਮਾਨੰਤਰਤਾ ਤੋਂ ਇਲਾਵਾ ਵਿਰਲਤਾ ਵੀ ਇਕ ਅਜਿਹਾ ਤੱਤ ਹੈ, ਜਿਸ ਰਾਹੀਂ ਪਾਠ ਅਗਰਭੂਮਨ ਵਿਚ ਆ ਜਾਂਦਾ ਹੈ। ਵਿਰਲਤਾ ਨੂੰ ਅਗਰਭੂਮਨ ਦੇ ਅੰਗ ਵਜੋਂ ਜਾਣਿਆ ਜਾਂਦਾ ਹੈ। ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ*** ਵਿਚ ਡਾ. ਪਾਂਡੇ ਸ਼ਸ਼ੀ ਭੂਸ਼ਣ ਸ਼ੀਤਾਸ਼ੂ ਦਾ ਵਿਰਲਤਾ ਦਾ ਹਵਾਲਾ ਪੇਸ਼ ਕਰਦੇ ਹੋਏ ਲਿਖਦੇ ਹਨ : ਵਿਰਲਤਾ ਵਿਚ ਕਿਸੇ ਵੀ ਭਾਸ਼ਕ ਪੱਧਰ ਉੱਤੇ ਕਿਸੇ ਵੀ ਭਾਸ਼ਕ ਇਕਾਈ ਦੀ ਘੱਟ ਤੋਂ ਘੱਟ ਵਰਤੋਂ ਹੁੰਦੀ ਹੈ। (115)

ਵਿਰਲਤਾ ਇਕ ਹੀ ਸੰਖਿਆ ਤੱਕ ਸੀਮਤ ਹੁੰਦੀ ਹੈ, ਜਿਸ ਕਰਕੇ ਇਸ ਵਿਚ ਸਾਰੀਆਂ ਹੀ ਭਾਸ਼ਕ ਇਕਾਈਆਂ ਇਕੋ ਵਾਰ ਸ਼ਾਮਿਲ ਹੋ ਜਾਂਦੀਆਂ ਹਨ। ਉਨ੍ਹਾਂ ਵਿਚ ਦੁਹਰਾਓ ਜਾਂ ਵਿਕਲਪ ਦੀ ਗੁੰਜਾਇਸ਼ ਨਹੀਂ ਹੁੰਦੀ। ਜੇਕਰ ਉਸ ਵਿਚ ਦੁਹਰਾਓ ਆ ਵੀ ਜਾਵੇ ਤਾਂ ਉਹ ਸਮਾਨੰਤਰਤਾ ਦਾ ਰੂਪ ਧਾਰਨ ਕਰ ਲੈਂਦੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਵਿਪਥਨ ਹੋਣ ਦੀ ਸੰਭਾਵਨਾ ਹੋ ਜਾਂਦੀ ਹੈ। ਸਰੂਪ ਦੇ ਪੱਖ ਤੋਂ ਜੇਕਰ ਇਹ ਅਭਿਧਾ ਮੂਲਕ ਨਾ ਹੋਵੇ ਤਾਂ ਉੱਥੇ ਵਿਚਲਨ ਦਾ ਹਾਜ਼ਰ ਹੋਣਾ ਲਾਜ਼ਮੀ ਹੋ ਜਾਂਦਾ ਹੈ। ਇਸ ਲਈ ਵਿਰਲਤਾ ਸਾਧਾਰਣ ਅਤੇ ਇਕ ਵਚਨ ਸਰੂਪ ਦੇ ਭਾਸ਼ਕ ਪੱਧਰਾਂ ਦੇ ਸਮੁੱਚ ਵਿਚੋਂ ਜਨਮ ਧਾਰਨ ਕਰਦੀ ਹੈ। ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ*** ਵਿਚ ਵਿਰਲਤਾ ਨੂੰ ਮੂਲ ਰੂਪ ਵਿਚ ਛੇ ਪੱਧਰਾਂ ਉੱਪਰ ਦਰਸਾਇਆ ਹੈ:

1. ਕਥਨ ਨਾ ਵਿਚਲਤ ਹੋਵੇ ਨਾ ਸਮਾਨੰਤਰਰਿਤ ਅਤੇ ਨਾ ਹੀ ਵਿਪਸਿਥਤ ਹੋਵੇ ਪ੍ਰੰਤੂ ਇਸਦੇ ਬਾਵਜੂਦ ਵੀ ਉਸ ਵਿਚ ਅਗਰਭੂਮਿਤ ਹੋਣ ਦੀ ਸਮਰੱਥਾ ਹੋਵੇ।
2. ਉਹ ਵਿਆਕਰਨ ਤੇ ਅਰਥ ਦੀ ਦ੍ਰਿਸ਼ਟੀ ਤੋਂ ਸਵੀਕਾਰਨ ਯੋਗ ਹੋਵੇ ਦੂਸਰੇ ਸ਼ਬਦਾਂ ਵਿਚ ਕਥਨ, ਵਿਆਕਰਨਕ ਨਿਯਮਾਂ ਦੇ ਅਨੁਸਾਰ ਹੋਵੇ ਤੇ ਉਸਦਾ ਕੋਈ ਅਰਥ ਵੀ ਨਿਕਲਦਾ ਹੋਵੇ।

3. ਕਥਨ ਕਈ ਦਿਸ਼ਾਵਾਂ ਵਿਚ ਫੈਲਦਾ ਹੋਵੇ।

4. ਕਥਨ ਰਚਨਾ-ਪਾਠ ਵਿਚ ਇਕ ਵਾਰ ਹੀ ਵਰਤਿਆ ਗਿਆ ਹੋਵੇ।

5. ਕਥਨ ਜਾਂ ਪ੍ਰਵਚਨ, ਡੂੰਘ-ਸੰਰਚਨਾ ਦਾ ਧਾਰਨੀ ਹੋਵੇ।

6. ਜੇਕਰ ਵਿਰਲਤਾ ਪ੍ਰਵਚਨ ਦੇ ਪੱਧਰ ਉੱਤੇ ਕਾਰਜਸ਼ੀਲ ਹੈ ਤਾਂ ਇਹ ਸਮੁੱਚੇ ਥੀਮ ਨੂੰ ਖੋਲ੍ਹਦੀ ਹੋਵੇ।(115.)

ਇਸ ਤਰ੍ਹਾਂ ਵਿਰਲਤਾ ਸਾਹਿਤ ਵਿਚ ਧੁਨੀ, ਸ਼ਬਦ, ਅਰਥ, ਰੂਪ, ਵਾਕ ਅਤੇ ਲਿਖਤ ਪੱਧਰ ਉੱਪਰ ਅਤੇ ਕੁਝ ਹੋਰ ਪੱਧਰਾਂ ਉੱਪਰ ਕਾਰਜਸ਼ੀਲ ਹੁੰਦੀ ਰਹਿੰਦੀ ਹੈ, ਪਰ ਆਮ ਤੌਰ ਤੇ ਇਹਨਾਂ ਸਾਰੇ ਪੱਧਰਾਂ ਉੱਪਰ ਕਾਰਜਸ਼ੀਲ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਅਗਰਭੂਮਣ ਦੇ ਦੂਸਰੇ ਪੱਧਰਾਂ ਦੇ ਮੁਕਾਬਲੇ ਭਾਵੇਂ ਵਰਤੋਂ ਬਹੁਤ ਘੱਟ ਹੁੰਦੀ ਹੈ, ਪ੍ਰੰਤੂ ਰਚਨਾ-ਪਾਠ ਵਿਚ ਇਸ ਦੀ ਮਹੱਤਤਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਡਾ. ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ***ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ*** ਵਿਚ ਡਾ. ਕਸ਼ਮੀਰੀ ਲਾਲ ਸੈਣੀ ਦਾ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ: ਕਿਸੇ ਰਚਨਾ-ਪਾਠ ਵਿਚ ਪੇਸ਼ ਹੋਇਆ ਅਜਿਹਾ ਸ਼ਬਦ ਜੋ ਵਿਵਸਥਿਤ ਜਾਂ ਸਮਾਨੰਤਰਿਤ ਨਾ ਹੋਵੇ ਪ੍ਰੰਤੂ ਫਿਰ ਵੀ ਅਗਰਭੂਮਣ ਵਿਚ ਆ ਜਾਵੇ ਤਾਂ ਉਸਨੂੰ ਸ਼ਬਦ ਪੱਧਰੀ ਵਿਰਲਤਾ ਦੀ ਉਦਾਹਰਣ ਮੰਨਿਆ ਜਾਂਦਾ ਹੈ। (180.)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੇ ਕਾਵਿ ਵਿਚ ਬਹੁਤ ਸਾਰੇ ਅਜਿਹੇ ਪੱਧਰ ਵੀ ਹਨ, ਜਿਹੜੇ ਸਮੁੱਚੀਆਂ ਕਵਿਤਾਵਾਂ ਵਿਚ ਇਕੋ ਸਮੇਂ ਵਰਤੇ ਗਏ ਹਨ। ਉਹ ਨਾ ਤਾਂ ਵਿਚਲਨ, ਵਿਵਸਥਿਤ ਅਤੇ ਸਮਾਨੰਤਿਰਤ ਰੂਪ ਵਿਚ ਸਪੱਸ਼ਟ ਦਿਖਾਈ ਦਿੰਦੇ ਹਨ, ਪ੍ਰੰਤੂ ਫਿਰ ਵੀ ਉਹ ਪਾਠ-ਅਧਿਐਨ ਵਿਚ ਅਗਰਭੂਮਿਤ ਵਜੋਂ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਰਹਿੰਦੇ ਹਨ। ਜਿੰਨਾਂ ਨੂੰ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਸਮੁੱਚੀਆਂ ਕਵਿਤਾਵਾਂ ਦੀ ਵਿਰਲਤਾ ਦੇ ਪੱਧਰ ਤੋਂ ਨਿਮਨਲਿਖਤ ਰੂਪ ਵਿਚ

ਵਿਸਥਾਰਪੂਰਵਕ ਰੂਪ ਵਿਚ ਵਿਚਾਰਿਆ ਗਿਆ ਹੈ। ਇਹ ਵਿਚਾਰ-ਚਰਚਾ ਵਿਰਲਤਾ ਦੇ ਵੱਖਰੇ-ਵੱਖਰੇ ਪੱਧਰਾਂ ਤੋਂ ਕੀਤੀ ਗਈ ਹੈ।

**5.2 ਅਰਥ ਪੱਧਰ ਤੇ ਵਿਰਲਤਾ :** ਅਰਥ ਪੱਧਰ ਤੇ ਵਿਰਲਤਾ ਦਾ ਸਬੰਧ ਅਰਥਾਂ ਨਾਲ ਹੁੰਦਾ ਹੈ। ਵਿਰਲ ਪੱਧਰ ਬਾਰੇ ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਉਹ ਅਗਰਭੂਮਣ ਦੇ ਪਹਿਲੇ ਤਿੰਨ ਪੱਧਰਾਂ ਤੋਂ ਇਲਾਵਾ ਹੁੰਦਾ ਹੈ ਤੇ ਇਸ ਦਾ ਸਬੰਧ ਵਿਅੰਗਮਈ ਸ਼ੈਲੀ ਨਾਲ ਹੁੰਦਾ ਹੋਇਆ ਅਭਿਧਾਰਥਕ ਰੂਪ ਵਿਚ ਹੀ ਡੂੰਘ-ਸੰਰਚਨਾ ਨਾਲ ਜੁੜਿਆ ਹੁੰਦਾ ਹੈ। ਇਸ ਦੀ ਸੰਖਿਆ ਵੀ ਇਕ ਤੱਕ ਹੀ ਸੀਮਿਤ ਹੁੰਦੀ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਰਚਨਾਵਾਂ ਵਿਚ ਕਈ ਪ੍ਰਕਾਰ ਦੇ ਅਜਿਹੇ ਅਰਥ ਪੱਧਰ ਤੇ ਵਿਰਲਤਾ ਸਪੱਸ਼ਟ ਦਿਖਾਈ ਦਿੰਦੀ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗਾ ਲੋਕ*** ਕਵਿਤਾ ਲਾਲ ਪੂਰਬ ਵਿਚ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਬਸਤੀਆਂ ਕਿ ਜਿਥੇ ਲਾਲ ਧੂੜ ਵਿਚ

ਭੁੱਖੀਆਂ ਕਰੂੰਬਲਾਂ,

ਭਾਰੀ-ਭਾਰੀ ਟੋਕਰੇ ਉਠਾਂਦੀਆਂ

ਬਸਤੀਆਂ ਕਿ ਨੰਗੇ ਪੈਰੀਂ

ਮਾਵਾਂ ਜਿਥੇ ਕੋਰੇ ਉਤੇ ਤੁਰਦੀਆਂ

ਚੱਲੀਆਂ ਮਜ਼ਦੂਰੀਆਂ ਨੂੰ

ਚਾਹ ਵੇਲੇ ਰੋਣ ਬੱਚੇ

ਰੋਟੀ ਵੇਲੇ ਰੋਣ ਬੱਚੇ

ਬਸਤੀਆਂ ਕਿ ਕੁਲੀਆਂ 'ਚ ਸਿਕਲੀਗਰ

ਰਾਤ ਰਾਤ ਜਾਗਦੇ

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਲਾਲ ਪੂਰਬ ਵਿਚ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਐ ਡੱਕੇ ਚੁਗਣ ਵਾਲੇ ਲੋਕੋ

ਖਿਆਲ ਚੁਗੋ

ਦੇ ਰਿਹਾ ਸੰਦੇਸ਼ ਹੈ

ਐ ਕੁੱਲੀਆਂ ਚੋਂ ਜਾਗਦਿਓ ਲੋਕੋ।

ਇਨਕਲਾਬ ਝੁੱਗੀਆਂ ਚੋਂ ਨਿੱਕਲਦਾ

ਐ ਖੱਤਿਆਂ ਚੋਂ ਜਾਗਦਿਓ ਲੋਕੋ।

ਇਨਕਲਾਬ ਖੇਤਾਂ ਵਿਚੋਂ ਪੈਦਾ ਹੁੰਦਾ

ਐ ਨਾਲੀਆਂ ਦੇ ਕੰਡਿਆਂ ਤੇ ਰੁਲਦਿਓ

ਐ ਨਾਲੀਆਂ ਚ ਜਾਗਦਿਓ ਲੋਕੋ।

ਇਨਕਲਾਬ ਬੰਦੂਕਾਂ ਦੀਆਂ

ਨਾਲੀਆਂ ਚੋਂ ਨਿਕਲਦਾ (92)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਲਾਲ ਪੂਰਬ ਵਿਚ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਬਸਤੀਆਂ ਕਿਸਾਨ ਜਿਥੇ

ਲਾਹਣਤਾ ਦੀ ਰੋਟੀ ਖਾਣ

ਲੱਸੀ ਤੀਕ ਵੇਚ ਦੇਣ

ਬਾਹਰ ਜਾਣ

ਗਹਿਣੇ ਪਏ

ਖੱਤਿਆਂ ਦਾ ਗ਼ਮ ਖਾਏ

ਘਰ ਬਹਿਣ

ਜਾਪਦਾ ਜਿਉਂ

ਸਿਰਾਂ ਉਤੇ ਡਿੱਗਣ ਸ਼ਤੀਰੀਆਂ। (94)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਰਾਤ ਨੂੰ ਵਿਚ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਖੇਤਾਂ ਨੂੰ ਸਭ ਪਤਾ ਹੈ

ਮਨੁੱਖ ਦਾ ਲਹੂ ਕਿੱਥੇ ਡੁਲਦਾ ਹੈ

ਤੇ ਲਹੂ ਦਾ ਮੁੱਲ ਕੀ ਹੁੰਦਾ ਹੈ

ਇਹ ਖੇਤ ਸਭ ਜਾਣਦੇ ਹਨ

ਇਸ ਲਈ ਐ ਰਾਤ

ਤੂੰ ਮੇਰੀਆਂ ਅੱਖਾਂ ਵਿਚ ਤਕ

ਮੈਂ ਭਵਿੱਖ ਦੀਆਂ ਅੱਖਾਂ 'ਚ ਤਕਦਾ ਹਾਂ। (66)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਕਵਿਤਾ ਦੀਆਂ ਇਹਨਾਂ ਸਤਰਾਂ ਵਿਚ ਅਨੇਕਾਂ ਆਰਥਿਕ ਸਰੋਕਾਰਾਂ ਦੇ ਕਾਵਿ-ਬਿੰਬ ਸਿਰਜੇ ਹਨ। ਜਾਗੀਰੂ ਆਰਥਿਕਤਾ ਦੀ ਲੁੱਟ-ਖਸੁੱਟ ਦੇ ਅਵਿਸ਼ੇਸ਼ ਅਤੇ ਬੁਰਜ਼ੂਆ ਅਰਥ ਚਾਰੇ ਵਿਚ ਸ਼ੋਸ਼ਣ ਦੇ ਸ਼ਾਤਰ ਤਰੀਕੇ ਇਸ ਲਹਿਰ ਦੇ ਕਾਵਿ-ਅਨੁਭਵ ਵਿਚ ਤੀਖਣਤਾ ਨਾਲ ਮੂਰਤੀਮਾਨ ਹੁੰਦੇ ਹਨ। ਇਹ ਕਵੀ ਕਿਰਤੀ ਵਰਗ ਦੀਆਂ ਤ੍ਰਾਸਦਿਕ ਸਥਿਤੀਆਂ-ਪ੍ਰਸਥਿਤੀਆਂ ਨੂੰ ਸਮਝਦਿਆਂ, ਬੁਰਜ਼ੂਆ ਢਾਂਚੇ ਦੇ ਪ੍ਰਤੀ ਨਫ਼ਰਤ, ਰੋਹ ਅਤੇ ਗੁੱਸਾ ਤੀਖਣ ਕਰਦੇ ਹਨ। ਇਸ ਲਈ ਇਹ ਕਵੀ ਅਜਿਹੇ ਪ੍ਰਬੰਧ ਨੂੰ ਤਹਿਸ-ਨਹਿਸ ਕਰਨ ਲਈ ਹਥਿਆਰਬੰਦ ਗੁਰੀਲਾ ਯੁੱਧ ਦੀ ਇਤਿਹਾਸਕ ਲੋੜ ਉੱਤੇ ਬਲ ਦਿੰਦੇ ਹਨ। ਇਹਨਾਂ ਕਵੀਆਂ ਦੀਆਂ ਕਵਿਤਾਵਾਂ ਸਮਾਜਿਕ ਵਿਰੋਧਾਂ ਨੂੰ ਉਹਨਾਂ

ਦੇ ਆਰਥਿਕ ਪਿਛੋਕੜ ਵਿਚ ਰੱਖ ਕੇ ਵੇਖਦੀਆਂ ਹਨ। ਸਮਾਜ ਵਿਚਲੇ ਆਰਥਿਕ-ਪਾੜੇ ਦੀ ਪ੍ਰਕਿਰਤੀ ਵਿਚ ਕਾਮੇ ਅਤੇ ਵਿਹਲੜਾਂ ਦੇ ਸੰਕਲਪਾਂ ਨੂੰ ਸਪੱਸ਼ਟ ਕਰਦੀਆਂ ਹਨ। ਕਾਮੇ ਨੂੰ ਵੇਲੇ ਦਾ ਮਾਨਵ –ਗਰਦਾਨਦੇ ਹੋਏ ਇਹ ਕਵੀ ਉਸਦੀ ਅਸਤਿਤਵੀ ਸਥਿਤੀ-ਪ੍ਰਸਥਿਤੀ ਨੂੰ ਬਿਆਨ ਕਰਦੇ ਹਨ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਜੁਝਾਰਵਾਦੀ ਲਹਿਰ ਦੀ ਉਪਜ ਹੋਣ ਕਰਕੇ ਇਹ ਜ਼ਰੱਈ ਆਰਥਿਕਤਾ ਦੇ ਅੰਤਰ-ਵਿਰੋਧਾਂ ਨੂੰ ਵੱਧ ਪ੍ਰਮਾਣਿਕ ਰੂਪ ਵਿਚ ਪਕੜਦੇ ਹਨ। ਇਹ ਕਾਰਨ ਹੈ ਕਿ ਇਹਨਾਂ ਦੀਆਂ ਕਵਿਤਾਵਾਂ ਵਿਚ ਮਜ਼ਦੂਰ ਵਰਗ ਤੇ ਨਿਮਨ ਕਿਸਾਨੀ ਦੀ ਜੀਵਨ ਤ੍ਰਾਸਦਿਕ ਸਥਿਤੀ-ਪ੍ਰਸਥਿਤੀ ਦੇ ਠੋਸ ਬਿੰਬ ਪੇਸ਼ ਕਰਦੇ ਹਨ। ਇਸ ਕਰਕੇ ਬਹੁਤ ਘੱਟ ਰਚਨਾਕਾਰ ਹਨ, ਜਿਹੜੇ ਇਹੋ ਜਿਹੇ ਠੋਸ ਬਿੰਬ ਵਰਤਦੇ ਹਨ ਜੋ ਅਰਥ ਪੱਧਰ ਤੇ ਵਿਰਲਤਾ ਦੇ ਧਾਰਨੀ ਹੋ ਕੇ ਅਗਰਭੂਮਿਤ ਹੁੰਦੇ ਹਨ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਉੱਡਦੇ ਬਾਜ਼ਾਂ ਮਗਰ ਵਿਚ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ:

ਜਿਨ੍ਹਾਂ ਨੇ ਤੱਕੀਆਂ ਹਨ
ਕੋਠਿਆਂ ’ਤੇ ਸੁੱਕਦੀਆਂ ਸੁਨਹਿਰੀ ਛੱਲੀਆਂ
ਤੇ ਨਹੀਂ ਤੱਕੇ
ਮੰਡੀ ’ਚ ਸੁੱਕਦੇ ਭਾਅ
ਉਹ ਕਦੇ ਨਹੀਂ ਸਮਝਣ ਲੱਗੇ
ਕਿ ਕਿਵੇਂ ਦੁਸ਼ਮਣੀ ਹੈ -
ਦਿੱਲੀ ਦੀ ਉਸ ਹੁਕਮਰਾਨ ਔਰਤ ਦੀ
ਉਸ ਪੈਰੋਂ ਨੰਗੀ ਪਿੰਡ ਦੀ ਸੋਹਣੀ ਕੁੜੀ ਨਾਲ। (70)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਅੱਜ ਦਾ ਦਿਨ ਵਿਚ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਅੱਜ ਦਾ ਦਿਨ ਧਾਰਮਿਕ ਮਾਨਤਾ ਦਾ ਦਿਨ ਨਹੀਂ ਹੈ।

ਕਿਸੇ ਬੱਚੇ ਦੀ ਬੜਬੜਾਉਂਦੀ ਹੋਈ ਨੀਂਦ ਹੈ

ਅੱਜ ਦਾ ਦਿਨ ਤਾਂ ਕੋਈ ਸਾਂਭ ਸਾਂਭ ਪਾਲਿਆ ਦਹਿਸ਼ਤ ਦਾ ਦਰੱਖਤ ਹੈ

ਰਾਜਸੀ ਹਿੰਸਾ ਦੀ ਸ਼ਿੰਗਾਰੀ ਹੋਈ ਘੋੜੀ ਹੈ

ਅੱਜ ਦਾ ਦਿਨ ਕਿਸੇ ਦੁਸਮਣ ਵਲੋਂ

ਵਾਹਣਾਂ 'ਚ ਬੁਲਾਇਆ ਬੱਕਰਾ ਹੈ। (139)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਸਾਡੇ ਹੀ ਸਮਿਆਂ ਵਿਚ ਸਮੇ ਦੇ ਜ਼ੁਲਮ ਉੱਤੇ ਨਾਜ਼ੁਕ ਹਾਲਾਤਾਂ ਬਾਰੇ ਡੂੰਘੇ ਵਿਚਾਰਾਂ ਰਹੀ ਬਿਆਨ ਕਰਦੇ ਹਨ ਅਤੇ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਇਹ ਸਭ ਕੁਝ ਸਾਡੇ ਹੀ ਸਮਿਆਂ 'ਚ ਹੋਣਾ ਸੀ

ਕਿ ਸਮੇਂ ਨੇ ਖੜ੍ਹ ਜਾਣਾ ਸੀ ਹੰਭੀ ਹੋਈ ਜੋਕ ਵਾਂਗ

ਤੇ ਕੱਚੀਆਂ ਕੰਧਾਂ ਉੱਤੇ ਲਮਕਦੇ ਕਲੰਡਰਾਂ ਨੇ

ਪ੍ਰਧਾਨ ਮੰਤਰੀ ਦੀ ਫੋਟੋ ਬਣ ਕੇ ਰਹਿ ਜਾਣਾ ਸੀ। (180)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਰਿਹਾਈ ਦੀ ਖੁਸ਼ੀ ਚ ਗੀਤ ਵਿਚ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ:

ਕਿੰਨੇ ਨੇ ਪਿਆਰੇ ਇਹ 'ਚੰਡਾਲ' ਲੋਕ।

ਸੁਹਣੇ ਸੁਹਣੇ ਕਾਲੇ ਕਾਲੇ ਲਾਲ ਲੋਕ।

ਖੇਤਾਂ, ਮਿੱਲਾਂ, ਖਾਣਾਂ 'ਚ ਬਰਾਜਦੇ

ਪਲਾਂ ਵਿਚ ਲੰਘਦੇ ਪਤਾਲ ਲੋਕ।

ਅਪਣਿਆਂ ਜਾਲਾਂ ਨੂੰ ਨਾ ਜਾਣਦੇ

ਮੱਛੀਆਂ ਨੂੰ ਲਾਂਵਦੇ ਨੇ ਜਾਲ ਲੋਕ।

ਸੁਰਗਾਂ ‘ਚ, ਧਰਤੀ ਤੇ, ਜ਼ਿੰਦਗੀ ‘ਚ

ਦਾਇਆਂ ਦੀ ਕਰਦੇ ਨੇ ਭਾਲ ਲੋਕ।

ਛੱਡ ਦੇਵੋ ਧਰਤੀ ਨੂੰ ਲੁੱਟਣਾ

ਛੱਡ ਦੇਣ ਭੁੱਖਾਂ ਦਾ ਖ਼ਿਆਲ ਲੋਕ। (62)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਦੇ ਪੱਖ ਤੋਂ ਵਿਚਾਰਧਾਰਕ ਪ੍ਰਤੀਬੱਧਤਾ ਸਾਂਝੇ ਰੂਪ ਵਿਚ ਜੁਝਾਰਵਾਦੀ ਲਹਿਰ ਨਾਲ ਸਬੰਧਿਤ ਹੋਣ ਕਰਕੇ ਸਰੋਕਾਰ ਸਾਂਝ ਵੀ ਸਹਿਜ ਰੂਪ ਵਿਚ ਪ੍ਰਗਟ ਹੁੰਦੇ ਹਨ। ਇਹਨਾਂ ਕਵੀਆਂ ਦੀਆਂ ਕਵਿਤਾਵਾਂ ਦਾ ਅਰਥ ਪੱਧਰ ਤੇ ਵਿਰਲਤਾ ਤੋਂ ਮੂਲ ਉਦੇਸ਼ ਇਤਿਹਾਸ ਤੋਂ ਪ੍ਰੇਰਣਾ ਲੈ ਕੇ ਸਥਾਪਿਤ ਬੁਰਜੂਆ ਪ੍ਰਬੰਧ ਦੇ ਵਿਰੁੱਧ ਪਰਿਵਰਤਨ ਦੇ ਰਸਤੇ ਨੂੰ ਅਪਣਾਉਣਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਸਾਂਝੇ ਮਨੋਰਥ, ਵਿਚਾਰਧਾਰਾ ਅਤੇ ਸਿਆਸੀ ਸੂਝ ਬੂਝ ਨੂੰ ਪ੍ਰਣਾਇਆ ਹੋਇਆ ਹੈ। ਜੁਝਾਰਵਾਦੀ ਲਹਿਰ ਦੀ ਸਿਆਸੀ ਸਮਝ ਭਾਰਤ ਨੂੰ ਅਰਧ-ਜਾਗੀਰੂ ਅਤੇ ਅਰਧ-ਬਸਤੀਵਾਦ ਦੇਸ਼ ਮੰਨਦੀ ਹੈ। ਇਸ ਲਹਿਰ ਦਾ ਮਨੋਰਥ ਗੁਲਾਮੀ ਤੋਂ ਮੁਕਤੀ ਲਈ ਸੰਘਰਸ਼ ਦੇ ਰਸਤੇ ਨੂੰ ਪ੍ਰੋੜਤਾ ਦੇਣਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਦੇ ਪੱਖ ਤੋਂ ਸਿੱਧੇ ਰੂਪ ਵਿਚ ਜੁਝਾਰਵਾਦੀ ਲਹਿਰ ਤੋਂ ਪ੍ਰੇਰਿਤ ਹੋਣ ਕਰਕੇ ਮੁਕਤੀ ਦਾ ਰਸਤੇ ਨੂੰ ਹਥਿਆਰਬੰਦ ਘੋਲ ਦੇ ਰੂਪ ਵਿਚ ਦੇਖਦੇ ਹਨ। ਇਹ ਕਵੀ ਭਾਰਤ ਦੀ ਆਜ਼ਾਦੀ ਨੂੰ ਖੁੱਲ੍ਹੇ ਰੂਪ ਵਿਚ ਝੂਠ ਦੀ ਆਜ਼ਾਦੀ ਮੰਨਦੇ ਹਨ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਮੇਰੇ ਦੇਸ਼ ਵਿਚ ਅਰਥ ਪੱਧਰ ਤੇ ਵਿਰਲਤਾ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਜਮਹੂਰੀਅਤ ਦੇ ਪੈਰਾਂ ਵਿਚ ਰੁਲ਼ਦੇ ਹੋਏ ਮੇਰੇ ਦੇਸ਼

ਸਾਡਾ ਫ਼ਿਕਰ ਨਾ ਕਰਨਾ -

ਪ੍ਰਸ਼ਨ ਤਾਂ ਠੀਕ ਵੱਡਾ ਹੈ

ਕਿ ਛੱਬੀ ਵਰ੍ਹਿਆਂ ਦੀ ਇਸ ਔੜ ਦੇ ਸਮੇਂ

ਅਸੀਂ ਦੇਸ਼ ਭਗਤ ਕਿਉਂ ਨਾ ਬਣੇ। (110)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਜਮਾਤੀ ਦੁਸ਼ਮਣਾਂ ਤੋਂ ਛੁਟਕਾਰਾਂ ਪਾਉਣ ਲਈ ਸੰਘਰਸ਼ ਨੂੰ ਲਾਜਮੀ ਮੰਨਦੇ ਹਨ। ਇਹ ਕਵੀ ਚੀਨ ਦੇ ਇਨਕਲਾਬ ਨੂੰ ਆਦਰਸ਼ ਵਜੋਂ ਮੰਨਦੇ ਹੋਏ ਮਾਉ-ਜੇ-ਤੁੰਗ ਦੇ ਵਿਚਾਰ 'ਸੱਤਾ ਬੰਦੂਕ ਦੀ ਗੋਲੀ ਵਿਚੋਂ ਨਿਕਲਦੀ ਹੈ' ਤੋਂ ਪ੍ਰਭਾਵ ਕਬੂਲ ਕਰਦੇ ਹਨ। ਇਹ ਕਵੀ ਹਥਿਆਰਬੰਦ ਘੋਲ ਰਾਹੀ ਇਸ ਗੰਧਲੇ ਪ੍ਰਬੰਧ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਅਰਥ ਪੱਧਰ ਤੇ ਵਿਰਲਤਾ ਦੇ ਪੱਖ ਤੋਂ ਇਹਨਾਂ ਕਵੀਆਂ ਦੇ ਕਾਵਿ ਰੂਪ ਨੂੰ ਵਿਚਾਰਿਆ ਜਾ ਸਕਦਾ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਅਸੀਂ ਲੜਾਂਗੇ ਸਾਥੀ ਵਿਚ ਅਰਥ ਪੱਧਰ ਤੇ ਵਿਰਲਤਾ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਜਦੋਂ ਬੰਦੂਕ ਨਾ ਹੋਈ, ਉਦੋਂ ਤਲਵਾਰ ਹੋਵੇਗੀ

ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ

ਲੜਨ ਦੀ ਜਾਂਚ ਨਾ ਹੋਈ, ਲੜਨ ਦੀ ਲੋੜ ਹੋਵੇਗੀ

ਤੇ ਅਸੀਂ ਲੜਾਂਗੇ ਸਾਥੀ ........

ਅਸੀਂ ਲੜਾਂਗੇ

ਕਿ ਲੜਨ ਬਾਝੋਂ ਕੁਝ ਵੀ ਨਹੀਂ ਮਿਲਦਾ

ਅਸੀਂ ਲੜਾਂਗੇ। (84)

ਇਸ ਤਰ੍ਹਾਂ ਜੁਝਾਰਵਾਦੀ ਲਹਿਰ ਨੂੰ ਸਮਰਪਿਤ ਇਹ ਕਵੀ ਸਮਕਾਲੀ ਹਾਕਮ ਜਮਾਤਾਂ ਦੀ ਤਾਕਤ ਵਿਚਕਾਰ ਆਸਾਵਾਂਪਣ ਹੋਣ ਕਾਰਨ ਗੁਰੀਲਾ ਯੁੱਧ ਨੀਤੀ ਵਿਚ ਵਿਸ਼ਵਾਸ਼ ਰੱਖਦੇ ਹਨ। ਲਾਲ ਸਿੰਘ ਦਿਲ

ਆਪਣੀ ਪੁਸਤਕ ***ਨਾਗ ਲੋਕ*** ਦੁਆਰਾ ਰਚਿਤ 'ਉੱਠਣ ਗੁਰੀਲੇ' ਕਾਵਿ ਅਰਥ ਪੱਧਰ ਤੇ ਵਿਰਲਤਾ ਨੂੰ ਬਿਆਨ ਕਰਦਾ ਹੋਇਆ ਹਥਿਆਰਬੰਦ ਯੁੱਧ ਦੀ ਪੇਸ਼ਕਾਰੀ ਕਰਦੇ ਕਹਿੰਦੇ ਹਨ:

ਸੜਕਾਂ ਤੋਂ ਉੱਠਣ ਗੁਰੀਲੇ, ਸਮਾਂ ਕੋਲੋ ਜਾਂਵਦਾ
ਕਿੰਨੀ ਦੇਰ ਢਿੱਡਾਂ ਦੇ ਵਸੀਲੇ, ਸਮਾਂ ਕੋਲੋ ਜਾਂਵਦਾ
ਬੋਰੀਆਂ 'ਚ ਉੱਠਣ ਗੁਰੀਲੇ, ਅਸੀਂ ਨ੍ਹੇਰ ਨਹੀਂਉ ਢੋਵਣੇ
ਅਸੀਂ ਚੁੰਮਣੇ ਨੇ ਸੂਰਜ ਸਜੀਲੇ, ਅਸੀਂ ਨ੍ਹੇਰ ਨਹੀਂਉ ਢੋਵਣੇ
ਮਿੱਟੀ ਵਿਚੋਂ ਉੱਠਣ ਗੁਰੀਲੇ, ਅੱਗ ਦੱਬੀ ਨਹੀਂਉ ਜਾਂਵਦੀ
ਰੋਂਦੇ ਲੰਘੇ ਸੋਣ ਦਰਦੀਲੇ, ਅੱਗ ਦੱਬੀ ਨਹੀਂਉ ਜਾਂਵਦੀ। (125)

ਇਸ ਤਰ੍ਹਾਂ ਅਰਥ ਪੱਧਰ ਤੇ ਵਿਰਲਤਾ ਦੇ ਪੱਖ ਤੋਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਹਥਿਆਰਬੰਦ ਸੰਘਰਸ਼ ਦੇ ਆਦਰਸ਼ ਨੂੰ ਜੁਝਾਰਵਾਦੀ ਲਹਿਰ ਵਿਚੋਂ ਗ੍ਰਹਿਣ ਕਰਦਾ ਹੈ, ਪਰ ਇਸ ਦੀ ਆਧਾਰ ਸਮੱਗਰੀ ਦੁਨੀਆਂ ਭਰ ਵਿਚ ਮਾਰਕਸਵਾਦੀ ਵਿਚਾਰਧਾਰਾ ਤੋਂ ਸੇਧ ਲੈ ਕੇ ਸੰਘਰਸ਼ ਦੇ ਰਾਹ ਉੱਪਰ ਚੱਲਦੀ ਹੈ। ਇਹਨਾਂ ਕਵੀਆਂ ਦੀਆਂ ਰਚਨਾਵਾਂ ਵਿਚ ਸੰਸਾਰ ਪੱਧਰ ਤੇ ਚੱਲ ਰਹੀਆਂ ਸਾਮਰਾਜ ਵਿਰੋਧੀ ਕੌਮੀ ਆਜ਼ਾਦੀ ਦੀਆਂ ਜੰਗਾਂ-ਯੁੱਧਾਂ ਨੂੰ ਭਾਰਤੀ ਇਨਕਲਾਬ ਲਈ ਪ੍ਰੇਰਣਾ ਸ੍ਰੋਤ ਮੰਨਿਆ ਗਿਆ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਇਨਕਲਾਬ ਵਿਰੋਧ ਸਿਰਫ਼ ਹਾਕਮ ਜਮਾਤਾਂ ਤੱਕ ਸੀਮਤ ਨਹੀਂ ਹੈ, ਸਗੋਂ ਉਹ ਸੋਧਵਾਦੀ ਸੇਧ ਲੈਣ ਵਾਲੀਆਂ ਕਮਿਊਨਿਸਟ ਪਾਰਟੀਆਂ ਨੂੰ ਵੀ ਆਪਣੇ ਵਿਅੰਗ ਦਾ ਹਿੱਸਾ ਬਣਾਉਂਦੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਕਾਮਰੇਡਾਂ ਦਾ ਗੀਤ ਵਿਚ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਅਸੀਂ ਕਾਮਰੇਡ ਚੰਗੇ ਵੇ ਲੋਕਾ
ਅਸੀਂ ਕਾਮਰੇਡ ਚੰਗੇ।
ਦੁਸ਼ਮਣ ਦੇ ਤਾਂ ਮਿੱਤਰ ਹੋਏ

ਲੋਕਾਂ ਨਾਲ ਨੇ ਦੰਗੇ ਵੇ ਲੋਕਾ।

ਅਸੀਂ ਕਾਮਰੇਡ...।

ਦੁਨੀਆਂ ਭਰ ਦਾ ਭਾਸ਼ਣ ਦੇਈਏ

ਜਾਨ ਦੇਣ ਤੋਂ ਸੰਗੇ ਵੇ ਲੋਕਾ

ਅਸੀਂ ਕਾਮਰੇਡ...।

ਇਨਕਲਾਬ ਦਾ ਨਾਉਂ ਕਿਉਂ ਲਈਏ

ਇਹ ਤਾਂ ਬਲੀਆਂ ਮੰਗੇ ਵੇ ਲੋਕਾ

ਅਸੀਂ ਕਾਮਰੇਡ....। (188)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਨੇ ਇਤਿਹਾਸ ਵਿਚਲੇ ਬਿੰਬਾਂ ਨੂੰ ਸੁਚੇਤ ਅਤੇ ਅਚੇਤ ਦੋਨਾਂ ਰੂਪਾਂ ਵਿਚ ਵਰਤਿਆਂ ਹੈ। ਇਹਨਾਂ ਕਵੀਆਂ ਨੇ ਇਤਿਹਾਸ ਤੇ ਮਿਥਿਹਾਸ ਦੀ ਨਵੇਂ ਸਿਰਿਉ ਵਿਆਖਿਆ ਕਰਦੇ ਹੋਏ ਬਹੁਤ ਸਾਰੇ ਇਤਿਹਾਸਕ ਅਤੇ ਮਿਥਿਹਾਸਕ ਹਵਾਲਿਆ ਨੂੰ ਉਭਾਰਿਆ ਹੈ। ਇਹਨਾਂ ਕਵੀਆਂ ਦੀਆਂ ਕਵਿਤਾਵਾਂ ਅਰਥ ਪੱਧਰ ਤੇ ਵਿਰਲਤਾ ਸਭਿਆਚਾਰਕ ਵਿਰਸੇ ਦਾ ਵਰਤਮਾਨ ਨਾਲ ਸੰਵਾਦ ਰਚਾਉਂਦੀ ਹੋਈ ਸ਼ੋਸ਼ਿਕ ਜਮਾਤਾਂ ਵਿਰੁੱਧ ਸ਼ੋਸ਼ਿਤ ਜਮਾਤਾਂ ਦੇ ਸੰਘਰਸ਼ ਦਾ ਸਮਰਥਨ ਕਰਦੀ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਦਲਿਤ ਵਰਗ ਦੀ ਸਮਾਜਿਕ ਸਥਿਤੀ-ਪ੍ਰਸਥਿਤੀ ਅਤੇ ਰੁਤਬੇ ਨੂੰ ਬਿਆਨ ਕਰਦੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਜਾਤ ਵਿਚ ਅਰਥ ਪੱਧਰ ਤੇ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਮੈਨੂੰ ਪਿਆਰ ਕਰਦੀਏ

ਪਰ-ਜ਼ਾਤ ਕੁੜੀਏ

ਸਾਡੇ ਸੱਕੇ ਮੁਰਦੇ ਵੀ

ਇਕ ਥਾਂ ਤੇ ਨਹੀਂ ਜਲਾਉਂਦੇ। (64)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਅੱਜ ਦਾ ਦਿਨ ਵਿਚ ਅਰਥ ਪੱਧਰ ਤੇ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਅੱਜ ਦਾ ਦਿਨ ਅਮਰੋ ਚੂਹੜੀ ਦੇ ਗਲ਼ ਪਾਏ ਹੋਏ ਉਤਾਰ ਵਾਂਗ

ਨੰਗੇਜ ਦੀ ਨਮੋਸ਼ੀ ਤਰਦਾ ਪਿਆ ਹੈ। (139)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਦਲਿਤ ਚੇਤਨਾ ਨੂੰ ਦਲਿਤ ਮੁਕਤੀ ਦੇ ਸਫ਼ਰ ਤੱਕ ਲੈ ਕੇ ਜਾਂਦੀ ਹੈ। ਇਹ ਕਾਵਿ ਦਲਿਤ ਲੋਕਾਂ ਤੇ ਹੁੰਦੇ ਸਮਾਜਿਕ ਦਮਨ ਨੂੰ ਨਹੀਂ, ਸਗੋਂ ਉਹਨਾਂ ਦੀ ਨਿਮਨ ਪੱਧਰ ਦੀ ਆਰਥਿਕਤਾ ਨੂੰ ਵੀ ਬਿਆਨ ਕਰਦੀ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਔਰਤ ਦੇ ਭਾਵਾਂ ਦੀ ਵੇਦਨਾਮਈ ਅਰਥਾਂ ਤੋਂ ਉੱਭਰਦੀ ਹੈ। ਇਹਨਾਂ ਕਵੀਆਂ ਦਾ ਕਾਵਿ ਔਰਤ ਦੀ ਮਨਫ਼ੀ ਹੋਈ ਸੰਵੇਦਨਾ ਦਾ ਪ੍ਰਗਟਾਵਾ ਕਰਦਾ ਹੋਇਆ ਪੈਦਾਵਾਰ ਦੇ ਸਾਧਨਾਂ ਵਿਚ ਔਰਤ ਦੀ ਹਿੱਸੇਦਾਰੀ ਦਾ ਵੀ ਪ੍ਰਗਟਾਵਾ ਕਰਦੇ ਹਨ। ਜਿਵੇਂ ਕਿ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਦਾ ਸਪੱਸ਼ਟ ਰੂਪ ਦੇਖਿਆ ਜਾ ਸਕਦਾ ਹੈ । ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਗ਼ਜ਼ਲ ਵਿਚ ਅਰਥ ਪੱਧਰ ਤੇ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਜਾਹ ਸੌਂ ਆਪਣੀ ਝੁੱਗੀ ਵਿਚ, ਨਾ ਪੱਤਣ ‘ਤੇ ਹੋ ਖੁਆਰ

ਤੇਰੀ ਘੁਮਿਆਰੀ ਤਾਂ ਸਾਹਿਬਾਂ ਦੇ ਵਰਗੀ ਨਹੀਂ। (202)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਔਰਤ ਦੇ ਦਮਨ ਨੂੰ ਚਰਚਾ ਦਾ ਵਿਸ਼ਾ ਬਣਾਉਂਦਾ ਹੋਇਆ ਜਾਗੀਰਦਾਰੀ ਸਭਿਆਚਾਰ ਦੀ ਮਿੱਥਾਂ ਨੂੰ ਨਕਾਰਦਾ ਹੈ। ਅਰਥ ਪੱਧਰ ਤੇ ਵਿਰਲਤਾ ਦੇ ਪੱਖ ਤੋਂ ਇਹ ਕਾਵਿ ਔਰਤ ਦੀ ਮਨੁੱਖ ਵਜੋਂ ਮਾਨਤਾ ਸਥਾਪਿਤ ਕਰਨ ਦੀਆਂ ਨਵੀਆਂ ਮਿੱਥਾਂ ਦੀ ਸਿਰਜਣਾ ਕਰਦਾ ਹੈ। ਅਰਥ ਪੱਧਰ ਤੇ ਵਿਰਲਤਾ ਨੂੰ ਉਭਾਰਦਾ ਹੋਇਆ ਲਾਲ ਸਿੰਘ ਦਿਲ ਔਰਤਾਂ ਵਿਚ ਕ੍ਰਾਂਤੀਕਾਰੀ ਬਦਲ ਦੀ ਚੇਤਨਾ ਨੂੰ ਵਿਸਰਜਿਤ ਕਰਦਾ ਹੋਇਆ ਔਰਤ ਦੀ ਕਿਰਤ

ਸ਼ਕਤੀ ਨੂੰ ਕੇਂਦਰ ਵਿਚ ਲਿਆਉਂਦਾ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਅਜੂਬਾ ਵਿਚ ਵਿਰਲਤਾ ਬਾਰੇ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਲੋਕ ਕਹਿਣ ਕਿ ਬਲਦ ਦਿਆਂ ਸਿੰਗਾਂ ਤੇ ਧਰਤੀ
ਮੈਂ ਮੁਨਕਰ ਹਾਂ
ਪਰ ਮੇਰਾ ਵਿਸ਼ਵਾਸ਼ ਅਟੱਲ ਹੈ
ਕਿ ਆਪਣੇ ਹੱਥ ਉੱਤੇ ਧਰਤੀ
ਔਰਤ ਨੇ ਹੈ ਚੁੱਕੀ ਹੋਈ। (139)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਦੇ ਪੱਖ ਤੋਂ ਦਲਿਤ ਸਰੋਕਾਰਾਂ ਦੇ ਨਾਲ-ਨਾਲ ਦਮਿਤ ਸਰੋਕਾਰਾਂ ਨੂੰ ਵੀ ਮੁਖਾਤਿਬ ਹੁੰਦੀ ਹੈ। ਇਸ ਤਰ੍ਹਾਂ ਇਹ ਕਾਵਿ ਉਹਨਾਂ ਹਾਸ਼ੀਆਗਤ ਧਿਰਾਂ ਨੂੰ ਕੇਂਦਰ ਵਿਚ ਰੱਖ ਕੇ ਵਿਚਾਰਦੀ ਹੈ, ਜਿਹਨਾਂ ਦਾ ਜਿਕਰ ਪੰਜਾਬੀ ਸਾਹਿਤ ਵਿਚ ਵਿਰਲਾ ਹੀ ਮਿਲਦਾ ਹੈ। ਸਮਾਜ ਵਿਚ ਪੱਛੜੀਆਂ ਸ਼੍ਰੈਣੀਆਂ ਜਿਵੇਂ ਆਦਿਵਾਸੀ, ਹਿਜੜੇ, ਔਰਤ, ਵੇਸਵਾ ਔਰਤ ਆਦਿ ਨੂੰ ਹਰ ਪੱਧਰ ਉੱਤੇ ਹਾਸ਼ੀਏ ਤੇ ਧੱਕ ਦਿੱਤਾ ਗਿਆ ਹੈ। ਇਹਨਾਂ ਦੀ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਿਕ ਵਿਵਸਥਾ ਵਿਚ ਕੋਈ ਸੁਤੰਤਰ ਹੋਂਦ ਨਹੀਂ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਅਰਥ ਪੱਧਰ ਤੇ ਵਿਰਲਤਾ ਤੋਂ ਇਹਨਾਂ ਦੇ ਜੀਵਨ ਸੱਚ ਨੂੰ ਕਾਵਿ ਸੱਚ ਦਾ ਹਿੱਸਾ ਬਣਾ ਕੇ ਪੇਸ਼ ਕਰਦਾ ਹੈ। ਸੋ ਕਿਹਾ ਜਾ ਸਕਦਾ ਹੈ ਕਿ ਅਜਿਹੇ ਕਵੀ ਜਿਹੜੇ ਆਪਣੇ ਕਾਵਿ ਵਿਚ ਸੰਵੇਦਨਸ਼ੀਲ ਅਤੇ ਤਰਕਪੂਰਨ ਢੰਗ ਅਨੁਸਾਰ ਦਮਿਤ ਸਰੋਕਾਰਾਂ ਨੂੰ ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਅਰਥ ਪੱਧਰ ਤੇ ਵਿਰਲਤਾ ਦੇ ਧਾਰਨੀ ਹੁੰਦੇ ਹੋਏ ਮੁਖਾਤਿਬ ਹੁੰਦੇ ਹਨ।

**5.3 ਸਮਾਸ ਪੱਧਰ ਤੇ ਵਿਰਲਤਾ**: ਅਰਥ ਪੱਧਰ ਦੀ ਵਿਰਲਤਾ ਤੋਂ ਬਾਅਦ ਸਮਾਸੀ ਰੂਪਾਂ ਦੀ ਵਿਰਲਤਾ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਇਆ ਹੈ। ਪੰਜਾਬੀ ਸਾਹਿਤ ਜਗਤ ਵਿਚ ਉਹਨਾਂ ਵਲੋਂ ਰਚੇ ਸਮਾਸ ਕਿਤੇ ਵੀ ਨਹੀਂ ਮਿਲਦੇ। ਉਪਰੋਕਤ ਵਿਚਾਰਧਾਰਾ ਤੋਂ ਬਾਅਦ ਅਗਲੀ ਸ਼੍ਰੇਣੀ ਸਮਾਸ ਰਚਨਾ ਨਾਲ ਸਬੰਧਿਤ

ਹੈ, ਜਿਸ ਵਿਚ ਪਹਿਲਾ ਇਹ ਜਾਨਣਾ ਹੈ ਕਿ ਸਮਾਸ ਕਿਸ ਨੂੰ ਕਿਹਾ ਜਾਂਦਾ ਹੈ? ਵਰਗ-ਵੰਡ ਦੇ ਆਧਾਰ ਤੇ ਸਮਾਸ ਕਿੰਨੇ ਪ੍ਰਕਾਰ ਦੇ ਹੁੰਦੇ ਹਨ? ਆਦਿ ਨੂੰ ਜਾਣਨਾ ਲਾਜ਼ਮੀ ਹੈ। ਮੂਲ ਰੂਪ ਵਿਚ ਸਮਾਸ ਦਾ ਸ਼ਾਬਦਿਕ ਅਰਥ ਜੋੜਨਾ ਜਾਂ ਸੰਖੇਪ ਕਰਨਾ ਹੈ। ਜਦੋਂ ਦੋ ਜਾਂ ਦੋ ਤੋਂ ਵਧੇਰੇ ਧਾਤੂ ਸਮਾਸ ਵਿਧੀ ਜਾਂ ਤਕਨੀਕ ਅਨੁਸਾਰ ਨਵੀਨ ਸ਼ਬਦ ਦੀ ਰਚਨਾ ਕਰਦੇ ਹਨ ਤਾਂ ਉਹ ਸਮਾਸੀ ਸ਼ਬਦ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਤਰ੍ਹਾਂ ਇਹ ਨਵੀਨ ਨਿਰਮਾਣ ਸ਼ਾਬਦਿਕ ਸਿਰਜਣਾ ਇਕ ਸ਼ਬਦ ਦੇ ਮੂਲ ਤੌਰ ਤੇ ਕਾਰਜ ਕਰਦਾ ਹੈ। ਅਜਿਹੀ ਵਿਚਾਰ-ਚਰਚਾ ਤੋਂ ਇਹ ਮੰਨਿਆ ਜਾਂਦਾ ਹੈ ਕਿ ਸਮਾਸੀ ਸ਼ਬਦਾਂ ਨੂੰ ਸ਼ਬਦ ਸਿਰਜਣਾ ਦਾ ਢੰਗ ਜਾਂ ਤਕਨੀਕੀ ਰੂਪ ਕਿਹਾ ਜਾਣਾ ਚਾਹੀਦਾ ਹੈ। ਜਿਵੇਂ ਕਿ ਮੂਲ ਸ਼ਬਦ ਅਤੇ ਰਚਿਤ ਸ਼ਬਦ, ਰਚਿਤ ਸ਼ਬਦਾਂ ਦੀਆਂ ਅੱਗੇ ਦੋ ਸ਼੍ਰੇਣੀਆਂ ਨਿਰਧਾਰਿਤ ਕੀਤੀਆਂ ਗਈਆਂ ਹਨ। ਸਮਾਸੀ ਸ਼ਬਦ ਰਚਨਾ ਅਤੇ ਉਤਪੰਨ ਸ਼ਬਦ ਰਚਨਾ, ਸਮਾਸੀ ਸ਼ਬਦ ਰਚਨਾ ਵਿਚ ਸਮਾਸਾਂ ਦੀ ਗੱਲ ਕੀਤੀ ਜਾਂਦੀ ਹੈ ਅਤੇ ਉਤਪੰਨ ਸ਼ਬਦ ਰਚਨਾ ਵਿਚ ਅਗੇਤਰ, ਵਧੇਤਰ ਅਤੇ ਪਿਛੇਤਰ ਦਾ ਜਿਕਰ ਆਉਂਦਾ ਹੈ। ਇਸ ਤਰ੍ਹਾਂ ਸਮਾਸ ਰਚਨਾ ਦੀ ਵਰਗ-ਵੰਡ 6 ਪ੍ਰਕਾਰ ਦੀ ਹੁੰਦੀ ਹੈ ਜਿਵੇਂ ਕਿ:

1. ਇਕ ਅਰਥ ਵਾਲੇ ਸ਼ਬਦ
2. ਵਿਰੋਧੀ ਅਰਥ ਵਾਲੇ ਸ਼ਬਦ-ਜੋੜੇ
3. ਇਕ ਸ਼੍ਰੇਣੀ ਦੇ ਦੋ ਸ਼ਬਦ ਰੂਪਾਂ ਵਜੋਂ ਵਰਤੋਂ
4. ਇਕ ਸ਼ਬਦ ਦਾ ਦੁਹਰਾਓ ਰੂਪ
5. ਸਾਧਾਰਣ ਸ਼ਬਦ ਜੋੜ ਕੇ ਸਮਾਸ ਸਿਰਜਣਾ
6. ਵਾਧੂ ਸਵਰਾਂ ਰਾਹੀਂ ਸਮਾਸ ਸਿਰਜਣਾ ਆਦਿ।

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਵਿਚ ਸਮਾਸੀ ਸ਼ਬਦ ਵਿਸ਼ੇਸ਼ ਧਿਆਨ ਖਿੱਚਦੇ ਹਨ, ਜਿਹੜੇ ਸਮੁੱਚੇ ਕਾਵਿ ਵਿਚ ਸੁਹਜ, ਸੰਵੇਦਨਾਂ, ਰੋਹ-ਵਿਦਰੋਹ, ਕ੍ਰਾਂਤੀ, ਯਥਾਰਥ, ਸੰਘਰਸ਼ ਆਦਿ ਭਾਵ ਪੈਦਾ ਕਰਦੇ ਹਨ।

**5.4 ਨਵੇਂ ਸਮਾਸ ਸ਼ਬਦਾਂ ਰਾਹੀਂ ਵਿਰਲਤਾ:** ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਵਿਚ ਵਰਤੇ ਸਮਾਸ ਸੰਪੂਰਨ ਪੰਜਾਬੀ ਸਾਹਿਤ ਜਗਤ ਵਿਚ ਨਹੀਂ ਵਰਤੇ ਗਏ, ਪਰ ਜੇਕਰ ਵਰਤੇ ਵੀ ਗਏ ਹਨ ਤਾਂ ਬਹੁਤ ਵਿਰਲ ਰੂਪ ਵਿਚ ਵਰਤੇ ਗਏ ਹਨ। ਇਸ ਕਰਕੇ ਹੀ ਇਸ ਨੂੰ ਸ਼ੈਲੀ ਵਿਗਿਆਨ ਦੇ ਪੱਧਰ ਵਿਰਲਤਾ ਸ਼੍ਰੇਣੀ ਵਿਚ ਰੱਖਿਆ ਗਿਆ ਹੈ, ਜਿਹੜੀ ਆਪਣੀ ਇਕ ਵਿਲੱਖਣ ਸ਼੍ਰੇਣੀ ਦੀ ਧਾਰਨੀ ਹੁੰਦੀ ਹੈ। ਹੇਠ ਲਿਖੇ ਅਨੁਸਾਰ ਸਾਰੇ ਸਮਾਸ ਵੱਖਰੀ-ਵੱਖਰੀ ਸ਼ਬਦ ਸ਼੍ਰੇਣੀ ਨਾਲ ਸਬੰਧ ਰੱਖਦੇ ਹਨ, ਜਿੰਨ੍ਹਾਂ ਵਿਚੋਂ ਨਾਵ+ਨਾਂਵ, ਵਿਸ਼ੇਸ਼ਣ+ਨਾਂਵ, ਕਿਰਿਆ ਵਿਸ਼ੇਸ਼ਣ+ਨਾਂਵ ਨਾਲ ਸਬੰਧ ਰੱਖਦੇ ਹਨ, ਪਰੰਤੂ ਕੁਝ ਵਿਸ਼ੇਸ਼ਣ+ਵਿਸ਼ੇਸ਼ਤਾ ਨਾਲ ਵੀ ਸਬੰਧ ਰੱਖਦੇ ਹਨ, ਜਿੰਨ੍ਹਾਂ ਨੂੰ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੇ ਸਾਰੇ ਕਾਵਿ ਵਿਚੋਂ ਚੋਣਵੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਜਿਹੜੇ ਨਵੇਂ ਰੂਪ ਵਾਲੇ ਸਮਾਸ ਹਨ। ਜਿਵੇਂ ਕਿ:

| | | |
|---|---|---|
| (ਅਵਤਾਰ ਸਿੰਘ ਪਾਸ਼) | ਜ਼ਿੰਦਗੀ | ਖ਼ੁਦਕੁਸ਼ੀ |
| | ਮੌਤ | ਮਰਨ |
| | ਚਿੱਤ | ਚੇਤਾ |
| | ਅੰਨ | ਉੱਗਦਾ |
| | ਬੇਦਾਵਾ | ਲਿਖ |
| | ਨੌਂਆਂ | ਮਹੀਨਿਆਂ |
| | ਪਸਤੌਲਾਂ | ਬੰਦੂਕਾਂ |
| | ਜੂਨ | ਭੋਗੀ, ਭੋਗਣ |
| | ਯੁੱਗ | ਬਦਲ |
| | ਵਰਤਮਾਨ | ਮਿਥਿਹਾਸ |
| | ਕਚਹਿਰੀਆਂ | ਬੱਸ ਅੱਡਿਆਂ |

ਡਾਇਰੀਆਂ ਤਸਵੀਰਾਂ

ਰੁਤਬਾ ਬਦਨਾਮ

ਨੰਗੀਆਂ ਤੰਬੇ

ਬਹੁਤ ਸੋਹਣਾ

ਨਦੀ ਸਿੰਮਦੀ

ਚਿਹਰੇ ਨਿਸ਼ਾਨ

ਬਦਸੂਰਤ ਖ਼ੂਬਸੂਰਤ

ਜੰਮਿਆ ਜਿਊਣ

ਮੋੜ ਮੁੜ

ਜ਼ਖਮੀ ਜਿਸਮ

ਕਾਤਲ ਡਾਕੂ

ਸੰਘ ਘੁੱਟ

ਡਾਈਨਿੰਗ ਟੇਬਲ

ਪੜ੍ਹਿਆਂ ਲਿਖਿਆਂ

ਅਪਮਾਨ ਆਦਰ

ਸਹਿਮਦੇ ਤ੍ਰਭਕਦੇ

ਨੇਰ੍ਹੀਆਂ ਰੌਸ਼ਨੀ

ਚਾਨਣੇ ਬੇਚਾਨਣੇ

ਦੇਹ ਅਕਾਰ

ਅਮਰੀਕਾ ਦਿੱਲੀ

| | |
|---|---|
| ਮਾਰੂਥਲ | ਜੰਗਲ |
| ਨੈਪੋਲੀਅਨ | ਚੰਗੇਜ਼ ਖਾਂ |
| ਤੇੜ | ਜਾਂਘੀਆਂ |
| ਦੱਬੇ | ਉੱਗ |
| ਕਹਿਣ | ਪੁੱਛਦਾ |
| ਸੱਚ | ਝੂਠ |
| ਗਿਣਦਾ | ਨਾਪ |
| ਪੱਤਝੜ | ਬਸੰਤ |
| ਪਜਾਮਿਆਂ | ਸਲਵਾਰਾਂ |
| ਸੌਂਦੇ | ਉੱਠਦੇ |
| ਸਵੇਰ,ਦਿਨ | ਰਾਤ |
| ਬੁੱਸ | ਮੁਸ਼ਕ |
| ਹਾਕਲ | ਬਾਕਲ |
| ਘੋਗੇ | ਅਮੀਬਾ |
| ਵਾਟ | ਕਦਮ |
| ਮਾਸ਼ੂਕ | ਮਹਿਬੂਬ |
| ਅਭਿਮਾਨ | ਵਿਮਾਨ |
| ਜਨਮ | ਮੌਤ |
| ਰੰਗ | ਬਦਰੰਗ |
| ਬਾਤਾਂ | ਗੱਲਾਂ |

| | |
|---|---|
| ਵੇਲਾ | ਵਕਤ |
| ਵਧਣ | ਗੁਜ਼ਰਦਾ |
| ਝੁੱਗੀਆਂ | ਛੱਪਰਾਂ |
| ਅਮਲੀ | ਫ਼ੀਮ |
| ਸ਼ਾਹ | ਦਮ |
| ਦਾਅਵਤ | ਨੁਮਾਇਸ਼ |
| ਵਾਰਸ | ਵੀਅਤਨਾਮ |
| ਤੀਰ | ਤਲਵਾਰ |
| ਸੱਤ-ਇਕਵੰਜਾ | ਮੁਦੱਈ |
| ਹੱਕ | ਵਿਦਰੋਹ |
| ਰੋਜ਼ | ਨਿੱਤ |
| ਮਨਸੂਰ | ਸੂਲੀ |
| ਸ਼ਾਂਤ | ਖੌਰੂ |
| ਪਰਖ | ਨਲੀ |
| ਗੁੰਮਰਾਹ | ਵਸਾਹ |
| ਯਾਰ | ਰਹਿਨੁਮਾ |
| ਬਹਿਸ | ਝਗੜਾ |
| ਖੁਸ਼ | ਉਦਾਸ |
| ਤਾਰੇ | ਚੰਨ |
| ਪੱਥਰ | ਅਪੋਲੋ |

| | |
|---|---|
| ਰਾਤ | ਹਨੇਰ੍ਹੇ |
| ਪਰੇਮ | ਖੇਮ |
| ਕਿਰਚ | ਮੂੰਹੋਂ |
| ਲਹੂ | ਕਤਰਾ |
| ਚੰਨ | ਚਮਕਣਾ |
| ਮੁੜ | ਪਰਤ |
| ਚੱਕਰ | ਵਿਊ |
| ਘਣ | ਚੱਕਰ |
| ਚੁਰਾਸੀ | ਚੱਕਰ |
| ਪੈੱਨ | ਸਿਆਹੀ |
| ਕੱਲਰ | ਭੌਂ |
| ਦਰਦ | ਮੰਦਾਂ |
| ਕੁਰਲਾਹਟਾਂ | ਚੀਕਾਂ |
| ਦਰਦ | ਚੀਸਾਂ |
| ਸੁੱਕੇ | ਬਹਾਰ |
| ਸੜ | ਭਸਮ |
| ਖ਼ੁਸਬੂ | ਮਹਿਕ |
| ਢਿੱਡ | ਪੇਟ |
| ਕਲਮ | ਸ਼ਾਇਰ |
| ਲੁੱਟ | ਲੋਟੂ |

| | |
|---|---|
| ਚਾਅ | ਖ਼ੁਸੀ |
| ਤਾਰੇ | ਅੰਬਰ |
| ਬੋਅ | ਬੁਦਬੂ |
| ਹੁਕਮ | ਹਕੂਮਤ |
| ਜ਼ਿਆਦਾ | ਬਾਹਲਾ |
| ਦੁਸ਼ਮਣ | ਦੋਸਤ |
| ਲਾਗੀਆਂ | ਲਾਗ |
| ਅਰਥ | ਅਨਰਥ |
| ਘੁਮਿਆਰ | ਚੱਕ |
| ਕੁੱਕੜ | ਬਾਂਗ |
| ਡੂੰਮਣੇ | ਮੱਖੀ |
| ਧੀਆਂ | ਕੰਜਕ |
| ਕਰੜੀ | ਬਰੜੀ |
| ਚੜ੍ਹਦਾ | ਲਹਿੰਦਾ |
| ਰਾਤ | ਬਰਾਤੇ |
| ਨਰਮਾ | ਟੀਡਾ |
| ਚੋਗ | ਚੁੰਝ |
| ਬੂਹਾ | ਤਾਲਾ |
| ਮੀਂਹ | ਵਰਦਾ |
| ਡੁੱਬਣਾ | ਤਰਨਾ |

| | |
|---|---|
| ਉੱਧੜੇ | ਗੁੱਧੜੇ |
| ਬੰਗਾਲ | ਕੇਰਲਾ |
| ਨੈਣ | ਨੀਂਦ |
| ਪਹਿਲਵਾਨ | ਲੰਗੋਟ |
| ਪਿੰਡ | ਸ਼ਹਿਰ |
| ਰਾਜਾ | ਕਾਂਗਲਾ |
| ਸਵਰਗ | ਧਰਮਰਾਜ |
| ਮਾਵਾਂ | ਧੀਆਂ |

(ਲਾਲ ਸਿੰਘ ਦਿਲ)

ਅਵਤਾਰ ਸਿੰਘ ਪਾਸ਼

| | |
|---|---|
| ਹੱਥ | ਕੜੀ |
| ਮੂੰਹ | ਰੱਖਾਈ |
| ਨੀਂਦਰ | ਪਿਆਸੇ |
| ਅਰਧ | ਅੰਗੀ |
| ਮਾਰ | ਖ਼ੋਰਾ |
| ਮਹਾਂ | ਦੁਸ਼ਮਣ |
| ਇੰਦਰ | ਧਨੁਸ਼ |
| ਵਿੰਗ | ਤੜਿੰਗੀ |
| ਸੋਨ | ਚਿੜੀਆਂ |
| ਘਟਾ | ਟੋਪ |
| ਅਣ | ਉਦਘਾਟਨੇ |

| | | |
|---|---|---|
| | ਅਣ | ਟੋਹੀਆਂ |
| | ਅਣ | ਸੱਚਾਈਆਂ |
| | ਘੁਸ | ਮੁਸੇ |
| | ਅਰਥ | ਹੀਣ |
| | ਹੱਟੀ | ਭੱਠੀ |
| | ਦਿਸ | ਹੱਦੇ |
| | ਅੱਧੀ | ਰਾਤੇ |
| | ਮੁੜ੍ਹਕੋ | ਮੁੜ੍ਹਕੀ |
| | ਰੁੰਡ | ਮਰੁੰਡੇ |
| | ਸਾਦ | ਮੁਰਾਦੇ |
| ਲਾਲ ਸਿੰਘ ਦਿਲ | ਅ | ਸਾਥੋਂ |
| | ਅ | ਸਾਡੀ |
| | ਮੋਨਾ | ਲੀਜ਼ਾ |
| | ਅੱਧ | ਸੁੱਤਾ |
| | ਦੁਰ | ਗੰਧ |
| | ਗਰ | ਦਨ |

**5.5 ਦੋ ਸਮ ਸ਼ਬਦੀ ਜੋੜਨੀ ਵਾਲੇ ਸਮਾਸ ਸ਼ਬਦਾਂ ਵਿੱਚ ਵਿਰਲਤਾ:** ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਵਿਚ ਕੁਝ ਅਜਿਹੇ ਸਮਾਸਾਂ ਦੀ ਵਰਤੋਂ ਕੀਤੀ ਗਈ ਹੈ, ਜਿਹੜੇ ਪੂਰੇ ਸ਼ਬਦਾਂ ਰਾਹੀਂ ਲਿਖੇ ਜਾਂਦੇ ਹਨ, ਪ੍ਰੰਤੂ ਉਹਨਾਂ ਨੇ ਆਪਣੀਆਂ ਰਚਨਾਵਾਂ ਵਿਚ ਅਜਿਹੇ ਸਮਾਸਾਂ ਦੀ ਵਰਤੋਂ ਸ਼ਬਦਾਂ ਨੂੰ ਆਪਸ

ਵਿਚ ਜੋੜਨ ਲਈ ਕੀਤੀ ਹੈ ਜਿਵੇਂ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਵਿਚ ਜੋੜਨੀ ਰਾਹੀਂ ਵਰਤੀ ਸਮਾਸ ਵਿਰਲਤਾ ਸਪੱਸ਼ਟ ਦਿਖਾਈ ਦਿੰਦੀ ਹੈ:

ਅਵਤਾਰ ਸਿੰਘ ਪਾਸ਼ ਟਪੂੰ-ਟਪੂੰ (121)

ਸ਼ਹਿਰ-ਸ਼ਹਿਰ (171)

ਵਿੱਚ-ਵਿੱਚ

ਮਾਰੋ-ਮਾਰੋ

ਚੁਣ-ਚੁਣ (207)

ਘਰ-ਘਰ

ਟੁੱਟ-ਟੁੱਟ

ਖੋਹ-ਖੋਹ

ਖਿੱਚ-ਖਿੱਚ

ਦਰ-ਦਰ

ਬਾਬੂ-ਬਾਬੂ (209)

ਆਲ਼ੇ-ਆਲ਼ੇ

ਬੋਹਟੀ-ਬੋਹਟੀ (210)

ਨਿੱਕੀਆ-ਨਿਕੀਆ (233)

ਨਿੱਕੀ-ਨਿੱਕੀ (244)

**5.6 ਜੋੜਨੀ ਤੋਂ ਬਿਨਾ ਸਮਾਸੀ ਸ਼ਬਦਾਂ ਵਿਚ ਵਿਰਲਤਾ :**

ਲਾਲ ਸਿੰਘ ਦਿਲ

1. ਘਸ ਘਸ (45)
2. ਸੋਹਣੇ ਸੋਹਣੇ (62)

3. ਕਾਲੇ ਕਾਲੇ(62)

4. ਸਾਰਾ ਸਾਰਾ (63)

5. ਬਿਰਹਾ-ਬਿਰਹਾ (65)

6. ਅੰਗ ਅੰਗ (91)

7. ਸ਼ਹਿਰ ਸ਼ਹਿਰ (91)

8. ਦੂਰ ਦੂਰ (91)

9. ਸੂਹੀ ਸੂਹੀ (92)

10. ਕਾਲੇ ਕਾਲੇ (92)

11. ਬਣ ਬਣ (108)

12. ਮਰ ਮਰ (118)

13. ਅਗਾਂਹ ਅਗਾਂਹ (133)

14. ਮਹਿਕ ਮਹਿਕ (133)

15. ਭਾਲ ਭਾਲ (145)

16. ਭੁੱਲੇ ਭੁੱਲੇ (146)

17. ਨਿੱਤ ਨਿੱਤ (156)

18. ਮਰਦੀ ਮਰਦੀ (156)

19. ਟੱਪ ਟੱਪ (158)

20. ਨਜਰ ਨਜਰ (172)

21. ਹੌਲੀ ਹੌਲੀ (181)

22. ਦੂਰ ਦੂਰ (182)

23. ਟੁੱਟ ਟੁੱਟ (185)

24. ਉਲਟ ਉਲਟ (185)

25. ਰਾਤ ਰਾਤ (185)

26. ਜੁਦਾ ਜੁਦਾ (189)

27. ਰੱਬ ਰੱਬ (194)

28. ਚੁੰਮ ਚੁੰਮ (194)

29. ਪਲ ਪਲ (211)

30. ਤੁਪਕਾ ਤੁਪਕਾ (214)

31. ਭਰ ਭਰ (214)

32. ਟਿੱਕ ਟਿੱਕ (214)

33. ਤਿੜ ਤਿੜ (214)

34. ਛੇੜ ਛੇੜ (218)

ਅਵਤਾਰ ਸਿੰਘ ਪਾਸ਼

ਰੀਂਗ ਰੀਂਗ (43)

ਕੱਟ ਕੱਟ (43)

ਮਲ਼ ਮਲ਼ (97)

ਚਰ ਚਰ (111)

| | |
|---|---|
| ਚੁੱਪ | ਚੁੱਪ (111) |
| ਫਿਰ | ਫਿਰ (121) |
| ਸੁੰਘ | ਸੁੰਘ (121) |
| ਜੋੜ | ਜੋੜ (169) |
| ਨਿੱਕੀਆ | ਨਿੱਕੀਆ (233) |
| ਟੋਹ | ਟੋਹ (244) |

**5.7 ਸਧਾਰਣ ਸ਼ਬਦਾਂ ਰਾਹੀਂ ਸਮਾਸ ਵਿਰਲਤਾ**

ਉਹ ਸ਼ਬਦਾਂਵਲੀ ਜਿਨ੍ਹਾਂ ਵਿਚ ਕੁਝ ਸਧਾਰਣ ਰੂਪਾਂ ਰਾਹੀਂ ਜਾਂ ਇਕ ਸ਼ਬਦ ਦਾ ਅਰਥ ਦੂਜੇ ਰਾਹੀਂ ਲਿਆ ਜਾਂਦਾ ਹੈ

ਲਾਲ ਸਿੰਘ ਦਿਲ ਅੱਧ-ਭੁੱਖਾ (47)

ਅੱਧ-ਸੁੱਤਾ (47)

ਮਹਾਂ-ਪੁਰਸ਼ਾਂ (64)

ਪਰ-ਜ਼ਾਤ (64)

ਹੀਰੇ-ਜੜਿਆ (69)

ਦਾਤੀ-ਥੋੜ੍ਹੀਆਂ (96)

ਦਿਨ-ਭਰ (102)

ਫਲ-ਬਰੁਸ (104)

ਖੁਲ੍ਹਾ-ਡੁੱਲ੍ਹਾ (121)

ਹੱਲਾ-ਗੁੱਲਾ (121)

ਅਵਤਾਰ ਸਿੰਘ ਪਾਸ਼


ਪਿਤਾ-ਭੂਮੀ (52)

ਜੀਵਨ-ਸਾਥੀ (55)

ਮਾਂ-ਪੇ (55)

ਲਾਲ-ਪਗੜੀਆਂ (69)

ਖੂਨ-ਲਿੱਬੜੇ (74)

ਪਿੱਤਰੀ-ਫਰਜ਼ (79)

ਸਫ਼ਰ- ਧੂੜ (80)

ਬੇ-ਸ਼ਿਕਵਾ (81)

ਹਥ-ਕੜੀ (82)

ਚੁਰਾਸੀ-ਚੱਕਰ (85)

ਲੋਹ-ਕਥਾ (87)

ਲਹੂ- ਗੁੰਨੀ (88)

ਸੁਹਜ-ਸ਼ਾਸਤਰ (90)

ਤਿੱਤਰ-ਖੰਭੀ (102)

ਸੱਚੀ-ਮੁੱਚੀ (134)

ਗੈਰ-ਹਾਜ਼ਰੀ (137)

ਹੱਡ-ਰੋੜੀ (145)

ਮੁਲੈਮ-ਬੱਟਾ (145)

ਬੇ-ਸਿਆਣੀ (145)

ਬੇ-ਰੱਟਣੇ (145)

ਕੰਨ-ਰਸੀ (151)

ਜਵਾਰ-ਭਾਟਾ (174)

ਬੇ-ਘਰੇ (174)

ਧਰਮ-ਗੁਰੂ (251)

ਲੋਕ-ਯੁੱਧ (255)

ਲਾਲ ਸਿੰਘ ਦਿਲ ਵਾਟਰ-ਹਾਊਸ (78)

ਸ਼ਬਦ-ਕੋਸ਼ (79)

ਅੱਧ-ਪਚੱਧ (211)

**5.8 ਨਵੇਂ ਸ਼ਬਦਾਂ ਦੀ ਸੂਚੀ**

ਤਿਗੜਮ (50)

ਚੌਫਾਲ (51)

ਨਿੱਸਲ (51)

ਸਜਿੰਦ (51)

ਸ਼ੋਖ (51)

ਬੇਲਿਹਾਜ (60)

ਦਿਲਫਰੇਬ (65)

ਸਬੱਬ (65)

ਕਾਹਤੋਂ (65)

ਜਵਾਕੜੀ (139)

ਸੰਝ (139)

ਰੀਂਘਦੇ (148)

ਪਰਾਰ (235)

ਸੁਵਿਧਾਮਈ (250)

ਉਪਰੋਕਤ ਕਵੀਆਂ ਨੇ ਕਵਿਤਾਵਾਂ ਵਿੱਚ ਆਪਣਾ ਵਿਲੱਖਣਮਈ ਪ੍ਰਭਾਵ ਛੱਡਣ ਲਈ ਨਵੇਂ ਸ਼ਬਦਾਂ ਦੀ ਸਿਰਜਣਾ ਕਰਕੇ ਆਪਣਾ ਵਿਲੱਖਣ ਪ੍ਰਭਾਵ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਤਰ੍ਹਾਂ ਅਜਿਹੀ ਸ਼ਬਦਾਵਲੀ ਜਿਸ ਨੂੰ ਇਕੱਤਰ ਰੂਪ ਵਿਚ ਜੋੜ ਕੇ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਕਾਵਿ ਰੂਪ ਜੋੜਨੀ ਦੀ ਵਰਤੋਂ ਕਰਕੇ ਵਿਉਂਤਿਆ ਜਾਂ ਲਿਖਿਆ ਹੈ, ਜਿਹੜੀ ਇਕ ਵਿਲੱਖਣ ਸ਼੍ਰੇਣੀ ਦੇ ਧਾਰਨੀ ਸ਼ਬਦਾਂ ਵਜੋਂ ਮਹੱਤਵਪੂਰਨ ਮੰਨੇ ਜਾਂਦੇ ਹਨ।

ਉਪਰੋਕਤ ਚਰਚਾ ਦੇ ਆਧਾਰ ਕਿਹਾ ਜਾ ਸਕਦਾ ਹੈ ਕਿ ਅਰਥ ਪੱਧਰ ਉੱਤੇ ਵਿਰਲਤਾ ਅਤੇ ਸਮਾਸ ਪੱਧਰ ਉੱਤੇ ਵਿਰਲਤਾ ਦੋਨੋਂ ਹੀ ਵਿਸ਼ੇਸ਼ ਤੇ ਵਿਲੱਖਣ ਰੂਪ ਦੇ ਧਾਰਨੀ ਹਨ। ਜਿੱਥੇ ਅਰਥ ਪੱਧਰ ਉੱਤੇ ਅਰਥਾਂ ਨੂੰ ਵਿਸ਼ੇਸ਼ ਤੇ ਵਿਲੱਖਣ ਕਿਸਮ ਵਜੋਂ ਮੰਨਿਆ ਜਾਂਦਾ ਹੈ, ਉੱਥੇ ਸਮਾਸ ਰਚਨਾ ਰਾਹੀਂ ਸਮਾਸਾਂ ਨੂੰ ਵੀ ਵਿਸ਼ੇਸ਼ ਤੇ ਵਿਲੱਖਣ ਸ਼੍ਰੇਣੀ ਵਜੋਂ ਵਰਤਿਆ ਜਾਂਦਾ ਹੈ। ਮੂਲ ਰੂਪ ਵਿਚ ਵਿਰਲਤਾ ਕਿਸੇ ਵੀ ਰਚਨਾ ਵਿਚ ਸਿਰਫ ਇਕੋ ਵਾਰ ਹੀ ਮਿਲਦੀ ਹੈ। ਦੂਜੀ ਵਾਰ ਨਾ ਹੀ ਉਸ ਰਚਨਾ ਵਿਚ ਅਤੇ ਨਾ ਹੀ ਪੂਰੇ ਕਾਵਿ-ਸੰਗ੍ਰਹਿ ਵਿਚ ਮਿਲਦੇ ਹਨ, ਸਗੋਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦਾ ਪੰਜਾਬੀ ਸਾਹਿਤ ਜਗਤ ਵਿਚ ਇਕ ਵਿਸ਼ੇਸ਼ ਤੇ ਵਿਲੱਖਣ ਯੋਗਦਾਨ ਸਥਾਪਤ ਹੈ । ਇਸ ਤਰ੍ਹਾਂ ਜਿੱਥੇ ਇਹਨਾਂ ਦੋਵਾਂ ਕਵੀਆਂ ਦੇ ਕਾਵਿ ਦੀ ਨਿਵੇਕਲੀ ਸ਼ਬਦ ਸਿਰਜਣਾ ਮਿਲਦੀ ਹੈ, ਉੱਥੇ ਨਵੇਂ ਸ਼ਬਦਾਂ ਰਾਹੀਂ ਸਮਾਸੀ ਵਿਰਲਤਾ, ਦੋ ਸਮ ਸ਼ਬਦੀ ਜੋੜਨੀ ਵਾਲੇ ਸਮਾਸ ਸ਼ਬਦਾਂ ਵਿੱਚ ਵਿਰਲਤਾ, ਜੋੜਨੀ ਤੋਂ ਬਿਨਾ ਸਮਾਸੀ ਸ਼ਬਦਾਂ ਵਿਚ ਵਿਰਲਤਾ, ਸਧਾਰਣ ਸ਼ਬਦਾਂ ਰਾਹੀਂ ਸਮਾਸ ਵਿਰਲਤਾ, ਨਵੇਂ ਸ਼ਬਦਾਂ ਦੀ ਸੂਚੀ ਸਮਾਸਾਂ ਦੀਆਂ ਨਵੀਆਂ ਸ਼੍ਰੇਣੀਆਂ ਵੀ ਉਭਰਦੀਆਂ ਹਨ।

## ਅਧਿਆਇ ਛੇਵਾਂ

## ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ : ਵਿਭਿੰਨ ਸ਼ੈਲੀਆਂ

ਸ਼ੈਲੀ ਕਿਸੇ ਵਿਅਕਤੀ ਦਾ ਲਿਖਣ ਦਾ ਢੰਗ ਹੁੰਦਾ ਹੈ। ਇਸ ਨੂੰ ਹਿੰਦੀ ਵਿੱਚ 'ਰੀਤੀ' ਅਤੇ ਅੰਗਰੇਜ਼ੀ ਵਿੱਚ ਸਟਾਇਲ (Style) ਆਖਿਆ ਜਾਂਦਾ ਹੈ। ਭਾਸ਼ਾ ਦੇ ਜਿਸ ਕਲਾਤਮਕ ਢੰਗ ਨਾਲ ਭਾਵਾਂ ਦੀ ਪੇਸ਼ਕਾਰੀ ਹੁੰਦੀ ਹੈ, ਉਹ ਸ਼ੈਲੀ ਹੁੰਦੀ ਹੈ। ਸਾਹਿਤਕ ਰਚਨਾ ਦੇ ਪ੍ਰਭਾਵ ਦਾ ਵੱਡਾ ਕਾਰਨ ਉਸਦੀ ਸ਼ੈਲੀ ਦਾ ਪ੍ਰਭਾਵ ਹੁੰਦਾ ਹੈ। ਭਾਰਤੀ ਕਾਵਿ ਸ਼ਾਸਤ੍ਰ ਵਿੱਚ ਰਸ ਸੰਪਰਦਾ, ਧੁਨੀ ਸੰਪਰਦਾ, ਅਲੰਕਾਰ ਸੰਪਰਦਾ, ਵਕ੍ਰੋਕਤੀ ਸੰਪਰਦਾ, ਰੀਤੀ ਸੰਪਰਦਾ ਆਦਿ ਵਿੱਚ ਰਚਨਾ ਦੇ ਰੂਪ ਦਾ ਵਰਣਨ ਹੈ। ਇਹ ਸਾਰੇ ਵਿਦਵਾਨ ਕਾਵਿ ਦੇ ਕਿਸੇ ਨਾ ਕਿਸੇ ਪੱਖ ਉੱਤੇ ਜ਼ੋਰ ਦਿੰਦੇ ਹਨ। ਵਕ੍ਰੋਕਤੀ ਸੰਪਰਦਾ ਵਿੰਗੇ ਟੇਢੇ ਢੰਗ ਨਾਲ ਗੱਲ ਕਰਨ ਨੂੰ ਉੱਤਮ ਕਾਵਿ-ਸ਼ੈਲੀ ਮੰਨਦੀ ਹੈ। ਧੁਨੀ ਸੰਪਰਦਾ ਵਾਲੇ ਸ਼ਬਦ ਸ਼ਕਤੀਆਂ ਉੱਤੇ ਜ਼ੋਰ ਦਿੰਦੇ ਹਨ। ਅਲੰਕਾਰ ਸੰਪਰਦਾ ਵਾਲੇ ਅਲੰਕਾਰਾਂ ਨੂੰ ਕਾਵਿ ਦਾ ਮਹੱਤਵਪੂਰਨ ਤੱਤ ਮੰਨਦੇ ਹਨ। ਅਜਿਹਾ ਕਿਹਾ ਜਾ ਸਕਦਾ ਹੈ ਕਿ ਸ਼ੈਲੀ ਕਿਸੇ ਲੇਖਕ ਦਾ ਲਿਖਣ ਦਾ ਨਿਵੇਕਲਾ ਢੰਗ ਹੁੰਦਾ ਹੈ ਜਿਸ ਤੋਂ ਉਸਦੀ ਅਲੱਗ ਪਹਿਚਾਣ ਬਣਦੀ ਹੈ। ਯਥਾਰਕਤਾ, ਉਚਿੱਤਤਾ ਅਤੇ ਸਪੱਸ਼ਟਤਾ ਸ਼ੈਲੀ ਦੇ ਮੁੱਖ ਗੁਣ ਹੁੰਦੇ ਹਨ। ਸ਼ੈਲੀ ਵਿੱਚ ਕਾਵਿ ਦਾ ਸਮੁੱਚਾ ਸੌਂਦਰਯ ਆ ਜਾਂਦਾ ਹੈ। ਸ਼ੈਲੀ ਇਕ ਕਿਸਮ ਦੀ ਵਿਅਕਤੀਗਤ ਵਿਸ਼ੇਸ਼ਤਾ ਹੁੰਦੀ ਹੈ। ਕਾਵਿ ਰੂਪ ਦੇ ਪ੍ਰਸੰਗ ਵਿਚ ਹਰੇਕ ਵਿਅਕਤੀ, ਸਾਹਿਤਕਾਰ ਜਾਂ ਕਵੀ ਦੀ ਭਾਸ਼ਿਕ ਅਭਿਵਿਅਕਤੀ ਦਾ ਵਿਸ਼ੇਸ਼ ਢੰਗ ਹੁੰਦਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਆਪਣੇ ਕਾਵਿ ਰੂਪ ਵਿਚ ਵੱਖਰੀਆਂ-ਵੱਖਰੀਆਂ ਸ਼ੈਲੀਆਂ ਰਾਹੀਂ ਆਪਣੇ ਭਾਵਾਂ, ਵਿਚਾਰਾਂ ਅਤੇ ਜਜ਼ਬਾਤਾਂ ਨੂੰ ਸ਼ਾਇਰਾਨਾਂ ਅੰਦਾਜ਼ ਦੇ ਕਲਾਤਮਿਕ ਰੂਪ ਦੇ ਪੱਖ ਤੋਂ ਸਿਰਜਿਆ ਹੈ। ਮੂਲ ਤੌਰ ਤੇ ਇਹਨਾਂ ਵਿਭਿੰਨ ਸ਼ੈਲੀਆਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:

**6.1 ਬਿੰਬਮਈ ਸ਼ੈਲੀ** : ਜੁਝਾਰਵਾਦੀ ਕਵਿਤਾ ਮਨੋਰਥਸ਼ੀਲ ਹੋਣ ਕਾਰਨ ਸੰਕਲਪਾਂ ਅਤੇ ਧਾਰਨਾਵਾਂ ਨੂੰ ਪ੍ਰਗਟ ਕਰਦੀ ਰਹੀ ਹੈ। ਪਰ ਕਿਸੇ ਕਵੀ ਦੀ ਸ਼ੈਲੀ, ਸੰਕਲਪ ਅਤੇ ਵਿਚਾਰਧਾਰਕ ਧਾਰਨਾ ਕਾਵਿ ਰੂਪ ਦੇ ਬਿੰਬਮਈ ਸ਼ੈਲੀ ਵਿਚ ਰੂਪਾਤਰਨ ਹੋ ਕੇ ਹੀ ਸੁਹਜਾਤਮਕ ਪ੍ਰਭਾਵ ਸਿਰਜਣ ਦੇ ਸਮਰੱਥ ਹੋ ਸਕਦੀ ਹੈ।

ਕਾਵਿ ਰੂਪ ਵਿਚ ਪੇਸ਼ ਵਿਚਾਰ ਵਰਨਣ ਦੀ ਪੱਧਰ ਵਾਲੇ ਨਹੀਂ ਹੁੰਦੇ, ਸਗੋਂ ਸਿਰਜਣਾਤਮਕਤਾ ਦੀ ਪੱਧਰ ਵਾਲੇ ਹੁੰਦੇ ਹਨ। ਕਾਵਿ ਸਾਹਿਤ ਰੂਪ ਅਤੇ ਕਲਾ ਵਿਚ ਪੇਸ਼ ਹੋਏ ਸੰਕਲਪ ਜਦੋਂ ਤੱਕ ਕਾਵਿ ਰੂਪ ਬਿੰਬਮਈ ਸ਼ੈਲੀ ਵਿਚ ਰੂਪਾਂਤਰਨ ਨਹੀਂ ਹੁੰਦੇ, ਉਦੋਂ ਤੱਕ ਇਹ ਸੰਕਲਪ ਵਰਨਣ ਤੋਂ ਅਗਾਂਹ ਨਹੀਂ ਜਾ ਸਕਦੇ। ਅਵਨੇਰ ਜੀਸ ਆਪਣੀ ਪੁਸਤਕ ***ਮਾਰਕਸਵਾਦੀ ਸੁਹਜ-ਸ਼ਾਸਤਰ ਦੀਆਂ ਬੁਨਿਆਦਾਂ*** ਵਿਚ ਕਾਵਿ ਰੂਪ ਦੀ ਬਿੰਬਮਈ ਸ਼ੈਲੀ ਦੇ ਕਲਾਤਮਿਕ ਰੂਪ ਦੇ ਅਜਿਹੇ ਸੁਹਜਾਤਮਕ ਪੱਖ ਨੂੰ ਪੇਸ਼ ਕੀਤਾ ਹੈ:

> ਕਲਾ ਦਾ ਸਭ ਤੋਂ ਮਹੱਤਵਪੂਰਨ ਅਤੇ ਦਿਲਚਸਪ ਪੱਖ ਹੈ, ਕਲਾਕਾਰ ਦੀ ਸਿਰਜਣਾਤਮਕ ਸੋਚ। ਕਲਾਕਾਰ ਹਮੇਸ਼ਾ ਚਿੰਤਨ ਅਤੇ ਵਿਚਾਰਾਂ ਨਾਲ ਕੰਮ ਕਰਦਾ ਹੈ ਪਰ ਉਸਦੇ ਸੋਚਣ ਦਾ ਢੰਗ ਅਤੇ ਸੋਚ ਵਿਸ਼ੇਸ਼ ਪ੍ਰਕਾਰ ਦੀ ਹੁੰਦੀ ਹੈ। ਇਸ ਤਰ੍ਹਾਂ ਜੜ੍ਹਾਂ ਸੰਕਲਪਾਂ ਵਿਚ ਨਹੀਂ ਸਗੋਂ ਬਿੰਬਾਂ ਵਿਚ ਹੁੰਦੀਆਂ ਹਨ। ਕਲਾਕਾਰ ਸੰਕਲਪਾਂ ਦਾ ਸਹਾਰਾ ਲੈਂਦਾ ਹੈ ਪਰ ਉਨ੍ਹਾਂ ਦੇ ਸਿਰਜਣਾਤਮਕ-ਅਮਲ ਨੂੰ ਬਿੰਬ ਹੀ ਪੇਸ਼ ਕਰਦਾ ਹੈ। (76)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਆਪਣੀਆਂ ਕਵਿਤਾਵਾਂ ਵਿਚ ਬਿੰਬਮਈ ਸ਼ੈਲੀ ਨੂੰ ਪੇਂਡੂ ਜਨ-ਜੀਵਨ ਦੀ ਨਿਮਨ-ਕਿਰਸਾਣੀ ਅਤੇ ਦਲਿਤ ਵਰਗ ਦੀ ਤ੍ਰਾਸਦਿਕ ਸਥਿਤੀ- ਪ੍ਰਸਥਿਤੀ ਤੋਂ ਉਭਾਰਨ ਦੀ ਕੋਸ਼ਿਸ ਕੀਤੀ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਦੇ ਕਾਵਿ ਰੂਪ ਕਵਿਤਾ ਉੱਡਦਿਆਂ ਬਾਜ਼ਾਂ ਮਗਰ ਵਿਚ ਬਿੰਬਮਈ ਸ਼ੈਲੀ ਨੂੰ ਸੁਹਜਾਤਮਕਤਾ ਦੇ ਪੱਖ ਨੂੰ ਪੇਸ਼ ਕਰਦੇ ਹਨ :

ਜਿਨ੍ਹਾਂ ਨੇ ਤੱਕੀਆਂ ਹਨ
ਕੋਠਿਆਂ 'ਤੇ ਸੁੱਕਦੀਆਂ ਸਨਹਿਰੀ ਛੱਲੀਆਂ
ਤੇ ਨਹੀਂ ਤੱਕੇ
ਮੰਡੀ 'ਚ ਸੁੱਕਦੇ ਭਾਅ

ਉਹ ਕਦੇ ਨਹੀਂ ਸਮਝਣ ਲੱਗੇ

ਕਿ ਕਿਵੇਂ ਦੁਸ਼ਮਣੀ ਹੈ

ਦਿੱਲੀ ਦੀ ਉਸ ਹੁਕਮਰਾਨ ਔਰਤ ਦੀ

ਉਸ ਪੈਰੋਂ ਨੰਗੀ ਪਿੰਡ ਦੀ ਸੋਹਣੀ ਕੁੜੀ ਨਾਲ। (70)

'ਉੱਡਦਿਆਂ ਬਾਜ਼ਾਂ ਮਗਰ' ਵਿਚ ਅਵਤਾਰ ਸਿੰਘ ਪਾਸ਼ ਦੀ ਬਿੰਬਮਈ ਸ਼ੈਲੀ ਦੇ ਨਿਰਮਾਣ ਵਿਚ ਸੁਹਜ-ਚੇਤਨਾ 'ਕੋਠਿਆਂ 'ਤੇ ਸੁੱਕਦੀਆ ਸੁਨਹਿਰੀ ਛੱਲੀਆਂ' ਦੇ ਪ੍ਰਕਿਰਤਕ ਨਜ਼ਾਰੇ ਨੂੰ ਮਾਨਣ 'ਤੇ ਆਧਾਰਿਤ ਨਹੀਂ, ਸਗੋਂ ਉਸ ਦੀ ਸੁਹਜ ਚੇਤਨਾ ਪੈਰੋਂ ਨੰਗੀ ਪਿੰਡ ਦੀ ਕੁੜੀ ਦੀ ਤ੍ਰਾਸਦਿਕ ਸਥਿਤੀ-ਪ੍ਰਸਥਿਤੀ ਨੂੰ ਪ੍ਰਗਟਾਉਣ ਪ੍ਰਤੀ ਆਪਣੀ ਵਚਨਬੱਧਤਾ ਨੂੰ ਜ਼ਾਹਿਰ ਕਰਦਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀ ਇਹ ਮਨੋਰਥਸ਼ੀਲ ਸੁਹਜ-ਚੇਤਨਾ ਜਮਾਤੀ ਸਮਾਜ ਦੇ ਵਿਕਰਾਲ ਰੂਪ ਨੂੰ ਬਿੰਬਮਈ ਸ਼ੈਲੀ ਤੋਂ ਪ੍ਰਗਟ ਕਰਦੀ ਹੈ। ਇਹਨਾਂ ਕਵੀਆਂ ਨੇ ਬਿੰਬਮਈ ਸ਼ੈਲੀ ਤੋਂ ਅਨੇਕਾਂ ਕਵਿਤਾਵਾਂ ਵਿਚ ਆਰਥਿਕ ਸਰੋਕਾਰਾਂ ਦੇ ਬਿੰਬ ਸਿਰਜੇ ਹਨ। ਜਾਗੀਰੂ ਆਰਥਿਕਤਾ ਦੀ ਲੁੱਟ-ਖਸੁੱਟ ਦੇ ਅਵਿਸ਼ੇਸ਼ ਅਤੇ ਬੁਰਜੂਆ ਅਰਥ-ਚਾਰੇ ਵਿਚ ਸ਼ੋਸ਼ਣ ਦੇ ਸ਼ਾਤਿਰ ਤਰੀਕੇ ਇਸ ਲਹਿਰ ਦੇ ਕਾਵਿ-ਅਨੁਭਵ ਵਿਚ ਤੀਖਣਤਾ ਨਾਲ ਮੂਰਤੀਮਾਨ ਹੁੰਦੇ ਹਨ। ਇਹ ਕਵੀ ਕਿਰਤੀ ਵਰਗ ਦੀਆਂ ਤ੍ਰਾਸਦਿਕ ਸਥਿਤੀਆਂ-ਪ੍ਰਸਥਿਤੀਆਂ ਨੂੰ ਸਮਝਦਿਆਂ, ਬੁਰਜੂਆ ਢਾਂਚੇ ਦੇ ਪ੍ਰਤੀ ਨਫ਼ਰਤ, ਰੋਹ ਅਤੇ ਗੁੱਸਾ ਤੀਖਣ ਕਰਦੇ ਹਨ। ਇਸ ਲਈ ਇਹ ਕਵੀ ਅਜਿਹੇ ਪ੍ਰਬੰਧ ਨੂੰ ਤਹਿਸ-ਨਹਿਸ ਕਰਨ ਲਈ ਹਥਿਆਰਬੰਦ ਗੁਰੀਲਾ ਯੁੱਧ ਦੀ ਇਤਿਹਾਸਕ ਲੋੜ ਉੱਤੇ ਬਲ ਦਿੰਦੇ ਹਨ। ਕਿਰਤੀ ਵਰਗ ਆਰਥਿਕ ਮੰਦਹਾਲੀ ਦਾ ਸਟੀਕ ਚਿਤਰ ਬਿੰਬਮਈ ਸ਼ੈਲੀ ਤੋਂ ਲਾਲ ਸਿੰਘ ਦਿਲ ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਲਾਲ ਪੂਰਬ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ :

ਬਸਤੀਆਂ ਕਿ ਜਿਥੇ ਲਾਲ ਧੂੜ ਵਿਚ

ਭੁਖੀਆਂ ਕਰੂੰਬਲਾਂ

ਭਾਰੇ ਭਾਰੇ ਟੋਕਰੇ ਉਠਾਂਦੀਆਂ

ਬਸਤੀਆਂ ਕਿ ਨੰਗੇ ਪੈਰੀਂ ਮਾਵਾਂ ਜਿਥੇ

ਕੋਰੇ ਉਤੇ ਤੁਰਦੀਆਂ ਚੱਲੀਆਂ ਮਜ਼ਦੂਰੀਆਂ ਨੂੰ

ਚਾਹ ਵੇਲੇ ਰੋਣ ਬੱਚੇ

ਬਸਤੀਆਂ ਕਿ ਕੁਲੀਆਂ 'ਚ ਸਿਕਲੀਗਰ

ਰਾਤ ਰਾਤ ਜਾਗਦੇ

ਐ ਡੱਕੇ ਚੁੱਗਣ ਵਾਲੇ ਲੋਕੋ ਖ਼ਿਆਲ ਚੁੱਗੋ

ਐ ਕੁਲੀਆਂ 'ਚ ਜਾਗਦਿਓ

ਇਨਕਲਾਬ ਕੁਲੀਆਂ 'ਚ ਨਿਕਲਦਾ। (72)

ਮੂਲ ਰੂਪ ਵਿਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਆਪਣੇ ਵਿਚਾਰਾਂ ਨੂੰ ਵਿਚਾਰਧਾਰਕ ਸੰਕਲਪਾਂ ਅਤੇ ਵਿਚਾਰਾਂ ਨੂੰ ਬਿੰਬਮਈ ਸ਼ੈਲੀ ਦੀ ਸਹਾਇਤਾ ਨਾਲ ਪ੍ਰਗਟਾਇਆ ਹੈ। ਇਹਨਾਂ ਕਵੀਆਂ ਨੇ ਕਾਵਿ ਸਾਹਿਤ ਰੂਪ ਨੂੰ ਇਨਕਲਾਬੀ ਕ੍ਰਾਂਤੀ ਲਈ ਇਕ ਸਮਾਜਿਕ ਹਥਿਆਰ ਸਵੀਕਾਰ ਕਰਕੇ ਤੁਰਦੇ ਹਨ। ਇਸੇ ਕਾਰਣ ਕਵਿਤਾ ਉਨ੍ਹਾਂ ਦੀ ਆਪਣੀ ਵਿਚਾਰਧਾਰਾ ਨੂੰ ਪ੍ਰਗਟਾਉਣ ਦਾ ਇਕ ਮਾਧਿਅਮ ਰਹੀ ਹੈ। ਪਰ ਵਿਚਾਰਧਾਰਾ ਜਾਂ ਨਿਰੇ ਸੰਕਲਪ ਆਪਣੇ ਆਪ ਵਿਚ ਕੋਈ ਕਵਿਤਾ ਨਹੀਂ ਹੋ ਸਕਦੇ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਨੂੰ ਆਪਣੇ ਦਾਰਸ਼ਨਿਕ ਸੰਕਲਪਾਂ ਅਤੇ ਵਿਚਾਰਾਂ ਨੂੰ ਬਿੰਬਮਈ ਸ਼ੈਲੀ ਤੋਂ ਦ੍ਰਿਸ਼ਟੀਗੋਚਰ ਕੀਤਾ ਹੈ। ਇਹੀ ਕਾਰਨ ਹੈ ਕਿ ਇਹਨਾਂ ਦੀਆਂ ਕਵਿਤਾਵਾਂ ਵਿਚ ਕਿਸਾਨੀ ਜੀਵਨ ਦੀ ਤ੍ਰਾਸਦਿਕ ਸਥਿਤੀ-ਪ੍ਰਸਥਿਤੀ ਦੇ ਠੋਸ ਬਿੰਬ ਝਲਕਦੇ ਹਨ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਰਾਤ ਨੂੰ ਵਿਚ ਲਿਖਦੇ ਹਨ:

ਖੇਤਾਂ ਨੂੰ ਸਭ ਪਤਾ ਹੈ

ਮਨੁੱਖ ਦਾ ਲਹੂ ਕਿੱਥੇ ਡੁਲਦਾ ਹੈ

ਤੇ ਲਹੂ ਦਾ ਮੁੱਲ ਕੀ ਹੁੰਦਾ ਹੈ

ਇਹ ਖੇਤ ਸਭ ਜਾਣਦੇ ਹਨ

ਇਸ ਲਈ ਐ ਰਾਤ

ਤੂੰ ਮੇਰੀਆਂ ਅੱਖਾਂ ਵਿਚ ਤੱਕ

ਮੈਂ ਭਵਿੱਖ ਦੀਆਂ ਅੱਖਾਂ 'ਚ ਤਕਦਾ ਹਾਂ (66)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਅੱਜ ਦਾ ਦਿਨ ਵਿਚ ਬਿੰਬਮਈ ਸ਼ੈਲੀ ਦਾ ਹਵਾਲਾ ਪੇਸ਼ ਕੀਤਾ ਹੈ :

ਅੱਜ ਦਾ ਦਿਨ ਧਾਰਮਿਕ ਮਾਨਤਾ ਦਾ ਦਿਨ ਨਹੀਂ ਹੈ

ਕਿਸੇ ਬੱਚੇ ਦੀ ਬੜਬੜਾਉਂਦੀ ਹੋਈ ਨੀਂਦ ਹੈ

ਅੱਜ ਦਾ ਦਿਨ ਤਾਂ ਕੋਈ ਸਾਂਭ ਸਾਂਭ ਪਾਲਿਆ ਦਹਿਸ਼ਤ ਦਾ ਦਰੱਖਤ ਹੈ

ਰਾਜਸੀ ਹਿੰਸਾ ਦੀ ਸ਼ਿੰਗਾਰੀ ਹੋਈ ਘੋੜੀ ਹੈ

ਅੱਜ ਦਾ ਦਿਨ ਕਿਸੇ ਦੁਸ਼ਮਣ ਵਲੋਂ

ਵਾਹਣਾਂ 'ਚ ਬੁਲਾਇਆ ਬੱਕਰਾ ਹੈ। (139)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਸਾਡੇ ਸਮਿਆਂ 'ਚ ਵਿਚ ਬਿੰਬਮਈ ਸ਼ੈਲੀ ਦਾ ਹਵਾਲਾ ਪੇਸ਼ ਕੀਤਾ ਹੈ :

ਇਹ ਸੱਭ ਕੁੱਝ ਸਾਡੇ ਹੀ ਸਮਿਆਂ 'ਚ ਹੋਣਾ ਸੀ

ਕਿ ਸਮੇਂ ਨੇ ਖੜ੍ਹ ਜਾਣਾ ਸੀ ਹੰਭੀ ਹੋਈ ਜੋਕ ਵਾਂਗ

ਤੇ ਕੱਚੀਆਂ ਕੰਧਾਂ ਉੱਤੇ ਲਮਕਦੇ ਕਲੰਡਰਾਂ ਨੇ

ਪ੍ਰਧਾਨ ਮੰਤਰੀ ਦੀ ਫੋਟੋ ਬਣ ਕੇ ਰਹਿ ਜਾਣਾ ਸੀ। (180)

ਲਾਲ ਸਿੰਘ ਦਿਲ ਲਾਲ ਸਿੰਘ ਦਿਲ  ਆਪਣੀ ਪੁਸਤਕ ***ਨਾਗ ਲੋਕ***  ਕਵਿਤਾ ਲਾਲ ਪੂਰਬ ਵਿਚ ਬਿੰਬਮਈ ਸ਼ੈਲੀ ਦਾ ਹਵਾਲਾ ਪੇਸ਼ ਕੀਤਾ ਹੈ :

ਬਸਤੀਆਂ ਕਿਸਾਨ ਜਿਥੇ ਲਾਹਣਤਾਂ ਦੀ ਰੋਟੀ ਖਾਣ

ਲੱਸੀ ਤਕ ਵੇਚ ਦੇਣ

ਗਹਿਣੇ ਪਏ ਖੱਤਿਆਂ ਦਾ ਗ਼ਮ ਖਾਏ

ਘਰ ਬਹਿਣੇ

ਜਾਪਦਾ ਜਿਉਂ

ਸਿਰਾਂ ਉਤੇ ਡਿੱਗਣ ਸ਼ਤੀਰੀਆਂ। (93)

ਲਾਲ ਸਿੰਘ ਦਿਲ ਲਾਲ ਸਿੰਘ ਦਿਲ  ਆਪਣੀ ਪੁਸਤਕ ***ਨਾਗ ਲੋਕ***  ਕਵਿਤਾ ਰਿਹਾਈ ਦੀ ਖੁਸ਼ੀ 'ਚ ਗੀਤ ਵਿਚ ਬਿੰਬਮਈ ਸ਼ੈਲੀ ਦਾ ਹਵਾਲਾ ਪੇਸ਼ ਕੀਤਾ ਹੈ :

ਕਿੰਨੇ ਨੇ ਪਿਆਰੇ 'ਇਹ ਚੰਡਾਲ' ਲੋਕ।

ਸੋਹਣੇ ਸੋਹਣੇ ਕਾਲੇ ਕਾਲੇ ਲਾਲ ਲੋਕ।

ਖੇਤਾਂ, ਮਿੱਲਾਂ, ਖਾਂਣਾਂ  'ਚ  ਬਰਾਜਦੇ

ਪਲਾਂ ਵਿਚ ਜਾਲਾਂ ਨੂੰ ਮਰੋੜਦੇ

ਬੜੇ ਡਾਢੇ ਹੁੰਦੇ 'ਚੰਡਾਲ' ਲੋਕ।

ਰੱਬ ਨੇ ਵੀ ਇਹਨਾਂ ਨੂੰ ਹੈ ਲੁੱਟਿਆ

ਇੱਜ਼ਤਾਂ ਦੀ ਕਰਦੇ ਨੇ ਸੰਭਾਲ ਲੋਕ। (62-63)

ਉਪਰੋਕਤ ਰੂਪ ਵਿਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਆਪਣੇ ਵਿਚਾਰਾਂ ਅਤੇ ਸੰਕਲਪਾਂ ਨੂੰ ਬਿੰਬਮਈ ਸ਼ੈਲੀ ਦੇ ਪੱਖ ਤੋਂ ਉਭਾਰ ਕੇ ਕਾਵਿ-ਸੁਹਜ ਪੈਦਾ ਕੀਤਾ ਹੈ। ਇਹਨਾਂ ਨੇ ਆਪਣੀ ਬਿੰਬਮਈ ਸ਼ੈਲੀ ਰਾਹੀਂ ਸਮਕਾਲੀ ਜ਼ਿੰਦਗੀ ਦੀ ਭਿਆਨਕਤਾ, ਵਿਕਰਾਲਤਾ, ਕਿਰਤੀ ਲੋਕਾਈ ਦੀ ਲੁੱਟ-

ਖਸੁੱਟ, ਜ਼ਲਾਲਤ ਅਤੇ ਸੰਤਾਪੀ ਜ਼ਿੰਦਗੀ ਦੇ ਜਿਹੜੇ ਬਿੰਬ ਉਭਾਰੇ ਹਨ, ਉਹਨਾਂ ਵਿਚੋਂ ਇਹਨਾਂ ਕਵੀਆਂ ਦੀ ਲੋਕ-ਹਿਤੈਸ਼ੀ ਸੰਵੇਦਨਾ ਤਾਂ ਉਭਰਦੀ ਹੀ ਹੈ, ਇਸਦੇ ਨਾਲ ਹੀ ਇਹਨਾਂ ਕਵੀਆਂ ਦੀ ਮੌਲਿਕਤਾ ਅਤੇ ਤੀਖਣਤਾ ਸ਼ਕਤੀ ਦੇ ਦੀਦਾਰ ਵੀ ਹੁੰਦੇ ਹਨ।

**6.2 ਅਲੰਕਾਰ ਸ਼ੈਲੀ:** ਅਲੰਕਾਰ ਸ਼ੈਲੀ ਵਿੱਚ ਅਲੰਕਾਰਾਂ ਦੀ ਭਰਮਾਰ ਹੁੰਦੀ ਹੈ। ਗੱਲ ਸਿੱਧੀ-ਸਾਦੀ ਕਰਨ ਦੀ ਥਾਂ ਰੂਪਕ, ਉਪਮਾ, ਦ੍ਰਿਸ਼ਟਾਂਤ ਆਦਿ ਅਲੰਕਾਰਾਂ ਰਾਹੀਂ ਪੇਸ਼ ਕੀਤੀ ਜਾਂਦੀ ਹੈ। ਸ਼ਬਦ ਅਲੰਕਾਰ, ਅਰਥ ਅਲੰਕਾਰ, ਉਪਮਾ, ਰੂਪਕ, ਅਤਿਕਥਨੀ ਅਤੇ ਉਤਪ੍ਰੇਖਿਆ ਅਲੰਕਾਰਾਂ ਰਾਹੀਂ ਕਾਵਿ ਰੂਪ ਨੂੰ ਸ਼ਿੰਗਾਰਿਆ ਜਾਂਦਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਰੂਪ ਵਿਚ ਵਰਤੇ ਗਏ ਅਲੰਕਾਰਾਂ ਵਿਚੋਂ ਰੂਪਕ ਅਲੰਕਾਰ ਪ੍ਰਮੁੱਖ ਕਿਹਾ ਜਾ ਸਕਦਾ ਹੈ। ਸਮੁੱਚੇ ਤੌਰ ਤੇ ਇਹਨਾਂ ਕਵੀਆਂ ਨੇ ਅਲੰਕਾਰਾਂ ਦੀ ਘੱਟ ਹੀ ਵਰਤੋਂ ਕੀਤੀ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਮੈਂ ਹੁਣ ਵਿਦਾ ਹੁੰਦਾ ਹਾਂ ਵਿਚ ਸਾਡੇ ਸਮਿਆਂ ਵਿਚ ਉਪਮਾ ਅਲੰਕਾਰ ਰਾਹੀਂ ਕਾਵਿ-ਮਨੋਰਥ ਨੂੰ ਪ੍ਰਗਟ ਕਰਦੇ ਹੋਏ ਲਿਖਦੇ ਹਨ:

ਧੁੱਪਾਂ ਵਾਂਗ ਧਰਤੀ ਤੇ ਖਿੜ ਜਾਣਾ

ਤੇ ਫਿਰ ਗਲਵਕੜੀ ਵਿੱਚ ਸਿਮਟ ਜਾਣਾ

ਬਾਰੂਦ ਵਾਂਗ ਭੜਕ ਉੱਠਣਾ

ਜੀਣ ਦਾ ਇਹੋ ਸਲੀਕਾ ਹੁੰਦਾ ਹੈ। (130)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਖੂਹ ਵਿਚ ਸਾਡੇ ਸਮਿਆਂ ਵਿਚ ਭੈਭੀਤ ਅਲੰਕਾਰ ਰਾਹੀਂ ਕਾਵਿ-ਮਨੋਰਥ ਨੂੰ ਪ੍ਰਗਟ ਕਰਦੇ ਹੋਏ ਲਿਖਦੇ ਹਨ:

ਖੂਹ ਬੜੇ ਥੋੜੇ ਬਚੇ ਨੇ ਹੁਣ

ਪਰ ਉਹ ਕੱਲਮ-ਕੱਲੇ ਸੁੰਨੇ ਜਿਹੇ ਜਿੱਥੇ ਵੀ ਹਨ

ਹਨੇਰੇ ਤੋਂ ਸੁਰੱਖਿਅਤ ਨਹੀਂ

ਜੋ ਪਿਆਸ ਦੇ ਪੱਜ ਉਤਰਦਾ ਹੈ ਉਨ੍ਹਾਂ 'ਚ

ਤੇ ਮੌਤ ਭਰ ਦੇਂਦੈ

ਸਭ ਤੋਂ ਭੋਲੇ ਭਾਲੇ ਪੰਛੀਆਂ ਦੇ ਆਂਡਿਆਂ ਵਿਚ। (249)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਇਹ ਕੇਹੀ ਮੁਹੱਬਤ ਹੈ ਵਿਚ ਰੂਪਕ ਅਲੰਕਾਰ ਰਾਹੀਂ ਕਾਵਿ-ਮਨੋਰਥ ਨੂੰ ਪ੍ਰਗਟ ਕਰਦੇ ਹੋਏ ਲਿਖਦੇ ਹਨ:

ਕਵੀ ਕਾਤਲ ਹਨ, ਕਿਸਾਨ ਡਾਕੂ ਹਨ

ਤਾਜ਼ੀਰਾਤੇ ਹਿੰਦ ਦਾ ਫ਼ੁਰਮਾਨ ਏ-

ਨਜ਼ਮਾਂ ਇਤਿਹਾਸ ਨਾ ਬਣ ਜਾਣ।

ਸ਼ਬਦਾਂ ਦੇ ਸੰਘ ਘੁੱਟ ਦਿਓ।" (42)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਇਨਕਾਰ ਵਿਚ ਉਪਮਾ ਅਲੰਕਾਰ ਰਾਹੀਂ ਕਾਵਿ-ਮਨੋਰਥ ਨੂੰ ਪ੍ਰਗਟ ਕਰਦੇ ਹੋਏ ਲਿਖਦੇ ਹਨ:

ਮੈਂ ਹਰ ਕਾਸੇ ਨੂੰ ਜੋਤਾ ਲੱਗੇ ਬਲਦਾਂ ਦੇ ਵਾਂਗ

ਖੁਰਲੀ ਉੱਤੇ ਸਿੱਧਾ ਹੋ ਕੇ ਟੱਕਰਿਆਂ ਹਾਂ। (125)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਆਪਣੀਆਂ ਕਵਿਤਾਵਾਂ ਨੂੰ ਨਿਮਨ ਕਿਸਾਨੀ ਦੇ ਉਜਾੜੇ, ਪੂੰਜੀਪਤੀਆਂ, ਧਨੀ ਕਿਸਾਨੀ ਤੇ ਅਫ਼ਸਰਸ਼ਾਹੀ ਦੇ ਕਾਬਜ ਗੱਠਜੋੜ, ਅਸਾਵੇਂ ਵਿਕਾਸ, ਅੰਸ਼ਕ ਭੂਮੀ ਸੁਧਾਰਾਂ ਦੀ ਦੁਰਗਤੀ ਅਤੇ ਵਿਗੜੀ ਪੂੰਜੀਵਾਦੀ ਆਰਥਿਕਤਾ ਦੇ ਦੇਸ਼-ਪ੍ਰਭਾਵਾਂ- ਜਿਵੇਂ ਉਪਰਲੀਆਂ ਜਮਾਤਾਂ ਦੀ ਅੰਨੀ ਖਪਤ ਰੁਚੀ, ਦੇਹ-ਭੋਗ ਦੀ ਲਾਲਸਾ ਅਤੇ ਨੈਤਿਕ-ਮੁੱਲਾਂ ਦਾ ਨਿਘਾਰ ਆਦਿ ਕੁੱਝ ਨਮੂਨਿਆਂ ਨੂੰ ਅਲੰਕਾਰ ਸ਼ੈਲੀ ਰਾਹੀਂ ਵਿਅੰਗਮਈ ਦ੍ਰਿਸ਼ਟੀ ਤੋਂ ਉਭਾਰਿਆ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਐਟਮ ਵਿਚ ਬਿਆਨ ਕਰਦਾ ਹੈ ਕਿ:

ਇਹ ਦੇਖ ਸਾਡੇ ਨੇੜੇ

ਉੱਗੀਆਂ ਸਿਆਸਤਾਂ ਨੂੰ ਫੁੱਲ ਆਏ।(38)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਜੁਝਾਰਵਾਦੀ ਕਾਵਿ-ਧਾਰਾ ਦੇ ਅਜਿਹੇ ਇਤਿਹਾਸਕ ਕਵੀ ਬਣਦੇ ਹਨ, ਜਿਨ੍ਹਾਂ ਨੇ ਜੁਝਾਰਵਾਦੀ ਕਾਵਿ-ਧਾਰਾ ਨੂੰ ਅੰਲਕਾਰ ਸ਼ੈਲੀ ਰਾਹੀ ਵੱਖਰੀ ਪਛਾਣ ਦੇਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਹਨਾਂ ਕਵੀਆਂ ਦੀ ਕਵਿਤਾ ਪੂਰਬਲੀ ਕਵਿਤਾ ਦੇ ਸੁਹਜ-ਸ਼ਾਸਤਰ ਅਤੇ ਸੁਹਜ-ਸੰਵੇਦਨਾ ‘ਤੇ ਅਲੰਕਾਰ ਸ਼ੈਲੀ ਤੋਂ ਤਕੜਾ ਵਾਰ ਕਰਦੀ ਹੋਈ, ਰਚਨਾਤਮਕ ਸਫ਼ਰ ਆਰੰਭ ਕਰਦੀ ਹੈ। ਨਿਰਸੰਦੇਹ ਇਹ ਕਵੀ ਕ੍ਰਾਂਤੀਕਾਰੀ ਟੈਕਸਟ ਨੂੰ ਸਿਰਜਣ ਲਈ ਅਲੰਕਾਰਾਂ ਪ੍ਰਯਤਨ ਕਰਦੇ ਹਨ। ਇਸ ਕ੍ਰਾਂਤੀਕਾਰੀ ਟੈਕਸਟ ਨੂੰ ਅਲੰਕਾਰ ਸ਼ੈਲੀ ਤੋਂ ਉਭਾਰਦਾ ਹੋਇਆ ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਇਨਕਾਰ ਵਿਚ ਬਿਆਨ ਕਰਦਾ ਹੈ:

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸੰਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ ’ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ
ਮੇਰੇ ਕੋਲ ਸੁਹਜ ਦੀ ਉਸ ਸੁਪਨ ਸੀਮਾਂ ਤੋਂ ਉਰ੍ਹਾਂ
ਕਰਨ ਨੂੰ ਬਹੁਤ ਗੱਲਾਂ ਹਨ
ਅਜੇ ਮੈਂ ਧਰਤ ਤੇ ਛਾਈ
ਕਿਸੇ ਸੀਰੀ ਦੇ ਕਾਲੇ ਸ਼ਾਹ-ਬੁੱਲ੍ਹਾਂ ਜਹੀ ਰਾਤ ਦੀ ਹੀ
ਗੱਲ ਕਰਾਂਗਾ। (124)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਸਭ ਤੋਂ ਖ਼ਤਰਨਾਕ ਵਿਚ ਬਿਆਨ ਕਰਦਾ ਹੈ:

ਸਭ ਤੋਂ ਖ਼ਤਰਨਾਕ ਹੁੰਦਾ ਹੈ

ਮੁਰਦਾ ਸ਼ਾਂਤੀ ਨਾਲ ਭਰ ਜਾਣਾ।

ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ

ਘਰਾਂ ਤੋਂ ਨਿਕਲਣਾ ਕੰਮ 'ਤੇ

ਤੇ ਕੰਮ ਤੋਂ ਘਰ ਜਾਣਾ।

ਸਭ ਤੋਂ ਖ਼ਤਰਨਾਕ ਹੁੰਦਾ ਹੈ

ਸਾਡੇ ਸੁਪਨਿਆਂ ਦਾ ਮਰ ਜਾਣਾ। (253)

**6.3 ਮਾਰਕਸਵਾਦੀ ਸ਼ੈਲੀ:** ਮਾਰਕਸਵਾਦੀ ਸ਼ੈਲੀ ਤੋਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਇਸ ਗੱਲੋਂ ਵੀ ਚੇਤੰਨ ਸੀ ਕਿ ਅਜੋਕੇ ਬੁਰਜ਼ੂਆ-ਜਗੀਰੂ ਸਭਿਆਚਾਰ ਨੂੰ ਖ਼ਤਮ ਕਰਨ ਲਈ ਸਾਹਿਤ ਅਤੇ ਕਲਾ ਦੇ ਖੇਤਰ ਦੇ ਨਾਲ-ਨਾਲ ਆਰਥਿਕ ਤੇ ਸਿਆਸੀ ਲੜਾਈਆਂ ਵੀ ਲੜੀਆਂ ਜਾਣ। ਉਹ ਆਪਣੀਆਂ ਕਵਿਤਾਵਾਂ ਨੂੰ ਜਮਾਤੀ ਨਜ਼ਰੀਏ ਤੋਂ ਵੇਖਦੇ ਤੇ ਲਿਖਦੇ ਹਨ। ਇਹੋ ਕਾਰਨ ਹੈ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਆਪਣੇ ਆਪ ਨੂੰ ਸੁਧਾਰਵਾਦੀ ਕਵੀ ਨਹੀਂ ਕਹਾਉਣਾ ਚਾਹੁੰਦੇ, ਸਗੋਂ ਜੁਝਾਰਵਾਦੀ, ਮਾਰਕਸਵਾਦੀ ਕਵੀ ਕਹਾਉਣ ਦੇ ਹੱਕ ਵਿਚ ਹਨ। ਉਹ ਆਪਣੇ ਪਾਠਕਾਂ ਨੂੰ ਸੁਧਾਰਨ ਦੀ ਕੋਸ਼ਿਸ਼ ਨਹੀਂ ਕਰਦੇ, ਸਗੋਂ ਸਮਾਜਿਕ ਸਥਿਤੀਆਂ-ਪ੍ਰਸਥਿਤੀਆਂ ਨੂੰ ਬਦਲਣ ਦੇ ਪ੍ਰਚਾਰ ਤੇ ਪਾਸਾਰ ਉਤੇ ਬਲ ਦਿੰਦੇ ਹੋਏ ਵੀ ਕਵਿਤਾਵਾਂ ਦੀ ਕਲਾਤਮਿਕਤਾ ਵੱਲ ਵਿਸ਼ੇਸ਼ ਤਵੱਜੋ ਦਿੰਦੇ ਹਨ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦਾਰਸ਼ਨਿਕ ਪ੍ਰਤੀਬੱਧਤਾ ਦੇ ਪੱਖ ਤੋਂ ਮਾਰਕਸਵਾਦੀ ਸ਼ੈਲੀ ਨਾਲ ਪ੍ਰਤੀਬੱਧ ਸ਼ਾਇਰ ਹਨ। ਮਾਰਕਸਵਾਦੀ ਸ਼ੈਲੀ ਉਹਨਾਂ ਦੇ ਕਾਵਿ-ਵਸਤੂ ਤੇ ਕਾਵਿ-ਵਿਧੀ ਨੂੰ ਵੀ ਨਿਰਧਾਰਤ ਕਰਦੀ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਤਲਵੰਡੀ ਸਲੇਮ ਨੂੰ ਜਾਂਦੀ ਸੜਕ*** ਵਿਚ ਮਾਰਕਸਵਾਦੀ ਸ਼ੈਲੀ ਦੇ ਪ੍ਰਭਾਵ ਬਾਰੇ ਬਿਆਨ ਕਰਦਾ ਹੈ :

ਮੈਂ ਏਨਾ ਨਹੀਂ ਕਹਿ ਸਕਦਾ ਕਿ ਮੇਰੀ ਰਚਨਾ ਦੂਸ਼ਿਤ ਨਹੀਂ ਜਾਂ ਸ਼ੁਧ ਮਾਰਕਸੀ ਹੈ। ਨਾ ਇਹ ਪੂਰੀ ਮਿਹਨਤਕਸ਼ ਜਮਾਤਾਂ ਦੇ ਭਾਵ ਸੰਸਾਰ ਦੀ ਪ੍ਰਤੀਨਿਧ ਹੀ ਹੈ।

ਸਗੋਂ ਇਹ ਤਾਂ ਮਾਰਕਸਵਾਦੀ ਵਿਚਾਰਧਾਰਾ ਵੱਲ ਵੱਧ ਰਹੀਆਂ ਕਿਸਾਨੀ ਸ਼੍ਰੈਣੀਆਂ ਦੀ ਭਾਵ ਪ੍ਰਵਿਰਤੀ ਦੇ ਟੁੱਟਦੇ ਅਤੇ ਨਵ-ਨਿਰਮਾਣਤ ਹੁੰਦੇ ਰੂਪਾਂ ਦੀ ਸਹੇਲੀ ਹੈ। ਮੇਰੇ ਪਾਠਕ ਵੀ ਇਨ੍ਹਾਂ ਸ਼੍ਰੈਣੀਆਂ ਦੇ ਪੜ੍ਹੇ-ਲਿਖੇ ਲੋਕ ਹਨ। ਜੋ ਸਫ਼ਰ ਮੇਰੀ ਕਵਿਤਾ ਨੇ ਕੀਤਾ ਉਸੇ ਤਰ੍ਹਾਂ ਦਾ ਮੇਰੇ ਜੀਵਨ ਦਾ ਸਫ਼ਰ ਹੈ। (67)

ਮੂਲ ਤੌਰ ਤੇ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਮਾਰਕਸਵਾਦੀ ਸ਼ੈਲੀ ਨੂੰ ਉਭਾਰਦੇ ਹੋਏ ਵਿਸ਼ਵ-ਵਿਆਪੀ ਲੋਕਾਂ ਦੀ ਜ਼ਿੰਦਗੀ ਸੁਧਾਰਨ ਲਈ ਉਨ੍ਹਾਂ ਨੂੰ ਕ੍ਰਾਂਤੀ ਦਾ ਪਾਠ ਪੜਾਉਂਦੇ ਹਨ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਵੇਲਾ ਆ ਗਿਆ ਵਿਚ ਮਾਰਕਸਵਾਦੀ ਸ਼ੈਲੀ ਬਾਰੇ ਵਿਚਾਰ ਬਿਆਨ ਕਰਦੇ ਹਨ:

ਹੁਣ ਵਕਤ ਆ ਗਿਆ ਹੈ-
ਕਿ ਆਪੋ ਵਿਚਲੇ ਰਿਸ਼ਤੇ ਦਾ ਇਕਬਾਲ ਕਰੀਏ
ਤੇ ਵਿਚਾਰਾਂ ਦੀ ਲੜਾਈ
ਮੱਛਰਦਾਨੀ ਵਿਚੋਂ ਬਾਹਰ ਹੋ ਕੇ ਲੜੀਏ। (55)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚ ਸਾਡੀ ਸਮਕਾਲੀ ਸਮਾਜਿਕ ਸੰਰਚਨਾ ਅੰਦਰ ਨਿਹਿਤ ਜਾਤੀ ਅਤੇ ਜਮਾਤੀ ਵਿਰੋਧਾਂ, ਵੱਖ-ਵੱਖ ਜਮਾਤਾਂ ਦੇ ਆਪਸੀ ਜਟਿਲ ਅੰਤਰ-ਸੰਬੰਧਾਂ ਅਤੇ ਪੂੰਜੀਵਾਦੀ ਆਰਥਿਕਤਾ ਦੇ ਪ੍ਰਵੇਸ਼ ਨਾਲ ਨਵੇਂ ਉਭਰ ਰਹੇ ਜਮਾਤੀ-ਸੰਬੰਧਾਂ ਦੇ ਦਵੰਦਾਂ ਦਾ ਸਟੀਕ ਚਿਤਰਣ ਹੋਇਆ ਹੈ। ਇਹਨਾਂ ਕਵੀਆਂ ਲਈ 'ਦੁਸ਼ਯੰਤ' ਦਾ ਭਾਰਤ ਅਤੇ 'ਕਿਰਤੀਆਂ' ਦਾ ਭਾਰਤ ਇਕ ਨਹੀਂ (ਪਾਸ਼) ਅਤੇ ਨਾਂ ਹੀ ਦਰ-ਦਰ ਭਟਕਦੇ ਖਾਨਾਬਦੋਸ਼ਾਂ ਅਤੇ ਜੇਤੂ ਹਮਲਾਵਰ ਆਰੀਆ ਕੌਮ ਵਿਚਕਾਰ ਕੋਈ ਸਾਂਝ ਹੋ ਸਕਦੀ ਹੈ। (ਲਾਲ ਸਿੰਘ ਦਿਲ) ਇਹ ਕਵੀ ਦੇਸ਼ ਅਤੇ ਕੌਮ ਦੀ ਸਾਂਝ ਦੀ ਮਿੱਥ ਨੂੰ ਨਾਕਾਰ ਦਿੰਦੇ ਹਨ। 'ਭੁੱਖੇ ਮਰਦੇ ਆਰੀਆ' ਤੇ ਧਰਤੀ ਪੁੱਤਰਾਂ ਦਾ ਦੇਸ਼ ਦੁਸ਼ਯੰਤ ਵਾਲਾ ਭਾਰਤ ਨਹੀਂ ਹੋ ਸਕਦਾ ਅਤੇ ਨਾ ਹੀ 'ਪਿੰਡ ਦੀ ਪੈਰੋਂ ਨੰਗੀ ਕਿਰਤੀ ਕੁੜੀ ਦਾ ਦਿੱਲੀ ਦੀ ਹੁਕਮਰਾਨ ਔਰਤ' ਨਾਲ ਕੋਈ

ਰਿਸ਼ਤਾ ਹੋ ਸਕਦਾ ਹੈ। ਮਾਰਕਸਵਾਦੀ ਸ਼ੈਲੀ ਤੋਂ ਪ੍ਰਭਾਵਿਤ ਹੋਣ ਕਾਰਨ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਭਾਰਤੀ ਸਮਾਜਿਕ ਸੰਰਚਨਾ ਵਿਚਲੇ ਵਿਰੋਧ ਅਤੇ ਅੰਤਰ-ਸੰਬੰਧਾਂ ਬਾਰੇ ਵਧੇਰੇ ਸਪੱਸ਼ਟ ਹਨ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਭਾਰਤ ਵਿਚ ਮਾਰਕਸਵਾਦੀ ਸ਼ੈਲੀ ਬਾਰੇ ਵਿਚਾਰ ਬਿਆਨ ਕਰਦੇ ਹਨ :

ਜਦ ਕੋਈ ਸਮੁੱਚੇ ਭਾਰਤ ਦੀ
ਕੌਮੀ ਏਕਤਾ ਦੀ ਗੱਲ ਕਰਦਾ ਹੈ
ਤਾਂ ਮੇਰਾ ਚਿੱਤ ਕਰਦਾ ਹੈ
ਉਸ ਦੀ ਟੋਪੀ ਹਵਾ ਵਿਚ ਉਛਾਲ ਦਿਆਂ
ਉਸ ਨੂੰ ਦੱਸਾਂ ਕਿ ਭਾਰਤ ਦੇ ਅਰਥ
ਕਿਸੇ ਦੁਸ਼ਯੰਤ ਨਾਲ ਸੰਬੰਧਤ ਨਹੀਂ
ਸਗੋਂ ਖੇਤਾਂ ਵਿਚ ਸਥਿਤ ਹਨ
ਜਿਥੇ ਅੰਨ ਉਗਦਾ ਹੈ
ਜਿਥੇ ਸੰਨ੍ਹਾਂ ਲਗਦੀਆਂ ਹਨ। 33)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਉਡਦੇ ਬਾਜ਼ਾਂ ਮਗਰ ਵਿਚ ਮਾਰਕਸਵਾਦੀ ਸ਼ੈਲੀ ਬਾਰੇ ਵਿਚਾਰ ਬਿਆਨ ਕਰਦੇ ਹਨ :

ਜਿਨ੍ਹਾਂ ਨੇ ਤੱਕੀਆਂ ਹਨ
ਕੋਠਿਆਂ ਤੇ ਸੁਕਦੀਆਂ ਸੁਨਹਿਰੀ ਛੱਲੀਆਂ
ਤੇ ਨਹੀਂ ਤੱਕੇ
ਮੰਡੀ ’ਚ ਸੁਕਦੇ ਭਾਅ
ਉਹ ਕਦੇ ਨਹੀਂ ਸਮਝ ਸਕਣ ਲੱਗੇ

ਕਿ ਕਿਵੇ ਦੁਸ਼ਮਣੀ ਹੈ

ਦਿੱਲੀ ਦੀ ਉਸ ਹੁਕਮਰਾਨ ਔਰਤ ਦੀ

ਉਸ ਪੈਰੋਂ ਨੰਗੀ ਪਿੰਡ ਦੀ ਸੁਹਣੀ ਕੁੜੀ ਨਾਲ। (69-70)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਾਮ ਦਾ ਰੰਗ ਵਿਚ ਮਾਰਕਸਵਾਦੀ ਸ਼ੈਲੀ ਬਾਰੇ ਵਿਚਾਰ ਬਿਆਨ ਕਰਦੇ ਹਨ :

ਛੱਡ ਤੁਰੇ ਹਨ

ਇਕ ਹੋਰ ਗੈਰਾਂ ਦੀ ਜ਼ਮੀਨ

ਛੱਜਾਂ ਵਾਲੇ

ਜਾ ਰਿਹਾ ਏ ਲੰਮਾ ਲਾਰਾ

ਝਿੜਕਾਂ ਦੇ ਭੰਡਾਰ ਲੱਦੀ

ਗਧਿਆਂ ਤੇ ਬੈਠੇ ਨੇ ਜੁਆਕ

ਜਾ ਰਿਹਾ ਏ ਲੰਮਾ ਲਾਰਾ। (39)

**6.4 ਪ੍ਰਸ਼ਨੋਤਰੀ ਸ਼ੈਲੀ:** ਜੁੜਵੇਂ ਵਿਰੋਧੀ ਜੁਟਾਂ ਦੀ ਇਹ ਕਾਵਿ ਜੁਗਤ ਨੂੰ ਡੂੰਘੇਰਾ ਅਤੇ ਸੰਘਣਾ ਕਰਨ ਲਈ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਸਪੱਸ਼ਟ ਪ੍ਰਸ਼ਨੋਤਰੀ ਸ਼ੈਲੀ ਦਾ ਢੁੱਕਵਾਂ ਪ੍ਰਯੋਗ ਕਰਦੇ ਹਨ। ਆਧੁਨਿਕ ਯੁੱਗ ਸੰਵੇਦਨਾ ਪ੍ਰਸ਼ਨ ਦੀ ਕੁੱਖ 'ਚ ਪੈਦਾ ਹੋਈ ਪ੍ਰਸ਼ਨਾਂ ਦੀ ਅਮੁੱਕ ਲੜੀ ਵਿਚ ਹੀ ਸਿਖਰ ਵੱਲ ਵਧਦੀ ਹੈ। ਪ੍ਰਸ਼ਨਾਂ ਦੀ ਇਹ ਅਮੁੱਕ ਸ਼੍ਰਿੰਖਲਾ ਨਵ-ਯੁੱਗ ਸੰਵੇਦਨਾ, ਨਵੇ ਸਿਧਾਂਤਾਂ ਅਤੇ ਮਤਾਂ ਦੀ ਸਿਰਜਣਹਾਰੀ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀ ਪ੍ਰਸ਼ਨੋਤਰੀ ਕਾਵਿ-ਸ਼ੈਲੀ ਦਾ ਮੂਲ ਪ੍ਰਸ਼ਨੋਤਰੀ ਤਰਕ 'ਜੇ' 'ਕਿ' ਅਤੇ 'ਤਾਂ' ਦੀ ਤਿੱਕੜੀ ਵਿਚੋਂ ਹੋਂਦ ਗ੍ਰਹਿਣ ਕਰਦਾ ਹੈ। 'ਜੇ' ਵਰਤਮਾਨ ਦੀ ਕਰੂਰਤਾ ਅਤੇ ਭਿਆਨਕਤਾ ਦਾ, 'ਕਿ' ਇਸਦੀ ਸੰਭਾਵੀ ਬਦਲੀ ਦਾ ਅਤੇ 'ਤਾਂ' ਇਸ ਦੇ ਸੰਭਾਵੀ ਬਦਲ ਦੇ ਖ਼ਾਸੇ ਨੂੰ ਮੂਰਤੀਮਾਨ ਕਰਦਾ ਹੈ। ਕਾਵਿਕ ਬਿੰਬਾਂ ਦੀ ਉਸਾਰੀ ਸਮੇਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ

ਪਾਸ਼ ਕਾਵਿ ਬਿੰਬਾਂ ਨੂੰ ਪ੍ਰਸ਼ਨਾਂ ਦੀ ਤਰਕ ਉਸਾਰੀ ਲਈ ਪਾਠਕ ਸਰੋਤੇ ਦੇ ਮਾਨਸਿਕ ਚਿਤਰਪਟ ਤੇ ਪੁੱਠਾ ਲਟਕਾਉਂਦੇ ਹਨ ਅਤੇ ਇਹ ਕਾਵਿ ਬਿੰਬ ਜਿਹੜੇ ਪ੍ਰਸ਼ਨਾਂ ਨੂੰ ਸਿਰਜਦੇ ਹਨ, ਉਹ ਪਾਠਕ ਸੰਵੇਦਨਾ ਨੂੰ ਅਸਲੀ ਸੰਦੇਸ਼ ਅਰਥਾਤ ਕਾਵਿ ਸੰਵੇਦਨਾ ਨਾਲ ਜੋੜ ਦਿੰਦੇ ਹਨ। ਜਿਵੇਂ ਕਿ ਅਵਤਾਰ ਸਿੰਘ ਪਾਸ਼ ਦੀ ਪ੍ਰਸ਼ਨੋਤਰੀ ਸ਼ੈਲੀ ਕ੍ਰਾਂਤੀਕਾਰੀ ਸੰਵੇਦਨਾ ਦੇ ਸੰਚਾਰਨ ਲਈ ਵਰਤਮਾਨ ਮਰਯਾਦਾ ਦੇ ਭੰਜਨ ਲਈ ਤਿੱਖੇ ਨਸ਼ਤਰ ਦਾ ਕੰਮ ਕਰਦੀ ਹੈ ਅਤੇ ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਮੈਂ ਪੁੱਛਦਾ ਹਾਂ ਵਿਚ ਪ੍ਰਸ਼ਨੋਤਰੀ ਸ਼ੈਲੀ ਬਾਰੇ ਵਿਚਾਰ ਬਿਆਨ ਕਰਦੇ ਹਨ :

ਮੈਂ ਪੁੱਛਦਾ ਹਾਂ ਅਸਮਾਨ 'ਚ ਉੱਡਦੇ ਹੋਏ ਸੂਰਜ ਨੂੰ

ਕੀ ਵਕਤ ਇਸੇ ਦਾ ਨਾਂ ਹੈ?

ਕਿ ਘਟਨਾਵਾਂ ਕੁਚਲਦੀਆਂ ਤੁਰੀਆਂ ਜਾਣ

ਮਸਤ ਹਾਥੀ ਵਾਂਗ

ਇਕ ਸਮੁੱਚੇ ਮਨੁੱਖ ਦੀ ਚੇਤਨਾ (71)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਜ਼ਹਿਰ ਵਿਚ ਪ੍ਰਸ਼ਨੋਤਰੀ ਸ਼ੈਲੀ ਬਾਰੇ ਵਿਚਾਰ ਬਿਆਨ ਕਰਦੇ ਹਨ :

ਭੂਮੀ ਅੰਦੋਲਨ ਤਾਂ ਘਰ ਦੀ ਗੱਲ ਹੈ

ਇਹ ਕਾਹਨੂੰ ਸਾਨਿਆਲ ਕੀ ਸ਼ੈ ਹੈ?

ਜਵਾਨੀ ਤਾਂ ਜਤਿੰਦਰ ਜਾਂ ਬਬੀਤਾ ਦੀ ਸੀ

ਇਹ ਉਤਪਲ ਦੱਤ ਕੀ ਹੋਇਆ?

ਇਹ ਨਾਟ ਕਲਾ ਕੇਂਦਰ ਕੀ ਕਰਦਾ?

ਜ਼ਹਿਰ ਤਾਂ ਕੀਟਸ ਨੇ ਖਾਧਾ ਸੀ?

ਇਹ ਦਰਸ਼ਨ ਖਟਕੜ ਕੀ ਖਾਂਦਾ ਹੈ? (47)

ਆਰਥਿਕ ਤੌਰ 'ਤੇ ਨੀਵੇਂ ਪੱਧਰ ਦੀ ਜ਼ਿੰਦਗੀ ਲਈ ਵੀ ਬ੍ਰਾਹਮਣੀ ਸਭਿਆਚਾਰ ਵਲੋਂ ਕੀਤੀ ਕੰਮ ਵੰਡ ਜ਼ੁੰਮੇਵਾਰ ਹੈ। ਇਸ ਕੰਮ ਵੰਡ ਵਿਚ ਦਲਿਤ ਵਰਗ ਦੇ ਹਿੱਸੇ ਉਪਰਲੇ ਤਿੰਨ ਵਰਗਾਂ ਦੀ ਸੇਵਾ ਕਰਨਾ ਆਇਆ ਹੈ। ਇਸ ਵਿਚ ਉਤਪਾਦਨ ਦੇ ਸਾਧਨਾਂ ਵਿਚ ਦਲਿਤ ਵਰਗ ਨੂੰ ਹਿੱਸੇਦਾਰੀ ਨਹੀਂ ਦਿੱਤੀ ਗਈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੇ ਮਨ ਇਹਨਾਂ ਤੱਥਾਂ ਦੇ ਇਤਿਹਾਸਕ ਪਰਿਪੇਖ ਤੋਂ ਦਲਿਤ ਵਰਗ ਨੂੰ ਜ਼ਮੀਨ ਤੋਂ ਵਾਂਝੇ ਅਤੇ ਅਣਮਨੁੱਖੀ ਜ਼ਿੰਦਗੀ ਦੀ ਤਰਾਸਦੀ ਤੇ ਹੋਣੀ ਦੇ ਪ੍ਰਸ਼ਨ ਪੈਦਾ ਹੁੰਦੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਾਮ ਦਾ ਰੰਗ ਵਿਚ ਪ੍ਰਸ਼ਨੋਤਰੀ ਸ਼ੈਲੀ ਬਾਰੇ ਵਿਚਾਰ ਬਿਆਨ ਕਰਦੇ ਹਨ :

ਗਧਿਆਂ ਤੇ ਬੈਠੇ ਨੇ ਜੁਆਕ

ਪਿਉਆਂ ਦੇ ਹੱਥਾਂ 'ਚ ਕੁੱਤੇ ਹਨ

ਮਾਵਾਂ ਨੇ ਪਿੱਠਾਂ ਪਿੱਛੇ

ਬੰਨ੍ਹੇ ਪਤੀਲੇ ਹਨ

ਪਤੀਲਿਆਂ 'ਚ ਮਾਵਾਂ ਦੇ ਪੁੱਤ ਸੁੱਤੇ ਹਨ

ਜਾ ਰਿਹਾ ਏ ਲੰਮਾਂ ਲਾਰਾ

ਮੋਢਿਆਂ ਤੇ ਚੁੱਕੀ ਕੁੱਲੀਆਂ ਦੇ ਬਾਂਸ

ਇਹ ਭੁੱਖਾਂ ਦੇ ਮਾਰੇ ਕੌਣ ਆਰੀਆ ਹਨ?

ਇਹ ਜਾ ਰਹੇ ਨੇ ਰੋਕਣ

ਕਿਸ ਭਾਰਤ ਦੀ ਜ਼ਮੀਨ। (39)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਮੁਹਾਰਾਂ ਵਿਚ ਪ੍ਰਸ਼ਨੋਤਰੀ ਸ਼ੈਲੀ ਬਾਰੇ ਵਿਚਾਰ ਬਿਆਨ ਕਰਦੇ ਹਨ :

ਕੌਣ ਤੇਰੀਆਂ ਮੁਹਾਰਾਂ ਖਿੱਚ

ਲੈ ਜਾ ਰਿਹਾ ਤੈਨੂੰ ਕਿੱਥੇ?

ਤੈਨੂੰ ਤੇਰਾ ਚਾਰਾ ਨਹੀਂ ਮਿਲਿਆ

ਤੇਰੀ ਖੱਲ ਵਿਕ ਚੁੱਕੀ

ਤੇਰੀਆਂ ਹੱਡੀਆਂ ਦਾ ਭਾਅ ਹੋ ਗਿਆ। (190)

ਉਪਰੋਕਤ ਤੌਰ ਤੇ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਦਲਿਤ ਵਰਗ ਦੇ ਸੰਤਾਪ ਨੂੰ ਬਿਆਨਦੇ ਹਨ। ਉਹਨਾਂ ਅਨੁਸਾਰ ਇਸ ਦੁਨੀਆਂ ਵਿਚ ਭੋਜਨ ਦੇ ਵਸੀਲੇ ਉਤਪੰਨ ਕਰਨ ਵਾਲੇ ਮਾਨਵ ਨੂੰ ਖੁਦ ਫਾਕੇ ਕੱਟਣੇ ਪੈਂਦੇ ਹਨ। ਉਸਦੀਆਂ ਜੀਵਨ ਸਥਿਤੀਆਂ-ਪ੍ਰਸਥਿਤੀਆਂ ਨਿਘਰ ਰਹੀਆਂ ਹਨ। ਪੂੰਜੀ ਦਾ ਧੁਰਾ ਕਿਰਤੀ ਨੂੰ ਸ਼ੋਸ਼ਿਤ ਧਿਰ ਵਿਚ ਰੂਪਾਂਤਰਿਤ ਕਰ ਰਿਹਾ ਹੈ। ਦਲਿਤ ਵਰਗ ਨੂੰ ਨਪੀੜਿਆ ਜਾ ਰਿਹਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਸ਼ੋਸ਼ਿਤ ਅਤੇ ਸ਼ੋਸ਼ਕ ਵਰਗ ਦੇ ਆਪਸੀ ਟਕਰਾਓ ਨੂੰ ਆਪਣੀਆਂ ਕਵਿਤਾਵਾਂ ਵਿਚ ਉਭਾਰ ਰਹੇ ਹਨ। ਸ਼ੋਸ਼ਕ ਸ਼ੋਸ਼ਿਤ ਵਰਗ ਨੂੰ ਆਪਣਾ ਨਿਵਾਲਾ ਬਣਾਉਂਦਾ ਹੋਇਆ ਖਪਤ ਕਰਦਾ ਜਾ ਰਿਹਾ ਹੈ ਅਤੇ ਉਹ ਸਰੀਰਕ ਅਤੇ ਮਾਨਸਿਕ ਗੁਣਾਂ ਤੋਂ ਵਹੀਨ ਹੁੰਦਾ ਜਾ ਰਿਹਾ ਹੈ। ਉਸਦਾ ਅਾਂਤਰਿਕ ਵਿਅਕਤੀਗਤ ਖੋਖਲਾ ਹੁੰਦਾ ਜਾ ਰਿਹਾ ਹੈ। ਅੰਨਦਾਤਾ ਭੁੱਖਮਰੀ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਸੋ ਕਵੀ ਇਹਨਾਂ ਸਾਰੀਆਂ ਸਥਿਤੀਆਂ-ਪ੍ਰਸਥਿਤੀਆਂ ਨੂੰ ਪ੍ਰਸ਼ਨੋਤਰੀ ਸ਼ੈਲੀ ਤੋਂ ਉਭਾਰਦੇ ਹਨ।

**6.5 ਸੰਬੋਧਨੀ ਸ਼ੈਲੀ:** ਪ੍ਰਗਤੀਵਾਦੀ ਕਵੀ ਆਪਣੀ ਕਵਿਤਾ ਵਿਚ ਦਰਸ਼ਕਾਂ/ਸ੍ਰੋਤਿਆਂ ਨੂੰ ਸੰਬੋਧਨ ਕਰਦਿਆਂ ਹੋਇਆ ਕਵਿਤਾ ਦੀ ਰਚਨਾ ਕਰਦੇ ਹਨ। ਸੰਬੋਧਨੀ ਸ਼ੈਲੀ ਪ੍ਰਗਤੀਵਾਦੀ ਕਾਵਿ-ਧਾਰਾ ਦਾ ਇਕ ਵਿਸ਼ੇਸ਼ ਲੱਛਣ ਹੈ। ਇਸ ਸ਼ੈਲੀ ਦੇ ਅਧੀਨ ਕਵਿਤਾ ਵਿਚਲਾ ਕੋਈ ਇਕ ਪਾਤਰ ਆਪਣੇ ਭਾਸ਼ਣ ਰਾਹੀਂ ਸ੍ਰੋਤਿਆਂ/ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਸੰਬੋਧਨੀ ਸ਼ੈਲੀ ਦੀ ਮੁਦਰਾ ਵਿਚ ਵੰਗਾਰਵਾਂ ਪ੍ਰਸ਼ਨ ਹਾਜ਼ਰ ਹੁੰਦਾ ਹੈ। ਇਹਨਾਂ ਦਾ ਕਾਵਿਕ ਸੰਬੋਧਨ ਅਤੇ ਸੁਰ ਸੰਦੇਸ਼ ਦੇ ਮੁਹਾਂਦਰੇ ਅਨੁਸਾਰ ਆਪਣਾ ਸਰੂਪ ਨਿਸ਼ਚਿਤ ਕਰਦਾ ਹੈ। ਜਮਾਤੀ ਅਤੇ ਦੁਸ਼ਮਣੀ ਦੇ ਸੰਬੋਧਨ ਵਿਚ ਲਾਲ

ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਅਸੀਂ ਤੇ ਤੁਸੀਂ ਦੇ ਧਿਰ ਵੰਡਵੇਂ ਸੰਬੋਧਨ ਵਿਚ ਲਲਕਾਰਵੇਂ, ਵੰਗਾਰਵੇਂ ਉੱਚੇ ਸੁਰ ਅਲਾਪਦੇ ਹਨ। ਇਥੇ ਇਹ ਯੁੱਧ, ਅਮਿੱਟਵੇਂ ਭੇੜ ਤੇ ਮੌਤ ਦੇ ਪੈਗ਼ਾਮ ਵਰਗਾ ਹੈ। ਪਰ ਜਿਉਂ ਹੀ ਇਹ ਸੰਬੋਧਨ ਉਸਦੀ ਮਹਿਬੂਬਾਂ, ਮਹਿਬੂਬਾਂ ਵਰਗੇ ਪਿੰਡ, ਪਿੰਡ ਦੇ ਕਿਰਤੀ ਲੋਕਾਂ ਅਤੇ ਆਪਣੇ ਕ੍ਰਾਂਤੀਕਾਰੀ ਮਿੱਤਰਾਂ ਨੂੰ ਮੁਖ਼ਾਤਬ ਹੈ ਤਾਂ ਇਸ ਵਿਚ ਇਕ ਡੂੰਘੇ ਸੁਨੇਹ, ਭਰਪੂਰ ਲਗਾਓ, ਦਰਦੀਲੀ ਸਾਂਝ ਅਤੇ ਆਪਸੀ ਸੁਖਾਵੇਂ ਸੰਚਾਰ ਦੀ ਰਸਭਿੰਨੀ ਮਹਿਕ ਹੈ। ਵਿਰੋਧੀ ਧਿਰ ਦੇ ਸੰਬੋਧਨ ਵਿਚ ਗੁੱਸਾ ਤੇ ਨਫ਼ਰਤ ਹੈ, ਆਪਣਿਆਂ ਦੇ ਸੰਬੋਧਨ ਵਿਚ ਮਾਸੂਮ ਚਾਅ ਅਤੇ ਮਿੱਠੀ ਹਮਦਰਦੀ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਵਿੱਚ ਸੰਬੋਧਨੀ ਸ਼ੈਲੀ ਦੇ ਪ੍ਰਯੋਗ ਰਾਹੀਂ ਲੋਕ-ਗੀਤ 'ਛੰਨੀ' ਵਿਚ ਸੰਬੋਧਨ ਕਰਦੇ ਹੋਏ ਲਿਖਦੇ ਹਨ:

ਨਿੱਜਭਾਵੀ ਮੈਂ ਸੰਬੋਧਨ ਛੰਨੀ ਤਾਂ ਛੰਨੀ ਹੋਈ

ਪਰ ਗੁੱਡੀਏ ਤੇਰੇ ਗੀਤਾਂ ਨਾਲ

ਤੇਰੇ ਵੀਰ ਨੂੰ ਬੰਨੀ ਨਹੀਂ ਲੱਭਣੀ (140)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਵਿੱਚ ਦੁਸ਼ਮਣੀ ਸੰਬੋਧਨੀ ਸ਼ੈਲੀ ਦੇ ਪ੍ਰਯੋਗ ਕਰਦੇ ਹੋਏ ਕਵਿਤਾ ਇਨਕਾਰ ਵਿੱਚ ਲਿਖਦੇ ਹਨ:

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ

ਤੁਹਾਡੇ ਚਗਲ਼ੇ ਹੋਏ ਸਵਾਦਾਂ ਦੀ ਕੋਈ ਗੱਲ ਕਰਾਂਗਾ

ਜਿੰਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ ਸਾਡੇ ਬੱਚਿਆਂ ਦੀ ਤੋਤਲੀ ਕਵਿਤਾ

ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ। (124)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਵਿੱਚ ਦੁਸ਼ਮਣੀ ਸੰਬੋਧਨੀ ਸ਼ੈਲੀ ਦੇ ਪ੍ਰਯੋਗ ਕਰਦੇ ਹੋਏ ਕਵਿਤਾ ਖੁੱਲੀ ਚਿਠੀ ਵਿੱਚ ਲਿਖਦੇ ਹਨ:

ਮਸ਼ੂਕਾਂ ਨੂੰ ਖ਼ਤ ਲਿਖਣ ਵਾਲਿਓ !

ਜੇ ਤੁਹਾਡੀ ਕਲਮ ਦੀ ਨੋਕ ਬਾਂਝ ਹੈ

ਤਾਂ ਕਾਗਜ਼ਾਂ ਦਾ ਗਰਭਪਾਤ ਨਾ ਕਰੋ,

ਤਾਰਿਆਂ ਵਲ ਤਕ ਕੇ ਕ੍ਰਾਂਤੀ ਲਿਆਉਣ ਦੀ

ਨਸੀਹਤ ਦੇਣ ਵਾਲਿਓ !

ਕ੍ਰਾਂਤੀ ਜਦ ਆਈ ਤਾਂ

ਤੁਹਾਨੂੰ ਵੀ ਤਾਰੇ ਦਿਖਾ ਦਏਗੀ

ਕ੍ਰਾਂਤੀ ਕੋਈ ਦਾਹਵਤ ਨਹੀਂ, ਨੁਮਾਇਸ਼ ਨਹੀਂ...

ਵਰਗਾਂ ਦਾ ਰੁਚੀਆਂ ਦਾ ਦਰਿੰਦਾਨਾ ਭਿੜਣਾ ਹੈ,

ਮਰਨਾ ਹੈ ਮਾਰਨਾ ਹੈ ਤੇ ਮੌਤ ਨੂੰ ਖ਼ਤਮ ਕਰਨਾ ਹੈ। (61)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਵਿੱਚ ਦੁਸ਼ਮਣੀ ਸੰਬੋਧਨੀ ਸ਼ੈਲੀ ਦੇ ਪ੍ਰਯੋਗ ਕਰਦੇ ਹੋਏ ਕਵਿਤਾ ਲਾਲ ਪੂਰਬ ਵਿੱਚ ਲਿਖਦੇ ਹਨ:

ਐ ਕੁੱਲੀਆਂ ਚੋਂ ਜਾਗਦਿਓ ਲੋਕੋ

ਇਨਕਲਾਬ ਝੁੱਗੀਆਂ ਚੋਂ ਨਿਕਲਦਾ।

ਐ ਖੱਤਿਆਂ ਚੋਂ ਜਾਗਦਿਓ ਲੋਕੋ

ਇਨਕਲਾਬ ਖੇਤਾਂ ਵਿਚੋਂ ਪੈਦਾ ਹੁੰਦਾ

ਐ ਨਾਲੀਆਂ ਦੇ ਕੰਢਿਆਂ ਤੇ ਰੁਲਦਿਓ

ਇਨਕਲਾਬ ਬੰਦੂਕਾਂ ਦੀਆਂ ਨਾਲੀਆਂ ਚੋਂ ਨਿਕਲਦਾ। (95)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ ਦੀ ਕਾਵਿ ਸੰਵੇਦਨਾ ਦਾ ਇਕ ਸੁਚੱਜਾ ਪਾਸਾਰ ਇਸਦੀ ਲੋਕਧਾਰਾਈ ਸੰਵੇਦਨਾ ਨਾਲ ਸੰਪੂਰਨ ਇਕਸੁਰਤਾ ਤੇ ਡੂੰਘੀ ਰਸਾਈ ਹੈ। ਇਹ ਖ਼ੁਸ਼ਕ, ਫ਼ਰਜ਼ੀ, ਸਤਹੀ ਅਤੇ ਬੌਧਿਕ ਕਾਵਿਕ ਪ੍ਰਵਚਨ ਦੇ ਸਿਰਜਕ ਨਹੀਂ। ਇਹਨਾਂ ਨੂੰ ਲੋਕ ਹਿਤੈਸ਼ੀ, ਕ੍ਰਾਂਤੀਕਾਰੀ

ਕਾਵਿਕ ਪਾਠ ਦੀ ਲੋਕ ਮਨ ਨਾਲ ਭਾਵੁਕ ਅਤੇ ਆਵੇਗਮਈ ਸਾਂਝ ਦੇ ਔਖੇ ਪਰ ਲਾਜ਼ਮੀ ਰਿਸ਼ਤੇ ਦੀ ਪਛਾਣ ਸੀ। ਲੋਕਧਾਰਾਈ ਸੰਵੇਦਨਾ ਦੀਆਂ ਜਿਨ੍ਹਾਂ ਸੰਬੋਧਨੀ ਸ਼ੈਲੀ ਨੂੰ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਅਪਣਾਇਆ। ਸੰਬੋਧਨੀ ਸ਼ੈਲੀ ਸਦਕਾ ਹੀ ਇਹਨਾਂ ਦੀਆਂ ਕਵਿਤਾਵਾਂ ਨੂੰ ਪੰਜਾਬੀ ਲੋਕਾਈ ਨੇ ਪ੍ਰਵਾਨ ਕੀਤਾ। ਲਾਲ ਸਿੰਘ ਦਿਲ  ਆਪਣੀ ਪੁਸਤਕ ***ਨਾਗ ਲੋਕ***  ਕਵਿਤਾ ਜਜ਼ਬੇ ਦੀ ਖ਼ੁਦਕਸ਼ੀ ਵਿਚ ਸੰਬੋਧਨੀ ਸ਼ੈਲੀ ਰਾਹੀਂ ਆਪਣੀ ਮਹਿਬੂਬ ਨੂੰ ਸੰਬੋਧਤ ਹੁੰਦਾ ਹੋਇਆ ਕਹਿੰਦਾ ਹੈ ਕਿ:

ਮੈਂ ਚਾਹਿਆਂ ਚੰਨ ’ਤੇ ਲਿਖ ਦੇਵਾਂ

ਤੇਰੇ ਨਾਂ ਨਾਲ ਆਪਣਾ ਨਾਂ

ਮੈਂ ਚਾਹਿਆ ਹਰ ਜ਼ੱਰੇ ਦੇ ਨਾਲ

ਕਰ ਦੇਵਾਂ ਹਰ ਖ਼ੁਸ਼ੀ

ਨਾਂ ਤੇਰੇ ਨਾਲ ਨਾਂ ਮੇਰਾ

ਲਿਆ ਜਾਂਦਾ ਸੀ ਕੁਝ ਏਦਾ

ਜਿਵੇਂ ਕੋਈ ਧਰ ਦੇਵੇ ਰੇਸ਼ਮ ਦੇ ਉੱਤੇ

ਕੁਹਜੀਆਂ ਲੀਰਾਂ

ਮੈਂ ਕਿਸੇ ਮਿੱਲਾਂ ’ਚ ਰੁਲਦੇ

ਬਾਪ ਦੀ ਰੂਹ ਹਾਂ

ਮੈਂ ਕਿਸੇ ਲੀਰਾਂ ’ਚ ਉਲਝੀ

ਮਾਂ ਦਾ ਦਿਲ ਹਾਂ

ਕਿਸ ਤਰ੍ਹਾਂ ਤੂੰ ਜ਼ਰ ਲਈ ਹੋਵੇਗੀ

ਇਹ ਚਰਚਾ

ਨੀਂਦ ਵੀ ਨੈਣਾਂ ‘’ਚ ਪਈ ਨਹੀਂ ਹੋਣੀ ਤੈਨੂੰ

ਅਚਾਨਕ ਬੁੱਲਿਆਂ ’ਤੇ

ਖੜਕਦੇ ਹੋਵਣਗੇ ਜਦ ਪੱਤੇ

ਤਾਂ ਤੈਨੂੰ ਜਾਪਦਾ ਹੋਣੈ

ਜੀਕਣ ਹੱਸ ਰਹੇ ਲੋਕੀ

ਇਕੇਰਾਂ ਨਾ ਮਿਲਣ ਉੱਤੇ

ਭਰ ਗਏ ਸਨ ਨੈਣ ਜੋ ਤੇਰੇ

ਅੱਜ ਉਹ ਵੇਖਦੇ ਹੋਵਣਗੇ

ਮਿਲ ਜਾਵਾਂ ਨਾ ਮੈਂ ਕਿਧਰੇ

ਚੁੰਮ ਜਾਂਦੇ ਨੇ

ਜੋ ਅੰਗਾਰੇ ਤੇਰੇ ਦਿਲ ਨੂੰ

ਨਹੀਂ ਵੇਖਾਂਗਾ ਰਾਹ ਫਿਰ ਮੈਂ

ਆਬਰੂ ਤੇਰੀ ਦੇ ਕੰਬ ਜਾਂਦੇ ਨੇ ਜੋ ਪੱਲੂ

ਨਹੀਂ ਬਾਲਾਂਗਾ ਫਿਰ ਦੀਵੇ

ਨਹੀਂ ਦੇਖਾਂਗਾ ਰਾਹ ਤੇਰੇ। (58,59)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਜਾਤ ਪਾਤ ਵਿਚ ਸੰਬੋਧਨੀ ਸ਼ੈਲੀ ਰਾਹੀਂ ਆਪਣੀ ਮਹਿਬੂਬ ਨੂੰ ਸੰਬੋਧਤ ਹੁੰਦਾ ਹੋਇਆ ਕਹਿੰਦਾ ਹੈ :

ਮੈਨੂੰ ਪਿਆਰ ਕਰਦੀਏ

ਪਰ-ਜਾਤ ਕੁੜੀਏ

ਸਾਡੇ ਸਕੇ ਮੁਰਦੇ ਵੀ

ਇੱਕ ਥਾਂ ਤੇ ਨਹੀਂ ਜਲਾਉਂਦੇ (64)

ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਇਹ ਕਹਿ ਸਕਦੇ ਹਾਂ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਸੰਬੋਧਨੀ ਸ਼ੈਲੀ ਰਾਹੀਂ ਪੰਜਾਬ ਦੇ ਇਤਿਹਾਸਕ ਅਤੇ ਸਭਿਆਚਾਰਕ ਵਿਰਸੇ ਨੂੰ ਆਪਣੀ ਰਚਨਾਤਮਕ ਕਾਰਜ ਦੀ ਆਧਾਰਸ਼ਿਲਾ ਬਣਾਇਆ ਹੈ। ਅਸੀਂ ਤੁਸੀਂ ਦਾ ਸੰਬੋਧਨ ਮੈਂ ਅਤੇ ਤੂੰ ਦੇ ਸੰਬੋਧਨ ਵਲ ਮੁੜਦਾ ਹੈ। ਪਰ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਵਿਚ ਕ੍ਰਾਂਤੀ ਦੀ ਤੜਪ ਤੇ ਮਨੁੱਖੀ ਹੋਂਦ ਦੇ ਗੌਰਵ ਅਤੇ ਉਸਾਰੀ ਦੀ ਜੁਸਤਜੂ ਹੋਰ ਪ੍ਰਮਾਣਿਕ ਰੂਪ ਵਿਚ ਬਰਕਰਾਰ ਰਹਿੰਦੀ ਹੈ। ਸਮੂਹਕ ਜਮਾਤੀ ਸੰਬੋਧਨ ਨਿਰੋਲ ਨਿੱਜਪਰਕ ਅਤੇ ਵਧੇਰੇ ਮੈਂ ਮੂਲਕ ਹੁੰਦਾ ਹੈ। ਜਮਾਤੀ ਦੁਸ਼ਮਣਾਂ ਵੱਲ ਦੀ ਲਲਕਾਰਵੀਂ ਸੁਰ ਹੁਣ ਦੋਸਤੀ, ਉਲਾਂਭੇ, ਤਾਹਨੇ ਜਾਂ ਦੋਸ਼ਾਂ ਦੇ ਵਾਦ-ਸੰਵਾਦ ਦੀ ਨਿੱਜਭਾਵੀ ਸ਼ੈਲੀ ਅਤੇ ਅੰਤਰਮੁਖੀ ਸੰਬੋਧਨ ਦਾ ਸਰੂਪ ਗ੍ਰਹਿਣ ਕਰਦੀ ਹੈ। ਪਰ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਸਵੈ ਦੀ ਪ੍ਰਮਾਣਿਕਤਾ, ਪਾਰਦਰਸ਼ੀ ਸੱਚ ਨਾਲ ਇਕਸੁਰਤਾ ਅਤੇ ਕ੍ਰਾਂਤੀਕਾਰੀ ਪ੍ਰਤਿਬੱਧਤਾ ਦੇ ਅਸਾਵੇਂ ਤੇ ਪੁੱਠੇ ਹੋ ਰਹੇ ਤਵਾਜਨਾਂ ਨੂੰ ਤਲਾਸ਼ਦੇ ਤੜਪਦੇ ਹੋਏ ਵੀ ਸਾਵੇ ਸਮਤੋਲ ਵਿਚ ਰੱਖਣ ਲਈ ਪੂਰੀ ਵਾਹ ਲਾਉਂਦੇ ਹਨ।

**6.6 ਵਿਅੰਗਾਤਮਕ ਸ਼ੈਲੀ:** ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਆਪਣੀ ਗੰਭੀਰ ਤੇ ਵਿਅੰਗਾਤਮਕ ਸ਼ੈਲੀ ਰਾਹੀਂ ਸਮਾਜਿਕ, ਸਿਆਸੀ ਤੇ ਸਭਿਆਚਾਰਕ ਸਥਿਤੀ-ਪ੍ਰਸਥਿਤੀ ਦੀ ਪੇਸ਼ਕਾਰੀ ਕਰਦੇ ਹੋਏ ਨਤੀਜਾ ਕੱਢਦੇ ਹਨ ਕਿ ਹੁਣ ਤੱਕ ਪ੍ਰਗਤੀ ਦੇ ਨਾਂ ’ਤੇ ਸਭ ਕੁਝ ਕਾਬਜ਼ ਜਮਾਤਾਂ ਲਈ ਅਤੇ ਉਨ੍ਹਾਂ ਦੇ ਹਿੱਤਾਂ ਵਿਚ ਵਿਕਸਤ ਹੋਇਆ ਹੈ। ਆਮ ਆਦਮੀ ਵੱਖ-ਵੱਖ ਕਦਰਾਂ-ਕੀਮਤਾਂ ਨੂੰ ਸਿਰਫ਼ ਸਵੀਕਾਰਦਾ ਹੈ, ਪੈਦਾ ਨਹੀਂ ਕਰਦਾ। ਨਿੱਜੀ ਜਾਇਦਾਦ ਦੇ ਜਨਮ ਤੋਂ ਬਾਅਦ ਸਭਿਆਚਾਰਕ ਤੇ ਸਦਾਚਾਰਕ ਹਿੱਤ ਉਪਰਲੀਆਂ ਜਮਾਤਾਂ ਦੇ ਹੱਕ ਵਿਚ ਭੁਗਤਦੇ ਰਹੇ ਹਨ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਆਪਣੀਆਂ ਮਹੱਤਵਪੂਰਨ ਕਵਿਤਾਵਾਂ ਵਿਚ ਹਾਕਮ ਜਮਾਤਾਂ ਦੁਆਰਾ ਵਿਕਸਤ ਕੀਤੀਆਂ ਕਦਰਾਂ-ਕੀਮਤਾਂ ਨੂੰ ਚੈਲੰਜ ਕਰਦਾ ਹੋਇਆ ਸਥਾਪਤੀ ਦੇ ਅਸਲੀ ਕਿਰਦਾਰ ਦਾ ਵਿਅੰਗਾਤਮਕ ਸ਼ੈਲੀ ਤੋਂ ਪਰਦਾਫ਼ਾਸ਼ ਕਰਦੇ ਹਨ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਖੁੱਲ੍ਹੀ ਚਿੱਠੀ ਵਿਚ ਯੂਟੋਪੀਆ ਕ੍ਰਾਂਤੀਕਾਰੀ ਵਿਚਾਰਾਂ ’ਤੇ ਵਿਅੰਗ ਕਰਦਾ ਹੋਇਆ ਲਿਖਦਾ ਹੈ:

ਤਾਰਿਆਂ ਵੱਲ ਤੱਕ ਕੇ ਕ੍ਰਾਂਤੀ ਲਿਆਉਣ ਦੀ

ਨਸੀਹਤ ਦੇਣ ਵਾਲਿਓ

ਕ੍ਰਾਂਤੀ, ਜਦ ਆਈ ਤਾਂ

ਤੁਹਾਨੂੰ ਵੀ ਤਾਰੇ ਦਿਖਾ ਦਏਗੀ। (61)

ਵਰਤਮਾਨ ਦੌਰ ਵਿਚ ਗੰਭੀਰਤਾ ਦੀ ਪੇਸ਼ਕਾਰੀ ਕਰਨ ਲਈ ਵਿਅੰਗ ਦਾ ਸਹਾਰਾ ਲੈਣਾ ਮਜ਼ਬੂਰੀ ਬਣ ਗਈ ਹੈ ਕਿਉਂਕਿ ਸਪੱਸ਼ਟਤਾ ਤੋਂ ਹਰ ਕੋਈ ਘਬਰਾ ਜਾਂਦਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦਾ ਜੁਝਾਰਵਾਦੀ ਕਵਿਤਾਵਾਂ ਵਿਚਲਾ ਵਿਰੋਧ ਸਿਰਫ਼ ਹਾਕਮਾਂ ਜਮਾਤਾਂ ਤੱਕ ਹੀ ਸੀਮਤ ਨਹੀਂ ਹੈ। ਇਹ ਕਵੀ ਸੋਧਵਾਦੀ ਸੇਧ ਲੈਣ ਵਾਲੀਆਂ ਕਮਿਊਨਿਸਟ ਪਾਰਟੀਆਂ ਨੂੰ ਵੀ ਆਪਣੀ ਵਿਅੰਗਮਈ ਸ਼ੈਲੀ ਰਾਹੀਂ ਉਘਾੜਦੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਕਾਮਰੇਡਾਂ ਦਾ ਗੀਤ ਵਿਚ ਵਿਅੰਗਮਈ ਸ਼ੈਲੀ ਰਾਹੀਂ ਵਿਅੰਗ ਕਰਦਾ ਹੋਇਆ ਲਿਖਦਾ ਹੈ:

ਅਸੀਂ ਕਾਮਰੇਡ ਚੰਗੇ ਵੇ ਲੋਕਾ

ਅਸੀਂ ਕਾਮਰੇਡ ।

ਦੁਸ਼ਮਣ ਦੇ ਤਾਂ ਮਿੱਤਰ ਹੋਏ

ਲੋਕਾਂ ਨਾਲ ਦੰਗੇ ਵੇ ਲੋਕਾ।

ਅਸੀਂ ਕਾਮਰੇਡ।

ਦੁਨੀਆਂ ਭਰ ਦਾ ਭਾਸ਼ਣ ਦੇਈਏ

ਜਾਨ ਦੇਣ ਤੋਂ ਸੰਗੇ ਵੇ ਲੋਕਾ

ਅਸੀਂ ਕਾਮਰੇਡ।

ਇਨਕਲਾਬ ਦਾ ਨਾਉਂ ਕਿਉਂ ਲਈਏ

ਇਹ ਤਾਂ ਬਲੀਆਂ ਮੰਗੇ ਵੇ ਲੋਕਾ

ਅਸੀਂ ਕਾਮਰੇਡ। (188)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਵਿਅੰਗਮਈ ਸ਼ੈਲ਼ੀ ਰਾਹੀਂ ਰਾਜ ਸੱਤਾ ਦੇ ਤਸ਼ੱਦਦ ਅਤੇ ਸੋਧਵਾਦੀ ਕਮਿਊਨਿਸਟ ਪਾਰਟੀਆਂ ਦਾ ਵਿਰੋਧ ਕਰਦੇ ਹੋਏ ਹਥਿਆਰਬੰਦ ਘੋਲ ਦੀ ਵਕਾਲਤ ਕਰਦੇ ਹਨ। ਉਹ ਭਾਵੇਂ ਸ਼ੋਸ਼ਕ ਤੇ ਸ਼ੋਸ਼ਿਤ ਵਰਗ ਦੀ ਵਿਰੋਧਤਾਈ ਨੂੰ ਵਰਗ ਸੰਘਰਸ਼ ਦੇ ਨਜ਼ਰੀਏ ਤੋਂ ਪਰਿਭਾਸ਼ਤ ਕਰਦੇ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰੇਰਣਾ ਲੈਂਦੇ ਹਨ, ਪਰ ਪੰਜਾਬ ਦੇ ਇਤਿਹਾਸਕ ਅਤੇ ਸਭਿਆਚਾਰਕ ਵਿਰਸੇ ਨੂੰ ਵੀ ਪ੍ਰੇਰਣਾਮਈ ਰੂਪ ਵਿਚ ਸਵੀਕਾਰਦੇ ਹਨ। ਇਸ ਤਰ੍ਹਾਂ ਇਹ ਕਵੀ ਇਤਿਹਾਸ, ਵਰਤਮਾਨ ਅਤੇ ਭਵਿੱਖ ਵਿਚਕਾਰ ਸੰਵਾਦਕ ਰਿਸ਼ਤਾ ਸਥਾਪਤ ਕਰਦੇ ਹੋਏ ਸੱਤਾ ਪ੍ਰਤੀ ਨਾਬਰੀ ਨਾਲ ਸੰਬੰਧਿਤ ਨਾਇਕਾਂ ਅਤੇ ਘਟਨਾਵਾਂ ਨੂੰ ਉਤਸ਼ਾਹ ਪੂਰਨ ਰੂਪ ਵਿਚ ਗ੍ਰਹਿਣ ਕਰਦੇ ਹਨ। ਸਭਿਆਚਾਰਕ ਅਤੇ ਆਰਥਿਕ ਲੁੱਟ-ਖਸੁੱਟ ਦੇ ਸ਼ਿਕਾਰ ਦਲਿਤ ਵਰਗ ਵਿਚ ਕਈ ਜਾਂਤਾਂ, ਉਪ-ਜਾਤਾਂ ਦਾ ਪ੍ਰਗਟਾਵਾ ਹੁੰਦਾ ਹੈ। ਜਾਤ ਅੰਦਰ ਜਾਤ ਦਾ ਸੰਕਲਪ ਇਸ ਸ਼ੋਸ਼ਿਤ ਵਰਗ ਦੇ ਇਕੱਠੇ ਹੋਣ ਵਿਚ ਸਦੀਆਂ ਤੋਂ ਰੁਕਾਵਟ ਹੈ। ਇਸ ਦਰਜਾਬੰਦੀ ਦੇ ਸਹਾਰੇ ਦਲਿਤ ਵਰਗ ਉੱਪਰ ਸਦੀਆਂ ਤੋਂ ਬ੍ਰਾਹਮਣੀ ਸਭਿਆਚਾਰ ਦਾ ਦੱਬਦਬਾ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਆਪਣੀਆਂ ਕਵਿਤਾਵਾਂ ਵਿਚ ਜਾਤ ਦੀ ਉਪ-ਜਾਤ ਦੀ ਨਿਸ਼ਾਨਦੇਹੀ ਕਰਦੇ ਹੋਏ ਵਿਅੰਗਮਈ ਸ਼ੈਲੀ ਰਾਹੀਂ ਪੇਸ਼ ਕਰਦੇ ਹੋਏ ਸੰਘਰਸ਼ ਦੀ ਪ੍ਰੇਰਣਾ ਸੰਚਾਰਤ ਕਰਦੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਭੀਲ: ਬਹਾਦਰ ਦਰਾਵੜ ਵਿਚ ਵਿਅੰਗਮਈ ਸ਼ੈਲੀ ਰਾਹੀਂ ਵਿਅੰਗ ਕਰਦਾ ਹੋਇਆ ਲਿਖਦਾ ਹੈ:

ਅੱਜ ਝਿਊਰ

ਛੀਂਬੇ

ਨਾਈ ਬਣਕੇ

ਇਕ ਦੂਜੇ ਤੋਂ ਦੂਰ ਬੈਠੇ ਸਨ

ਫਿਰ ਉਹ ਬਾਗ਼ੀ ਦਰਾਵੜ ਦਿਖਾਏ ਜਾਂਦੇ

ਜਿੰਨ੍ਹਾਂ ਦੇ ਗੁਨਾਹ

ਬਗਾਵਤ ਸਨ। (141)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਅੱਜ ਦਾ ਦਿਨ ਵਿਚ ਵਿਅੰਗਮਈ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਅੱਜ ਦਾ ਦਿਨ ਅਮਰੋ ਚੂੜੀ ਦੇ ਗਲ਼ ਪਾਏ ਉਤਾਰ ਵਾਂਗ

ਨੰਗੇਜ ਦੀ ਨਾਮੋਸ਼ੀ ਤਰਦਾ ਪਿਆ ਹੈ। (139)

**6.7 ਯਥਾਰਥਵਾਦੀ ਸ਼ੈਲੀ:** ਦਿਲ ਦੀ ਜ਼ਿੰਦਗੀ ਵਿਚ ਉਸਦੇ ਜਜ਼ਬਿਆਂ ਦੀ ਸੁਹਿਰਦਤਾ ਅਤੇ ਸਾਦਗੀ ਦੀ ਕਦਰ ਸੰਬੰਧੀ ਖਲਾਅ ਕਦੇ ਵੀ ਪੂਰਾ ਨਾ ਹੋ ਹੋਇਆ। ਅਖੀਰ ਆਪਣੀ ਹੋਂਦ ਦੇ ਇਸ ਯਥਾਰਥ ਨੂੰ ਕਬੂਲਦਾ 'ਦਿਲ' ਮਹਿਕਦੇ ਜ਼ੋਬਨ ਦੀ ਰੁੱਤ ਦੇ ਸਮਾਜਿਕ ਦ੍ਰਿਸ਼ ਤੋਂ ਦੂਰ ਚਲਾ ਜਾਂਦਾ ਹੈ ਅਤੇ ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਗ਼ਜ਼ਲਾਂ ਵਿਚ ਯਥਾਰਥਵਾਦੀ ਸ਼ੈਲੀ ਵਿਚਾਰ ਪ੍ਰਗਟ ਕਰਦੇ ਹਨ :

ਤੁਰ ਗਿਆ ਕੋਈ ਦਿਲ ''ਚ ਲੈ ਕੇ ਸਾਦਗੀ,

ਤੇਰੀਆਂ ਨਜ਼ਰਾਂ ਨੇ ਪਹਿਚਾਣੀ ਨਹੀਂ। (81)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਯਥਾਰਥਵਾਦੀ ਸ਼ੈਲੀ ਤੋਂ ਬ੍ਰਾਹਮਣਵਾਦੀ ਪ੍ਰਵਚਨ ਦੇ ਦੱਬਦਬੇ ਦੇ ਪਰਿਪੇਖ ਵਿਚ ਆਰੀਆ ਸਭਿਅਤਾ ਦਾ ਸਦੀ-ਦਰ-ਸਦੀ ਦ੍ਰਾਵਿੜ ਲੋਕਾਂ ਦੀ ਆਰਥਿਕ ਤੇ ਸਾਂਸਕ੍ਰਿਤਿਕ ਤੌਰ ਤੇ ਏਨਾ ਜ਼ਿਆਦਾ ਦਮਨ ਕੀਤਾ ਗਿਆ ਕਿ ਅੱਜ ਇਹ ਲੋਕ ਅਜਿਹੇ ਅਨੁਸੂਚਿਤ ਜਗਤ ਦੇ ਲੋਕ ਹਨ ਜੋ ਧਰਤੀ ਉਪਰ ਵਸਦੀ, ਨਾ ਤਾਂ ਕਿਸੇ ਮਨੁੱਖੀ ਸਭਿਅਤਾ ਦੇ ਵਾਸੀ ਜਾਪਦੇ ਹਨ ਤੇ ਨਾ ਹੀ ਕਿਸੇ ਪਸ਼ੂ ਸਭਿਅਤਾ ਦੇ, ਬਲਕਿ ਸੁੱਕੇ ਟੁੱਕ 'ਚ ਉਮਰਾਂ ਦਾ ਲਹੂ ਖਾਂਦੀਆਂ, ਭੁੱਖੇ ਨੰਗੇ ਬੱਚੇ ਜਨਮਦੀਆਂ ਇਨ੍ਹਾਂ ਜਨਣੀਆ ਦੀ ਭੈੜੀ ਜ਼ਿੰਦਗੀ ਇਕ ਅਜਿਹੇ ਯਥਾਰਥ ਵਿਚ ਦਾਖਲ ਹੁੰਦੀ ਹੈ, ਜਿਸ ਬਾਰੇ ਗੱਲ ਕਰਦਿਆਂ ਯਥਾਰਥਵਾਦੀ ਸ਼ੈਲੀ ਤੋਂ ਲਾਲ ਸਿੰਘ ਦਿਲ ਦਾ 'ਦਿਲ' ਤੜਪ ਉੱਠਦਾ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਭੋਲੀਆਂ ਵਿਚ ਯਥਾਰਥਵਾਦੀ ਸ਼ੈਲੀ ਵਿਚਾਰ ਪ੍ਰਗਟ ਕਰਦੇ ਹਨ :

ਇਹ ਗੱਲ ਦੱਸੀ ਜਾਏ

ਜੇ ਦੂਜੇ ਸਿਤਾਰੇ ਦੇ ਲੋਕਾਂ ਨੂੰ

ਪੱਥਰ ਹੋ ਜਾਵਣ

ਨਾ ਮੁੜ ਉੱਠਣ

ਪਸ਼ੂਆਂ ਨੂੰ ਇਸਦਾ ਜੇ ਅਨੁਭਵ ਹੋ ਜਾਏ

ਜੰਗਲਾਂ ਨੂੰ ਨੱਸ ਜਾਵਣ

ਮਨੁੱਖਤਾ ਤੋਂ ਡਰਦੇ ਚੀਖਦੇ। (116)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਦਾ ਯਥਾਰਥਵਾਦੀ ਸ਼ੈਲੀ ਤੋਂ ਮੰਨਣਾ ਹੈ ਕਿ ਸ਼ੋਸ਼ਿਤ ਵਰਗ ਆਪਣਾ ਗੁਲਾਮੀ ਭਰਿਆ ਜੀਵਨ ਵੀ ਬੜੀ ਸਹਿਜਤਾ ਨਾਲ ਹੰਢਾਈ ਜਾਂਦੇ ਹਨ। ਇੰਨ੍ਹਾਂ ਸ਼ੋਸ਼ਿਤ ਵਰਗਾਂ ਦੀ ਚੇਤਨਾ, ਇਸ ਕਠੋਰ ਯਥਾਰਥ ਨੂੰ ਪੈਦਾ ਕਰਨ ਵਾਲੇ ਵਰਤਾਰਿਆਂ ਨੂੰ ਸਮਝਣ ਅਤੇ ਉਨ੍ਹਾਂ ਤੋਂ ਨਿਜਾਤ ਹਾਸਿਲ ਕਰਨ ਦੇ ਅਨੁਭਵ ਤੋਂ ਕੋਹਾਂ ਦੂਰ, ਇਸ ਕਠੋਰ ਯਥਾਰਥ ਨਾਲ ਹੀ ਟੱਕਰ ਲੈਣ ਦੇ ਬੋਧਗਤ ਦਾਇਰਿਆਂ ਦੇ ਅੰਤਰਗਤ ਵਿਚਰਦੀ ਰਹਿੰਦੀ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਅਸੀਂ ਵੱਡੇ ਵੱਡੇ ਪਹਿਲਵਾਨ ਵਿਚ ਯਥਾਰਥਵਾਦੀ ਸ਼ੈਲੀ ਵਿਚਾਰ ਪ੍ਰਗਟ ਕਰਦੇ ਹਨ :

ਅਸੀਂ ਵੱਡੇ ਵੱਡੇ ਪਹਿਲਵਾਨ

ਸਵੇਰੇ ਹੀ ਕਸ ਲੈਂਦੇ ਹਾਂ ਲੰਗੋਟੇ

ਲੜਨ ਲਈ ਭੁੱਖ ਨੰਗ ਨਾਲ।

ਜੋੜ ਤੋੜ ਜੋੜ ਤੋੜ ਕਰਦੇ ਰਹਿਣਾ ਸਾਡੀ ਕਸਰਤ ਹੈ।

ਦਾਅ ਬਹੁਤ ਡਾਢੇ ਨੇ

ਬੋਲਣ ਦੀ ਥਾਂ ਚੁੱਪ ਕਰ ਜਾਣਾ

ਪੀਣ ਦੀ ਥਾਂ ਪਿਆਸੇ ਮਰ ਜਾਣਾ

ਖਾਣ ਦੀ ਥਾਂ ਕਸਮ ਖਾਣੀ ਲੜਦੇ ਰਹਿਣ ਦੀ।

ਪਛਾੜਦੇ ਹਾਂ ਵੱਡੇ ਵੱਡੇ ਪਹਿਲਵਾਨ

ਗਰਦਨ ਤੇ ਗੋਡਾ ਧਰ ਕੇ।

ਖੇਤ ਪਏ ਗਧੇ ਵਾਲੀ ਜੂਨ ਭੁਗਤਦੇ ਹਾਂ

ਪਰ ਤਾਂ ਵੀ ਅਸੀਂ ਵੱਡੇ ਵੱਡੇ ਪਹਿਲਵਾਨ

ਸਵੇਰੇ ਹੀ ਕਸ ਲੈਂਦੇ ਹਾਂ ਲੰਗੋਟੇ। (207)

ਉਪਰੋਕਤ ਰੂਪ ਵਿਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਯਥਾਰਥਵਾਦੀ ਸ਼ੈਲੀ ਤੋਂ ਆਪਣੀਆਂ ਰਚਨਾਵਾਂ ਵਿਚ ਵਿਅਕਤੀਗਤ ਵਿਸ਼ੇਸ਼ਤਾ ਨੂੰ ਪੇਸ਼ ਕਰਨ ਦੇ ਨਾਲ-ਨਾਲ ਅਸਲ ਅਸਤਿਤਵ ਨੂੰ ਵੀ ਸਮਕਾਲੀ ਯਥਾਰਥ ਤੋਂ ਉਜਾਗਰ ਕਰਦੇ ਹਨ।

**6.8 ਮਨਬਚਨੀ ਸ਼ੈਲੀ:** ਸੰਸਕ੍ਰਿਤ ਵਿੱਚ ਮਨਬਚਨੀ ਦਾ ਪ੍ਰਯੋਗ ਵੱਡੇ ਪੱਧਰ ਤੇ ਹੋਇਆ ਹੈ। ਸ਼ੈਕਸਪੀਅਰ ਅਨੁਸਾਰ ਮਨਬਚਨੀ ਸ਼ੈਲੀ ਆਪਣੇ ਵਿੱਚ ਜਟਿਲ ਤੇ ਗੁੰਝਲਦਾਰ ਸ਼ੈਲੀ ਵਜੋਂ ਜਾਣੀ ਜਾਂਦੀ ਹੈ। ਆਧੁਨਿਕ ਯਥਾਰਥਵਾਦੀ ਨਾਟਕਕਾਰ ਡਾ. ਸੁਰਜੀਤ ਸਿੰਘ ਸੇਠੀ ਆਪਣੀ ਪੁਸਤਕ ***ਨਾਟਕ ਕਲਾ*** ਵਿਚ ਮਨਬਚਨੀ ਸ਼ੈਲੀ ਸੰਬੰਧੀ ਲਿਖਦਾ ਹੈ :

> ਮੈਨੂੰ ਪਤਾ ਹੈ ਕਿ ਮਨੁੱਖ ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ ਅਜੀਬ ਲਗਦਾ ਹੈ ਪਰ ਜਿਹੜੇ ਹਾਲਾਤ ਉਸਨੂੰ ਇੰਞ ਆਪਣੇ ਆਪ ਨਾਲ ਗੱਲਾਂ ਕਰਨ ਲਈ ਮਜਬੂਰ ਕਰਦੇ ਹਨ, ਉਨ੍ਹਾਂ ਨੂੰ ਜੇ ਧਿਆਨ ਵਿੱਚ ਰੱਖੀਏ ਤਾਂ ਸ਼ਾਇਦ ਮਨੁੱਖ ਦਾ ਆਪਣੇ ਆਪ ਨਾਲ ਗੱਲਾਂ ਕਰਨ ਵਾਲਾ ਕਰਮ ਏਨਾ ਬੁਰਾ ਨਾ ਲੱਗੇ। ਕਈ ਵਾਰ ਮਨੁੱਖ ਦੇ ਆਪਣੇ ਕੁਝ ਸੁਪਨੇ ਹੁੰਦੇ ਹਨ, ਆਪਣੀਆਂ ਕੁੱਝ ਵਿਉਂਤਾਂ ਹੁੰਦੀਆਂ ਹਨ, ਜਿਨ੍ਹਾਂ ਬਾਰੇ ਉਸਨੇ ਸਿਰਫ਼ ਆਪਣੇ ਨਾਲ ਹੀ ਚਰਚਾ ਕਰਨੀ

ਹੁੰਦੀ ਹੈ। ਉਹ ਇਸ ਚਰਚਾ ਵਿੱਚ ਕਿਸੇ ਹੋਰ ਨੂੰ ਸ਼ਾਮਿਲ ਨਹੀਂ ਕਰਨਾ ਚਾਹੁੰਦਾ।

ਉਸ ਵੇਲੇ ਉਹ ਹੋਰ ਕੀ ਕਰੇ? (76)

ਸਮਾਜਿਕ ਚੌਗਿਰਦੇ ਦੇ ਵਿੱਚ ਵਿਚਰਦਾ ਮਨੁੱਖ ਵਾਸਤਵਿਕ ਰੂਪ ਵਿੱਚ ਇਕੱਲਾ ਹੈ। ਮਨੁੱਖ ਜਦੋਂ ਵੀ ਇਕਾਂਤ ਵਿੱਚ ਰਹੇਗਾ ਤਾਂ ਉਸਦੀ ਸੋਚਣ ਸ਼ਕਤੀ ਕਿਰਿਆਸ਼ੀਲ ਹੋ ਜਾਵੇਗੀ ਜਿਹੜੀ ਮਨਬਚਨੀ ਦਾ ਰੂਪ ਧਾਰਨ ਕਰ ਲਵੇਗੀ। ਮਨਬਚਨੀ ਮਾਨਵੀ ਜੀਵਨ ਦਾ ਅਨਿੱਖੜ ਅੰਗ ਹੈ, ਜਿਸਦਾ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਵਿੱਚ ਵਿਸ਼ੇਸ਼ ਸਥਾਨ ਹੈ। ਪਾਤਰ ਕਿਸ ਵਿਸ਼ੇਸ਼ ਸਥਿਤੀ, ਮਾਨਸਿਕ ਦਵੰਦ ਜਾਂ ਮਨੋਦਸ਼ਾ ਵਿੱਚ ਗੁਜ਼ਰ ਰਿਹਾ ਹੈ, ਇਸਦਾ ਨਿਰਣਾ ਮਨ ਬਚਨੀ ਜਾਂ ਸਵੈ-ਕਥਨੀ ਤੋਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚ ਮਨੁੱਖੀ ਸੰਘਰਸ਼ ਦਾ ਵਰਨਣ ਮਿਲਦਾ ਹੈ। ਇਸ ਵਰਨਣ ਰਾਹੀਂ ਮਨਬਚਨੀ ਸ਼ੈਲੀ ਦੇ ਪੱਖ ਤੋਂ ਮਨੁੱਖ ਨੂੰ ਦਾਵੰਦਵਾਦੀ ਸਥਿਤੀ ਹੰਢਾਉਂਦੇ ਤੇ ਜਿਉਂਦੇ ਹੋਏ ਨੂੰ ਪੇਸ਼ ਕੀਤਾ ਗਿਆ ਹੈ। ਪਤਨ ਅਤੇ ਵਿਕਾਸ ਦੇ ਕਰਮ ਵਿਚ ਲਗਾਤਾਰ ਫਸਿਆ ਮਨੁੱਖ ਸਹਿਜ ਪ੍ਰਾਪਤੀ ਚਾਹੁੰਦਾ ਹੈ। ਸਹਿਜ ਉਸ ਨੂੰ ਹੁੰਦੀ ਨਹੀਂ। ਇਸ ਸਹਿਜ ਪ੍ਰਾਪਤੀ ਨੂੰ ਆਮ ਮਨੁੱਖ ਨਿੱਕੇ-ਨਿੱਕੇ ਵਰਤਾਰਿਆਂ ਵਿਚੋਂ ਭਾਲਦਾ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਕੰਮ ਤੋਂ ਪਿੱਛੋਂ ਵਿਚ ਮਨਬਚਨੀ ਸ਼ੈਲੀ ਵਿਚਾਰ ਪ੍ਰਗਟ ਕਰਦੇ ਹਨ :

ਦਿਨ ਭਰ ਦੀ ਮਿਹਨਤ ਮਗਰੋਂ

ਉਹ ਲੜਾਂ ਨਾਲ ਬੰਨ੍ਹ ਲੈਂਦੇ

ਆਪਣੇ ਬੱਚੇ ਦੀ ਦਿਨ ਭਰ ਦੀ ਮਿਹਨਤ ਦਾ ਮੁੱਲ

ਦੋ ਰੋਟੀਆਂ ਦੀ ਵਕਾਲਤ ਕਰਦੇ ਹਨ

ਖੁਸ਼ਾਮਦੀ ਬਣਦੇ ਹਨ.......

ਮੁੰਡੇ ਦੀ ਮਾਂ ਦਾ ਹਾਲ ਦੱਸਦੇ ਹਨ

ਉੱਚੀ ਹੱਸਦੇ ਹਨ

ਬਹੁਤ ਚੁੱਪ ਕਰਦੇ ਹਨ

ਚਲੇ ਜਾਂਦੇ ਹਨ। (102)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਾਮ ਦਾ ਰੰਗ ਵਿਚ ਮਨਬਚਨੀ ਸ਼ੈਲੀ ਵਿਚਾਰ ਪ੍ਰਗਟ ਕਰਦੇ ਹਨ :

ਸ਼ਾਮ ਦਾ ਰੰਗ ਫਿਰ ਪੁਰਾਣਾ ਹੋ ਗਿਆ

ਜਾ ਰਹੇ ਨੇ ਬਸਤੀਆਂ ਨੂੰ ਫੁੱਟਪਾਥ

ਜਾ ਰਹੀ ਹੈ ਕੋਈ ਝੀਲ ਦਫ਼ਤਰੋਂ

ਨੌਕਰੀ ਤੋਂ ਲੈ ਜਵਾਬ

ਪੀ ਰਹੀ ਏ ਝੀਲ ਕੋਈ ਜਲ ਦੀ ਪਿਆਸ

ਤੁਰ ਪਿਆ ਏ ਸ਼ਹਿਰ ਕੁਝ ਪਿੰਡਾਂ ਦੇ ਰਾਹ। (39)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਨੇ ਸਾਡੀ ਪਰੰਪਰਕ ਸੋਚ ਵਿਧੀ, ਵਰਤ-ਵਿਹਾਰ ਅਤੇ ਸਰੋਕਾਰਾਂ ਪ੍ਰਤੀ ਮਨਬਚਨੀ ਸ਼ੈਲੀ ਰਾਹੀਂ ਮਨੁੱਖੀ ਸੰਵੇਦਨਾ ਦੇ ਨਵੇਂ ਧਰਾਤਲ ਤਲਾਸ਼ਣ ਦਾ ਯਤਨ ਕਰਦੇ ਹਨ। ਮਨੁੱਖ, ਸਮਾਜ ਅਤੇ ਮਨੁੱਖੀ ਜੀਵਨ ਦੇ ਪਰਸਪਰ ਤਣਾਓਪੂਰਨ ਸੰਬੰਧਾਂ ਦੇ ਤ੍ਰੇੜੇ, ਸੰਤਾਪੇ, ਸਰਾਪੇ ਅਤੇ ਇਕਲਾਪੇ ਦੇ ਨਵੇਂ ਸਾਰ ਅਤੇ ਵਿਵੇਕ ਉਭਰੇ ਹਨ। ਇਕੱਲਤਾ, ਬੇਚੈਨ, ਆਪਾ ਸੰਤਾਪੀ ਹੋਂਦ, ਟੁੱਟੇ ਰਿਸ਼ਤੇ ਮਨ ਦੀ ਉਪਰਾਮਤਾ ਅਤੇ ਰਿਸ਼ਤੇ ਸਿਰਜਣਾ/ਟੁੱਟਣਾ ਤੋੜਨਾ ਦੀ ਦਰਦ ਵੇਦਨਾ ਦੇ ਨਵੇਂ ਆਯਾਮ ਅਤੇ ਅੰਜ਼ਾਮ ਉਭਰੇ ਹਨ। ਸਵੈ ਦੀ ਮੂੰਹਜ਼ੋਰ ਇੱਛਾਵਾਂ ਨੇ ਅਜੋਕੇ ਮਨੁੱਖ ਦੇ ਆਂਤਰਿਕ ਅਤੇ ਬਾਹਰੀ ਸੰਤੁਲਨ ਤਹਿਸ ਨਹਿਸ ਕਰਕੇ ਅਜੀਬ ਬੇਗ਼ਾਨਗੀ ਨਿਰਾਸਤਾ, ਅਟੱਲ ਉਲਝਣਾ, ਭਟਕਣਾ, ਝੁੰਜਲਾਹਟ ਵਿਰੋਚੇਪਣ ਦੀ ਗਾਰ ਵਿਚ ਜਾ ਸੁੱਟਿਆ ਹੈ।

**6.9 ਵਿਦਰੋਹੀ ਸ਼ੈਲੀ :** ਵਿਦਰੋਹ ਸ਼ੈਲੀ ਸ਼ਬਦ ਸੁਣਦਿਆਂ ਹੀ ਸਾਡੇ ਜ਼ਿਹਨ ਵਿਚ ਰਾਜਸੀ ਜਾਂ ਹਥਿਆਰਬੰਦ ਵਿਦਰੋਹ ਆ ਜਾਂਦਾ ਹੈ। ਭਾਵ ਅਸੀਂ ਵਿਦਰੋਹ ਸ਼ੈਲੀ ਦੇ ਆਮ ਅਰਥਾਂ ਤਕ ਸੀਮਤ ਹੋ ਕੇ

ਰਹਿ ਜਾਂਦੇ ਹਾਂ। ਇਹ ਵੀ ਸਥਾਪਤੀ ਦਾ ਇਕ ਕਦਮ ਹੈ ਕਿ ਉਹ ਸ਼ਬਦਾਂ ਨੂੰ ਆਪਣੀ ਸਹੂਲੀਅਤ ਅਨੁਸਾਰ ਛਾਂਗ ਲੈਂਦੀ ਹੈ। ਇਨ੍ਹਾਂ ਛਾਂਗੇ ਹੋਏ ਸ਼ਬਦਾਂ ਨੂੰ ਪ੍ਰਚਲਿਤ ਕਰਨ ’ਤੇ ਸਾਰਾ ਜ਼ੋਰ ਲਾ ਦਿੰਦੀ ਹੈ। ਇਸ ਲਈ ਵਿਦਰੋਹ ਸ਼ੈਲੀ ਸਿਰਫ਼ ਹਥਿਆਰਬੰਦ ਜਾਂ ਰਾਜਸੀ ਪੱਧਰ ਦੀ ਸ਼ਬਦਾਵਲੀ ਜਾਂ ਇਨ੍ਹਾਂ ਨਾਲ ਸਿੱਧੇ ਤੌਰ ’ਤੇ ਵਿਸ਼ਿਆਂ ਨਾਲ ਜੁੜੇ ਵਿਸ਼ਿਆਂ ਵਾਲੇ ਕਾਵਿ ਵਿਚ ਹੀ ਨਹੀਂ ਹੁੰਦਾ, ਸਗੋਂ ਵਿਦਰੋਹ ਸ਼ੈਲੀ ਦੀਆਂ ਹੋਰ ਬਹੁਤ ਸਾਰੀਆਂ ਸੂਖ਼ਮ ਪਰਤਾਂ ਹਨ। ਜ਼ਿੰਦਗੀ ਵਾਂਗ ਵਿਦਰੋਹੀ ਸ਼ੈਲੀ ਵੀ ਬਹੁ-ਪਰਤੀ ਤੇ ਬਹੁ-ਪਸਾਰੀ ਹੁੰਦੀ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਵਿਦਰੋਹੀ ਸ਼ੈਲੀ ਦੇ ਪ੍ਰਯੋਗ ਤੋਂ ਕਵਿਤਾਵਾਂ ਦੀ ਸਿਰਜਣਾ ਕੀਤੀ ਹੈ। ਉਹਨਾਂ ਦੀਆਂ ਕਵਿਤਾਵਾਂ ਸਿਆਸੀ ਅਜ਼ਾਦੀ ਦੇ ਨਾਲ-ਨਾਲ ਸੰਪੂਰਨ ਮਨੁੱਖੀ ਅਜ਼ਾਦੀ ਲਈ ਨਵੇਂ ਸਮਾਜਵਾਦੀ ਸਮਾਜ ਦੀ ਸਥਾਪਨਾ ਦੇ ਆਦਰਸ਼ ਨੂੰ ਵਾਰ-ਵਾਰ ਦ੍ਰਿੜਾਉਂਦੀ ਤੇ ਦੁਹਰਾਉਂਦੀ ਹੈ। ਇਸ ਮਕਸਦ ਲਈ ਜਿੱਥੇ ਕਵਿਤਾਵਾਂ ਬੁਰਜ਼ੂਆ ਸਿਆਸਤ ਦੀਆਂ ਮਿੱਥਾਂ, ਕੂਟਨੀਤੀਆਂ, ਦਾਅ ਪੇਚਾਂ ਤੇ ਦਾਅਵੇਦਾਰੀਆਂ ਦਾ ਪਰਦਾਫ਼ਾਸ਼ ਕਰਦੀਆਂ ਹਨ, ਉੱਥੇ ਨਵੇਂ ਸਮਾਜ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਆਪਣਾ ਬਣਦਾ ਰੋਲ ਵੀ ਅਦਾ ਕਰਦੀਆਂ ਹਨ। ਆਪਣੀਆਂ ਸਮਕਾਲੀ ਕਵਿਤਾਵਾਂ ਨਾਲੋਂ ਵਿਲੱਖਣ ਤੇ ਵੱਖਰੇ ਸਾਹਿਤ-ਸੁਹਜ, ਸਾਹਿਤ ਦ੍ਰਿਸ਼ਟੀ ਤੇ ਵਿਚਾਰਧਾਰਾ ਰਾਹੀਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਨੇ ਪੰਜਾਬੀ ਕਵਿਤਾਵਾਂ ਨੂੰ ਵਿਦਰੋਹੀ ਸ਼ੈਲੀ ਰਾਹੀਂ ਇਨਕਲਾਬੀ ਨੁਹਾਰ ਪ੍ਰਦਾਨ ਕੀਤੀ ਹੈ। ਉਹਨਾਂ ਨੇ ਆਪਣੀ ਜ਼ਿੰਦਗੀ ਦੇ ਤਲਖ਼ ਤਜਰਬਿਆਂ ਦੇ ਆਧਾਰ ’ਤੇ ਨਪੀੜੇ ਜਾ ਰਹੇ ਮਨੁੱਖ ਦੀ ਜ਼ਿੱਲਤ ਤੋਂ ਵਿਦਰੋਹੀ ਮੁਕਤੀ ਲਈ ਕਵਿਤਾਵਾਂ ਲਿਖੀਆਂ। ਇਹੋ ਕਾਰਨ ਹੈ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਲੁੱਟੇ ਤੇ ਥੱਕੇ-ਟੁੱਟੇ ਮਨ ਦਾ ਆਸਰਾ ਤੇ ਮਨੁੱਖ ਦੇ ਜੂਝਣ ਦੀ ਪ੍ਰੇਰਣਾਮਈ ਸਰੋਤ ਬਣਦੀਆਂ ਹਨ। ਮੂਲ ਤੌਰ ਤੇ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਦੇ ਨਾਇਕ ਵਿਦਰੋਹੀ ਸ਼ੈਲੀ ਤੋਂ ਇਨਕਲਾਬੀ ਤੇ ਇਨਸਾਨੀ ਹੱਕਾਂ ਲਈ ਜੂਝਣ ਵਾਲੇ ਹਨ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਦੁਆਰਾ ਇਨਕਲਾਬ ਲਈ ਲਿਆ ਸੁਪਨਾ ਸਮਕਾਲ ਦੇ ਆਰ-ਪਾਰ ਫੈਲਦਾ ਦਿਖਾਈ ਦਿੰਦਾ ਹੈ। ਵਿਦਰੋਹੀ ਸ਼ੈਲੀ ਤੋਂ ਇਹ ਦੋਵੇਂ ਨਾਇਕ ਕਠੋਰ ਸਮਾਜਿਕ ਸਥਿਤੀਆਂ- ਪ੍ਰਸਥਿਤੀਆਂ ਲਈ ਪ੍ਰਤੀਰੋਧ ਤੇ

ਵਿਦਰੋਹ ਸ਼ੈਲੀ ਦੇ ਪ੍ਰਯੋਗ ਦੁਆਰਾ ਗ਼ੈਰ ਮਨੁੱਖੀ ਸਮਾਜ ਨਾਲ ਝੂਜਦੇ ਹਨ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਇੰਜ ਹੀ ਸਹੀ ਵਿਚ ਵਿਦਰੋਹੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਅਸੀਂ ਤਾਂ ਖੋਹਣੀ ਹੈ

ਆਪਣੀ ਚੋਰੀ ਹੋਈ ਰਾਤਾਂ ਦੀ ਨੀਂਦ

ਅਸੀਂ ਟੋਹਣਾ ਹੈ ਜ਼ੋਰ

ਖ਼ੂਨ ਲਿਬੜੇ ਹੱਥਾਂ ਦਾ

ਉਨ੍ਹਾਂ ਨੂੰ ਭਲੇ ਲੱਗਣ ਲਈ

ਅਸੀਂ ਹੁਣ ਵੈਣ ਨਹੀਂ ਪਾਉਣੇ। (74)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਸਭ ਤੋਂ ਖ਼ਤਰਨਾਕ ਵਿਚ ਵਿਦਰੋਹੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਸਭ ਤੋਂ ਖ਼ਤਰਨਾਕ ਹੁੰਦਾ ਹੈ

ਮੁਰਦਾ ਸ਼ਾਂਤੀ ਨਾਲ ਭਰ ਜਾਣਾ

ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ

ਘਰਾਂ ਤੋਂ ਨਿਕਲਣਾ ਕੰਮ ਤੇ

ਤੇ ਕੰਮ ਤੋਂ ਘਰ ਜਾਣਾ,

ਸਭ ਤੋਂ ਖ਼ਤਰਨਾਕ ਹੁੰਦਾ ਹੈ

ਸਾਡੇ ਸੁਪਨਿਆਂ ਦਾ ਮਰ ਜਾਣਾ

ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ

ਗ਼ਦਾਰੀ ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ। (253)

ਜੇਕਰ ਉਪਰੋਕਤ ਕਵਿਤਾਵਾਂ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਪੇਂਡੂ ਯੁਵਾ ਵਰਗ ਦੀ ਪ੍ਰਤੀਨਿਧ ਆਵਾਜ਼ ਹੈ, ਜਿੰਨ੍ਹਾਂ ਨੇ ਆਪਣੀਆਂ ਸੱਧਰਾਂ ਅਤੇ ਸੁਪਨਿਆਂ ਨੂੰ ਆਪਣੇ ਅੱਖੀਂ ਮਰਦਿਆਂ ਤੱਕਿਆ ਸੀ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਇਸ ਤੋਂ ਵੀ ਅੱਗੇ ਜਾਂਦੇ ਹੋਏ ਆਪਣੀ ਦਲਿਤ ਭਾਈਵਾਲ ਸ਼੍ਰੈਣੀ ਦਾ ਉਦੋਂ ਵੀ ਮਾੜਾ ਹਸ਼ਰ ਤੱਕ ਦਹਿਲ ਜਾਂਦੇ ਹਨ। ਉਹਨਾਂ ਦੀਆਂ ਕਵਿਤਾਵਾਂ ਵਿਚ ਥਾਂ-ਥਾਂ ਤੇ ਆਏ ਹਵਾਲੇ ਇਸ ਗੱਲ ਦਾ ਠੋਸ ਪ੍ਰਮਾਣ ਹਨ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਇਨ੍ਹਾਂ ਸਾਰੀਆਂ ਅਲਾਮਤਾਂ ਦੀ ਦਾਰੂ ਜਾਤੀ-ਜਮਾਤੀ ਸੰਘਰਸ਼ ਵਿਚੋਂ ਹੀ ਦੇਖਦੇ ਹਨ। ਉਹਨਾਂ ਦੀਆਂ ਕਵਿਤਾਵਾਂ ਦੀ ਧੁਨੀ ਕਿਸਾਨ-ਮਜ਼ਦੂਰ ਜਮਾਤ ਦੀ ਸਰਬਸਾਂਝੀ ਪੀੜਾ ਨੂੰ ਇਕੋ ਸੁਰ ਵਿਚ ਬਿਆਨ ਕਰਦੀ ਹੈ। ਉਹਨਾਂ ਦੀਆਂ ਕਵਿਤਾਵਾਂ ਕਿਰਤੀ ਕੰਮੀਆਂ ਅਤੇ ਮਜ਼ਦੂਰਾਂ ਦੇ ਲਹੂ ਲੂਹਾਨ ਹੋਏ ਸੁਪਨਿਆਂ ਦੀ ਦਰਦ-ਕਥਾ ਹੈ। ਮੂਲ ਰੂਪ ਵਿਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਦੀ ਸੁਰ ਵਿਦਰੋਹੀ ਸ਼ੈਲੀ ਵਜੋਂ ਉਭਰਦੀ ਹੈ। ਅਵਤਾਰ ਸਿੰਘ ਪਾਸ਼ ਵਿਦਰੋਹੀ ਸ਼ੈਲੀ ਰਾਹੀਂ ਸਾਰੀ ਦੁਨੀਆਂ ਵਿਚੋਂ ਮਨੁੱਖ ਹੱਥੋਂ ਹੋ ਰਹੀ ਮਨੁੱਖ ਦੀ ਲੁੱਟ-ਖਸੁੱਟ ਨੂੰ ਖਤਮ ਕਰਨਾ ਚਾਹੁੰਦਾ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਅਸੀਂ ਲੜਾਂਗੇ ਸਾਥੀ ਵਿਚ ਵਿਦਰੋਹੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਜਦੋਂ ਬੰਦੂਕ ਨਾ ਹੋਈ, ਉਦੋਂ ਤਲਵਾਰ ਹੋਵੇਗੀ

ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ

ਲੜਨ ਦੀ ਜਾਂਚ ਨਾ ਹੋਈ, ਲੜਨ ਦੀ ਲੋੜ ਹੋਵੇਗੀ

ਤੇ ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ

ਕਿ ਲੜਨ ਬਾਝੋਂ ਕੁੱਝ ਵੀ ਨਹੀ

ਅਸੀਂ ਲੜਾਂਗੇ

ਆਪਣੀ ਸਜ਼ਾ ਕਬੂਲਣ ਲਈ

ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ

ਅਸੀਂ ਲੜਾਂਗੇ ਸਾਥੀ। (84)

ਕਿਉਂਕਿ ਸਥਾਪਤੀ ਵਲੋਂ ਬਹੁਤ ਸਾਰੀਆਂ ਸੰਸਥਾਵਾਂ/ਪ੍ਰਣਾਲੀਆਂ ਦਾ ਨਿਰਮਾਣ ਕੀਤਾ ਹੁੰਦਾ ਹੈ, ਜੋ ਲੋਕਾਂ ਨੂੰ ਕਾਬੂ ਰੱਖ ਕੇ ਸਥਾਪਤੀ ਦੀ ਸੱਤਾ ਬਰਕਰਾਰ ਰੱਖਦੀਆਂ ਹਨ। ਇਹ ਸੰਸਥਾਵਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਦੇ ਨਿਸ਼ਾਨੇ ਤੇ ਹਨ। ਇਹਨਾਂ ਸੰਸਥਾਵਾਂ ਵਿਚ ਮੁੱਖ ਤੌਰ ਤੇ ਸੰਵਿਧਾਨ, ਕਾਨੂੰਨ, ਚੋਣਾਂ ਆਦਿ ਆ ਜਾਂਦੀਆਂ ਹਨ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਦੀ ਵਿਦਰੋਹੀ ਸ਼ੈਲੀ ਇਨ੍ਹਾਂ ਸੰਸਥਾਵਾਂ ਨੂੰ ਨਕਾਰਦਿਆਂ, ਇਹਨਾਂ ਦੇ ਘਿਨਾਉਣੇ, ਲੋਟੂ, ਗ਼ੈਰ-ਮਾਨਵੀ ਚਿਹਰਿਆਂ ਦੇ ਨਕਾਬ ਲੀਰੋ-ਲੀਰ ਕਰ ਦਿੰਦੀ ਹੈ। ਇਹ ਵਿਦਰੋਹੀ ਸ਼ੈਲੀ ਦਾ ਇਕ ਤਰ੍ਹਾਂ ਨਾਲ ਸਪੱਸ਼ਟ ਰੂਪ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੁਆਰਾ ਸਟੇਟ ਨੂੰ ਕੀਤਾ ਗਿਆ ਸਿੱਧਾ ਸੰਬੋਧਨ ਵੀ ਵਿਦਰੋਹ ਦਾ ਪ੍ਰਤੱਖ ਲੱਛਣ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਦੁਆਰਾ ਸਥਾਪਤੀ ਦੇ ਦਮਨ ਵਿਚੋਂ ਵਿਦਰੋਹ ਸ਼ੈਲੀ ਉਤਪੰਨ ਹੁੰਦੀ ਹੈ। ਇਹ ਵਿਦਰੋਹ ਬਗ਼ਾਵਤ ਦਾ ਰਾਹ ਚੁਣਦਾ ਹੈ। ਸੰਘਰਸ਼, ਹਿੰਸਾ ਅਤੇ ਵਿਦਰੋਹ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਦੇ ਵਿਸ਼ੇਸ਼ ਤੱਤਾਂ ਵਜੋਂ ਹਾਜ਼ਰ ਹੁੰਦੇ ਹਨ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਲੋਹਾ ਵਿਚ ਵਿਦਰੋਹੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਲੋਹੇ ਨੇ ਬੜਾ ਚਿਰ ਇੰਤਜ਼ਾਰ ਕੀਤਾ ਹੈ

ਕਿ ਲੋਹੇ ਨਿਰਭਰ ਲੋਕ

ਲੋਹੇ ਦੀਆਂ ਪੱਤੀਆਂ ਖਾ ਕੇ

ਖ਼ੁਦਕਸ਼ੀ ਕਰਨੋਂ ਹਟ ਜਾਣ

ਮਸ਼ੀਨਾਂ ਵਿਚ ਆ ਕੇ ਤੂੰਬਾ-ਤੂੰਬਾ ਉੱਡਣ ਵਾਲੇ

ਲਾਵਾਰਸ਼ਾਂ ਦੀਆਂ ਤੀਮੀਆਂ

ਲੋਹੇ ਦੀਆਂ ਕੁਰਸੀਆਂ ਤੇ ਬੈਠੇ ਵਾਰਸਾਂ ਕੋਲ

ਕੱਪੜੇ ਤਕ ਵੀ ਆਪ ਲਹੁਣ ਲਈ ਮਜਬੂਰ ਨਾ ਹੋਣ।

ਪਰ ਆਖਰ ਲੋਹੇ ਨੂੰ

ਪਸਤੌਲਾਂ, ਬੰਦੂਕਾਂ ਤੇ ਬੰਬਾਂ ਦੀ

ਸ਼ਕਲ ਅਖਤਿਆਰ ਕਰਨੀ ਪਈ ਹੈ। (36)

ਉਪਰੋਕਤ ਰੂਪ ਵਿਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਵਿਦਰੋਹੀ ਸ਼ੈਲੀ ਮਨੁੱਖੀ ਬਰਾਬਰੀ ਜੂਝ ਰਹੇ ਲੋਕਾਂ ਨੂੰ ਨਵੀਆਂ ਅੰਤਰ ਦ੍ਰਿਸ਼ਟੀਆਂ ਦੇਣ ਦੇ ਨਾਲ-ਨਾਲ ਉਨ੍ਹਾਂ ਅੰਦਰ ਜੋਸ਼ ਵੀ ਭਰਦਾ ਰਹੇਗਾ, ਜਦੋਂ ਤਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਨਹੀਂ ਰੁੱਕਦੀ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਸਤਲੁਜ ਦੀਏ, ਵਾਏ ਨੀ ਵਿਚ ਵਿਦਰੋਹੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ

ਸਤਲੁਜ ਦੀਏ, ਵਾਏ ਨੀ !

ਪ੍ਰੀਤ ਤੇਰੇ ਨਾਲ ਸਾਡੀ, ਵਾਏ ਨੀ

ਪਿਆਰ ਤੇਰਾ ਛੋਹੇ ਜਿਹੜੇ ਦਿਲ ਨੂੰ

ਉਹ ਸੂਰਜਾਂ ਦੀ ਅੱਗ ਬਣ ਜਾਏ ਨੀ (202)

ਲਾਲ ਸਿੰਘ ਦਿਲ ਵਿਦਰੋਹੀ ਸ਼ੈਲੀ ਦੇ ਉਭਾਰ ਰਾਹੀਂ ਸੂਰਜਾਂ ਦੀ ਇਸ ਅੱਗ ਵਿਚ ਬਲਦਾ ਸੀਨਾਂ ਤਾਣ ਕੇ ਪੂੰਜੀਵਾਦੀ ਹਕੂਮਤ ਦੇ ਅਣਮਨੁੱਖੀ ਵਰਤਾਰਿਆਂ ਨਾਲ ਵਿਦਰੋਹੀ ਸ਼ੈਲੀ ਤੋਂ ਸੰਵਾਦ ਰਚਾਉਂਦਾ ਹੈ। ਮੁਲਕ ਦੀ ਕ੍ਰਾਂਤੀਕਾਰੀ ਦੀ ਆਸ ਲੈ ਕੇ ਹਰ ਤਰ੍ਹਾਂ ਦੀ ਕੁਰਬਾਨੀ ਦੇ ਜਜ਼ਬੇ ਤਹਿਤ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਇਤਿਹਾਸ ਦੇ ਦ੍ਰਿਸ਼ ਉੱਤੇ ਸਿਰ ਤੇ ਕਫਨ ਬੰਨ ਕੇ ਪੇਸ਼ ਹੁੰਦੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਗ਼ਜ਼ਲਾਂ ਵਿਚ ਵਿਦਰੋਹੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਅਸਾਡਾ ਹੌਸਲਾ ਵੀ ਧਿਆਨ ਖਿੱਚੇਗਾ ਬਾਜ਼ਾਰਾਂ ਦਾ

ਸ਼ਹਿਰ ਤੇਰੇ 'ਚ ਸੁਣਿਆ ਹੈ ਸਿਰਾਂ ਦੇ ਮੁੱਲ ਹੁੰਦੇ ਨੇ। (80)

ਇਸ ਤਰ੍ਹਾਂ ਅਨੁਸੂਚਿਤ ਜਾਤੀ ਦਾ ਕਾਫ਼ੀ ਵੱਡਾ ਹਿੱਸਾ ਅੱਜ ਵੀ ਪੂੰਜੀਵਾਦ/ਸਰਮਾਏਦਾਰੀ ਦੀ ਗੁਲਾਮੀ ਹੰਢਾਅ ਰਿਹਾ ਹੈ। ਜੁਝਾਰਵਾਦੀ ਲਹਿਰ ਦੇ ਪਰਿਪੇਖ ਵਿਚ ਸਾਂਸਕ੍ਰਿਤਕ ਵਿਦਰੋਹੀ ਪ੍ਰਵਚਨ ਨੂੰ ਮਹੱਤਵਪੂਰਨ ਸਮਾਜਿਕ ਮਾਨਤਾ ਹਾਸਿਲ ਹੋਈ ਹੈ। ਇਸ ਮਾਨਤਾ ਤਹਿਤ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀ ਵਿਦਰੋਹੀ ਸ਼ੈਲੀ ਇਕ ਦਲੇਰ ਜੁਝਾਰਵਾਦੀ ਯੋਧੇ ਦੇ ਰੂਪ ਵਿਚ ਪੂੰਜੀਪਤੀ ਹਕੂਮਤ ਦੇ ਸ਼ਾਸਕਾਂ ਵਿਰੁੱਧ ਬਦਲੇ ਦੀ ਰੋਹਮਈ ਜੁਝਾਰਵਾਦੀ ਭਾਵਨਾ ਦਾ ਹਿੱਸਾ ਬਣ ਕੇ ਸਾਹਮਣੇ ਆਉਂਦੀ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਬੇਲਚਕ ਵਿਚ ਵਿਦਰੋਹੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਉਹ ਤਾਂ ਸਾਨੂੰ ਸੁੱਟਦੇ ਨੇ

ਸਾਵੀ ਲਚਕੀਲੀ ਕਾਹੀ ਵਿਚ

ਜਾਂ ਪਹਾੜੀ ਕਿੱਕਰਾਂ ਦੀ ਮਹਿਕ ਵਿਚ

ਅਸੀਂ ਉਨ੍ਹਾਂ ਨੂੰ

ਨਾਲੀਆਂ 'ਚ

ਗੋਹਿਆ 'ਚ

ਕੁੱਤਿਆਂ ਥੀ

ਲੋਕਾਂ ਦੀਆਂ ਜੁੱਤੀਆਂ ਦੇ ਹੇਠੋਂ ਦੀ ਘੜੀਸਾਂਗੇ। (61)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਅਜਿਹੇ ਕਵੀ ਹਨ, ਜੋ ਨਿਸੰਗ ਹੋ ਕੇ ਸਮਾਜ ਦੇ ਠੇਕੇਦਾਰ ਨੂੰ ਵੰਗਾਰਦੇ ਹਨ ਅਤੇ ਸਪੱਸ਼ਟ ਤੌਰ ਤੇ ਕਹਿੰਦੇ ਹਨ ਕਿ ਸਮਾਜ ਠੀਕ ਤਰ੍ਹਾਂ ਨਹੀਂ ਚੱਲ ਰਿਹਾ ਅਤੇ ਲੋਕਾਂ ਦੀਆਂ ਆਸ਼ਾਵਾਂ ਠੀਕ ਤਰ੍ਹਾਂ ਨਾਲ ਪੂਰੀਆਂ ਨਹੀਂ ਹੋ ਰਹੀਆਂ। ਉਹ ਵਿਦਰੋਹੀ ਸ਼ੈਲੀ ਵਿੱਚ

ਸ਼ਰੇਆਮ ਆਵਾਮ, ਰਾਜਨੀਤਿਕ ਅਤੇ ਪ੍ਰਸ਼ਾਸ਼ਨੀ ਰਾਜਤੰਤਰ ਨੂੰ ਵੰਗਾਰਦੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਬੇਲਚਕ ਵਿਚ ਵਿਦਰੋਹੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ ਅਤੇ ਲਾਲ ਸਿੰਘ ਦਿਲ ਦੀ ਕਲਮ ਸ਼ਬਦਾਂ ਦੇ ਤਿੱਖੇ ਬਾਣ ਕੱਸ ਕੇ ਮਾਰਦੀ ਹੈ ਕਿ ਅਤੇ ਕਵਿਤਾ ਸ਼ਬਦ ਵਿਚ ਬਿਆਨ ਕਰਦਾ ਹੈ ਕਿ :-

ਸ਼ਬਦ ਤਾਂ ਕਹੇ ਜਾ ਚੁਕੇ ਹਨ

ਅਸਾਥੋਂ ਵੀ ਬਹੁਤ ਪਹਿਲਾ

ਤੇ ਅਸਾਥੋਂ ਵੀ ਬਹੁਤ ਪਿੱਛੋਂ ਦੇ

ਅਸਾਡੀ ਹਰ ਜ਼ਬਾਨ

ਜੇ ਹੋ ਸਕੇ ਤਾਂ ਕੱਟ ਲੈਣਾ

ਪਰ ਸ਼ਬਦ ਤਾਂ ਕਹੇ ਜਾ ਚੁੱਕੇ ਹਨ। (49)

**6.10 ਮਾਨਵਵਾਦੀ ਸ਼ੈਲੀ:** ਮਾਨਵਵਾਦੀ ਕਵਿਤਾ ਨੇ ਵਿਸ਼ੇਸ਼ ਤੌਰ ਤੇ ਪੇਂਡੂ ਖੇਤ ਮਜ਼ਦੂਰਾਂ ਅਤੇ ਨਿਮਨ ਕਿਸਾਨੀ ਚਿੱਤਰ ਨੂੰ ਪੇਸ਼ ਕੀਤਾ ਹੈ, ਜਿਹੜੇ ਅਕਸਰ ਸਮਾਜ ਵਿਚ ਜ਼ਮੀਨ, ਜਾਇਦਾਦ ਤੋਂ ਵਾਂਝੇ ਰਹਿ ਕੇ ਖੇਤਾਂ ਵਿਚ ਕੰਮ ਕਰਦੇ ਆਰਥਿਕ, ਮਾਨਸਿਕ, ਸਰੀਰਕ ਤੌਰ 'ਤੇ ਸ਼ੋਸ਼ਿਤ ਹੋ ਰਹੇ ਹਨ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਉਹਨਾਂ ਲਈ ਮਾਨਵਵਾਦੀ ਸ਼ੈਲੀ ਤੋਂ ਨਾਇਕ, ਬੁਲਾਰੇ ਅਤੇ ਮੱਦਦਗਾਰ ਵਜੋਂ ਉਭਰਕੇ ਸਾਹਮਣੇ ਆਏ ਹਨ। ਉਹਨਾਂ ਦੀਆਂ ਕਵਿਤਾਵਾਂ ਵਿਚ ਅਜਿਹੇ ਲੋਕ ਮਹੱਤਵ ਰੱਖਦੇ ਹਨ, ਜਿਹੜੇ ਅਕਸਰ ਜ਼ਮੀਨ ਜਾਇਦਾਦ ਤੋਂ ਵਾਂਝੇ ਅਤੇ ਮਨੁੱਖੀ ਜੀਵਨ ਨਾਲ ਸੰਬੰਧਿਤ ਪੈਦਾਵਾਰੀ ਸਾਧਨਾਂ ਤੋਂ ਤਰਾਸਦੀ ਹੰਢਾਅ ਰਹੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਾਮ ਦਾ ਰੰਗ ਵਿਚ ਮਾਨਵਵਾਦੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਛੱਡ ਤੁਰੇ ਹਨ ਇਕ ਹੋਰ ਗੈਰਾਂ ਦੀ ਜ਼ਮੀਨ

ਛੱਜਾਂ ਵਾਲੇ

ਜਾ ਰਿਹਾ ਹੈ ਲੰਮਾ ਲਾਰਾ

ਝਿੜਕਾਂ ਦੇ ਭੰਡਾਰ ਲੱਦੀ

ਲੰਮੇ ਸਾਇਆ ਦੇ ਨਾਲ-ਨਾਲ (39)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਮਾਨਵਵਾਦੀ ਸ਼ੈਲੀ ਤੋਂ ਅਜਿਹੇ ਪਾਤਰਾਂ ਦੇ ਪੱਖ ਵਿਚ ਖੜਦੇ ਹਨ, ਜਿਹੜੇ ਜਾਗੀਰਦਾਰਾਂ, ਪੂੰਜੀਪਤੀਆਂ ਦੇ ਤਸ਼ੱਦਦ ਤੋਂ ਬਹੁਤ ਜ਼ਿਆਦਾ ਦੁਖੀ ਹੋਏ ਜ਼ਿੰਦਗੀ ਜਿਉਣ ਤੋਂ ਅੱਕ ਚੁੱਕੇ ਹਨ। ਅਜਿਹੇ ਲੋਕ ਜ਼ਿੰਦਗੀ ਜਿਉਣ ਦੀ ਖੋਜ ਵਿਚ ਵਿਚ ਭਟਕ ਰਹੇ ਹਨ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਸ਼ਕਤੀ ਵਿਚ ਮਾਨਵਵਾਦੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ:

ਲੋਕ ਮਾਰੇ ਮਾਰੇ ਫਿਰਦੇ ਹਨ

ਹੈਂ ਜੀ ਹੈਂ ਕਰਦੇ ਹਨ

ਅਨ੍ਹੇਰੀਆਂ ਨੁੱਕਰਾਂ ’ਚ ਬਹਿੰਦੇ ਹਨ

ਉਨ੍ਹਾਂ ਨੂੰ ਦੱਸਿਆ ਜਾਂਦਾ ਹੈ

ਕਿ ਉਹ ਦੇਵਤੇ ਦੇ ਪੈਰਾਂ ਚੋਂ ਜੰਮਦੇ ਨੇ। (134)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਸਭ ਤੋਂ ਪਹਿਲਾਂ ਸਾਡਾ ਧਿਆਂਨ ਉਸ ਆਮ ਵਰਗ ਦੀ ਲੋਕਾਈ ਵੱਲ ਜਾਂਦਾ ਹੈ, ਜਿਹੜੇ ਮਨੁੱਖ ਤਾਂ ਹਨ, ਪਰ ਉਹਨਾਂ ਨੂੰ ਸਮਾਜ ਵਿਚ ਮਨੁੱਖਤਾ ਦਾ ਦਰਜਾ ਪ੍ਰਾਪਤ ਨਹੀਂ ਅਤੇ ਨਾਂ ਹੀ ਉਹਨਾਂ ਵਿਚ ਮਨੁੱਖੀ ਚੇਤਨਾ ਹੈ। ਕਵੀਆਂ ਅਨੁਸਾਰ ਇਹ ਉਹ ਲੋਕ ਹਨ ਜਿੰਨ੍ਹਾਂ ਕੋਲ ਨਾ ਕੋਈ ਜ਼ਮੀਨ ਨਹੀਂ, ਘਰ ਨਹੀਂ ਅਤੇ ਨਾ ਹੀ ਕੋਈ ਪੱਕਾ ਥਾਂ ਟਿਕਾਣਾ। ਇਹ ਲੋਕ ਦੇਸ਼ਵਾਸੀ ਵੀ ਹੋ ਕੇ ਗੁੰਮਨਾਮ ਜ਼ਿੰਦਗੀ ਜਿਉਂ ਰਹੇ ਹਨ। ਇਹਨਾਂ ਲੋਕਾਂ ਦੀ ਮੂਲ਼ ਪਛਾਣ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀਆਂ ਕਵਿਤਾਵਾਂ ਵਿਚੋਂ ਭਲੀਭਾਂਤ ਝਲਕਦੀ ਹੈ। ਮਾਨਵਵਾਦੀ ਸ਼ੈਲੀ ਤੋਂ ਇਹਨਾਂ ਕਵੀਆਂ ਦੀ ਸ਼ਾਇਰੀ ਵਿਚੋਂ ਆਮ ਲੋਕਾਈ ਦੇ ਆਰਥਿਕ, ਸਮਾਜਿਕ, ਸਭਿਆਚਾਰਕ ਸ਼ੋਸ਼ਣ

ਨੂੰ ਖ਼ਤਮ ਕਰਨ ਦੇ ਦੇ ਨਾਲ-ਨਾਲ ਭਵਿੱਖਮੁਖੀ ਨਿਜ਼ਾਮ ਦੀ ਤਾਂਘ ਦੇ ਅਜਿਹੇ ਝਲਕਾਰੇ ਸਪੱਸ਼ਟ ਦਿਖਾਈ ਦਿੰਦੇ ਹਨ, ਜਿਸ ਵਿਚੋਂ ਸਮੁੱਚੀ ਮਾਨਵਤਾ ਹਰ ਤਰ੍ਹਾਂ ਦੇ ਊਚ-ਨੀਚ ਤੋਂ ਮੁਕਤ ਹੋਵੇ। ਆਮ ਕਿਸਾਨ ਤੇ ਮਜ਼ਦੂਰ ਵਰਗ ਨੂੰ ਉਸਦੇ ਦੁੱਖ-ਦਰਦ ਤੋਂ ਛੁਟਕਾਰਾ ਮਿਲ ਸਕੇ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਆਪਣੀਆਂ ਰਚਨਾਵਾਂ ਵਿਚ ਆਸ਼ਾਵਾਦੀ ਸੋਚ ਤੋਂ ਜ਼ਾਲਮਾਂ ਦੀ ਤਾਕਤਾਂ ਨੂੰ ਸੁਆਹ ਬਣੀ ਦੇਖਣਾ ਚਾਹੁੰਦੇ ਹਨ। ਮਾਨਵਤਾ ਦੀ ਭਲਾਈ ਅਤੇ ਲੋਕਰਾਜੀ ਹਾਕਮ ਜਮਾਤ ਦੀ ਤਾਨਾਸ਼ਾਹੀ ਦੇ ਅੰਤ ਦੀ ਆਸ ਹਮੇਸ਼ਾ ਉਹਨਾਂ ਦੇ ਦਿਲਾਂ ਵਿਚ ਰਹਿੰਦੀ ਹੈ। ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਗੀਤ ਵਿਚ ਮਾਨਵਵਾਦੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ:

ਜ਼ਿੰਦਗੀ ਦੇ ਯੁੱਗ ਦੀ ਸਵੇਰ।
ਆਏਗੀ ਜ਼ਰੂਰ ਇਕ ਵੇਰ।
ਕਲ੍ਹ ਹੋਵੇ ਸਾਡੇ ਪੈਰਾਂ ਹੇਠ,
ਗਲ ਜਾਣੇ ਗੋਹਿਆਂ ਦੇ ਢੇਰ।
ਗਲ ਜਾਣੇ ਗੋਹਿਆਂ 'ਚ ਤਾਜ,
ਆਸਣਾਂ ਤੋਂ ਸੁੱਕਣੇ ਕਨੇਰ। (79)

ਲਾਲ ਸਿੰਘ ਦਿਲ ਆਪਣੀ ਪੁਸਤਕ ***ਨਾਗ ਲੋਕ*** ਕਵਿਤਾ ਵਿਸ਼ਵਾਸ਼ ਵਿਚ ਮਾਨਵਵਾਦੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ:

ਜਿਵੇਂ ਮਿੱਟੀ 'ਚ ਸਭ ਕੁਝ ਹੈ
ਕਣਕ, ਮਿੱਠਾ, ਲੋਹਾ ਤੇ ਬਰੂਦ
ਇਵੇਂ ਜਨਤਾ 'ਚ ਸਭ ਕੁਝ ਹੈ
ਲਹਿਰਾਂ, ਹੜ੍ਹ, ਤੂਫ਼ਾਨ
ਅਣਖ, ਇੱਜ਼ਤ ਤੇ ਇਨਕਲਾਬ। (55)

ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਅਨੁਸਾਰ ਸਮਾਜ ਅਜਿਹਾ ਹੋਵੇ, ਜਿੱਥੇ ਇਨਸਾਨ ਨੂੰ ਇਨਸਾਨ ਸਮਝਿਆ ਜਾਵੇ। ਕਿਸੇ ਇਕ ਦੂਜੇ ਦਾ ਹੱਕ ਨਾ ਚੁਰਾਇਆ ਜਾਵੇ ਅਤੇ ਭਾਈਚਾਰਕ ਵੰਡੀਆਂ ਨਾ ਹੋਣ। ਜਿਥੇ ਸਭ ਮਿਲ-ਜੁਲ ਕੇ ਰਹਿਣ ਅਤੇ ਜਾਤ-ਪਾਤ, ਊਚ-ਨੀਚ ਦੀ ਭਾਵਨਾ ਨਾ ਹੋਵੇ। ਉਹਨਾਂ ਦਾ ਵਿਚਾਰ ਹੈ ਕਿ ਪਥਰਾਈ ਮਨੁੱਖਤਾ ਫਿਰ ਤੋਂ ਸਥਾਪਤ ਹੋ ਜਾਵੇ। ਉਹਨਾਂ ਦਾ ਸੁਪਨਾ ਹੈ ਕਿ ਮਨੁੱਖ ਆਪਣਾ ਹੱਕ ਪ੍ਰਾਪਤ ਕਰਨ ਹਮੇਸ਼ਾ ਸੁਚੇਤ ਰਹੇ ਅਤੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਤੌਰ 'ਤੇ ਮਨੁੱਖ ਸਹਿਮਿਆ ਨਾ ਰਹੇ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਗੀਤ ਵਿਚ ਮਾਨਵਵਾਦੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ:

ਭੁੱਖਾ ਕਿਸੇ ਮਾਂ ਦਾ ਨਾ ਜਵਾਕ ਰੋਊਗਾ

ਸਾਰਿਆਂ ਦੇ ਨਾਲ ਇਨਸਾਫ਼ ਹੋਊਗਾ

ਯੁੱਗਾਂ ਦੇ ਲਤਾੜੇ ਜ਼ਿੰਦਗੀ 'ਚ ਆਉਣਗੇ

ਜਨਤਾ ਦੇ ਦੋਖੀ ਪੂਰੀ ਸਜਾ ਪਾਉਣਗੇ

ਤਕੜਾ ਨਾ ਮਾੜੇ ਨੂੰ ਸਤਾਊ ਹਾਣੀਆ। (108)

ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਤੀਸਰਾ ਮਹਾਂਯੁੱਧ ਗੀਤ ਵਿਚ ਮਾਨਵਵਾਦੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਤੀਸਰਾ ਮਹਾਂਯੁੱਧ ਹਿੱਕਾਂ 'ਚ ਖੁਰ ਰਹੀ

ਜੀਣ ਦੀ ਬਾਦਸ਼ਾਹਤ ਲੜੇਗੀ

ਤੀਸਰਾ ਮਹਾਂਯੁੱਧ ਗੋਹੇ ਨਾਲ ਲਿੱਪੇ

ਕੋਠਿਆਂ ਦੀ ਸਾਦਗੀ ਲੜੂ

ਤੀਸਰਾ ਮਹਾਂਯੁੱਧ

ਮੂਤ ਦੇ ਫੰਬੇ 'ਚ ਲਿਪਟੀ ਵੱਢੀ ਗਈ ਉਂਗਲੀ ਲੜੇਗੀ

ਤੀਸਰਾ ਮਹਾਂਯੁੱਧ ਉਸ ਸਹਿਮ ਦੇ ਖਿਲਾਫ਼ ਲੜਿਆ ਜਾਵੇਗਾ

ਜਿਦ੍ਹਾ ਅਕਸ ਮੇਰੀ ਦੰਦੀਆਂ ਕੱਢਦੀ ਧੀ ਦੀਆਂ ਅੱਖਾਂ 'ਚ ਹੈ। (157)

ਇਸ ਤਰ੍ਹਾਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਮਾਨਵਵਾਦੀ ਸ਼ੈਲੀ ਤੋਂ ਸਮਾਜ ਵਿਚ ਵਿਚਲੀ ਕਾਣੀ ਵੰਡ, ਲੁੱਟ-ਖਸੁੱਟ ਅਤੇ ਰਾਜਸੀ ਢਾਂਚੇ ਦੇ ਵਿਰੁੱਧ ਹਨ। ਉਹਨਾਂ ਦੀ ਵਿਚਾਰਧਾਰਾ ਮਾਰਕਸਵਾਦੀ ਵਿਚਾਰਧਾਰਾ ਤੋਂ ਸ਼ਕਤੀ ਗ੍ਰਹਿਣ ਕਰਕੇ ਰਾਜ ਦੀਆਂ ਸੰਸਥਾਵਾਂ ਦੇ ਅਮਾਨਵੀ ਕਾਰਨਾਮਿਆਂ ਨਾਲ ਟੱਕਰ ਲੈਣ ਦਾ ਸੰਦੇਸ਼ ਸੰਚਾਰਦੀ ਹੈ। ਇਸ ਕਰਕੇ ਉਹ ਰਾਜ ਅਤੇ ਰਾਜ ਦੇ ਪ੍ਰਸ਼ਾਸਕੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹਨ। ਮਾਨਵਵਾਦੀ ਸ਼ੈਲੀ ਤੋਂ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਿਸੇ ਵੀ ਪ੍ਰਕਾਰ ਦਾ ਅਨਿਆ ਸਹਿਣ ਨਹੀਂ ਕਰ ਸਕਦੇ। ਇਹਨਾਂ ਕਵੀਆਂ ਨੇ ਅਨਿਆ ਪ੍ਰਤੀ ਬਹੁਤ ਸਾਰੀਆਂ ਕਵਿਤਾਵਾਂ ਤਾਂ ਲਿਖੀਆਂ ਹੀ ਹਨ, ਸਰੀਰਕ ਤੌਰ 'ਤੇ ਤਸੀਹੇ ਵੀ ਝੱਲੇ ਹਨ। ਉਹ ਸਿਆਸੀ ਚਾਲਾਂ ਦੇ ਖ਼ਿਲਾਫ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਚਾਹੁੰਦੇ ਹਨ। ਮਾਨਵਵਾਦੀ ਸ਼ੈਲੀ ਤੋਂ ਉਹਨਾਂ ਦੀਆਂ ਕਵਿਤਾਵਾਂ ਵਿਚ ਨਰੋਏ ਰੰਗ ਭਰੇ ਹੋਏ ਹਨ। ਮਨੁੱਖੀ ਜੀਵਨ ਨੂੰ ਪ੍ਰਮੁੱਖਤਾ ਦੇ ਕੇ ਜ਼ਿੰਦਗੀ ਦੇ ਭਖ਼ਦੇ ਮਸਲਿਆਂ ਵੱਲ ਇਸ਼ਾਰੇ ਕਰਦੇ ਹਨ। ਇਸ ਲਈ ਲਾਲ ਸ਼ਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੂੰ ਸਹਿਜੇ ਹੀ ਮਾਨਵਵਾਦੀ ਅਤੇ ਮਾਨਵ-ਹਿੱਤਕਾਰੀ ਕਵੀ ਮੰਨਿਆਂ ਜਾਂਦਾ ਹੈ। ਅਵਤਾਰ ਸਿੰਘ ਪਾਸ਼ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਕਵਿਤਾ ਗੀਤ ਵਿਚ ਮਾਨਵਵਾਦੀ ਸ਼ੈਲੀ ਭਾਵਾਂ ਦਾ ਵਿਚਾਰ ਪ੍ਰਗਟ ਕਰਦੇ ਹਨ :

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ

ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ

ਰੋਲ੍ਹੇ ਨਾ ਕੋਈ ਪੈਰੀਂ ਸਧਰਾਂ ਕੁਆਰੀਆਂ

ਦਿਲ ਤੇ ਗਰੀਬ ਦੇ ਨਾ ਫੇਰੂ ਆਰੀਆਂ

ਡਰੂ ਨਾ ਕੋਈ ਕਿਸੇ ਨੂੰ ਡਰਾਊ ਹਾਣੀਆਂ

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ

ਮਜ਼੍ਹਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ

ਦੁਨੀਆਂ ਤੇ ਇੱਕੋਂ ਹੀ ਜਮਾਤ ਹੋਏਗੀ

ਰੋਜ਼ ਹੀ ਦੀਵਾਲੀ ਵਾਲੀ ਰਾਤ ਹੋਏਗੀ

ਰੱਜ ਰੱਜ ਖਾਣਗੇ ਕਮਾਊ ਹਾਣੀਆਂ। (108)

**6.11 ਨਸੀਹਤਵਾਦੀ ਸ਼ੈਲੀ :** ਜੁਝਾਰਵਾਦੀ ਕਵੀ ਆਪਣੀ ਕਵਿਤਾਵਾਂ ਵਿਚ ਦਰਸ਼ਕਾਂ, ਸ੍ਰੋਤਿਆਂ ਅਤੇ ਪਾਠਕਾਂ ਨੂੰ ਨਸੀਹਤ ਕਰਦਿਆਂ ਹੋਇਆਂ ਕਵਿਤਾਵਾਂ ਦੀ ਰਚਨਾ ਕਰਦੇ ਹਨ ਜਿਵੇਂ ਅਵਤਾਰ ਸਿੰਘ ਪਾਸ਼ ਨੇ ਆਪਣੀ ਪੁਸਤਕ ***ਸੰਪੂਰਨ ਪਾਸ਼ ਕਾਵਿ*** ਨਾਚ ਬੋਲੀਆਂ ਤੇ ਦੋਹੇ ਵਿੱਚ ਉਦਾਹਰਨਾਂ ਪੇਸ਼ ਕੀਤੀਆਂ ਹਨ:

(ਨੀ) ਚੁਣ-ਚੁਣ ਕੇ ਅਣਖੀਲੇ ਯੋਧੇ ਤੂੰ ਜੇਲ੍ਹਾਂ ਵਿਚ ਤਾੜੇ

ਗੱਜਦੇ ਸ਼ੇਰਾਂ ਨੇ ਕਦੇ ਨਾ ਕੱਢਣੇ ਹਾੜੇ।

ਗੱਜਦੇ ਸ਼ੇਰਾਂ ਨੇ ...... (208)

ਅੱਕ ਦੀ ਨਾ ਖਾਈਏ ਕੂੰਬਲੀ ਸੱਪ ਦਾ ਨਾ ਖਾਈਏ ਮਾਸ

ਅੱਜ ਤੱਕ ਸਾਨੂੰ ਰਹੇ ਜੋ ਲੁੱਟਦੇ ਉਨ੍ਹਾਂ ਤੋਂ ਕਾਹਦੀ ਆਸ (209)

ਉਪਰੋਕਤ ਕਾਵਿਤਾਵਾਂ ਰਾਹੀਂ ਇਹ ਚਰਚਾ ਕੀਤੀ ਗਈ ਹੈ ਕਿ ਇਨਸਾਨ ਨੂੰ ਕਦੇ ਵੀ ਧਨ-ਦੌਲਤ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਅੰਤ ਵੇਲੇ ਸੱਚ ਦੀ ਜਿੱਤ ਹੁੰਦੀ ਹੈ। ਸੱਚ ਕੌੜਾ ਵੀ ਹੁੰਦਾ ਹੈ ਤੇ ਸੱਚ ਸੁਣਨਾ ਵੀ ਔਖਾ ਹੁੰਦਾ ਹੈ। ਜੁਝਾਰਵਾਦੀ ਇਨਸਾਨ ਸਮਾਜ ਦੇ ਬੁਰੇ ਵਿਅਕਤੀਆਂ ਅਤੇ ਸਰਕਾਰ ਦੀ ਕਦੇ ਵੀ ਪਰਵਾਹ ਨਹੀਂ ਕਰਦੇ। ਸੱਚ ਅੱਗੇ ਜੋ ਅੜੇ ਸੋ ਝੜੇ ਆਦਿ।

ਦੂਜੀ ਕਵਿਤਾ ਵਿੱਚ ਨਸੀਹਤ ਕਰਦੇ ਹਨ ਕਿ ਪੁਰਾਣੇ ਬਜ਼ੁਰਗਾਂ ਦੀਆਂ ਕਹੀਆਂ ਗੱਲਾਂ, ਕਹਾਵਤਾਂ, ਅਖੌਤਾਂ, ਗ੍ਰੰਥਾਂ ਨਾਲ ਜੁੜੇ ਰਹਿਣਾ ਚਾਹੀਦਾ ਹੈ ਅਤੇ ਆਪਣੇ ਤੇ ਵਿਸ਼ਵਾਸ਼ ਅਤੇ ਮਿਹਨਤਕਸ਼, ਆਤਮ-ਨਿਰਭਰ ਰਹਿਣ ਦੀ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ। ਕਦੇ ਵੀ ਬੇਗਾਨੀਆਂ ਆਸਾਂ ਤੇ ਵਿਸ਼ਵਾਸ਼ ਨਹੀਂ ਕਰਨਾ ਚਾਹੀਦਾ ਅਤੇ ਜ਼ਿੰਦਗੀ ਦੇ ਨਿਰੰਤਰ ਤੋਰ ਤੁਰਦੇ ਰਹਿਣਾ ਚਾਹੀਦਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਕਾਵਿ ਰੂਪ ਵਿਚ ਵਿਭਿੰਨ ਸ਼ੈਲੀਆਂ ਜਿਵੇਂ ਕਿ ਬਿੰਬਮਈ ਸ਼ੈਲੀ, ਅਲੰਕਾਰ ਸ਼ੈਲੀ, ਮਾਰਕਸਵਾਦੀ ਸ਼ੈਲੀ, ਪ੍ਰਸ਼ਨੋਤਰੀ ਸ਼ੈਲੀ, ਸੰਬੋਧਨੀ ਸ਼ੈਲੀ, ਵਿਅੰਗਾਤਮਕ ਸ਼ੈਲੀ, ਯਥਾਰਥਵਾਦੀ ਸ਼ੈਲੀ, ਮਨਬਚਨੀ ਸ਼ੈਲੀ , ਵਿਦਰੋਹੀ ਸ਼ੈਲੀ, ਮਾਨਵਵਾਦੀ ਸ਼ੈਲੀ , ਨਸੀਹਤਵਾਦੀ ਸ਼ੈਲੀ ਆਦਿ ਦਾ ਪ੍ਰਯੋਗ ਕੀਤਾ ਹੈ। ਇਹਨਾਂ ਕਵੀਆਂ ਨੇ ਜਾਗੀਰਦਾਰੀ, ਸਾਮੰਤੀ ਪ੍ਰਥਾ ਦੇ ਪਰਦੇ ਚੁੱਕ ਕੇ ਆਮ ਵਰਗ ਵਿਚ ਵਿਦਰੋਹੀ ਟੱਕਰ ਨੂੰ ਵੀ ਉਭਾਰਿਆ ਹੈ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੋਨੋ ਕਵੀਆਂ ਨੇ ਆਪਣੀਆਂ ਰਚਨਾਵਾਂ ਵਿੱਚ ਪ੍ਰਭਾਵਸ਼ੀਲ, ਕਲਾਤਮਕ, ਸੁਹਜਾਤਮਕ, ਵਿਲੱਖਣ ਪਛਾਣ ਕਾਵਿ ਜਗਤ ਵਿੱਚ ਬਣਾ ਰੱਖੀ ਹੈ।

## ਸਿੱਟੇ ਤੇ ਸਥਾਪਨਾਵਾਂ

ਪਿਛਲੇ ਕੁਝ ਦਹਾਕਿਆਂ ਤੋਂ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਉੱਨਤੀ ਹੋਈ ਹੈ। ਸਾਹਿਤ ਕਿਰਤਾਂ ਦਾ ਅਧਿਐਨ ਭਾਸ਼ਾ ਵਿਗਿਆਨ ਦੇ ਮਾਪਦੰਡਾਂ ਦੇ ਆਧਾਰ ਤੇ ਕੀਤੇ ਜਾਣ ਦੀ ਪਿਰਤ ਪਈ ਹੈ। ਸਾਹਿਤਕ ਕਿਰਤ ਕਿਉਂਕਿ ਸ਼ਾਬਦਿਕ ਕਲਾ ਹੁੰਦੀ ਹੈ ਇਸ ਕਰਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਸ ਦੀ ਭਾਸ਼ਾ ਦੀ ਬਣਤਰ ਜੁਗਤ ਦਾ ਅਧਿਐਨ ਕੀਤਾ ਜਾਵੇ ਕਿ ਉਸ ਵਿਚ ਪ੍ਰਗਟ ਹੋਏ ਇਹਨਾਂ ਦਾ ਸਮਾਜ ਅਤੇ ਸਭਿਆਚਾਰ ਨਾਲ ਮੇਲ ਹੈ ਕਿ ਨਹੀਂ। ਇਸ ਪ੍ਸ਼ਨ ਦਾ ਉੱਤਰ ਦੇਣ ਲਈ ਸਾਹਿਤ ਦਾ ਵਧੇਰੇ ਵਿਗਿਆਨਕ ਮੁਲਾਂਕਣ ਕਰਨ ਲਈ ਭਾਸ਼ਾ ਵਿਗਿਆਨ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੋਇਆ ਹੈ। ਭਾਸ਼ਾ ਵਿਗਿਆਨ ਦੇ ਖੇਤਰ ਵਿਚ ਵੀ ਅੱਗੋਂ ਕਈ ਅਧਿਐਨ ਵਿਧੀਆਂ ਪ੍ਰਚਲਿਤ ਹਨ ਜਿਵੇਂ ਭਾਸ਼ਾਈ ਅਧਿਐਨ, ਸੰਰਚਨਾਤਮਕ ਅਧਿਐਨ, ਚਿੰਨ੍ਹ ਵਿਗਿਆਨਕ ਅਧਿਐਨ, ਸਮਾਜ ਭਾਸ਼ਾ ਵਿਗਿਆਨਕ ਅਧਿਐਨ ਪਾਠ ਵਿਸ਼ਲੇਸ਼ਣ, ਸ਼ੈਲੀ ਵਿਗਿਆਨਕ ਅਧਿਐਨ ਵਿਧੀ ਆਦਿ।

ਹੱਥਲੇ ਖੋਜ-ਪ੍ਰਬੰਧ ਵਿਚ ਸ਼ੈਲੀ ਵਿਗਿਆਨ: ਸਿਧਾਂਤਕ ਪਰਿਪੇਖ ਇਤਿਹਾਸਕ ਅਤੇ ਸਿਧਾਂਤਕ ਅਧਿਐਨ ਦੇ ਅੰਤਰਗਤ ਸਭ ਤੋਂ ਪਹਿਲਾਂ ਭਾਸ਼ਾ ਨੂੰ ਵਿਚਾਰਾਂ, ਭਾਵਾਂ ਅਤੇ ਪ੍ਰਭਾਵਾਂ ਦੇ ਪ੍ਰਗਟਾਵੇ ਦਾ ਮਾਧਿਅਮ ਸਮਝਦੇ ਹੋਏ ਸਾਹਿਤ ਅਤੇ ਭਾਸ਼ਾ ਨੂੰ ਜੋੜਨ ਵਾਲੀ ਕੜੀ ਸ਼ੈਲੀ ਬਾਰੇ ਪ੍ਰਾਚੀਨ ਕਾਲ ਤੋਂ ਹੀ ਹੁੰਦੀ ਆ ਰਹੀ ਚਰਚਾ ਨੂੰ ਰੂਪ ਮਾਨ ਕੀਤਾ ਗਿਆ ਹੈ।

**ਜੁਝਾਰਵਾਦੀ ਪੰਜਾਬੀ ਕਾਵਿ: ਸ਼ੈਲੀ ਵਿਗਿਆਨਕ ਅਧਿਐਨ (ਲਾਲ ਸਿੰਘ ਦਿਲ ਅਤੇ ਪਾਸ਼ ਦੇ ਵਿਸ਼ੇਸ਼ ਸੰਦਰਭ ਵਿੱਚ)** ਅਜੇ ਤੱਕ ਕੋਈ ਕੰਮ ਨਹੀਂ ਹੋਇਆ ਇਸੇ ਲਈ ਮੈਂ ਇਸ ਖੋਜ ਕਾਰਜ ਨੂੰ ਚੁਣਿਆ ਹੈ। ਲਾਲ ਸਿੰਘ ਦਿਲ ਅਤੇ ਪਾਸ਼ ਕਾਵਿ ਵਿਚ ਦੋਨਾਂ ਕਵੀਆਂ ਦੇ ਪੂਰੇ ਕਾਵਿ ਸੰਗ੍ਰਹਿ 9 ਹਨ। ਪਰ ਮੈਂ ਇਨ੍ਹਾਂ ਦੇ ਛੇ ਕਾਵਿ ਸੰਗ੍ਰਹਿ ਆਪਣੇ ਖੋਜ-ਪ੍ਰਬੰਧ ਵਿਚ ਲਏ ਹਨ ਜਿੰਨ੍ਹਾਂ ਵਿੱਚ 275 ਕਵਿਤਾਵਾਂ ਦਰਜ ਹਨ ਨੂੰ ਅਧਿਐਨ ਦਾ ਆਧਾਰ ਬਣਾਇਆ ਹੈ ਇਨ੍ਹਾਂ ਦੇ ਕਾਵਿ ਸੰਗ੍ਰਹਿ 1971 ਤੋਂ ਲੈ ਕੇ 1998 ਤੱਕ ਵੱਖ ਵੱਖ ਸਮੇਂ

ਵਿਚ ਪ੍ਰਕਾਸ਼ਿਤ ਹੋਏ ਹਨ। ਇਨ੍ਹਾਂ ਕਾਵਿ ਸੰਗ੍ਰਹਿਾਂ ਨੂੰ ਸ਼ੈਲੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਦੇਖਦੇ ਹੋਏ ਸ਼ਬਦ ਰੂਪ ਧੁਨੀ ਭਾਸ਼ਾ ਪ੍ਰਵਚਨ ਆਦਿ ਨੂੰ ਵਾਚਿਆ ਹੈ।

ਜੁਝਾਰਵਾਦੀ ਕਾਵਿ ਪੰਜਾਬੀ ਦਾ ਇਕ ਅਜਿਹਾ ਕਾਵਿ ਰੂਪ ਹੈ, ਜਿਹੜਾ ਸਿੱਧੇ ਤੌਰ 'ਤੇ ਰਾਜਸੀ ਸਥਿਤੀਆਂ- ਪ੍ਰਸਥਿਤੀਆਂ ਤੋਂ ਪੈਦਾ ਹੋਇਆ ਹੈ, ਪਰ ਇਸ ਦਾ ਪ੍ਰਭਾਵ ਰਾਜਸੀ ਸਥਿਤੀਆਂ-ਪ੍ਰਸਥਿਤੀਆਂ ਦੇ ਬਦਲਣ ਨਾਲ ਖ਼ਤਮ ਨਹੀਂ ਹੋਇਆ। ਇਨ੍ਹਾਂ ਰਾਜਸੀ ਸਥਿਤੀਆਂ-ਪ੍ਰਸਥਿਤੀਆਂ ਨੇ ਇਸ ਕਾਵਿ ਰੂਪ ਨੂੰ ਸੁਚੇਤ ਰੂਪ ਵਿਚ ਵਿਸ਼ੇਸ਼ ਵਿਚਾਰਧਾਰਾਈ ਆਧਾਰ ਦਿੱਤਾ। ਜੁਝਾਰਵਾਦੀ ਕਾਵਿ ਦੀ ਇਤਿਹਾਸਕ ਅਤੇ ਸਿਧਾਂਤਕ ਸਥਿਤੀ-ਪ੍ਰਸਥਿਤੀ, ਪ੍ਰਵਿਰਤੀ ਅਤੇ ਪ੍ਰਕਿਰਤੀ ਕਰਕੇ ਉਨ੍ਹਾਂ ਇਤਿਹਾਸਕ ਅਤੇ ਸਿਧਾਂਤਕ ਹਾਲਤਾਂ ਨੂੰ ਜਾਣਨਾ ਜ਼ਰੂਰੀ ਹੋ ਜਾਂਦਾ ਹੈ ਜਿਨ੍ਹਾਂ ਵਿਚੋਂ ਇਹ ਪੈਦਾ ਹੋਈ।

ਮੈਂ ਆਪਣੇ ਅਧਿਐਨ ਵਿਚ ਉਨ੍ਹਾਂ ਦੀ ਸ਼ਬਦ ਸਿਰਜਣਾ ਦੇ ਨਾਲ ਨਾਲ ਸ਼ਬਦ ਜੋੜਾਂ, ਧੁਨੀਆਂ ਦੀ ਠੀਕ ਵਰਤੋਂ, ਨਵੇਂ ਸ਼ਬਦਾਂ ਦੀ ਸਿਰਜਣਾ ਨੂੰ ਵੀ ਮੱਧੇ ਨਜ਼ਰ ਰੱਖਿਆ ਹੈ। ਕਿਉਂਕਿ ਸ਼ੈਲੀ ਵਿਗਿਆਨ ਸਿਧਾਂਤਕ ਪੱਖ ਵਿਚ ਜਦੋਂ ਭਾਸ਼ਕ ਇਕਾਈਆਂ ਦੇ ਜ਼ਰੀਏ ਸ਼ਬਦ ਸਿਰਜਣਾ, ਧੁਨੀਆਂ ਦੀ ਵਰਤੋਂ ਨੂੰ ਵੇਖਿਆ ਜਾਂਦਾ ਹੈ ਤਾਂ ਉਨ੍ਹਾਂ ਵਿਚ ਸਭ ਤੋਂ ਪਹਿਲਾਂ ਠੀਕ ਸ਼ਬਦ ਸਿਰਜਣਾ ਅਤੇ ਧੁਨੀਆਂ ਨੂੰ ਹੀ ਲਿਆ ਜਾਂਦਾ ਹੈ। ਪੰਜਾਬੀ ਵਿਚ ਹੁਣ ਤਕ ਅਜਿਹਾ ਕੋਈ ਅਧਿਐਨ ਖੋਜ-ਕਾਰਜ ਨਹੀਂ ਹੋਇਆ ਜਿਥੇ ਸ਼ੈਲੀ ਵਿਗਿਆਨ ਦੇ ਸਿਧਾਂਤ ਪੱਖੋਂ ਅਤੇ ਵਿਹਾਰ ਪੱਖੋਂ ਵਿਚਾਰ ਚਰਚਾ ਕੀਤੀ ਗਈ ਹੋਵੇ। ਇਹ ਯਤਨ ਇਸ ਦਿਸ਼ਾ ਵਲ ਇਕ ਪਹਿਲਾ ਕਦਮ ਹੈ। ਇਸ ਅਧਿਐਨ ਨੂੰ ਛੇ ਅਧਿਆਇਆਂ ਵਿੱਚ ਵੰਡਣ ਉਪਰੰਤ ਸਾਰੰਸ਼ ਅਤੇ ਪੁਸਤਕ ਸੂਚੀ ਦਿੱਤੀ ਗਈ ਹੈ।

ਸ਼ੈਲੀ ਵਿਗਿਆਨ ਦੀ ਚਰਚਾ ਕਰਦੇ ਹੋਏ ਉਸ ਦੇ ਇਤਿਹਾਸਕ ਪੱਖ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਸ਼ੈਲੀ ਵਿਗਿਆਨ ਦੇ ਨਾਲ ਨਾਲ ਜੁਝਾਰਵਾਦ ਇਤਿਹਾਸਕ ਪੱਖ ਬਾਰੇ ਵੀ ਵਿਚਾਰਿਆ ਗਿਆ ਹੈ। ਸ਼ੈਲੀ ਵਿਗਿਆਨ ਦੇ ਪ੍ਰਮੁੱਖ ਮਾਡਲਾਂ ਜਿਵੇਂ ਕਿ ਅਗਰਭੂਮਣ, ਵਿਚਲਨ, ਵਿਪਥਨ, ਸਮਾਨੰਤਰਤਾ ਅਤੇ ਵਿਰਲਤਾ ਆਦਿ ਦੀ ਸਿਧਾਂਤਕ ਚਰਚਾ ਕੀਤੀ ਗਈ ਹੈ।

ਖੋਜ-ਕਾਰਜ ਨੂੰ ਨੇਪਰੇ ਚਾੜਨ ਲਈ ਸ਼ੈਲੀ ਵਿਗਿਆਨ ਦਾ ਖੇਤਰ ਇਕ ਪਾਸੇ ਭਾਸ਼ਾ ਵਿਗਿਆਨ ਅਤੇ ਦੂਜੇ ਪਾਸੇ ਸਾਹਿਤ ਆਲੋਚਨਾ ਨਾਲ ਸੰਬੰਧਤ ਹੈ। ਇਕ ਅਨੁਸਾਸ਼ਨ ਦੇ ਰੂਪ ਵਿਚ ਸ਼ੈਲੀ ਵਿਗਿਆਨ ਦਾ ਆਪਣਾ ਸੰਕਲਪਾਤਮਿਕ ਆਧਾਰ ਹੈ। ਸ਼ੈਲੀ ਵਿਗਿਆਨ ਕਿਸੇ ਸਾਹਿਤ ਕਿਰਤ ਦੇ ਉਨ੍ਹਾਂ ਪ੍ਰਕਾਰਜੀ ਤੱਤਾਂ ਦਾ ਅਧਿਐਨ ਕਰਦਾ ਹੈ ਜੋ ਉਸਨੂੰ ਹੋਰਨਾਂ ਸਾਹਿਤਕ ਕਿਰਤਾਂ ਤੋਂ ਵੱਖਰਾ ਸਿੱਧ ਕਰਨ ਦਾ ਕਾਰਨ ਬਣਦੇ ਹਨ ਸ਼ੈਲੀ ਵਿਗਿਆਨ ਸਾਹਿਤ ਦੇ ਲੁਕੇ ਹੋਏ ਅਰਥ ਪਸਾਰਾਂ ਦੀ ਵਿਆਖਿਆ ਕਰਦਾ ਹੈ ਅਤੇ ਕਿਰਤ ਵਿਚਲੇ ਸੁਹਜ ਤੱਤਾਂ ਨੂੰ ਰੂਪਮਾਨ ਕਰਦਾ ਹੈ। ਭਾਸ਼ਾ ਵਿਗਿਆਨ ਵਾਂਗ ਸ਼ੈਲੀ ਵਿਗਿਆਨ ਦੇ ਵੀ ਦੋ ਰੂਪ ਹਨ ਸਿਧਾਂਤਕ ਸ਼ੈਲੀ ਵਿਗਿਆਨ ਅਤੇ ਵਿਹਾਰਕੀ ਸ਼ੈਲੀ ਵਿਗਿਆਨ। ਸਿਧਾਂਤਕ ਸ਼ੈਲੀ ਵਿਗਿਆਨ ਵਿਚ ਸਿਧਾਂਤਾ ਦੀ ਚਰਚਾ ਹੁੰਦੀ ਹੈ ਜਦ ਕਿ ਵਿਹਾਰਕ ਸ਼ੈਲੀ ਵਿਗਿਆਨ ਵਿਚ ਇਸ ਸਿਧਾਂਤ ਦੇ ਆਧਾਰ ਤੇ ਕਿਸੇ ਸਾਹਿਤਕ ਕਾਲ, ਸਾਹਿਤਕਾਰ, ਸਾਹਿਤ ਰਚਨਾ ਜਾਂ ਰਚਨਾ ਦੇ ਕਿਸੇ ਇਕ ਅੰਗ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਸਾਡਾ ਅਧਿਐਨ ਅਜਿਹੀ ਹੀ ਪ੍ਰਕਿਰਤੀ ਦਾ ਧਾਰਨੀ ਹੈ। ਸ਼ੈਲੀ ਵਿਗਿਆਨਕ ਦ੍ਰਿਸ਼ਟੀ ਨੂੰ ਸਾਹਮਣੇ ਰੱਖਦੇ ਹੋਏ ਅਸੀਂ 'ਪਾਸ਼ ਅਤੇ ਲਾਲ ਸਿੰਘ ਦਿਲ' ਕਾਵਿ ਸੰਗ੍ਰਿਹਾਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ।

ਪਹਿਲਾਂ ਅਧਿਆਇ 'ਸ਼ੈਲੀ ਵਿਗਿਆਨ : ਸਿਧਾਂਤਕ ਪਰਿਪੇਖ' ਨਾਲ ਸੰਬੰਧਤ ਹੈ ਇਸ ਵਿੱਚ ਪਹਿਲਾ ਸ਼ੈਲੀ ਵਿਗਿਆਨ : ਜਾਣ ਪਛਾਣ, ਸ਼ੈਲੀ ਵਿਗਿਆਨ ਪਰਿਭਾਸ਼ਾਵਾਂ, ਰੂਪ ਆਧਾਰਿਤ ਪਰਿਭਾਸ਼ਾਵਾਂ ਅਤੇ ਕਥਨ ਤੇ ਆਧਾਰਿਤ ਪਰਿਭਾਸ਼ਾ ਨੂੰ ਲਿਆ ਹੈ। ਇਸ ਤੋਂ ਬਾਅਦ ਸ਼ੈਲੀ ਵਿਗਿਆਨ ਦਾ ਸਰੂਪ ਕੀ ਹੈ ਆਦਿ ਬਾਰੇ ਚਰਚਾ ਕੀਤੀ ਹੈ। ਸ਼ੈਲੀ ਵਿਗਿਆਨ ਦਾ ਹੋਰ ਵਿਗਿਆਨਾਂ ਨਾਲ ਕੀ ਸੰਬੰਧ ਹੈ। ਜਿਵੇਂ ਸ਼ੈਲੀ ਵਿਗਿਆਨ ਤੇ ਸ਼ੈਲੀ, ਸ਼ੈਲੀ ਵਿਗਿਆਨ ਤੇ ਭਾਸ਼ਾ ਵਿਗਿਆਨ, ਸ਼ੈਲੀ ਵਿਗਿਆਨ ਅਤੇ ਸੁਹਜ ਸ਼ਾਸ਼ਤਰ, ਸ਼ੈਲੀ ਵਿਗਿਆਨ ਤੇ ਅਰਥ ਵਿਗਿਆਨ, ਸ਼ੈਲੀ ਵਿਗਿਆਨ ਤੇ ਸਾਹਿਤ ਆਲੋਚਨਾ ਆਦਿ। ਇਸ ਅਧਿਆਇ ਵਿਚ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਅਧਿਐਨ ਵਿਧੀ ਅਜਿਹੀ ਹੈ ਜੋ ਕਿਸੇ ਰਚਨਾ ਦੀ ਭਾਸ਼ਾ ਦਾ ਵਿਸ਼ਲੇਸ਼ਣ ਕਰਦੀ ਹੋਈ ਰਚਨਾ ਦੇ ਕਥ ਤੱਕ ਪਹੁੰਚਦੀ ਹੈ ਇਹ ਅਧਿਐਨ ਵਿਧੀ ਰਚਨਾਕਾਰ ਤੇ ਹੋਰ

ਸਾਹਿਤਕ ਪ੍ਰਭਾਵਾਂ ਤੋਂ ਧਿਆਨ ਹਟਾ ਕੇ ਕੇਵਲ, ਕੀ ਬਿਆਨ ਕੀਤਾ ਹੈ ਅਤੇ ਕਿਵੇਂ ਬਿਆਨ ਕੀਤਾ ਹੈ ਉੱਪਰ ਆਧਾਰਿਤ ਹੁੰਦੀ ਹੈ। ਦੂਸਰਾ ਸ਼ੈਲੀ ਵਿਗਿਆਨ ਨਾਲ ਸੰਬੰਧਤ ਪ੍ਰਤੀਮਾਨ ਜੋ ਸਮੇਂ ਦੇ ਹਿਸਾਬ ਨਾਲ ਵਿਦਵਾਨਾਂ ਨੇ ਵੱਖੋ-ਵੱਖਰੇ ਵਰਤੇ ਹਨ ਜਿਨ੍ਹਾਂ ਦਾ ਵੇਰਵਾ ਖਾਕੇ ਸਮੇਤ ਦਿੱਤਾ ਹੈ। ਸ਼ੈਲੀ ਵਿਗਿਆਨ ਨਾਲ ਸੰਬੰਧਤ ਪ੍ਰਮੁੱਖ ਪ੍ਰਤੀਮਾਨ ਅਗਰਭੂਮਣ (Foregrouding), ਵਿਚਲਨ (Deviation) ਵਿਪਥਨ (Deflection) ਸਮਾਨੰਤਰਤਾ (Parallism) ਵਿਰਲਤਾ (Rareness) ਆਦਿ ਨੂੰ ਭਾਸ਼ਕ ਇਕਾਈਆਂ ਰਾਹੀਂ ਵੰਡਿਆਂ ਹੈ। ਧੁਨੀ, ਸ਼ਬਦ, ਰੂਪ, ਵਾਕ, ਅਰਥ, ਲਿਖਤ, ਆਦਿ ਪੱਧਰਾਂ ਰਾਹੀਂ ਪਰਖਣ ਤੋਂ ਬਾਅਦ ਇਨ੍ਹਾਂ ਪਸਾਰਾਂ ਦੀ ਵੱਖਰਤਾ ਨੂੰ ਪਛਾਣਨ ਦੀ ਕੋਸ਼ਿਸ਼ ਕੀਤੀ ਹੈ। ਖੋਜ-ਪ੍ਰਬੰਧ ਦੇ ਅਧਿਐਨ ਵਿਚ ਉਨ੍ਹਾਂ ਦੀ ਸ਼ਬਦ ਸਿਰਜਣਾ ਦੇ ਨਾਲ ਨਾਲ ਸ਼ਬਦ ਜੋੜਾਂ, ਧੁਨੀਆਂ ਦੀ ਠੀਕ ਵਰਤੋਂ, ਨਵੇਂ ਸ਼ਬਦਾਂ ਦੀ ਸਿਰਜਣਾ ਨੂੰ ਵੀ ਮੱਧੇ ਨਜ਼ਰ ਰੱਖਿਆ ਹੈ। ਕਿਉਂਕਿ ਸ਼ੈਲੀ ਵਿਗਿਆਨ ਸਿਧਾਂਤਕ ਪੱਖ ਵਿੱਚ ਜਦੋਂ ਭਾਸ਼ਕ ਇਕਾਈਆਂ ਦੇ ਜ਼ਰੀਏ ਸ਼ਬਦ ਸਿਰਜਣਾ, ਧੁਨੀਆਂ ਦੀ ਵਰਤੋਂ ਨੂੰ ਵੇਖਿਆ ਜਾਂਦਾ ਹੈ ਤਾਂ ਉਨ੍ਹਾਂ ਵਿਚ ਸਭ ਤੋਂ ਪਹਿਲਾਂ ਠੀਕ ਸ਼ਬਦ ਸਿਰਜਣਾ ਅਤੇ ਧੁਨੀਆਂ ਨੂੰ ਹੀ ਲਿਆ ਜਾਂਦਾ ਹੈ।

ਡਾ. ਸ਼ੀਤਾਂਸ਼ੂ ਅਨੁਸਾਰ, ਇਸ ਪ੍ਰਤੀਮਾਨ ਦਾ ਸਰੂਪ ਦੂਹਰਾ ਹੈ। ਆਪਣੇ ਪਹਿਲੇ ਚਰਨ ਵਿੱਚ ਇਹ ਅਗਰਭੂਮਣ ਦੇ ਵਿਭਿੰਨ ਅੰਗਾਂ ਅਤੇ ਉਪ-ਅੰਗਾਂ ਦਾ ਪਰਿਚੈ ਪ੍ਰਾਪਤ ਕਰਦਾ ਹੈ। ਦੂਸਰੇ ਚਰਨ ਵਿੱਚ ਇਹਨਾਂ ਸਾਰੇ ਅੰਗਾਂ ਅਤੇ ਉਪ-ਅੰਗਾਂ ਨੂੰ ਵਿਭਿੰਨ ਭਾਸ਼ਕ ਇਕਾਈਆਂ \ ਧੁਨੀ, ਸ਼ਬਦ, ਰੂਪ, ਵਾਕ, ਵਚਨ ਅਤੇ ਅਰਥ ਉੱਤੇ ਪਰਿਭਾਸ਼ਕ ਲੱਛਣਾਂ ਸਮੇਤ ਢੁਕਾਇਆ ਜਾਂਦਾ ਹੈ।

ਸ਼ੈਲੀ ਵਿਗਿਆਨ ਦਾ ਪ੍ਰਮੁੱਖ ਮਾਡਲ ਜਿਸ ਵਿਚ ਅਗਰਭੂਮਣ ਅਤੇ ਤੱਤਾਂ ਦਾ ਵਰਣਨ ਰੂਪ ਇਸ ਤਰ੍ਹਾਂ ਹੈ। ਸ਼ੈਲੀ ਦੇ ਸਿਧਾਂਤ: ਅਗਰਭੂਮਣ ਤੋਂ ਕੀ ਭਾਵ ਹੈ  ਅਗਰਭੂਮਣ ਸ਼ੈਲੀ ਵਿਗਿਆਨ ਦਾ ਪ੍ਰਮੁੱਖ ਵਿਸ਼ਲੇਸ਼ਣਾਤਮਕ ਤੱਤ ਹੈ । ਜਿਸ ਦੇ ਜ਼ਰੀਏ ਅਗਰਭੂਮਣ ਸਾਹਿਤ-ਪਾਠਾਂ ਦੇ ਵਿਸ਼ਲੇਸ਼ਣ ਲਈ ਵਿਚਲਨ, ਵਿਪਥਨ, ਸਮਾਨੰਤਰਤਾ ਅਤੇ ਵਿਰਲਤਾ ਚਾਰ ਅੰਗਾਂ ਦੀ ਸਹਾਇਤਾ ਲੈਂਦਾ ਹੈ। ਇਸ ਤੋਂ ਇਲਾਵਾ ਇਹ ਭਾਸ਼ਾ ਦੇ ਮਾਨਕ ਰੂਪ ਅਤੇ ਸੰਦਰਭ ਨੂੰ ਵੀ ਅਣਗੌਲਿਆ ਨਹੀਂ ਕਰਦਾ।

ਦੂਜਾ ਅਧਿਆਇ  ਵਿਚ ਪਾਸ਼ ਕਾਵਿ ਅਤੇ ਲਾਲ ਸਿੰਘ ਦਿਲ ਦੀ ਕਵਿਤਾ ਦੇ ਵਿਚਲਨ ਪੱਧਰ ਨਾਲ ਸੰਬੰਧਤ ਹੈ। ਇਸ ਅਧਿਆਇ ਵਿਚ ਵਿਚਲਨ ਕੀ ਹੈ। ਵਿਚਲਨ ਦੀ ਪਰਿਭਾਸ਼ਾ ਆਦਿ ਮਿੱਥ ਲੈਣ ਤੋਂ ਬਾਅਦ ਵਿਚਲਨ ਨੂੰ ਭਾਸ਼ਕ ਇਕਾਈਆਂ ਰਾਹੀਂ ਵੰਡਿਆ ਹੈ। ਇਸ ਵਿੱਚ ਜੁਝਾਰਵਾਦ, ਇਤਿਹਾਸਕ ਪ੍ਰੰਪਰਾ, ਧਾਰਮਿਕਤਾ, ਨੈਤਿਕਤਾ, ਰਾਜਨੀਤੀ ਜਾਂ ਆਰਥਿਕਤਾ ਨਾਲ ਸੰਬੰਧਤ ਹੋਵੇ ਭਾਸ਼ਕ ਧੁਨੀਆਂ ਦਾ ਵਿਚਲਨ ਹਰ ਵਿਸ਼ੇ ਵਿਚ ਮੌਜੂਦ ਹੈ। ਮਾਨਸਿਕ ਹੋਂਦ ਦੇ ਵਿਸ਼ੇ ਵਿਚ ਧੁਨੀ ਪੱਧਰ ਦੇ ਚਾਰੋਂ ਰੂਪ ਅਰਥਾਤ ਧੁਨੀ ਬਦਲ, ਧੁਨੀ ਅਲੋਪ, ਧੁਨੀ ਵਾਧੇ ਅਤੇ ਧੁਨੀ ਘਾਟੇ ਦੇ ਮਿਲਦੇ ਹਨ। ਇਸੇ ਤਰ੍ਹਾਂ ਕ੍ਰਮਵਾਰ ਬਾਕੀ ਵਿਸ਼ਿਆਂ ਵਿਚੋਂ ਧੁਨੀ ਪੱਧਰਾਂ ਨੂੰ ਵੀ ਵੇਖਿਆ ਹੈ। ਧੁਨੀ ਪੱਧਰ ਤੋਂ ਬਾਅਦ ਸ਼ਬਦ ਪੱਧਰ ਨੂੰ ਵਿਸ਼ਲੇਸ਼ਿਤ ਕਰਦੇ ਸਮੇਂ ਇਹ ਸਪੱਸ਼ਟ ਹੋਇਆ ਹੈ ਕਿ ਪਾਸ਼ ਅਤੇ ਲਾਲ ਸਿੰਘ ਦਿਲ ਦੀ ਕਵਿਤਾ ਵਿਚ ਨਵੇਂ ਸ਼ਬਦਾਂ ਰਾਹੀਂ ਅਤੇ ਪ੍ਰਚਲਿਤ ਸ਼ਬਦਾਂ ਦੇ ਰੂਪ ਪਰਿਵਰਤਨ ਰਾਹੀਂ ਵਿਚਲਨ ਹੋਇਆ ਹੈ ਮਿਸਾਲ ਦੇ ਤੌਰ ਤੇ ਫਾਹੀਆਂ, ਘੁੱਥਾ, ਰੌਂਦ, ਪਨਡੱਬੇ, ਦੱਜਾਲ, ਬੈਰਲ, ਤਿਗੜਮ ਆਦਿ ਸ਼ਬਦਾਂ ਤੋਂ ਬਾਅਦ ਕਈ ਸ਼ਬਦਾਂ ਦੀ ਰੂਪ ਤਬਦੀਲੀ ਵੀ ਕੀਤੀ ਹੈ ਜਿਵੇਂ ਪਰਭਾਤਾਂ, ਬੇ-ਮੂੰਹੀ, ਹਾਕਲ ਬਾਕਲ, ਨੀਲੀਆਂ ਦੇਹਲੀਆਂ, ਮਸੋਸ,ਕਰੰਘੜੀ ਆਦਿ। ਅਰਥ ਪੱਧਰ ਤੇ ਮੇਰੀ ਸਮਝ ਅਨੁਸਾਰ ਕਵੀ ਨੇ ਸ਼ਬਦਾਂ ਦੇ ਅਸਲੀ ਅਰਥਾਂ ਨੂੰ ਪਾਸੇ ਰੱਖ ਕੇ ਆਪਣੇ ਅਰਥ ਪ੍ਰਦਾਨ ਕੀਤੇ ਹਨ।ਅਰਥ ਪੱਧਰ ਤੇ ਵਿਚਲਨ ਨੂੰ ਅਵਤਾਰ ਸਿੰਘ ਪਾਸ਼ ਤੇ ਲਾਲ ਸਿੰਘ ਦਿਲ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਵਿਚਾਰਿਆ ਗਿਆ ਹੈ। ਜਿੰਨ੍ਹਾਂ ਵਿਚ ਕਵੀਆਂ ਨੇ ਸ਼ਬਦਾਂ ਦੇ ਅਸਲੀ ਅਰਥਾਂ ਨੂੰ ਪਾਸੇ ਰੱਖ ਕੇ ਆਪਣੇ ਮਨੋਰਥ ਅਨੁਸਾਰ ਅਰਥ ਪ੍ਰਦਾਨ ਕਰਕੇ ਅਰਥ ਪੱਧਰ ਤੇ ਵਿਚਲਨ ਦੁਆਰਾ ਅਗਰਭੂਮਿਤ ਕੀਤਾ ਹੈ। ਇਸ ਤਰ੍ਹਾਂ ਦੋਨੋਂ ਜੁਝਾਰਵਾਦੀ ਕਵੀਆਂ ਦੀ ਵਿਸ਼ੇਸ਼ ਪ੍ਰਾਪਤੀ ਹੈ ਅਰਥ ਵਿਚਲਨ ਤੋਂ ਜੰਗ ਜਾਂ ਯੁੱਧ ਦੇ ਸਰੂਪ ਨੂੰ ਸਮਝਣਾ, ਨਵੇਂ ਅਰਥ ਦੇਣਾ ਪਰ ਸਥਾਪਤੀ ਲਈ ਸ਼ਾਂਤੀ ਮਹੱਤਤਾ ਰੱਖਦੀ ਹੈ, ਕਿਉਂਕਿ ਸ਼ਾਂਤੀ ਹੋਵੇਗੀ ਤਾਂ ਸਥਾਪਤੀ ਦੀ ਲੁੱਟ ਦਾ ਵਿਰੋਧ ਨਹੀਂ ਹੋਵੇਗਾ। ਇਸ ਲਈ ਇਹ ਕਵੀ ਸਿਰਫ਼ ਯੁੱਧ ਨੂੰ ਹੀ ਨਵੇਂ ਸਿਰੇ ਤੋਂ ਪਰਿਭਾਸ਼ਿਤ ਨਹੀਂ, ਕਰਦੇ ਬਲਕਿ ਸ਼ਾਂਤੀ ਨੂੰ ਵੀ ਨਵੇਂ ਅਰਥ ਦਿੰਦੇ ਸਪੱਸ਼ਟ ਹੁੰਦੇ ਹਨ।

ਨਵੇਂ ਸ਼ਬਦਾਂ ਦੀ ਘਾੜਤ ਅਤੇ ਅਰਥ ਸ਼ਕਤੀਆਂ ਵੀ ਸ਼ੈਲੀ ਵਿਗਿਆਨ ਦੀ ਵਿੱਲਖਣਤਾ ਨੂੰ ਪੇਸ਼ ਕਰਦੀਆਂ ਹਨ।

ਤੀਜੇ ਅਧਿਆਇ ਵਿੱਚ ਅਗਰਭੂਮਣ ਦੇ ਦੂਜੇ ਤੱਤ ਵਿਪਥਨ ਨੂੰ ਸਮਝਣ ਦਾ ਯਤਨ ਕੀਤਾ ਹੈ। ਇਸ ਨੂੰ ਵੀ ਵੱਖੋ-ਵੱਖਰੀਆਂ ਭਾਸ਼ਕ ਇਕਾਈਆਂ ਰਾਹੀਂ ਸਮਝਿਆ ਹੈ। ਧੁਨੀ ਪੱਧਰ, ਸ਼ਬਦ ਪੱਧਰ, ਰੂਪ ਪੱਧਰ, ਵਾਕ ਪੱਧਰ, ਅਰਥ ਪੱਧਰ, ਅਤੇ ਲਿਖਤ ਪੱਧਰ ਆਦਿ। ਧੁਨੀ ਪੱਧਰ ਜਿਸ ਵਿਚ ਕਵੀ ਨੇ ਇਕ ਸ਼ਬਦ ਨੂੰ ਕਈ ਬਦਲਵੀਆਂ ਧੁਨੀਆਂ ਰਾਹੀਂ ਰਚਿਆ ਹੈ। ਜਿਵੇਂ ਜਾਵੇ (ਜਾਏ), ਗਾਇਆ, (ਗਾਵਿਆ) ਇਹ (ਏਹ) ਇਸ (ਏਸੇ), ਹਨੇਰੇ (ਅਨੇਰਿਆਂ, ਅਨੇਰੇ ) ਉਹ (ਔਹ) ਇਸ ਤਰ੍ਹਾਂ (ਏਦਾਂ) ਆਦਿ। ਅੱਗੋਂ ਸ਼ਬਦ ਪੱਧਰ ਦੀ ਜੇ ਗੱਲ ਕਰੀਏ ਤਾਂ ਸ਼ਬਦ ਪੱਧਰ ਨੂੰ ਵੱਖੋ-ਵੱਖਰੇ ਸਮਅਰਥੀ ਸ਼ਬਦਾਂ ਰਾਹੀਂ ਰਚਿਆ ਹੈ। ਜਿਵੇਂ: ਬੋਲ-ਬਕਣ, ਬਕਦਾ, ਲੱਕੜ-ਬਾਲਣ, ਰੋਸ਼ਨ-ਚਾਨਣ, ਅਜੇ-ਅੱਜ, ਜੀਣ-ਜੀਅ,

ਅਰਥ ਪੱਧਰ ‘ਤੇ ਵਿਪਥਨ:

ਇਹ ਪੁਸਤਕ ਮਰ ਚੁੱਕੀ ਹੈ

ਇਹਨੂੰ ਨਾ ਪੜ੍ਹੋ

ਇਸ ਦੇ ਲਫ਼ਜਾਂ ਵਿਚ ਮੌਤ ਦੀ ਠੰਡ ਹੈ

ਤੇ ਇਕ ਇਕ ਸਫ਼ਾ

ਜ਼ਿੰਦਗੀ ਦੇ ਆਖਰੀ ਪਲ ਵਰਗਾ ਭਿਆਨਕ।

ਚੌਥਾ ਅਧਿਆਇ ਸਮਾਨੰਤਰਤਾ ਦਾ ਅਧਿਐਨ ਹੈ । ਸਮਾਨੰਤਰਤਾ ਅਗਰਭੂਮਣ ਦਾ ਤੀਸਰਾ ਮਹੱਤਵਪੂਰਨ ਪੱਧਰ ਹੈ ਇਸ ਨੂੰ ਪਾਸ਼ ਕਾਵਿ ਅਤੇ ਲਾਲ ਸਿੰਘ ਦਿਲ ਦੀ ਕਵਿਤਾ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਹੈ ਰੋਮਨ ਜੈਕੋਬਸਨ ਨੇ ਇਸ ਪੱਧਰ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਦੀਆਂ ਦਿੱਤੀਆਂ ਧਾਰਨਾਵਾਂ ਤੇ ਚੱਲਦੇ ਹੋਏ ਸਮਤਾ ਪੱਖੀ ਅਤੇ ਵਿਰੋਧ ਪੱਖੀ ਸਮਾਨੰਤਰਤਾ ਨੂੰ ਸਮਝਿਆ ਹੈ। ਜਿਸ ਵਿਚ ਧੁਨੀ ਪੱਧਰ, ਸ਼ਬਦ ਪੱਧਰ, ਵਾਕ ਪੱਧਰ ਅਤੇ ਅਰਥ ਪੱਧਰ ਆਦਿ ਹੈ। ਸ਼ਬਦ ਪੱਧਰ ਦੀ

ਸਮਾਨੰਤਰਤਾ ਨੂੰ ਅੱਗੋਂ ਦੋ ਹਿੱਸਿਆ ਵਿਚ ਵੰਡ ਕੇ ਸਮਝਣ ਦਾ ਯਤਨ ਕੀਤਾ ਹੈ। ਜਿਵੇਂ ਸ਼ਬਦ ਪੱਧਰ ਦੀ ਸਮਤਾ ਸਮਾਨੰਤਰਤਾ ਅਤੇ ਸ਼ਬਦ ਪੱਧਰ ਦੀ ਵਿਰੋਧੀ ਸਮਾਨੰਤਰਤਾ ਸ਼ਬਦ ਪੱਧਰ ਦੀ ਸਮਤਾ ਸਮਾਨੰਤਰਤਾ ਨੂੰ ਲਗਾਤਾਰ ਦੁਹਰਾਉ ਵਾਲੀ ਸਮਾਨੰਤਰਤਾ ਆਦਿ ਦੁਹਰਾਉ ਵਾਲੀ ਸਮਾਨੰਤਰਤਾ, ਤੀਹਰੀ ਸ਼ਬਦ ਬਣਤਰ ਸਮਾਨੰਤਰਤਾ ਅਤੇ ਅੰਤ ਦੁਹਰਾਉ ਵਾਲੀ ਸਮਾਨੰਤਰਤਾ ਨੂੰ ਸਮਝਿਆ ਹੈ। ਇਹ ਸਭ ਦਾ ਸਿੱਟਾ ਇਹ ਨਿਕਲਦਾ ਹੈ ਕਿ ਕਵੀ ਕਿਵੇਂ ਸ਼ਬਦਾਂ ਦੀ ਜੜਤ ਨੂੰ ਬਾਰ-ਬਾਰ ਦੁਹਰਾਉ ਰਾਹੀਂ, ਦੋਹਰੇ ਸ਼ਬਦਾਂ ਰਾਹੀਂ ਜਾਂ ਸ਼ਬਦਾਂ ਦੀ ਤੀਹਰੀ ਕੜੀ ਨਾਲ ਜੋੜ ਕੇ ਰਚਨਾ ਵਿਚ ਰਸ ਪੈਦਾ ਕਰਦਾ ਹੈ। ਅੱਗੋਂ ਅਰਥ ਪੱਧਰ ਤੇ ਸਮਾਨੰਤਰਤਾ ਨੂੰ ਵੀ ਪਹਿਲਾ ਸਮਤਾ ਪੱਖੀ ਸਮਾਨੰਤਰਤਾ ਅਤੇ ਅਰਥ ਪੱਧਰ ਦੀ ਵਿਰੋਧੀ ਸਮਾਨੰਤਰਤਾ ਨੂੰ ਸ਼ੈਲੀ ਵਿਗਿਆਨ ਦੇ ਸੰਦਰਭ ਵਜੋਂ ਪਰਖਣ ਦਾ ਯਤਨ ਕੀਤਾ ਹੈ। ਜੋ ਕਵੀ ਦੀ ਵੱਖਰੇ ਅੰਦਾਜ਼ ਵਾਲੀ ਸਮਤਾ ਅਤੇ ਵਿਰੋਧੀ ਸ਼ੈਲੀ ਨੂੰ ਸਾਡੇ ਸਾਹਮਣੇ ਉਜਾਗਰ ਕਰਦੀ ਹੈ।ਆਦਿ ਪੱਧਰ ਦੀ ਸਮਾਨੰਤਰਾਂ ਦੀ ਉਦਾਹਰਣ ਹੈ:

ਅਸੀਂ ਕਾਮਰੇਡ ਚੰਗੇ ਵੇ ਲੋਕਾ,

ਅਸੀਂ ਕਾਮਰੇਡ ਚੰਗੇ।

ਭਾਰੇ - ਭਾਰੇ ਟੋਕਰੇ ਉਠਾਂਦੀਆਂ

ਰਾਤ ਰਾਤ ਜਾਗਦੇ

ਅਧਿਆਇ ਪੰਜਵੇਂ ਵਿੱਚ ਅਗਰਭੂਮਣ ਤੱਤ ਵਿਰਲਤਾ ਨੂੰ ਉਭਾਰਦਾ ਹੈ। ਇਸ ਨੂੰ ਦੋ ਪੱਧਰਾਂ ਰਾਹੀਂ ਪਰਖਿਆ ਹੈ। ਪਹਿਲਾ ਅਰਥ ਪੱਧਰ ਉੱਤੇ ਵਿਰਲਤਾ ਦੂਸਰਾ ਸਮਾਸ ਪੱਧਰ ਉੱਤੇ ਵਿਰਲਤਾ ਅਰਥ ਪੱਧਰ ਉੱਤੇ ਵਿਰਲਤਾ ਜਿਸ ਵਿਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਕਵਿਤਾਵਾਂ ਤੋਂ ਉਹ ਅਰਥ ਲਏ ਹਨ ਜੋ ਰਚਨਾ ਵਿਚ ਸਿਰਫ਼ ਇਕ ਵਾਰ ਹੀ ਆਉਂਦੇ ਹਨ ਅਤੇ ਉਹ ਪ੍ਰਤੀਕ ਵਰਤੇ ਹਨ ਜੋ ਸਾਨੂੰ ਪੰਜਾਬੀ ਸਾਹਿਤ ਜਗਤ ਵਿਚ ਕਿਤੇ ਵੀ ਨਹੀਂ ਲੱਭਦੇ ਹਨ। ਦੂਸਰਾ ਰਚਨਾਵਾਂ ਦੇ ਅਧਿਐਨ ਉਪਰੰਤ ਪਤਾ ਲੱਗਦਾ ਹੈ ਕਿ ਜੋ ਸਮਾਸ ਰਚਨਾਵਾਂ ਵਿਚ ਵਰਤੇ ਹਨ ਜਿਨ੍ਹਾਂ ਵਿੱਚੋਂ ਬਹੁਤੇ ਸਮਾਸ ਅਜਿਹੇ ਹਨ ਜਿਨ੍ਹਾਂ ਨੂੰ ਕਵੀਆਂ

ਨੇ ਆਪ ਘੜਿਆ ਹੈ ਜਿਨ੍ਹਾਂ ਨੂੰ ਸ਼ੈਲੀ ਵਿਗਿਆਨ ਦੇ ਸੰਦਰਭ ਰਾਹੀਂ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਹੈ।

ਅਧਿਆਇ ਛੇਵੇਂ ਵਿੱਚ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਆਪਣੇ ਕਾਵਿ ਰੂਪ ਵਿਚ ਵੱਖਰੀਆਂ-ਵੱਖਰੀਆਂ ਸ਼ੈਲੀਆਂ ਰਾਹੀਂ ਆਪਣੇ ਭਾਵਾਂ, ਵਿਚਾਰਾਂ ਅਤੇ ਜਜ਼ਬਾਤਾਂ ਨੂੰ ਕਲਾਤਮਿਕ ਰੂਪ ਦੇ ਪੱਖ ਤੋਂ ਸਿਰਜਿਆ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਕਈ ਸ਼ੈਲੀਆਂ ਮੌਜੂਦ ਹਨ। ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਨੇ ਰਚਨਾਵਾਂ ਵਿਚ ਆਪਣੇ ਸਮਾਜਿਕ ਸਿਸਟਮ ਨੂੰ ਸਵਾਲ ਕੀਤੇ ਹਨ ਜੋ ਰਚਨਾਵਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਪਤਾ ਲੱਗਦਾ ਹੈ। ਜਿਸ ਵਿਚ ਵਿਭਿੰਨ ਸ਼ੈਲੀਆਂ ਜਿਵੇਂ ਬਿੰਬਮਈ ਸ਼ੈਲੀ , ਅਲੰਕਾਰ ਸ਼ੈਲੀ, ਮਾਰਕਸਵਾਦੀ ਸ਼ੈਲੀ, ਪ੍ਰਸ਼ਨੋਤਰੀ ਸ਼ੈਲੀ, ਸੰਬੋਧਨੀ ਸ਼ੈਲੀ, ਵਿਅੰਗਾਤਮਕ ਸ਼ੈਲੀ , ਯਥਾਰਥਵਾਦੀ ਸ਼ੈਲੀ,  ਮਨਬਚਨੀ ਸ਼ੈਲੀ , ਵਿਦਰੋਹੀ ਸ਼ੈਲੀ , ਮਾਨਵਵਾਦੀ ਸ਼ੈਲੀ, ਨਸੀਹਤਵਾਦੀ ਸ਼ੈਲੀ ਦੀ ਵਰਤੋਂ ਕੀਤੀ ਹੈ।

ਪੰਜਾਬੀ ਦੇ ਜੁਝਾਰਵਾਦੀ ਕਵੀਆਂ ਅਤੇ ਸਾਹਿਤਕਾਰਾਂ ਨੇ ਆਪਣੀਆਂ ਕਵਿਤਾਵਾਂ ਵਿੱਚ ਜਾਗੀਰਦਾਰੀ, ਸਾਮੰਤੀ ਪ੍ਰਥਾ ਦੇ ਪਰਦਾ ਚੁੱਕ ਕੇ ਆਮ ਵਰਗ ਵਿਚ ਵਿਦਰੋਹੀ ਟੱਕਰ ਨੂੰ ਵੀ ਉਭਾਰਿਆ ਹੈ। ਕਿਤੇ ਕਿਸੇ ਵਿਸ਼ੇ ਦੇ ਨਿਭਾਅ ਲਈ ਸੰਬੋਧਨੀ ਅਤੇ ਕਿਸੇ ਦੂਜੇ ਵਿਸ਼ੇ ਦੇ ਨਿਭਾਅ ਲਈ ਪ੍ਰਸ਼ਨੋਤਰੀ ਸ਼ੈਲੀ ਮਿਲਦੀ ਹੈ। ਇਹ ਸੁਭਾਵਕ ਵੀ ਹੈ ਕਿਉਂਕਿ ਪ੍ਰਸ਼ਨੋਤਰੀ ਨੂੰ ਸਾਧਾਰਣ ਸ਼ੈਲੀ ਅਤੇ ਸੰਬੋਧਨੀ ਵਿਸ਼ੇ ਵਾਲੀ ਕਵਿਤਾ ਨੂੰ ਪ੍ਰਸ਼ਨੋਤਰੀ ਸ਼ੈਲੀ ਵਿਚ ਨਹੀਂ ਬਿਆਨ ਕੀਤਾ ਜਾ ਸਕਦਾ ਇਸੇ ਤਰ੍ਹਾਂ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਹੋਰ ਪ੍ਰਕਾਰ ਦੀਆਂ ਸ਼ੈਲੀਆਂ ਵੀ ਮੌਜੂਦ ਹਨ। ਉਸ ਦੀਆਂ ਰਚਨਾਵਾਂ ਵਿਚ ਸ਼ਬਦ ਸਿਰਜਣਾ ਨਿਵੇਕਲੀ ਹੈ। ਨਵੇਂ ਸ਼ਬਦਾਂ ਦੀ ਘਾੜਤ ਅਤੇ ਪੁਰਾਣੇ ਸ਼ਬਦਾਂ ਨੂੰ ਆਪਣੀ ਰਮਜ਼ ਅਨੁਸਾਰ ਵਰਤਣਾ ਵੀ ਲਾਲ ਸਿੰਘ ਦਿਲ ਅਤੇ ਅਵਤਾਰ ਸਿੰਘ ਪਾਸ਼ ਦੀ ਕਾਵਿਕ ਵਿਸ਼ੇਸ਼ਤਾ ਬਣ ਜਾਂਦੀ ਹੈ।

## ਸਹਾਇਕ ਪੁਸਤਕ-ਸੂਚੀ

**ਪੰਜਾਬੀ ਪੁਸਤਕਾਂ**


- ਅਰਸ਼ੀ, ਗੁਰਚਰਨ ਸਿੰਘ. *ਸਮੀਖਿਆ-ਦ੍ਰਿਸ਼ਟੀਆਂ.* ਆਰਸੀ ਪਬਲਿਸ਼ਰਜ਼, ਦਿੱਲੀ, 1998. ਪ੍ਰਿੰਟ
- ਏਂਗਲਜ਼ ਫ੍ਰੈਡਰਿਕ, *ਟੱਬਰ. ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ.* ਪ੍ਰਗਤੀ ਪ੍ਰਕਾਸ਼ਨ, ਮਾਸਕੋ, 1978. ਪ੍ਰਿੰਟ
- ਸੀਤਾਂਸ਼ੂ, ਸ਼ਸ਼ੀਭੂਸ਼ਨ (ਡਾ.). *ਸ਼ੈਲੀ-ਵਿਗਿਆਨ ਸਿਧਾਂਤ ਤੇ ਵਿਹਾਰ.* ਰਵੀ ਸਾਹਿਤ ਪ੍ਰਕਾਸ਼ਨ, ਅਮ੍ਰਿਤਸਰ, 2013. ਪ੍ਰਿੰਟ
- ਸਤਵੰਤ ਕੌਰ (ਪ੍ਰੋ.).*ਆਧੁਨਿਕ ਪੰਜਾਬੀ ਗਲਪ ਮੁੱਲ ਤੇ ਮੁਲਾਂਕਣ.* ਸੰਗਮ ਪਬਲੀਕੇਸ਼ਨਜ਼, ਸਮਾਣਾ, 2013. ਪ੍ਰਿੰਟ
- ਸਰਬਜੀਤ ਸਿੰਘ (ਸੰਪਾ.). *ਦਲਿਤ ਦ੍ਰਿਸ਼ਟੀ* . ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004. ਪ੍ਰਿੰਟ
- ਸੰਧੂ, ਸ਼ਮਸ਼ੇਰ ਸਿੰਘ. *ਇੱਕ ਪਾਸ਼ ਇਹ ਵੀ ਹੈ* . ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2015. ਪ੍ਰਿੰਟ
- ਸੁਖਦੇਵ ਸਿੰਘ (ਡਾ.). *ਕਾਵਿ ਸਰੋਕਾਰ.* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007. ਪ੍ਰਿੰਟ
- ਸੁਰਜੀਤ ਬਰਾੜ (ਡਾ.). ਮਹਿੰਦਰਪਾਲ ਧਾਲੀਵਾਲ. *ਨਕਸ਼ਲਬਾੜੀ ਲਹਿਰ ਅਤੇ ਪੰਜਾਬੀ ਨਾਵਲ.* ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2015. ਪ੍ਰਿੰਟ
- ਸੇਠੀ, ਸੁਰਜੀਤ ਸਿੰਘ. ਨਾਟਕ ਕਲਾ. ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005. ਪ੍ਰਿੰਟ
- ਸੰਧੂ, ਗੁਰਪਾਲ ਸਿੰਘ (ਅਨੁ. ਤੇ ਵਿਆਖਿਆ). *ਚਿਹਨ-ਵਿਗਿਆਨ ਦੇ ਤੱਤ.* ਰੋਲਾਂ ਬਾਰਤ, ਇੰਟਰਨੈਸ਼ਨਲ ਪਬਲਿਸ਼ਰਜ਼, ਚੰਡੀਗੜ੍ਹ, 2015. ਪ੍ਰਿੰਟ
- ਸੁਰਿੰਦਰ ਧੰਜਲ (ਸੰਪਾਦਕ ਅਤੇ ਪ੍ਰਕਾਸ਼ਕ). *ਸੰਪੂਰਨ ਪਾਸ਼-ਕਾਵਿ* . ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2018. ਪ੍ਰਿੰਟ

- ਸੇਖੋਂ, ਰਾਜਿੰਦਰ ਸਿੰਘ (ਡਾ.). *ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ.* ਦੀਪਕ ਪਬਲਿਸ਼ਰਜ਼, ਜਲੰਧਰ, 2010. ਪ੍ਰਿੰਟ
- ---. *ਆਲੋਚਨਾ ਅਤੇ ਪੰਜਾਬੀ ਆਲੋਚਨਾ.* ਲਾਹੌਰ ਬੁਕ ਸ਼ਾਪ, ਲੁਧਿਆਣਾ, 2006. ਪ੍ਰਿੰਟ
- ਹਰਿਭਜਨ ਸਿੰਘ. *ਅਧਿਅਨ ਅਤੇ ਅਧਿਆਪਨ.* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2010. ਪ੍ਰਿੰਟ
- ਕਰਮਜੀਤ ਸਿੰਘ. *ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ.* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982. ਪ੍ਰਿੰਟ
- ਕੇਸਰ, ਕੇਸਰ ਸਿੰਘ. *ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ.* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2005. ਪ੍ਰਿੰਟ
- ਉਹੀ, (ਸੰਪਾ.). *ਗ਼ਦਰ ਲਹਿਰ ਦੀ ਕਵਿਤਾ,* ਸੰਗ੍ਰਹਿਕਾਰ, ਕੇਸਰ ਸਿੰਘ ਨਾਵਲਕਾਰ (ਕੈਨੇਡਾ). ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995. ਪ੍ਰਿੰਟ
- ਕੱਟੂ, ਪਰਮਜੀਤ ਸਿੰਘ. *ਵਿਦਰੋਹੀ ਕਾਵਿ (ਪਾਸ਼, ਉਦਾਸੀ, ਮੁਕਤੀਬੋਧ ਤੇ ਨੇਰੂਦਾ ਦੇ ਸੰਦਰਭ 'ਚ).* ਪੀਪਲਜ਼ ਫ਼ੋਰਮ. ਬਰਗਾੜੀ. 2014. ਪ੍ਰਿੰਟ
- ਕੁਲਵਿੰਦਰ, (ਸੰਪਾ.). *ਸਭ ਤੋਂ ਖ਼ਤਰਨਾਕ...(ਪਾਸ਼ ਦੀ ਸਮੁੱਚੀ ਉਪਲੱਬਧ ਸ਼ਾਇਰੀ).* ਦਸਤਕ ਪ੍ਰਕਾਸ਼ਨ, ਲੁਧਿਆਣਾ, 2015. ਪ੍ਰਿੰਟ
- ਖਟਕੜ, ਦਰਸ਼ਨ. *ਉੱਲਟੇ ਰੁਖ਼ ਪਰਵਾਜ਼.* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010. ਪ੍ਰਿੰਟ
- ---. *ਖੋਜ ਚਿੰਤਨ.* ਲੋਕ ਗੀਤ ਪ੍ਰਕਾਸਨ, ਚੰਡੀਗੜ੍ਹ. 2016. ਪ੍ਰਿੰਟ
- ਗਿੱਲ, ਹਰਜਿੰਦਰ ਸਿੰਘ. *ਆਤਮਜੀਤ ਰਚਿਤ ਨਾਟਕ 'ਪੂਰਨ' : ਸ਼ੈਲੀ ਵਿਗਿਆਨਕ.* ਲੋਕ ਗੀਤ ਪ੍ਰਕਾਸਨ, ਚੰਡੀਗੜ੍ਹ, 2016. ਪ੍ਰਿੰਟ
- ਗੁਰਇਕਬਾਲ ਸਿੰਘ (ਡਾ.) (ਸੰਪਾਦਕ). *ਪਾਸ਼-ਚਿੰਤਨ.* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ,

ਲੁਧਿਆਣਾ, 2015. ਪ੍ਰਿੰਟ

- ---. *ਲਾਲ ਸਿੰਘ ਦਿਲ ਦੇ ਕਾਵਿ-ਨਾਟਕ.* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2012. ਪ੍ਰਿੰਟ
- ---.*ਆਧੁਨਿਕ ਪੰਜਾਬੀ ਕਵਿਤਾ: ਵਿਚਾਰ ਤੇ ਵਿਵੇਚਨ.* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2007. ਪ੍ਰਿੰਟ
- ---. *ਨਕਸਲੀ ਪੰਜਾਬੀ ਕਵਿਤਾ (ਆਲੋਚਨਾਤਮਕ ਅਧਿਐਨ): ਵਿਚਾਰ ਤੇ ਵਿਵੇਚਨ.* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014. ਪ੍ਰਿੰਟ
- ਚੀਮਾ, ਬਲਦੇਵ ਸਿੰਘ. (ਡਾ.), *ਭਾਸ਼ਾ, ਪੰਜਾਬੀ ਭਾਸ਼ਾ ਤੇ ਭਾਸ਼ਾ ਵਿਗਿਆਨ (ਇਤਿਹਾਸ, ਸਿਧਾਂਤ ਤੇ ਵਿਹਾਰ.* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014. ਪ੍ਰਿੰਟ
- ਜਸਵਿੰਦਰ ਸਿੰਘ. *ਨਵੀਂ ਪੰਜਾਬੀ ਕਵਿਤਾ ਪਛਾਣ* ਚਿੰਨ੍ਹ. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014. ਪ੍ਰਿੰਟ
- ਜੱਗੀ, ਗੁਰਸ਼ਰਨ ਕੌਰ. *ਭਾਰਤੀ ਕਾਵਿ ਸ਼ਾਸਤਰ.* ਆਰਸੀ ਪਬਲਿਸ਼ਰਜ਼, ਦਿੱਲੀ, 1994. ਪ੍ਰਿੰਟ
- ਜੋਸ਼ੀ, ਜੀਤ ਸਿੰਘ. *ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ.* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2011. ਪ੍ਰਿੰਟ
- ਢੀਂਗਰਾ, ਪਰਮਜੀਤ ਸਿੰਘ, (ਡਾ.), *ਡਾ. ਆਤਮਜੀਤ ਸਿੰਘ ਰਚਨਾਵਲੀ ਭਾਸ਼ਕੀ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2013
- ਦਿਲ, ਲਾਲ ਸਿੰਘ. *ਅੱਜ ਬਿੱਲ ਫਿਰ ਆਇਆ.* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009. ਪ੍ਰਿੰਟ
- ---. *ਦਾਸਤਾਨ.* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014. ਪ੍ਰਿੰਟ
- ---. *ਨਾਗ ਲੋਕ (ਕਵਿਤਾਵਾਂ),* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014. ਪ੍ਰਿੰਟ
- ਦੀਪ, ਦਿਲਬਰ, (ਸੰਪਾ.), *ਲਾਲ ਸਿੰਘ ਦਿਲ (ਜੀਵਨ, ਰਚਨਾ ਅਤੇ ਸਮੀਖਿਆ),* ਦਿਲਦੀਪ

ਪ੍ਰਕਾਸ਼ਨ, ਸਮਰਾਲਾ, 2013

- ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (ਡਾ.). ਭਾਰਤੀ ਕਾਵਿ-ਸ਼ਾਸਤ੍ਰ. ਲਾਹੌਰ ਬੁਕ ਸ਼ਾਪ, ਲੁਧਿਆਣਾ, 1988. ਪ੍ਰਿੰਟ
- ---. *ਭਾਰਤੀ ਕਾਵਿ-ਸ਼ਾਸਤ੍ਰ.* ਮਦਾਨ ਪਬਲੀਕੇਸ਼ਨਜ਼, ਪਟਿਆਲਾ, 2012. ਪ੍ਰਿੰਟ
- ਧਾਲੀਵਾਲ, ਬਲਦੇਵ ਸਿੰਘ ਅਤੇ ਰਾਜਿੰਦਰ ਪਾਲ ਸਿੰਘ (ਸੰਪਾ:). *ਕਾਵਿ-ਸਿਧਾਂਤ.* ਪਬਲਿਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017. ਪ੍ਰਿੰਟ
- ਪ੍ਰੇਮ ਪ੍ਰਕਾਸ਼ ਸਿੰਘ. ਸਿੱਧਾਂਤਕ ਭਾਸ਼ਾ-ਵਿਗਿਆਨ. ਮਦਾਨ ਪਬਲੀਕੇਸ਼ਨਜ਼, ਪਟਿਆਲਾ, 2002. ਪ੍ਰਿੰਟ
- ਪਵਨ ਸ਼ਮੀਰ (ਡਾ.). *ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ.* ਪੰਜਾਬੀ ਪ੍ਰਕਾਸ਼ਨ, ਚੰਡੀਗੜ੍ਹ, 1998. ਪ੍ਰਿੰਟ
- ਪਾਲ, ਅੰਮ੍ਰਿਤ ਲਾਲ (ਡਾ.). *ਆਧੁਨਿਕ ਪੰਜਾਬੀ ਕਵਿਤਾ.* ਪ੍ਰਕਾਸ਼ਕ, ਸੰਗਮ ਪਬਲੀਕੇਸ਼ਨ, ਸਮਾਣਾ, 2008. ਪ੍ਰਿੰਟ
- ਪਿਆਰ ਸਿੰਘ (ਡਾ.) *ਖੋਜ ਸਿਧਾਂਤ ਤੇ ਵਿਵਹਾਰ* . ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017. ਪ੍ਰਿੰਟ
- ਪਰਵਾਨਾ, ਬਲਵੀਰ. *ਪੰਜਾਬ ਦੀ ਨਕਸਲਬਾੜੀ ਲਹਿਰ.* ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2006. ਪ੍ਰਿੰਟ
- ਪਰਮਜੀਤ ਕੌਰ, *ਸ਼ੈਲੀ ਅਤੇ ਸ਼ੈਲੀ ਵਿਗਿਆਨ.* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986. ਪ੍ਰਿੰਟ
- ਬ੍ਰਹਮਜਗਦੀਸ਼ ਸਿੰਘ (ਪ੍ਰੋ:). *ਸਮਾਲੋਚਨਾ ਅਤੇ ਪੰਜਾਬੀ ਸਮਾਲੋਚਨਾ.* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1998. ਪ੍ਰਿੰਟ
- ਬਰਾੜ, ਬੂਟਾ ਸਿੰਘ. *ਭਾਸ਼ਾਵਿਗਿਆਨ: ਸਿਧਾਤ ਤੇ ਵਿਵਹਾਰ.* ਲਾਹੌਰ ਬੁੱਕਸ ਪ੍ਰਕਾਸ਼ਨ,

ਲੁਧਿਆਣਾ, 2014. ਪ੍ਰਿੰਟ

- ਬਲਵਿੰਦਰ ਸਿੰਘ (ਡਾ.). *ਪ੍ਰਗਤੀਵਾਦੀ ਪੰਜਾਬੀ ਕਾਵਿ (ਸਮਾਜ-ਸ਼ਾਸ਼ਤਰੀ ਪਰਿਪੇਖ).* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003. ਪ੍ਰਿੰਟ
- ਭੱਟੀ, ਸੁਰਜੀਤ ਸਿੰਘ. *ਪ੍ਰਗਤੀਵਾਦੀ ਕਾਵਿ ਚਿੰਤਨ.* ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2017. ਪ੍ਰਿੰਟ
- ਭੀਮ ਇੰਦਰ ਸਿੰਘ (ਡਾ.). *ਆਧੁਨਿਕ ਪੰਜਾਬੀ ਕਹਾਣੀ ਸਿਆਸੀ ਪਰਿਪੇਖ.* ਯੂਨੀਸਟਾਰ, ਚੰਡੀਗੜ੍ਹ, 2013. ਪ੍ਰਿੰਟ
- ਭੀਮ ਇੰਦਰ ਸਿੰਘ (ਡਾ.). *ਪਾਸ਼ ਦੀ ਪ੍ਰਸੰਗਿਕਤਾ.* ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2014. ਪ੍ਰਿੰਟ
- ਮਨਦੀਪ (ਡਾ.). *ਜੁਝਾਰਵਾਦੀ ਪੰਜਾਬੀ ਕਾਵਿ ਸਮਾਜਿਕ ਨਿਆਂ ਦੇ ਮਸਲੇ.* ਲੋਕਗੀਤ ਪ੍ਰਕਾਸ਼ਨ , ਚੰਡੀਗੜ੍ਹ , 2007. ਪ੍ਰਿੰਟ
- ਮੁਕਤਸਰ, ਗੁਰਨਾਮ ਸਿੰਘ. *ਭਾਰਤੀ ਲੋਕ ਨੀਚ ਕਿਵੇਂ ਬਣੇ.* ਬਹੁਜਨ ਸਮਾਜ ਪ੍ਰਕਾਸ਼ਨ, ਮੁਕਤਸਰ, 2002. ਪ੍ਰਿੰਟ
- ਰੰਜੂ ਬਾਲਾ (ਡਾ.), *ਅਰਥ ਵਿਗਿਆਨ.* ਆਰਸੀ ਪਬਲਿਸ਼ਰਜ਼, ਦਿੱਲੀ, 2017. ਪ੍ਰਿੰਟ
- ਰਾਜਿੰਦਰਪਾਲ ਸਿੰਘ, (ਸੰਪਾਦਕ). *ਪਾਸ਼ ਮੈਂ ਹੁਣ ਵਿਦਾ ਹੁੰਦਾ ਹਾਂ (ਚੋਣਵੀ ਕਵਿਤਾ),* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2018. ਪ੍ਰਿੰਟ

**ਹਿੰਦੀ ਪੁਸਤਕਾਂ**

- ਰਾਧਵ ਪ੍ਰਕਾਸ਼ (ਡਾ.). *ਸ਼ੈਲੀ ਵਿਗਿਆਨ ਔਰ ਪਾਸਤਾਇਆ ਤੇ ਭਾਰਤੀਯਾ ਸਾਹਿਤਯ ਸ਼ਾਸ਼ਤਰ.* ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, ਜੈਪੁਰ, 1983. ਪ੍ਰਿੰਟ
- ਸ਼ੀਤਾਂਸ਼ੂ, ਪਾਂਡੇ ਸ਼ਸੀਭੂਸ਼ਨ. *ਸ਼ੈਲੀ ਵਿਗਿਆਨ ਕਾ ਇਤਿਹਾਸ.* ਵਾਣੀ ਪ੍ਰਕਾਸ਼ਨ, ਦਿੱਲੀ, 1983.

ਸ਼ੈਲੀ ਵਿਗਿਆਨ ਕਾ ਇਤਿਹਾਸ

**English Books**


- Eagleton, Terry, Marxism and Literary Criticism, Routledge, London and New York, 2002.
- E.B. Tylor, Primitive Culture, Johan Murray, London, 1920


**ਅਣਪ੍ਰਕਾਸ਼ਿਤ ਪੁਸਤਕਾਂ**


- ਸੁਖਵੀਰ ਸਿੰਘ. *ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰੀ ਪਰਿਪੇਖ (1980-2003 ਤੱਕ).* ਪੰਜਾਬੀ ਯੂਨੀਵਰਸਿਟੀ- ਪਟਿਆਲਾ- 2009.
- ਜੋਤੀ ਬਾਲਾ. *ਸ਼ਿਵ ਕੁਮਾਰ ਬਟਾਲਵੀ ਦੀ 'ਲੂਣਾ' ਦਾ ਸ਼ੈਲੀ ਵਿਗਿਆਨਕ ਅਧਿਐਨ*, ਜੰਮੂ ਯੂਨੀਵਰਸਿਟੀ, ਜੰਮੂ, 2007


**ਸੰਦਰਭ ਗ੍ਰੰਥ**


- ਹਰਕੀਰਤ ਸਿੰਘ (ਸੰਪਾ.). *ਪੰਜਾਬੀ ਸ਼ਬਦ-ਰੂਪ ਦੇ ਸ਼ਬਦ ਜੋੜ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988. ਪ੍ਰਿੰਟ
- ਨਾਭਾ, ਭਾਈ ਕਾਨ੍ਹ ਸਿੰਘ. *ਗੁਰੂ ਸ਼ਬਦ ਰਤਨਾਗਰ: ਮਹਾਨਕੋਸ਼.* ਅੱਠਵੀਂ ਅਡੀਸ਼ਨ, ਭਾਸ਼ਾ ਵਿਭਾਗ ਪੰਜਾਬ, 2011. ਪ੍ਰਿੰਟ


**ਖੋਜ-ਪੱਤਰ ਪਤ੍ਰਿਕਾਵਾਂ**


- ਅੰਮ੍ਰਿਤਪਾਲ ਕੌਰ (ਪ੍ਰੋ.). (ਮੁੱਖ ਸੰਪਾ.). *ਲੋਕ-ਨਾਟ ਸ਼ੈਲੀਆਂ ਵਿਸ਼ੇਸ਼ ਅੰਕ-55.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ-2002. ਪ੍ਰਿੰਟ
- ਜੱਗੀ, ਰਤਨ ਸਿੰਘ (ਸੰਪਾ.). *ਸਾਹਿਤ ਅਧਿਐਨ ਵਿਧੀਆਂ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988. ਪ੍ਰਿੰਟ

- ਲਾਂਬਾ, ਰਾਜਿੰਦਰ ਸਿੰਘ (ਡਾ.). (ਸੰਪਾ.) *ਭਾਸ਼ਾ ਅਤੇ ਵਿਆਕਰਨ ਵਿਸ਼ੇਸ਼ ਅੰਕ-41*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ-1995. ਪ੍ਰਿੰਟ

**ਵੈਬਸਾਈਟਸ**

- http://en.wikipedia.org
- http://muse.jhu.edu/journals
- http://www.cliffsnotes.com
- http://www.jstor.org
- http://www.theparisreview.org
- http://punjabiuniversity.ac.in